# ਸਿਰਜਣਾ



ਅਕਤੂਬਰ-ਦਸੰਬਰ 2023 **210** 50 ਰੁਪਏ

**ਸਿਰਜਣਾ**

**210**

ਅਕਤੂਬਰ-ਦਸੰਬਰ 2023

**ਸੰਪਾਦਕ : ਰਘਬੀਰ ਸਿੰਘ**
**Editor : Raghbir Singh**

**1728, ਸੈਕਟਰ 43-ਬੀ,**
**ਚੰਡੀਗੜ੍ਹ-160 043**
**ਫੋਨ : +91-172-2601693**

***SIRJANA***
***1728, Sector 43-B,***
***Chandigarh-160 043***
***INDIA***
***Phone : +91-172-2601693***
***E-mail :***
***raghbirssirjana@yahoo.com***

**Sirjana is approved by DPI Punjab for all Schools, Colleges and Social Education Centres vide letter No. 2/6-66B (EP) dated 26-9-1966**

Account Name
**SIRJANA**
Account Number:
**Current Account**
**00321100082130**
Bank-Branch
**Punjab & Sind Bank**
**17-C, Chandigarh**
IFSC Code:
**PSIB 0000032**

## ਇਸ ਅੰਕ ਵਿਚ

ਸੰਪਾਦਕੀ/ਭੀੜ ਤੰਤਰ - ਹਨੇਰੇ ਦੇ ਵਣਜਾਰੇ/1

ਬਲਵਿੰਦਰ ਸਿੰਘ ਸੰਧੂ/ਪੰਜ ਕਵਿਤਾਵਾਂ/3

ਇੰਦਰਜੀਤ ਨੰਦਨ/ਚਾਰ ਕਵਿਤਾਵਾਂ/9

ਗੁਰਨਾਮ ਢਿੱਲੋਂ/ਕਵਿਤਾ/ਸ਼ੁਭ ਕਰਮ/10

ਸਵਾਮੀ ਸਰਬਜੀਤ/ਕਹਾਣੀ/ਪਾਵਰ-ਡਿਸਕੋਰਸ/11

ਦੀਪਤੀ ਬਬੂਟਾ/ਕਹਾਣੀ/ਚੱਕਰਵਿਊ/40

ਤੌਕੀਰ ਚੁਗ਼ਤਾਈ/ਕਹਾਣੀ/ਤੁਬਕੇ/52

ਦਰਸ਼ਨ ਜੋਗਾ/ਕਹਾਣੀ/ਕੁਛ ਨੀਂ ਹੁੰਦਾ/55

ਸੁਰਿੰਦਰ ਰਾਮਪੁਰੀ/ਕਹਾਣੀ/ਛੇਕ/64

ਵਰਿਆਮ ਸਿੰਘ ਸੰਧੂ/ਲੇਖ/ਮੇਰਾ ਨਾਨਕ ਇਕੱਲਾ ਰਹਿ ਗਿਆ ਹੈ !/71

ਬਲਬੀਰ ਪਰਵਾਨਾ/ਲੇਖ/ਮੇਰੇ ਨਾਵਲ- ਇਕ ਪਿੰਡ, ਇਕ ਖਿੱਤਾ, ਚੌਦਾਂ ਪਾਸਾਰ/78

ਹਰਿੰਦਰ ਸਿੰਘ/ਰਿਵਿਊ/ਇਕ ਹੋਰ ਪੁਲ ਸਰਾਤ/87

ਪਰਗਟ ਸਿੰਘ/ਰਿਵਿਊ/ਮੂਰਤਾਂ ਰੰਗ ਬਰੰਗੀਆਂ/89/ਅਬ ਜੂਝਣ ਕੋ ਦਾਉ/91

ਰਘਬੀਰ ਸਿੰਘ/ਰਿਵਿਊ/ਘੇਰੇ ਤੋਂ ਬਾਹਰ/93

**ਟਾਈਟਲ ਚਿੱਤਰ : ਦੇਵ**

**ਚੰਦਾ-ਦਸ ਅੰਕ : ਦੇਸ : 500 ਰੁਪਏ, ਪੰਜ ਸਾਲ : 1000 ਰੁਪਏ**
**ਵਿਦੇਸ਼-ਹਵਾਈ ਡਾਕ ਰਾਹੀਂ : ਦਸ ਅੰਕ: 40 ਪੌਂਡ, 50 ਡਾਲਰ, ਪੰਜ ਸਾਲ : 80 ਪੌਂਡ, 100 ਡਾਲਰ**

*ਸੰਪਾਦਕੀ*

# *ਭੀੜ ਤੰਤਰ – ਹਨੇਰੇ ਦੇ ਵਣਜਾਰੇ*

*ਮਾਨਸਾ ਖੇਤਰ ਦੇ ਇਕ ਪਿੰਡ ਦੀ ਕੁੜੀ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪੰਜ ਸਾਲਾ ਇੰਟੈਗਰੇਟਿਡ ਕੋਰਸ 'ਚ ਦਾਖ਼ਲਾ ਲਿਆ ਸੀ। ਸਕੂਲੀ ਸਿੱਖਿਆ ਮੁਕੰਮਲ ਹੋਣ 'ਤੇ ਸਿੱਧੀ ਯੂਨੀਵਰਸਟੀ ਪਹੁੰਚੀ ਬੀ.ਏ. ਪਹਿਲੇ ਸਾਲ ਦੀ ਵਿਦਿਆਰਥਣ ਸਾਧਾਰਨ ਪੇਂਡੂ ਕਿਰਤੀ ਪਰਿਵਾਰ ਦੀ ਇਹ ਬੱਚੀ ਲਗਾਤਰ ਸਿਹਤ ਦੀਆਂ ਸਮੱਸਿਆਵਾਂ ਵਿਚ ਘਿਰੀ ਰਹਿੰਦੀ ਸੀ। ਕੋਈ ਹੋਰ ਵੀ ਕਾਰਨ ਹੋ ਸਕਦੇ ਹਨ, ਪਰ ਦੱਸਿਆ ਜਾਂਦਾ ਹੈ ਕਿ ਅਕਸਰ ਬਿਮਾਰ ਰਹਿਣ ਕਾਰਨ ਹੀ ਉਹ ਆਪਣੀਆਂ ਪੂਰੀਆਂ ਕਲਾਸਾਂ ਵੀ ਨਹੀਂ ਸੀ ਲਾ ਸਕੀ, ਭਾਵੇਂ ਕਿ ਰਹਿੰਦੀ ਉਹ ਯੂਨੀਵਰਸਿਟੀ ਦੇ ਹੋਸਟਲ ਵਿਚ ਹੀ ਸੀ। ਅਤੇ ਏਸੇ ਕਾਰਨ ਹੀ ਪਹਿਲੇ ਸਾਲ ਉਹ ਇਮਤਿਹਾਨ ਵਿਚ ਨਾ ਬੈਠ ਸਕੀ। ਦੂਜੇ ਸਾਲ ਵੀ ਉਹ ਆਪਣੀਆਂ ਕਲਾਸਾਂ ਵਿਚੋਂ ਅਕਸਰ ਗ਼ੈਰਹਾਜ਼ਰ ਹੋ ਜਾਂਦੀ ਸੀ ਅਤੇ ਉਸ ਦੇ ਇਨਚਾਰਜ ਪ੍ਰੋਫੈਸਰ ਨੇ ਇਸ ਸੰਬੰਧ 'ਚ ਫਿਰਕਮੰਦ ਹੁੰਦਿਆਂ ਉਸਨੂੰ ਖ਼ਬਰਦਾਰ ਵੀ ਕੀਤਾ ਸੀ ਕਿ ਕਿਤੇ ਉਹ ਹੁਣ ਵੀ ਇਮਤਿਹਾਨ ਵਿਚ ਬੈਠਣੋਂ ਰਹਿ ਨਾ ਜਾਵੇ। ਉਸਦੀ ਮਾੜੀ ਸਿਹਤ ਤੇ ਲਗਾਤਾਰ ਢਿੱਲੀ ਰਹਿਣ ਬਾਰੇ ਉਸਦੇ ਪਰਿਵਾਰ ਵਾਲੇ ਵੀ ਜਾਣਦੇ ਸਨ, ਉਸਦੇ ਸਹਿ-ਵਿਦਿਆਰਥੀ ਵੀ ਅਤੇ ਅਧਿਆਪਕ ਵੀ। ਕਾਰਨ ਕੁਝ ਵੀ ਰਹੇ ਹੋਣ ਪਰ ਇਹ ਹਕੀਕਤ ਹੈ ਕਿ ਬਹੁਤ ਲੰਮੇ ਸਮੇਂ ਤਕ ਉਸਦੇ ਲੋੜੀਂਦੇ ਇਲਾਜ ਵੱਲ ਧਿਆਨ ਨਹੀਂ ਦਿੱਤਾ ਗਿਆ। ਇਕ ਦਿਨ ਕੁਝ ਜ਼ਿਆਦਾ ਹੀ ਢਿੱਲੀ ਹੋਣ ਦੀ ਹਾਲਤ 'ਚ ਉਹ ਯੂਨਵਰਸਿਟੀ ਡਿਸਪੈਂਸਰੀ ਲਿਆਂਦੀ ਗਈ। ਸੂਚਨਾ ਮਿਲਣ 'ਤੇ ਪਰਿਵਾਰ ਵਾਲੇ ਉਸਨੂੰ ਪਟਿਆਲੇ ਤੋਂ ਆਪਣੇ ਪਿੰਡ ਲੈ ਗਏ। ਘਰ ਪਹੁੰਚਣ 'ਤੇ ਉਸੇ ਰਾਤ ਹੀ ਉਹ ਚਲਾਣਾ ਕਰ ਗਈ। ਇਹ ਨਿਰਸੰਦੇਹ ਬਹੁਤ ਦੁਖਦਾਈ ਘਟਨਾ ਸੀ। ਸੰਬੰਧਤ ਵਿਦਿਆਰਥਣ ਨਾਲ ਸਾਂਝ ਤੇ ਨੇੜਤਾ ਅਨੁਸਾਰ ਇਸ ਦੁਖਦ ਘਟਨਾ ਉੱਤੇ ਕਿਸੇ ਦੇ ਦੁੱਖ ਦੇ ਅਹਿਸਾਸ ਦੀ ਮਾਤਰਾ ਵਿਚ ਤਾਂ ਫਰਕ ਹੋ ਸਕਦਾ ਪਰ ਇਨਸਾਨੀ ਨੁਕਤਾ ਨਿਗਾਹ ਨਾਲ ਇਸ ਤ੍ਰਾਸਦੀ ਉੱਤੇ ਕੋਈ ਵੀ ਉਦਾਸ ਹੋਏ ਬਗ਼ੈਰ ਨਹੀਂ ਰਹਿ ਸਕਦਾ। ਯੂਨੀਵਰਸਿਟੀ ਦੇ ਵਿਦਿਆਰਥੀਆਂ, ਅਧਿਆਪਕਾਂ, ਅਧਿਕਾਰੀਆਂ ਨੇ ਅਫਸੋਸ ਪ੍ਰਗਟ ਕੀਤਾ ਅਤੇ ਆਪਣੀ ਸੰਵੇਦਨਾ ਵਿਦਿਆਰਥਣ ਦੇ ਪਰਿਵਾਰ ਤਕ ਪੁਚਾਈ।*

*ਬੱਚੀ ਦੀ ਬੀਮਾਰੀ ਦਾ ਏਨੀ ਦੇਰ ਤਕ ਠੀਕ ਨਿਰੀਖਣ ਤੇ ਫਿਰ ਉਸ ਅਨੁਸਾਰ ਇਲਾਜ ਕਿਉਂ ਨਹੀਂ ਹੋ ਸਕਿਆ, ਇਹ ਵਾਜਬ ਸਵਾਲ ਹੈ ਜੋ ਫਿਰਕਮੰਦਾਂ ਦੇ ਦਿਲ ਵਿਚ ਉਭਰ ਸਕਦਾ ਹੈ। ਅਜਿਹੀ ਸਥਿਤੀ ਵਿਚ ਉਹ ਵਕਤੀ ਤੌਰ 'ਤੇ ਭਾਵਾਂ ਦੇ ਵੇਗ ਵਿਚ ਵਹਿ ਵੀ ਸਕਦੇ ਹਨ। ਸ਼ਾਇਦ ਅਜਿਹੇ ਪ੍ਰਸ਼ਨਾਂ ਨੂੰ ਲੈਕੇ ਸਦੀਵੀ ਵਿਛੋੜਾ ਦੇ ਗਈ ਵਿਦਿਆਰਥਣ ਨਾਲ ਸਾਂਝ ਤੇ ਹਮਦਰਦੀ ਦਾ ਇਜ਼ਹਾਰ ਕਰਨ ਵਾਲੇ ਵਿਦਿਆਰਥੀਆਂ ਦੀ ਇਕ ਟੋਲੀ ਨੇ ਵਾਈਸ ਚਾਂਸਲਰ ਦੇ ਦਫਤਰ ਅੱਗੇ ਧਰਨਾ ਲਾ ਦਿੱਤਾ। ਯੂਨੀਵਰਸਟੀ ਤੋਂ ਬਹੁਤ ਦੂਰ ਬੱਚੀ ਦੇ ਆਪਣੇ ਪਿੰਡ ਤੇ ਆਪਣੇ ਘਰ ਵਿਚ ਹੋਈ ਮੌਤ ਦੇ ਸੰਬੰਧ ਵਿਚ ਯੂਨੀਵਰਸਿਟੀ ਵੱਲੋਂ ਸਾਰੀ ਸੂਚਨਾ ਪਬਲਿਕ ਕੀਤੀ ਗਈ। ਜੇ ਕੋਈ ਭਰਮ ਭੁਲੇਖੇ ਸਨ ਤਾਂ ਉਹ ਦੂਰ ਕਰਨ ਅਤੇ ਨਿੱਜੀ ਰੂਪ ਵਿਚ ਆਪਣੀ ਸੰਵੇਦਨਾ ਦਾ ਪ੍ਰਗਟਾਅ ਕਰਨ ਲਈ ਇਨਚਾਰਜ ਪ੍ਰੋਫੈਸਰ ਖੁਦ ਚੱਲ ਕੇ ਧਰਨਕਾਰੀਆਂ ਕੋਲ ਗਿਆ। ਗ਼ਮਗ਼ੀਨ ਅਵਸਥਾ ਵਿਚ ਨੀਵੀਂ ਪਾਈ ਉਹ ਧਰਨਾਕਾਰੀ ਵਿਦਿਆਰਥੀਆਂ ਨਾਲ ਗੱਲਬਾਤ ਕਰ ਹੀ ਰਿਹਾ ਸੀ ਕਿ ਕਿਸੇ ਨੇ ਉਸ ਉੱਤੇ ਕਾਤਲਾਨਾ ਹਮਲਾ ਕਰ ਦਿੱਤਾ ਅਤੇ ਬੁਰੀ ਤਰ੍ਹਾਂ ਲਹੂ ਲੁਹਾਣ ਹਾਲਤ ਵਿਚ ਉਸਨੂੰ*

*ਹਸਪਤਾਲ ਪੁਚਾ ਦਿੱਤਾ ਗਿਆ। ਹਕੀਕਤ ਵਿਚ ਇਹ ਸਾਰਾ ਘਟਨਾ ਕ੍ਰਮ ਵਾਪਰਨ ਤਕ ਹਨੇਰੇ ਦੀ ਸ਼ਕਤੀਆਂ ਨੇ ਇਸ ਤ੍ਰਾਸਦੀ ਦੇ ਓਹਲੇ ਵਿਚ ਆਪਣੇ ਵੱਖਰੇ ਹੀ ਏਜੰਡੇ ਨੂੰ ਲਾਗੂ ਕਰਨ ਦਾ ਨਿਰਣਾ ਕਰ ਲਿਆ ਸੀ। ਵਿਦਿਆਰਥੀਆਂ ਦੇ ਬਹਾਨੇ ਇਕ ਬਿਫਰੀ ਭੀੜ ਇਕੱਠੀ ਕਰ ਲਈ ਗਈ ਸੀ। ਆਪਣੇ ਕੰਮ ਪ੍ਰਤੀ ਪੂਰੀ ਤਰ੍ਹਾਂ ਸਮਰਪਤ, ਆਪਣੇ ਵਿਦਿਆਰਥੀਆਂ ਦੀ ਹਰ ਪ੍ਰਕਾਰ ਦੀ ਸਹਾਇਤਾ ਲਈ ਹਮੇਸ਼ਾ ਤੱਤਪਰ ਅਤੇ ਸਭ ਤੋਂ ਵੱਧ ਮਾਨਵਵਾਦੀ ਪ੍ਰਗਤੀਵਾਦੀ ਸੋਚ ਦਾ ਮਾਲਕ ਇਹ ਪ੍ਰੋਫੈਸਰ ਹਨੇਰੇ ਦੇ ਵਣਜਾਰਿਆਂ ਨੂੰ ਬੜੀ ਦੇਰ ਤੋਂ ਚੁੱਭਦਾ ਆ ਰਿਹਾ ਸੀ। ਆਪਣੇ ਕੁਕਰਮ ਨੂੰ ਵਾਜਬ ਠਹਿਰਾਉਣ ਲਈ ਹਨੇਰੇ ਦੇ ਵਣਜਾਰਿਆਂ ਨੇ ਇਕ ਸੱਚੇ ਸੁੱਚੇ ਇਨਸਾਨ ਅਤੇ ਕਿੰਨੇ ਹੀ ਦਹਾਕਿਆਂ ਤੋਂ ਸਿੱਖਿਆ ਦੇ ਪਵਿੱਤਰ ਕਾਰਜ ਵਿਚ ਲੀਨ ਇਸ ਪ੍ਰੋਫੈਸਰ ਉੱਤੇ ਵਿਦਿਆਰਥਣ ਬੱਚੀ ਨੂੰ ਲੈਕਚਰਾਂ ਦੀ ਕਮੀ ਦੇ ਬਹਾਨੇ ਨਾਲ ਤੰਗ ਕਰਨ ਅਤੇ ਏਥੋਂ ਤਕ ਕਿ ਸਰੀਰਕ ਸ਼ੋਸ਼ਣ ਤਕ ਦੇ ਦੂਸ਼ਣ ਲਾਉਣ ਦਾ ਗੁਨਾਹ ਕੀਤਾ। ਜਦੋਂ ਇਕ ਸਾਫ ਸੁਥਰੀ ਸ਼ਖਸੀਅਤ ਉੱਤੋਂ ਅਜਿਹਾ ਸਾਰਾ ਦੋਸ਼ ਆਰੋਪਨ ਤਿਲਕਦਾ ਲੱਗਿਆ ਤਾਂ ਆਪਣੇ ਅਸਲੀ ਰੰਗ ਵਿਚ ਧਰਮ ਦੀ ਆੜ ਵਿਚ ਵਿਚਰਦੇ ਇਹਨਾਂ ਕਾਲਖ ਦੇ ਵਣਜਾਰਿਆਂ ਨੇ ਆਪਣੇ ਵੱਲੋਂ ਸਿਰੇ ਦਾ ਦੋਸ਼ ਲਾਇਆ ਕਿ ਉਹ ਪ੍ਰੋਫੈਸਰ ਤਾਂ ਇਕ ਕਮਿਊਨਿਸਟ ਹੈ। ਜਿਵੇਂ ਕਮਿਊਨਿਸਟ ਹੋਣਾ ਹੀ ਆਪਣੇ ਆਪ ਵਿਚ ਗੁਨਹ ਹੋਵੇ। ਜਦਕਿ ਸਾਰੀ ਦੁਨੀਆਂ ਜਾਣਦੀ ਹੈ ਕਿ ਜੱਥੇਬੰਦੀ ਦੀ ਪੱਧਰ 'ਤੇ ਕਦੇ ਕਦਾਈਂ ਦੀਆਂ ਗ਼ਲਤੀਆਂ ਦੇ ਬਾਵਜੂਦ ਕਮਿਊਨਿਸਟ ਹੱਕ ਸੱਚ, ਇਨਸਾਫ, ਮਨੁੱਖੀ ਭਾਈਵਾਲੀ ਲੜ ਮਰਨ ਅਤੇ ਹਨੇਰ ਬਿਰਤੀ ਦਾ ਮੁਕਾਬਲਾ ਕਰਨ ਵਾਲੇ ਲੋਕ ਹੁੰਦੇ ਹਨ।*

*ਵੱਡੇ ਦੁੱਖ ਵਾਲੀ ਗੱਲ ਇਹ ਹੈ ਕਿ ਪੰਜਾਬੀ ਯੂਨੀਵਰਸਟੀ ਦੀ ਇਹ ਦੁਖਦ ਘਟਨਾ ਇਕੱਲੀ ਕਾਰੀ ਘਟਨਾ ਨਹੀਂ, ਇਹ ਉਸ ਦੁਖਾਂਤਕ ਵਰਤਾਰੇ ਦਾ ਪ੍ਰਤੀਕ ਮਾਤਰ ਹੈ ਜਿਸ ਵਿਚੋਂ ਭਾਰਤ ਦੇਸ਼ ਪਿਛਲੇ ਕੁਝ ਸਾਲਾਂ ਤੋਂ ਲੰਘ ਰਿਹਾ ਹੈ। ਸਿੱਖਿਆ ਦੇ ਸਭ ਅਦਾਰਿਆਂ ਅਤੇ ਗਿਆਨ ਵਿਗਿਆਨ ਦੇ ਸਭ ਸ੍ਰੋਤਾਂ ਉੱਤੇ ਹਰ ਤਰ੍ਹਾਂ ਦੇ ਹਮਲੇ ਕੀਤੇ ਜਾ ਰਹੇ ਹਨ। ਇਤਿਹਾਸ ਨੂੰ ਪੁੱਠਾ ਗੇੜਾ ਦੇਣ ਦੀ ਹਰ ਕੋਸ਼ਿਸ਼ ਕੀਤੀ ਜਾ ਰਹੀ ਹੈ। ਹਾਸੋਹੀਣੇ ਕੁਫਰ ਵਰਗੇ ਦੋਸ਼ ਲਾ ਕੇ ਚੇਤਨ ਬੁੱਧ ਵਿਦਿਆਰਥੀ, ਅਧਿਆਪਕ ਪ੍ਰੋਫੈਸਰ ਤੇ ਬੁੱਧੀਮਾਨ ਡਰਾਏ ਧਮਕਾਏ ਜਾ ਰਹੇ, ਜੇਲ੍ਹਾਂ ਵਿਚ ਸੁੱਟੇ ਜਾ ਰਹੇ ਅਤੇ ਕਤਲ ਕਰਵਾਏ ਜਾ ਰਹੇ ਹਨ। ਇਸੇ ਪ੍ਰਕਿਰਿਆ ਵਿਚ ਸੰਚਾਰ ਦੇ ਸਾਧਨਾਂ ਉੱਤੇ ਕਬਜ਼ਾ ਕੀਤਾ ਜਾ ਰਿਹਾ ਅਤੇ ਸਹਿਣਸ਼ੀਲਤਾ ਦਾ ਘਾਣ ਕੀਤਾ ਜਾ ਰਿਹਾ ਹੈ। ਅਤੇ ਸਭ ਤੋਂ ਵੱਡੀ ਗੱਲ ਮਜ਼ਹਬ ਦਾ ਇਕ ਅਜਿਹਾ ਸੰਕਲਪ ਉਭਾਰਿਆ ਜਾ ਰਿਹਾ ਹੈ ਜਿਸ ਵਿਚ ਕਿਸੇ ਵੀ ਤਰ੍ਹਾਂ ਦੀ ਉਦਾਰਤਾ ਦੀ ਕੋਈ ਥਾਂ ਨਹੀਂ, ਇਸ ਵਿਚ ਸਿਰਫ ਸੰਕੀਰਣਤਾ, ਹਨੇਰ ਬਿਰਤੀ ਤੇ ਦੂਜਿਆਂ ਵੱਲ ਨਫਰਤ ਦਾ ਵਾਸ ਹੈ। ਦੇਸ਼ ਦੇ ਵੱਡੇ ਹਿੱਸੇ ਵਿਚ ਜਿੱਥੇ ਹਿੰਦੂਆਂ ਦੀ ਬਹੁਤ ਗਿਣਤੀ ਹੈ, ਬਹੁਤ ਹੀ ਵਿਕਰਤ ਰੂਪ ਵਾਲੇ ਹਿੰਦੂਤਵ ਨੂੰ ਉਭਾਰ ਕੇ ਮੁਸਲਮਾਨਾਂ ਤੇ ਈਸਾਈਆਂ ਵਰਗੀਆਂ ਘੱਟ ਗਿਣਤੀਆਂ ਦਾ ਜੀਣਾ ਦੁਭਰ ਕੀਤਾ ਜਾ ਰਿਹਾ ਹੈ। ਅਤੇ ਜਿੱਥੇ ਕਿਤੇ ਇਹ ਸਥਿਤੀ ਨਹੀਂ, ਉੱਥੇ ਦੂਸਰੇ ਧਰਮਾਂ ਵਿਚ ਵੀ ਇਸੇ ਭਾਂਤ ਦੀ ਸੰਕੀਰਣਤਾ ਤੇ ਨਫਰਤ ਜਗਾ ਕੇ ਅਤੇ ਹਿੰਦੂਆਂ ਨੂੰ ਪੀੜਤ ਦਰਸਾ ਕੇ ਦੂਹਰਾ ਲਾਹਾ ਲੈਣ ਦੀ ਚਾਲ ਚੱਲੀ ਜਾ ਰਹੀ ਹੈ। ਇਸ ਤਰ੍ਹਾਂ ਕੇਵਲ ਹਿੰਦੂਆਂ ਦਾ ਹੀ ਨਹੀਂ, ਸਭਨਾਂ ਹੀ ਧਰਮਾਂ ਦਾ ਰੂਪ ਵਿਗਾੜ ਕੇ ਵਿਆਪਕ ਜਨਤਾ ਨੂੰ ਹਨੇਰ ਬਿਰਤੀ ਦੇ ਡੂੰਘੇ ਟੋਏ ਵਿਚ ਸੁੱਟਿਆ ਜਾ ਰਿਹਾ ਹੈ। ਹਨੇਰੇ ਦੀਆਂ ਸ਼ਕਤੀਆਂ ਦਾ ਰੂਪ ਦੇਸ਼ ਦੇ ਵੱਖ ਵੱਖ ਹਿੱਸਿਆਂ ਵੱਖਰਾ ਅਤੇ ਕਈ ਹਾਲਤਾਂ ਵਿਚ ਦਿਸਣ ਨੂੰ ਵਿਰੋਧੀ ਵੀ ਹੋ ਜਾਂਦਾ ਹੈ। ਬਹੁਤ ਹਾਲਤਾਂ ਵਿਚ ਇਹ ਸਾਰਾ ਕੁਝ ਬੇਲਗਾਮ ਭੀੜਾਂ ਜੋੜ ਕੇ ਕੀਤਾ ਜਾਂਦਾ ਹੈ। ਥਾਂ ਥਾਂ ਦੀਆਂ ਘੱਟ ਗਿਣਤੀਆਂ ਦੇ ਨਾਲ ਅਗਾਂਹਵਧੂ ਸੋਚ ਵਾਲੇ ਜਾਂ ਕਮਿਊਨਸਟ ਕਹਿ ਕੇ ਬੱਦੂ ਕੀਤੇ ਜਾਣ ਵਾਲੇ ਚੇਤੰਨ ਬੁੱਧ ਲੋਕ ਅੱਜੋਕੀ ਮਾਰੂ ਵਿਵਸਥਾ ਵਿਚ ਇਸ ਸਾਜ਼ਿਸ਼ ਦਾ ਸ਼ਿਕਾਰ ਹੁੰਦੇ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਇਹ ਕੁਝ ਵਾਪਰਿਆ ਹੈ। ਬੇਹੱਦ ਚਿੰਤਾ ਵਾਲੀ ਗੱਲ ਹੈ ਇਹ। 000*

# ਬਲਵਿੰਦਰ ਸਿੰਘ ਸੰਧੂ: ਪੰਜ ਕਵਿਤਾਵਾਂ

**ਖਿਮਾ ਜਾਚਨਾ**

ਲੋਕਾ ਵੇ
ਮੈਂ ਰੱਬ ਵਰਗਾ ਨਾ ਹੋਣਾ
ਮੈਂ ਤਾਂ ਧਰਤੀ ਜੰਮਿਆ ਜਾਇਆ
ਬੰਦਾ ਬਣ ਜਿਓਣਾ.....

ਮੈਂ ਬ੍ਰਹਮਾ ਨਾ ਨੀਲ ਕੰਠੜਾ
ਨਾ ਈਸਾ ਵਤ ਆਇਆ
ਨਾ ਮੈਂ ਖਲਾਅ 'ਚੋਂ ਪ੍ਰਗਟ ਹੋਇਆ
ਨਾ ਮੈਂ ਪਵਨੋਂ ਜਾਇਆ
ਪੰਜ ਭੂਤਕ, ਮੈਂ ਰਤ-ਬਿੰਦ ਸੂਤਕ
ਮਾਈ ਦੇ ਹੱਥ ਖਿਡੌਣਾ.....

ਮੈਂ ਮਿੱਟੀ ਦਾ ਪੁਤਲਾ ਮਾਤਰ
ਮਿੱਟੀ ਵਿਚ ਹੀ ਵੱਸਣਾ
ਮਿੱਟੀ 'ਚੋਂ ਕੱਢ ਖਾਣਾ ਪੀਣਾ
ਮਿੱਟੀਏ ਦੂਰ ਨਾ ਨੱਸਣਾ
ਮਿੱਟੀ ਦੇ ਸੰਗ ਜਿਉਣਾ ਮਰਨਾ
ਸੰਗ ਹੱਸਣਾ ਸੰਗ ਰੋਣਾ.....

ਇਕ ਤੋਲ਼ਾ ਮੈਂ ਕਾਮ ਕਮਾਉਣਾ
ਇਕ ਮਾਸਾ ਮੋਹ ਜੀਣਾ
ਇਕ ਲੱਪ ਲਬੁ ਦਾ ਮਹੁਰਾ ਚੱਖਣਾ
ਇਕ ਘੁੱਟ ਕ੍ਰੋਧ ਦਾ ਪੀਣਾ
ਇਕ ਰਤੀ ਅੱਖ ਹਉਮੈ ਪਾ ਕੇ
ਅੱਤ ਨਾਲ ਆਢਾ ਲਾਉਣਾ.....

ਲੋਕਾ ਵੇ, ਰੱਬ ਵਰਗਾ ਹੋਣਾ
ਕਹਿਣ ਸੁਣਨ ਨੂੰ ਸੋਹਣਾ
ਉਸ ਜੇਹਾ ਹੋ ਜੀਣਾ ਥੀਣਾ
ਖੁਦ ਸੰਗ ਕੂੜ ਕਮਾਉਣਾ
ਇਹ ਤਾਂ ਮਾਂ ਦੇ ਗਰਭ ਨੂੰ ਮਿਹਣਾ
ਬੰਦੇ ਦਾ ਸੱਚ ਮਿਟਾਉਣਾ.....

ਲੋਕਾ ਵੇ
ਮੈਂ ਰੱਬ ਵਰਗਾ ਨਾ ਹੋਣਾ
ਮੈਂ ਤਾਂ ਧਰਤੀ ਜੰਮਿਆ ਜਾਇਆ
ਬੰਦਾ ਬਣ ਜਿਓਣਾ.....।

**ਆਵਾਜ਼**

ਜਿਵ, ਜਲ ਦਾ ਭਰਿਆ ਡੋਲਣਾ
ਮੁੜ ਮੁੜ ਖੂਹ ਵਿਚ ਹੋਵੇ ਡੁੱਲ੍ਹਿਆ...

ਜਿਵ, ਬਿਰਖੋਂ ਤੁਪਕਾ ਝਰ ਕੇ ਪਰ
ਸੁੱਕ-ਪੱਤੇ ਉੱਤੇ ਡਿੱਗਿਆ...

ਜਿਵ, ਪੱਕਿਆ ਬੀਜ ਸ਼ਰੀਂਹ ਦਾ
ਵਿਚ ਫਲ਼ੀਏ ਬਹਿ ਕੇ ਹੱਸਿਆ...

ਜਿਵ, ਸੋਨਾ ਹੋਈ ਕਣਕ ਥੀਂ
ਕੋਈ ਬੁੱਲਾ ਖਹਿ ਕੇ ਲੰਘਿਆ...

ਜਿਵ, ਘੁੱਗੀ ਭਰੀ ਉਡਾਣ 'ਤੇ
ਪੰਖਾਂ 'ਚੋਂ ਸੁਰ ਉੱਠਿਆ...

ਜਿਵ, ਬੋਟ ਅਲੂੰਆਂ ਆਲ੍ਹਣੇ
ਪ੍ਰਥਮ ਬੋਲ ਸੋ ਹੋਏ ਚੂਕਿਆ...

ਜਿਵ, ਪਹਿਲੀ ਕਣੀ ਵਰ੍ਹਨ 'ਤੇ
ਚੌਂਕੇ ਪਿਆ ਛੰਨਾ ਟੁਣਕਿਆ...

ਜਿਵ, ਗਜਰਾ ਹਾਥੀ-ਦੰਦ ਦਾ
ਅੱਧਰਾਤੇ ਵੀਣੀ ਛਣਕਿਆ...

ਇਹ ਕੌਣ ਹੈ ਚਿਰਾਂ ਬਾਅਦ ਜੋ
ਮੇਰੇ ਅੰਦਰ ਬੈਠਾ ਬੋਲਿਆ...!!

**ਖਿੱਚਾਂ**

ਸੱਜੇ ਖਿੱਚਾਂ ਖੱਬੇ ਖਿੱਚਾਂ
ਮੇਰੇ ਅੱਗੇ ਪਿੱਛੇ ਖਿੱਚਾਂ
ਖੰਬੇ ਨੂੰ ਤਾਂ ਇਕ ਦੋ ਪਈਆਂ

ਬੰਦੇ ਨੂੰ ਪਰ ਸੌ-ਸੌ ਖਿੱਚਾਂ....

ਬੱਚੇ ਮਾਪੇ ਪਿੱਤਰ ਮਿੱਤਰ
ਰਿਸ਼ਤੇ ਨਾਤੇ ਸਾਕ ਸਕੋਤਰ
ਖਿੱਚਾਂ, ਮੈਨੂੰ ਉਤ ਵੱਲ ਖਿੱਚਣ
ਮੈਂ ਖਿੱਚਾਂ ਨੂੰ, ਖੁਦ ਵੱਲ ਖਿੱਚਾਂ....

ਕੁਝ ਕੁ ਢਿੱਲੀਆਂ, ਕੁਝ ਕੁ ਕਸੀਆਂ
ਕੁਝ ਕੱਚੀਆਂ ਕੁਝ ਪੱਕੀਆਂ ਖਿੱਚਾਂ
ਖਿੱਚਾਂ ਵਿਚ ਮੈਂ ਥੱਕ ਖਲੋਇਆ
ਮੈਨੂੰ ਖਿੱਚ ਖਿੱਚ ਥੱਕੀਆਂ
ਖਿੱਚਾ ....

ਬੇਸ਼ੱਕ ਮੈਨੂੰ ਥਾਂ ਸਿਰ ਰੱਖਣ
ਜੜ੍ਹ ਮੇਰੀ, ਮੇਰੀ ਮਾਂ ਵਿਚ ਰੱਖਣ
ਕਈ ਵਾਰੇ ਪਰ ਏਕਣ ਲੱਗਣ
ਮੈਨੂੰ ਵੀ ਜੜ੍ਹ, ਕਰ ਰਹੀਆਂ
ਖਿੱਚਾ ....

ਸੁਣਿਐ, ਸੂਰਜ, ਗ੍ਰਹਿ, ਸਿਤਾਰੇ
ਬ੍ਰਹਿਮੰਡ ਵੱਸਦੇ, ਪਿੰਡ ਜੋ ਸਾਰੇ
ਡਿੱਗ ਪੈਣੇ ਸੀ ਕਾਲ਼ੇ ਖੂਹ ਵਿਚ
ਜੇ ਨਾ ਹੁੰਦੀਆਂ ਗੱਭੇ ਖਿੱਚਾਂ....

ਕਦੇ ਕਦੇ ਦਿਲ ਬਾਗ਼ੀ ਚਾਹੁੰਦਾ
ਤੋੜ ਦਵੇ ਇਹ ਸੱਭੇ ਖਿੱਚਾਂ
ਪਰ ਡਿੱਗਣ ਤੋਂ ਡਰਦਾ ਭੋਲ਼ਾ
ਮੁੜ ਮੁੜ ਲੱਭੇ ਗੁੱਟੀਆਂ ਖਿੱਚਾਂ ....

ਸੱਜੇ ਖਿੱਚਾਂ ਖੱਬੇ ਖਿੱਚਾ
ਮੇਰੇ ਅੱਗੇ ਪਿੱਛੇ ਖਿੱਚਾਂ
ਖੰਭੇ ਨੂੰ ਤਾਂ ਇਕ ਦੋ ਪਈਆਂ
ਬੰਦੇ ਨੂੰ ਪਰ ਸੌ-ਸੌ ਖਿੱਚਾਂ.... ।

## ਛੁੱਟੀ

ਅੱਜ ਵੀ ਕੂੜੇ ਵਾਲੇ ਬੂੜੇ
ਹਰ ਘਰ, ਹਰ ਦਰ ਫੇਰਾ ਪਾਉਣਾ ਹੈ

ਅੱਜ ਵੀ ਘਸੀਆਂ ਹੋਈਆਂ ਤਲੀਆਂ
ਮਰਮਰੀ ਮਹਿਲਾਂ 'ਚ ਪੋਚਾ ਲਾਉਣਾ ਹੈ

ਅੱਜ ਵੀ ਚੌਂਕੀਦਾਰ ਜਗਤਾਰ ਨੇ
ਗ਼ਲੀਆਂ 'ਚ ਸਾਰੀ ਰਾਤ ਜਾਗਣਾ ਹੈ
ਅੱਜ ਵੀ ਆਂਦਰਾਂ-ਕੁੱਠੇ ਕੋਠੇ ਨੇ
ਸਵੇਰ ਹੋਣ ਤੀਕ 'ਨਿਵਾਲਾ'
ਉਡੀਕਣਾ ਹੈ....

ਅੱਜ ਵੀ ਰਿਕਸ਼ੇ ਵਾਲੇ ਪੈਰਾਂ
ਸਾਰਾ ਦਿਨ ਪੈਡਲਾਂ 'ਤੇ ਰਹਿਣਾ ਹੈ
ਅੱਜ ਵੀ ਦੁੱਧ ਵਾਲੇ ਭਾਂਡਿਆਂ
ਸ਼ਹਿਰ 'ਚ ਆ ਸਾਹ ਲੈਣਾ ਹੈ....

ਅੱਜ ਵੀ ਸੱਜਰਾਂ, ਲਵੇਰੀਆਂ ਤੇ ਤੋਕੜਾਂ
ਕੱਖਾਂ ਵਾਲੇ ਹੱਥਾਂ ਵੱਲ ਤੱਕਣਾ ਹੈ
ਅੱਜ ਵੀ ਛਿਦਰੀਆਂ ਚੁੰਨੀਆਂ
ਸਿਰਾਂ 'ਤੇ ਗੋਹਾ ਚੁੱਕਣਾ ਹੈ....

ਅੱਜ ਵੀ ਸਿਲ੍ਹੇ ਚੁੱਲ੍ਹਿਆਂ
ਸਿਸਕ ਸਿਸਕ ਕੇ ਬਲਣਾ ਹੈ
ਅੱਜ ਵੀ ਬੇਰੁੱਤੇ ਬੇਮੌਸਮਾਂ ਨੇ
ਢੱਠੇ ਢਾਰਿਆਂ 'ਤੇ ਆ ਵੱਸਣਾ ਹੈ....

ਅੱਜ ਵੀ ਮੋਚੀਆਂ, ਤੇਲੀਆਂ ਤੇ ਧੋਬੀਆਂ
ਖੁਦ ਨੂੰ ਗੰਢਣਾ, ਪੀੜਨਾ ਤੇ ਕੁੱਟਣਾ ਹੈ
ਅੱਜ ਵੀ ਭੱਠਿਆਂ ਦੇ ਵਿਹੜਿਆਂ 'ਚ
ਦੇਹਾਂ ਨੇ ਗੁੱਝਣਾ, ਪੱਕਣਾ ਹੈ....

ਅੱਜ ਵੀ ਸਮਿਆਂ ਦੀ ਸੱਤਾ ਨੇ
ਹੱਕਾਂ ਲਈ ਉੱਠੇ ਹੱਥਾਂ ਨੂੰ ਝਟਕਣਾ ਹੈ
ਅੱਜ ਵੀ ਡਾਇਨਾਸੁਰ ਦੇ ਪੰਜਿਆਂ
ਚੁਰਾਹੇ ਬੈਠੀ ਖਲਕਤ ਨੂੰ
ਆ ਦਰੜਣਾ ਹੈ....

ਅੱਜ ਵੀ ਅਖਬਾਰਾਂ 'ਚ ਕੁਝ ਖਬਰਾਂ
ਤਸਵੀਰਾਂ ਤੇ ਕਵਿਤਾਵਾਂ ਹੁੱਭ ਕੇ ਛਪਣਾ ਹੈ

ਅੱਜ ਵੀ ਸਰਾਪੇ ਸੂਰਜਾਂ
ਓਕਣ ਹੀ ਚੜ੍ਹਨਾ ਤੇ ਡੁੱਬਣਾ ਹੈ....!!

## ਗੁਰੂਦੇਵ ਆਖਦੇ

ਮਹਿਜ਼
ਪੜ੍ਹਨਾ ਲਿਖਣਾ ਜਾਂ
ਖਿਆਲਾਂ ਨੂੰ ਸ਼ਬਦਾਂ 'ਚ ਪਰੋਣਾ
ਕਵੀ ਦਾ ਕਵੀ ਹੋਣਾ ਨਾ ਹੁੰਦਾ....

ਆਪਣੇ ਇਸ਼ਟ ਵਿਸ਼ਿਸ਼ਟ ਸੰਗ
ਕਵਿਤਾ ਦੇ ਆਲਮ 'ਚ ਰਹਿਣਾ
ਸ਼ਬਦ ਦੀ ਤਾਬਿਆ ਬਹਿਣਾ
ਤੇ ਲਿਖੀ ਇਬਾਰਤ ਨੂੰ ਸਕਾਰਥ ਕਰ
ਕਵਿਤਾ ਜਿਉਣਾ....
ਕਵੀ ਦਾ ਕਵੀ ਹੋਣਾ ਹੁੰਦਾ!

ਅਦਬ ਦੇ
ਜਗਤ 'ਚ ਵਿਚਰਦਿਆਂ
ਕਵੀ ਦਾ ਹਿੰਸਕ ਹੋਣਾ
ਨਹਾਇਤ ਹੀ ਬੁਰਾ ਹੁੰਦਾ....
ਐਪਰ ਸਭ ਕੁਝ ਹੁੰਦਿਆਂ
ਆਪਣੀਆਂ ਰੀਝਾਂ, ਭਾਵਨਾਵਾਂ
ਤੇ ਸੁਪਨਿਆਂ ਦੀ ਹੱਤਿਆ ਕਰੀ ਜਾਣਾ
ਜਾਂ ਚੁੱਪ ਚੁੱਪੀਤੇ ਅੱਖਾਂ ਮੀਟੇ
ਅਣਖ ਇੱਜ਼ਤ ਤੇ ਖੁਦੀ ਨਾਲ ਹੁੰਦੇ
ਜ਼ਬਰ ਨੂੰ ਜਰੀ ਜਾਣਾ
ਕਵੀ ਦਾ ਹਿੰਸਕ ਹੋਣਾ ਕੀ
ਨਿਪੁੰਸਕ ਹੋਣਾ ਵੀ ਦੱਸਦਾ.... !

ਆਪਣੀ ਪੱਕੀ ਦੇਹਲ਼ੀ 'ਤੇ
ਤੀਲੀ ਘਸਾ
ਦੂਜੇ ਦੀ ਕੱਚੀ ਹਵੇਲੀ ਨੂੰ
ਲਾਂਬੂ ਲਾ ਦੇਣਾ....
ਚੰਦ ਸਿੱਕਿਆਂ ਦੀ ਬਦੌਲਤ
ਕਿਸੇ ਦੀ ਬੇਬੱਸੀ ਨੂੰ
ਗਹਿਣੇ ਰਖਾ ਲੈਣਾ
ਨਾ ਕਵੀ ਦਾ ਕਰਮ ਹੁੰਦਾ

ਨਾ ਧਰਮ....

ਸਗਾਂ, ਹੱਥੀਂ ਸਜਾਏ ਅੰਗੀਠੇ 'ਚ
ਆਪਣੇ ਆਪ ਜਾ ਬਹਿਣਾ....
ਜਾਂ ਖੁਦ ਹੀ ਤੌੜੀ ਮਾਰ
ਆਪਣੀ ਔਕਾਤ ਦੀ
ਖਿੱਲੀ ਉਡਾ ਲੈਣਾ....
ਜਾਂ ਆਪਣੇ ਹੀ ਕੁਹਜ ਤੋਂ
ਸੋਹਜ ਦਾ ਗਿਲਾਫ ਲਾਹ..
ਦਿਨ ਦੀਵੀ ਆਪਣੇ ਹੀ ਆਈਨੇ 'ਚ
ਅਲਫ ਨੰਗੇ ਹੋ ਜਾਣਾ..
ਜਿਸ ਸ਼ਖਸ ਦੀ
ਜੁੱਰਅਤ ਵਿਚ ਸ਼ਾਮਲ ਹੁੰਦਾ....
ਉਹ ਕੁਝ ਨਾ ਕੁਝ....

ਜੇ ਸ਼ਬਦਾਂ ਦਾ ਵਣਜ ਕਰਦਾ
ਕੋਈ ਵਣਜਾਰਾ
ਆਪਣੇ ਅੰਦਰਲੇ ਹਨੇਰ 'ਚ
ਡੁੱਬਿਆ ਰਹੇ
ਘਰ ਦੀ ਛੱਤ ਦਾ ਗ਼ੁਲਾਮ ਹੋ
ਸਿਤਾਰਿਆਂ ਦੀ ਸਭਾ 'ਚ ਜਾਣੋ
ਭੈਅ ਖਾਏ....
ਜਾਂ ਧੁੱਪ, ਸੱਚ ਦੀ ਅੱਖ ਤੋਂ
ਤ੍ਰਹਿ ਤ੍ਰਹਿ ਜਾਏ
ਜਾਂ ਦੰਭ ਦੇ ਛੰਭ 'ਚ ਬੈਠਾ ਬੈਠਾ
ਅੰਦਰਲਾ ਠਾਰ ਲਵੇ....
ਤੇ ਭਿੱਜੇ ਹੋਏ ਖੰਭਾਂ ਨਾਲ
ਅੰਬਰਾਂ 'ਚ ਉੱਡ ਨਾ ਪਾਏ....
ਕਵਿਤਾ ਨੂੰ ਅਜਿਹੇ ਕਵੀ ਦਾ
ਕਵੀ ਹੋਣਾ
ਹਰਗਿਜ਼ ਗਵਾਰਾ ਨਾ ਹੁੰਦਾ....
ਉਹ ਲਿਖਦਾ ਪੜ੍ਹਦਾ
ਖਿਆਲਾਂ ਨੂੰ ਸ਼ਬਦ ਦੇਂਦਾ
ਕਵਿਤਾ ਦੀ ਨਜ਼ਰ 'ਚ
... ਮਰ ਗਿਆ ਹੁੰਦਾ !! 000

***(# 49 ਨਿਊ ਮੋਤੀ ਬਾਗ਼ ਕਲੋਨੀ, ਪਟਿਆਲਾ- 147 001***
***ਫੋਨ: +91-98155-14053)***

## ਇੰਦਰਜੀਤ ਨੰਦਨ: ਚਾਰ ਕਵਿਤਾਵਾਂ

**ਬਦਲਾਅ**

ਮਨ 'ਚ ਆਉਂਦਾ
ਦਰਿਆ ਕੰਢੇ ਬੈਠ
ਤੈਨੂੰ ਨਜ਼ਮਾਂ ਸੁਣਾਵਾਂ
ਕਵਿਤਾ ਦੀ ਸਮਾਧੀ ਲਾਵਾਂ
ਚੂਲੀ 'ਚ ਪਾਣੀ ਭਰਾਂ
ਲਵਾਂ ਮੁੱਠੀ 'ਚ ਰੇਤ ਜ਼ਰਾ
ਤੇ ਸ਼ਬਦਾਂ 'ਚ ਡੂੰਘਾ ਲਹਿ ਜਾਵਾਂ
ਕੋਈ ਸ਼ੋਰ ਨਾ ਮਚਾਏ
ਕੋਈ ਸਾਨੂੰ ਨਾ ਬੁਲਾਏ...
ਪਰ ਮਾਫ਼ੀਏ ਦੇ ਹੁੰਦਿਆਂ
ਆਹ ਦਿਨ ਕਿੱਥੋਂ ਆਏ......??

**ਪਰਵਾਸੀ**

ਨਿੱਕਾ ਜਿਹਾ ਪੰਛੀ
ਬਿਜੜੇ ਤੋਂ ਵੀ ਛੋਟਾ
ਕਈ ਸਾਗਰ ਝੀਲਾਂ, ਹਜ਼ਾਰਾਂ ਮੀਲਾਂ,
ਤੈਅ ਕਰ ਆਇਆ
ਮੇਰੇ ਘਰ ਨਿੰਬੂ ਉੱਤੇ
ਆ ਆਲ੍ਹਣਾ ਪਾਇਆ....
ਮੈਂ ਪੁੱਛਿਆ ਉਹਨੂੰ-
"ਕੀ ਮਿਲਿਆ ਤੈਨੂੰ
ਇੰਝ ਪਰਵਾਸੀ ਹੋ ਕੇ...? "
ਉਸ ਗਹਿਰਾ ਤੱਕਿਆ
ਆਖਣ ਲੱਗਾ –
"ਤੂੰ ਇਹ ਪੁੱਛਦੀ ਏਂ
ਪੰਜਾਬੀ ਹੋ ਕੇ...?"

**ਪਿੰਡ ਤੇ ਬ੍ਰਹਿਮੰਡ**

ਮੈਨੂੰ ਅਜੇ ਤੀਕ
ਉਹ ਰੁੱਖ ਨਹੀਂ ਮਿਲਿਆ
ਜਿਸ ਹੇਠ ਬੈਠ, ਲਾਵਾਂ ਸਮਾਧੀ
ਹੋ ਜਾਵੇ ਇਕ ਮਿਕ
ਇਹ ਪਿੰਡ ਤੇ ਬ੍ਰਹਿਮੰਡ....।

**ਚੋਅ**

ਬਚਪਨ ਵੇਲ਼ੇ, ਚੋਅ ਚੜ੍ਹਦੇ
ਤਾਂ ਦਰਿਆ ਜਾਪਦੇ
ਪਾਣੀ ਉੱਤਰਦਿਆਂ
ਮਾਰੂਥਲ ਲੱਗਦੇ
ਪਾਰ ਕਰਦਿਆਂ
ਅਸੀਂ ਘਾਬਰਦੇ
ਹੁਣ ਤਾਂ ਦਰਿਆ ਵੀ
ਚੋਆਂ ਵਰਗੇ ...। 000 ***ਫੋਨ: +91-70874-66809)***

## ਸ਼ੁਭ ਕਰਮ (ਕਵਿਤਾ) ਗੁਰਨਾਮ ਢਿੱਲੋਂ

ਸ਼ੁਭ ਭਾਵਨਾਵਾਂ ਦਾ ਤੇਜ਼ ਮੀਂਹ ਵਰ੍ਹਾ ਕੇ
ਹਿੰਮਤ ਦੀ ਧਾਰ ਨੂੰ ਸਾਣ ਉੱਤੇ ਲਾ ਕੇ
ਹੱਥਾਂ ਅਤੇ ਪੈਰਾਂ ਵਿਚ ਅਥਾਹ ਸ਼ਕਤੀ ਜਗਾ ਕੇ
ਫਰਜ਼ ਦੇ ਸੀਸ 'ਤੇ ਕਲਗੀ ਸਜਾ ਕੇ
ਮੇਰੇ ਮਿੱਤਰੋ ਉੱਠੋ!
ਆਓ ਪਹਿਲਾਂ ਅਹੁ ਸਾਹਮਣੇ ਲਾਂਬੂ ਲੱਗੇ
ਸ਼ਹਿਰਾਂ, ਬਸਤੀਆਂ, ਝੁੱਗੀਆਂ-ਝੌਂਪੜੀਆਂ, ਜੰਗਲ਼ਾਂ ਨੂੰ
ਭਸਮ ਹੋਣੋਂ ਬਚਾ ਲਈਏ
ਨਫਰਤ ਦੇ ਦਾਵਾਨਲ ਨੂੰ ਬੁਝਾ ਲਈਏ
ਸਮੇਂ ਦੇ ਕਹਿਰ ਨੂੰ ਦੁਮੇਲ ਤੋਂ ਪਰ੍ਹਾਂ ਕਿਤੇ ਡੂੰਘੇ ਸਗਰ ਵਿਚ
ਦਫਨਾ ਲਈਏ

ਹਾਂ! ਹਾਂ!!
ਪਾਣੀ ਪਉਣ ਦੇ ਤੌਰ ਤਰੀਕਿਆਂ
ਅੱਗ ਬੁਝਾਉਣ ਦੇ ਸੁਹਜ ਕੁਸ਼ਲਤਾ ਅਤੇ ਸਲੀਕਿਆਂ
ਬਾਰੇ ਜਿਰ੍ਹਾ ਸਮਾਂ ਆਉਣ 'ਤੇ ਕਰਾਂਗੇ
ਬਾਦਸਤੂਰ ਦਲੀਲਾਂ ਦੇ ਦਰਿਆਵਾਂ ਨੂੰ ਤਰਾਂਗੇ
ਸ਼ਬਦਾਂ ਦੇ ਅੰਬਰ ਉੱਤੇ ਚੰਦ ਤਾਰੇ ਲਿਸ਼ਕਾਵਾਂਗੇ
ਸੌਂਦਰਯ ਦੇ ਤਮਾਮ ਰੰਗ ਭਰਾਂਗੇ
ਆਓ ਪਹਿਲਾਂ ਜ਼ਿੰਦਗੀ ਦੇ ਵਸੀਲਿਆਂ ਦੀਆਂ ਪੁੰਗਰਦੀਆਂ
ਕੋਮਲ ਲਗਰਾਂ ਨੂੰ
ਰਾਖ ਹੋ ਜਾਣ ਤੋਂ ਬਚਾ ਲਈਏ
ਸ਼ੁਭ ਕਰਮ ਕਮਾ ਲਈਏ 000 ***(gdhillon4@hotmail.com)***

# ਪਾਵਰ-ਡਿਸਕੋਰਸ: ਕਹਾਣੀ: ਸਵਾਮੀ ਸਰਬਜੀਤ

* **ਸੂਤਰਧਾਰ :** 'ਤਕੜਾ ਮਾੜੇ ਨੂੰ ਮਾਰ ਕੇ ਹੀ ਜਿਊਂਦਾ ਰਹਿ ਸਕਦਾ ਹੈ।' ਇਹ ਜੰਗਲ਼ ਦਾ ਕਾਨੂੰਨ ਹੈ ਪਰ ਅਸੀਂ ਤਾਂ ਮਨੁੱਖ ਹਾਂ, ਸੋ ਕਾਲਡ ਸਿਵੀਲਾਈਜ਼ਡ ਮਨੁੱਖ..!! ਤੇ ਸਰਵਾਈਵਲ ਲਈ ਅਸੀਂ ਵੀ ਇੰਝ ਹੀ ਕਰਦੇ ਹਾਂ। ਫੇਰ ਕੀ ਅਸੀਂ ਜੰਗਲ਼ ਵਿਚੋਂ ਨਿਕਲ਼ ਆਏ ਹਾਂ? ਜਾਂ ਜੰਗਲ਼ ਅਜੇ ਵੀ ਸਾਡੇ ਅੰਦਰ ਈ ਕਿਤੇ ਪਿਆ ਏ? ਜਦੋਂ ਅਸੀਂ ਬਲਹੀਣ ਹੁੰਦੇ ਹਾਂ ਤਾਂ ਸਮਾਜ ਦੀ ਸ਼ਰਣ ਵਿਚ ਚਲੇ ਜਾਂਦੇ ਹਾਂ ਤੇ ਜਦੋਂ ਸਾਡੇ ਕੋਲ਼ ਤਾਕਤ ਆ ਜਾਂਦੀ ਏ ਤਾਂ ਸਾਡੇ ਅੰਦਰ ਦਾ ਬਘਿਆੜ 'ਸੱਭਿਅਕ ਪ੍ਰਾਣੀ' ਦਾ ਮਖੌਟਾ ਉਤਾਰ ਕੇ, ਸਮਾਜ ਨੂੰ ਆਪਣੇ ਗੀਝੇ ਵਿਚ ਪਾ, ਆਪਣੇ ਅੰਦਰ ਦੇ ਜੰਗਲ਼ ਨੂੰ ਆਪਣੇ ਚੌਗਿਰਦੇ ਵਿਚ ਖਿਲ੍ਹਾਰ ਲੈਂਦਾ ਏ ਤਾਂ ਕਿ ਉਹ ਆਪਣੀਆਂ 'ਬਘਿਆੜੀ ਕਰਤੂਤਾਂ' ਨੂੰ 'ਜੰਗਲ਼ ਦਾ ਕਾਨੂੰਨ' ਆਖ ਕੇ ਬਰੀ ਕਰਵਾ ਸਕੇ!! ਤੇ ਆਖ਼ਰੀ ਗੱਲ ਜਿਹੜੀ ਕਿ ਮੈਂ ਤੁਹਾਡੇ ਤੋਂ ਪੁੱਛਣਾ ਚਾਹੁੰਦਾ ਹਾਂ ਜਨਾਬ ਕਿ 'ਸੱਭਿਅਕ ਯੁਗ ਵਿਚ, ਸੱਭਿਅਕ ਹੋਣ ਦਾ ਮਖੌਟਾ ਪਹਿਨੇ ਅਸੀਂ ਅਸੱਭਿਅਕ ਲੋਕ, ਕੀ ਸੱਭਿਅਕ ਕਹਾਉਣ ਦੇ ਹੱਕਦਾਰ ਹਾਂ ਵੀ ਜਾਂ ਨਹੀਂ!!??'

ਮੇਰਾ ਨਾਮ ਬਾਲੀ ਏ, ਡਾ. ਬਾਲੀ। ਮੈਂ ਇਸ ਸੁਣਾਈ ਜਾ ਰਹੀ ਕਥਾ ਦਾ ਸੂਤਰਧਾਰ ਹਾਂ। ਜਿਵੇਂ ਮਾਲ਼ਾ ਦੇ ਮੋਤੀ-ਮਣਕੇ ਇਕ ਧਾਗੇ ਜਾਂ ਸੂਤਰ ਵਿਚ ਪਰੋਏ ਹੁੰਦੇ ਨੇ, ਉਸੇ ਤਰ੍ਹਾਂ ਮੈਂ ਕਿਸੇ ਸਾਹਿਤਕ ਰਚਨਾ ਦੀਆਂ ਘਟਨਾਵਾਂ ਦੇ ਮੋਤੀ, ਕਥਾ ਦੇ ਸੂਤਰ ਵਿਚ ਪਰੋ ਕੇ ਮਾਲ਼ਾ ਬਣਾਉਣ ਵਾਲ਼ਾ ਸੂਤਰਧਾਰ ਹਾਂ। ਅੱਜ ਮੈਂ ਤੁਹਾਨੂੰ ਕੋਈ ਪੁਰਾਣੀ ਕਥਾ ਨਹੀਂ ਸੁਣਾਵਾਂਗਾ ਬਲਕਿ ਆਪਣੀ ਹੀ ਹੱਡ-ਬੀਤੀ ਸੁਣਾਵਾਂਗਾ। ਇਹ ਬਾਤ ਮੈਂ ਤਾਂ ਪਾਉਣ ਲੱਗਿਆਂ ਕਿਉਂਕਿ ਮੈਂ ਅੱਜਕੱਲ੍ਹ ਇਕ ਡਾਢੀ ਮੁਸੀਬਤ 'ਚ ਫਸਿਆ ਹੋਇਆਂ। ਮੈਂ ਚਾਹੁੰਦਾ ਹਾਂ ਕਿ ਨਿਤਾਰਾ ਹੋਵੇ...ਝੂਠ-ਸੱਚ ਜੋ ਵੀ ਹੈ...ਬੱਸ ਨਿਤਾਰਾ ਜ਼ਰੂਰ ਹੋਵੇ, ਤਾਂ ਜੋ ਗੱਲ ਕਿਸੇ ਤਣ-ਪੱਤਣ ਲੱਗੇ!! ਬਾਤ ਮੈਂ ਸਾਰੀ ਸੁਣਾਵਾਂਗਾ ਪਰ ਵਿਚੋਂ-ਵਿਚੋਂ ਤਾਂ ਕਿ ਕਥਾ-ਰਸ ਬਣਿਆ ਰਹੇ। ਮੈਂ ਕੁਝ ਵੀ ਨਹੀਂ ਲੁਕਾਵਾਂਗਾ, ਜੋ ਵੀ ਹੈ, ਜਿਵੇਂ ਵੀ ਹੈ, ਸਭ ਸੱਚ-ਸੱਚ ਹੀ ਬਤਲਾਵਾਂਗਾ। ਤਾਂ ਲਓ, ਸੁਣੋ ਫੇਰ ਮੇਰੀ ਬਾਤ, ਮੇਰੀਓ ਜ਼ੁਬਾਨੀ...

\- - - -

** **ਯੂਨੀਵਰਸਿਟੀ ਕੈਂਪਸ ਵਿਚ ਹੰਗਾਮਾ ਤੇ ਡਾ. ਬਾਲੀ ਦੀ ਭੂਮਿਕਾ**

ਡਾ. ਬਾਲੀ ਦੇ ਚਿਹਰੇ 'ਤੇ ਕਾਲ਼ਖ ਮਲਣ ਲਈ ਸ਼ਹਿਰ ਦੇ ਸਾਰੇ ਅਖ਼ਬਾਰਾਂ ਦੇ, ਖੇਤਰੀ ਪੰਨਿਆਂ ਦੇ ਕਾਲ਼ੇ ਅੱਖਰ, ਹੋਰ ਵੱਡੇ ਤੇ ਹੋਰ ਕਾਲ਼ੇ ਹੋ ਗਏ ਸਨ। ਸਾਰੀਆਂ ਖ਼ਬਰਾਂ ਦਾ ਸਾਰ-ਤੱਤ ਇਕੋ ਹੀ ਸੀ ਕਿ 'ਡਾ. ਬਾਲੀ ਵੱਲੋਂ ਆਪਣੀ ਇਕ ਵਿਦਿਆਰਥਣ ਦਾ ਸਰੀਰਕ ਸ਼ੋਸ਼ਣ।' ਇਹ ਇਲਜ਼ਾਮ ਯੂਨੀਵਰਸਿਟੀ ਦੀ ਖੋਜਾਰਥੀ ਦਿਲਜੀਤ ਨੇ ਲਗਾਇਆ ਸੀ, ਜਿਹੜੀ ਕਿ ਡਾ. ਬਾਲੀ ਦੇ ਅੰਡਰ ਪੀਐੱਚ.ਡੀ. ਕਰ ਰਹੀ ਸੀ।

ਜੁੜੇ ਸਿਰਾਂ ਨੇ ਕਿਹਾ, 'ਬਿੱਲੀ ਝੋਲ਼ੇ 'ਚੋਂ ਬਾਹਰ ਆ ਗਈ ਏ।'

ਪਰ ਕਈਆਂ ਨੇ ਕਿਹਾ, 'ਬਿੱਲੀ ਤਾਂ ਝੋਲ਼ੇ 'ਚੋਂ ਬਾਹਰ ਈ ਸੀ, ਬੱਸ ਪਹਿਲਾਂ ਕਬੂਤਰ ਈ ਅੱਖਾਂ ਮੀਟੀ ਬੈਠੇ ਸੀ।'

ਡਾ. ਬਾਲੀ ਦੇ ਕੱਟੜ ਵਿਰੋਧੀਆਂ ਨੂੰ ਇਸ ਮੁੱਦੇ ਦੇ ਰੂਪ ਵਿਚ ਉਹ 'ਤਵੀ' ਥਿਆ ਗਈ ਸੀ ਜਿਹਦੇ 'ਤੇ ਉਹ ਆਪਣੀ ਰੋਟੀਆਂ ਸੇਕ ਕੇ, ਡਾ. ਬਾਲੀ ਨੂੰ 'ਮੰਨੇ ਕਾ ਸਿੱਖ' ਬਣਾਉਣਾ ਚਾਹੁੰਦੇ ਸਨ। ਯੂਨੀਵਰਸਿਟੀ ਕੈਂਪਸ ਵਿਚ ਕਈ ਵਿਦਿਆਰਥੀ-ਜੱਥੇਬੰਦੀਆਂ ਨੇ, ਡਾ. ਬਾਲੀ ਦੇ ਕੱਟੜ ਵਿਰੋਧੀਆਂ ਦੀ ਸ਼ਹਿ ਉੱਤੇ, ਵੀ.ਸੀ. ਆਫ਼ਿਸ ਸਾਹਮਣੇ ਧਰਨਾ ਲਾ ਦਿੱਤਾ ਤੇ ਮੰਗ ਰੱਖੀ ਕਿ

'ਅਜਿਹੇ ਘਿਨਾਉਣੇ ਅਪਰਾਧ ਕਰਕੇ ਡਾ. ਬਾਲੀ ਨੂੰ ਤੁਰੰਤ ਬਰਖ਼ਾਸਤ ਕੀਤਾ ਜਾਵੇ।'

– – – –

*__ਸੂਤਰਧਾਰ :__ ਮਿੱਤਰੋ ਇਸ ਕਥਾ ਦਾ ਮੁੱਖ ਪਾਤਰ; ਨਾਇਕ ਕਹਿ ਲਓ ਜਾਂ ਅਨਾਇਕ ਮੈਂ ਹਾਂ ਡਾ. ਬਾਲੀ, ਜਿਸ ਬਾਰੇ ਹੁਣੇ ਤੁਹਾਨੂੰ ਥੋੜ੍ਹਾ ਜਿਹਾ ਪਤਾ ਲੱਗਿਆ ਹੈ। ਵਿਚਲੀ ਗੱਲ ਮੈਂ ਤੁਹਾਨੂੰ ਪਹਿਲਾਂ ਹੀ ਸਾਫ਼-ਸਪਸ਼ਟ ਦੱਸ ਦਿੰਦਾ ਹਾਂ ਕਿ ਮੇਰੇ ਅੰਡਰ ਪੀਐੱਚ.ਡੀ. ਕਰਦੀ ਖੋਜਾਰਥੀ ਦਿਲਜੀਤ ਨੇ ਜੋ ਵੀ ਇਲਜ਼ਾਮ ਮੇਰੇ 'ਤੇ ਲਗਾਏ ਨੇ, ਉਹ ਸੋਲ੍ਹਾਂ ਆਨੇ ਸੱਚ ਨੇ। ਝੂਠ ਬੱਸ ਇੰਨਾ ਕੁ ਹੈ ਕਿ ਉਹ ਜਿਸਨੂੰ 'ਹੁਣ'- 'ਸਰੀਰਕ ਸ਼ੋਸ਼ਣ' ਕਹਿ ਰਹੀ ਹੈ, ਪਹਿਲਾਂ ਇਹ ਸਭ ਕੁਝ ਸਹਿਮਤੀ ਨਾਲ਼ ਜਾਂ ਕਹਿ ਲਓ 'ਮਿਊਚਲ ਅੰਡਰਸਟੈਂਡਿੰਗ' ਨਾਲ਼ ਚਲਦਾ ਆ ਰਿਹਾ ਸੀ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ 'ਦਿਲਜੀਤ ਨੂੰ ਕੀ ਛਿੜਿਆ ਕਿ ਉਸਨੇ ਆਪਣੀ ਤੇ ਮੇਰੀ ਇੱਜ਼ਤ ਅਤੇ ਆਪਣਾ ਤੇ ਮੇਰਾ ਫਿਊਚਰ ਦਾਅ 'ਤੇ ਲਾ ਕੇ ਇਹੋ ਜਿਹਾ ਬਿਆਨ ਦੇ ਦਿੱਤਾ?' ਉਹ ਸੂਤਰ ਮੈਂ ਬਾਅਦ 'ਚ ਦੱਸਾਂਗਾ, ਪਹਿਲਾਂ ਤੁਸੀਂ ਮੇਰੇ ਬਾਰੇ ਥੋੜ੍ਹਾ ਜਿਹਾ ਹੋਰ ਜਾਣ ਲਵੋ ਤਾਂ ਕਿ ਤੁਸੀਂ ਵੀ ਇਸ ਮਸਲੇ ਦੇ ਸਾਰੇ ਪੱਖ ਜਾਣ ਸਕੋਂ..। ਆਪਣੇ ਪਿਛੋਕੜ ਬਾਰੇ ਦੱਸਣ ਤੋਂ ਪਹਿਲਾਂ ਮੈਂ ਤੁਹਾਨੂੰ ਮੌਜੂਦਾ ਸਮੇਂ ਸਾਡੇ, ਪਿੰਡ ਦੀ ਸੱਥ ਵਿਚ ਲੈ ਕੇ ਚਲਦਾ ਹਾਂ, ਜਿੱਥੇ ਕਿ ਡਾ. ਬਾਲੀ ਮਤਲਬ ਮੇਰੇ ਬਾਰੇ ਵਿਚਾਰ-ਚਰਚਾ ਚੱਲ ਰਹੀ ਹੈ।

– – – –

** **ਪਿੰਡ ਦੀ ਸੱਥ ਵਿਚਲੀ ਬੂਹ-ਬੂਹ**

"ਯੋ ਤਾਂ ਭੈਣ ਦੇਣੇ ਕਾ ਜਮਾਂ ਈ ਕਲਜੁਗ ਏ ਆ ਗਿਆ...ਕਿਤਾ ਹੋਰ ਖੇਹ ਖਾ ਲੈਂਦਾ... ਹੈਂਅ...ਭੈਣ ਦੇਣੇ ਕੇ ਢੇਡ ਨੇ ਆਪਣੇ ਪਿੰਡ ਕੀ ਓ ਕੁੜੀ ਗੈਲ...ਹੈਂਅ..!!" ਅਰਜਨ ਨੇ ਖ਼ਫ਼ਾ-ਖ਼ੂਨ ਹੁੰਦਿਆਂ ਕਿਹਾ।

ਭੀਮਾ ਵੀ ਪੈਂਦੀ ਸੱਟੇ ਬੋਲਿਆ, "ਹੋਰ ਕਿ...ਸਾਲ਼ੇ ਨੇ ਸਾਰੀ ਬਣੀ-ਬਣਾਈ, ਖ਼ੂਹ-ਖਾਤੇ ਮਾ ਪਾਦੀ। ਅਰ ਮੈਂ ਬਥੇਰਾ ਕਿਹਾ ਤਾ ਯੋ ਕਰਨੈਲ ਨੂੰ ਬਈ ਕੁੜੀ ਬਥੇਰਾ ਪੜ੍ਹਗੀ... ਇਬ ਬੱਸ ਕਰੇ...ਹੋਰ ਪੜ੍ਹਾ ਕਾ ਦੱਸ ਕਿ ਕਾਨੂੰਗੋ ਲਾਣਾ ਕੁੜੀ ਨੂੰ...!! ਪਰ ਮੇਰੇ ਸਾਲ਼ੇ ਕੇ ਨੇ, ਕਿਸੇ ਨੇ ਨ੍ਹੀਂ ਗੌਲ਼ੀ ਮੇਰੀ ਬਾਤ...ਇਬ ਫੜ ਲਿਓ ਭੂੰਡ ਕੀਆਂ ਲੱਤਾਂ !!"

"ਓ ਚਲ ਕਰਨੈਲ ਨੂੰ ਕਾਸਤੇ ਬਿੱਚਮਾਂ ਘੜੀਸੀ ਜਾਹਾਂ...!!! ਹੈਂਅ... ਕੁੜੀਆਂ ਕਾ ਕੇ ਆ...ਸਾਰੇ ਜਹਾਨ ਕੀਆਂ ਕੁੜੀਆਂ ਈ ਪੜ੍ਹਨ ਜਾਹਾਂ ਜੂਨਾਬਰਸਟੀ ਮਾ...!" ਜੋਗਿੰਦਰ ਬਾਬੇ ਨੇ ਸਿਆਣਪ ਦਿਖਾਈ।

ਜੋਗਿੰਦਰ ਬਾਬੇ ਦੀ ਪੈੜ ਵਿਚ ਪੈੜ ਧਰਦਿਆਂ ਗੁਰਨਾਮੇ ਨੇ ਕਿਹਾ, "ਹੋਰ...ਬਾਤ ਤਾਂ ਯੋਹ ਢੇਡ ਬਾਲੀ ਕੀ ਆ....ਯੋ ਅਪਣੇ ਕਰਨੈਲ ਨੈ ਆਪਣੀ ਧੀ, ਉਸਨੂੰ ਧੀ ਬਣਾ ਕਾ ਈ ਦਈ ਤੀ... ਅਰ ਉਸ ਛੋਕਰੀ ਦੇਣੇ ਨੇ ਗਾਹਾਂ ਰੰਨ ਬਣਾਲ਼ੀ...।"

"ਊਂਅ ਲਾਣੇਦਾਰੋ, ਇੱਤਰਾਂ ਕਹੇ ਕਰਾਂ ਬਈ ਤਾੜੀ ਇਕ ਹੱਥ ਗੈਲ ਤਾਂ ਬੱਜੀ ਨੀ ਕਦੇ.... ਕਿ ਬੱਜ ਜਾ? ਮਨੂੰ ਬਿੱਚਮਾ ਤੇ ਗਰਾਰੀ ਕੋਈ ਹੋਰ ਏ ਲਗਾ...!!" ਫਿੰਡੂ ਮਜ਼ਬੀ ਨੇ ਰਤਾ ਕੁ ਝਿਜਕਦਿਆਂ, ਇਸ ਮਸਲੇ ਦੇ ਇਕ ਲੁਕਵੇਂ ਜਿਹੇ ਪੱਖ ਵੱਲ ਇਸ਼ਾਰਾ ਕੀਤਾ।

ਇਹ ਸੁਣਦਿਆਂ ਹੀ ਅਰਜਨ, ਫਿੰਡੂ ਮਜ਼ਬੀ 'ਤੇ ਚੜ੍ਹ ਗਿਆ, "ਓਏ ਫਿੰਡੂ, ਤੇਰੀ ਜਮੀਰ ਜਮਾ ਏ ਮਰਗੀ ਓਏ.. ਹੈਂਅ.. ਸਰਮ ਤਾਂ ਨ੍ਹੀਂ ਆਂਦੀ ਹੈਗੀ, ਸੱਥ ਮਾ ਬੈਠ ਕਾ ਅਗਲੇ ਦੀ ਧੀ-ਭੈਣ ਪਾ ਉਂਗਲ਼ ਧਰਦਿਆਂ!! ਧੀ-ਭੈਣ ਤਾਂ ਸਭਕੀ ਸਾਂਝੀ ਹੋਆ!!"

ਫਿੰਡੂ ਨੇ ਰਤਾ ਨਰਮਾਈ ਨਾਲ਼ ਸਮਝਾਉਂਦਿਆਂ ਕਿਹਾ, "ਓ ਜਾੜੇ, ਤੌਂ ਤਾਂ ਗੁੱਸਾ ਕਰ ਗਿਆ...ਮੈਂ ਤਾਂ ਸਭੈਕ ਏ ਬਾਤ ਕਰੀ ਆ...ਜਹੀ ਜੀ ਕਰਨੈਲ ਕੀ ਛੋਕਰੀ, ਜਹੀ ਜੀ ਮੇਰੀ ਛੋਕਰੀ...ਮੈਂ ਤੋ ਬੱਸ ਯੋ ਬਤਾਮਾਂ ਕਿ ਜੇ ਗਰਾਰੀ ਰਲ਼ੇ ਤੀ ਤਾਂਹੀ ਤਾਂ ਉਰੇ ਤੱਕ ਬਾਤ ਪਹੁੰਚੀ ਆ...ਨਹੀਂ ਇੱਤਰਾਂ ਕਿਸੇ ਕੀ ਕਿਆ ਹਿੰਮਤ?"

"ਹੁੰਅ.. ਉਂਅ ਜਰ ਛੋਕਰੀ ਨੇ ਚੱਕ-ਚਕਾ ਕਾ ਬਾਲੀ ਗੈਲ਼ ਪੰਗਾ ਤੋ ਲੇ ਲਿਆ, ਇਬ ਪਤਾ ਨ੍ਹੀਂ ਕੇ ਬਣੇਗਾ? ਗਾਹਾਂ ਓ ਬੀ ਔਹਦੇਦਾਰ ਆ, ਇੱਤਰਾਂ ਤਾਂ ਓ ਬੀ ਨ੍ਹੀਂ ਪੈਰਾਂ ਪਾ ਪਾਣੀ ਪੈਣ ਦਿੰਦਾ...ਕ ਨਹੀਂ!!" ਜੋਗਿੰਦਰ ਬਾਬੇ ਨੇ ਡੂੰਘਾ ਸੋਚਦਿਆਂ ਕਿਹਾ।

"ਲਾਣੇਦਾਰ...ਮਨੂੰ ਇੱਤਰਾਂ ਲਗਾ ਜਿੱਤਰਾਂ ਬਾਲੀ ਨੇ ਓਹੀ ਪਰਾਣੀ ਕਿੜ ਕੱਢੀ ਆ..!!" ਫਿੰਡੂ ਨੇ ਆਪਣੀ ਤਾਰ ਫੇਰ ਓਥੇ ਹੀ ਜਾ ਜੋੜੀ।

"ਪਰਾਣੀ ਕਿੜ??" ਅਰਜਨ ਨੇ ਮਸਲੇ ਦੇ ਹੋਰ ਪੱਖ ਬਾਰੇ ਜਾਨਣ ਲਈ ਆਪਣੀ ਸੁਰ ਰਤਾ ਕੁ ਉਤਾਰਦਿਆਂ ਪੁੱਛਿਆ।

ਹੁਣ ਫਿੰਡੂ ਨੇ ਲੰਮਾ ਸਾਹ ਲੈਂਦਿਆਂ, ਓਧਰ ਇਸ਼ਾਰਾ ਕੀਤਾ, ਜਿੱਧਰ ਉਹ ਕਾਫ਼ੀ ਦੇਰ ਤੋਂ ਕਰਨਾ ਚਾਹੁੰਦਾ ਸੀ, "ਆਹੋ...ਕੇ ਬਾਤ ਭੁੱਲਗੇ ਥਮੇ..!! ਓਹ ਕਰਨੈਲ ਆਲ਼ੇ ਛੋਟੇ ਹਰਮੇਲ ਨੇ ਕਿਆ ਕਰਿਆ ਤਾ...?"

– – – –

**** ਭੈਣ ਦੀ ਇੱਜ਼ਤ ਅਤੇ ਦਸ ਰੁਪਏ**

ਗੱਲ ਕਾਫ਼ੀ ਪੁਰਾਣੀ ਹੈ। ਬਾਲੀ ਉਦੋਂ ਮਸਾਂ ਦਸ-ਗਿਆਰਾਂ ਕੁ ਸਾਲ ਦਾ ਸੀ। ਕਰਨੈਲ ਸਿੰਘ ਦੇ ਛੋਟੇ ਭਾਈ ਹਰਮੇਲ ਨੇ, ਬਾਲੀ ਦੀ ਵੱਡੀ ਭੈਣ ਲਾਭੋ, 16-17 ਵਰ੍ਹਿਆਂ ਦੀ ਛਮਕ ਜਿਹੀ ਮੁਟਿਆਰ ਨੂੰ, ਗਿਟਮਿਟ ਜਿਹੀ ਕਰ ਕੇ ਭਰਮਾ ਲਿਆ ਸੀ। ਹਰਮੇਲ ਨੇ ਲਾਭੋ ਨੂੰ ਪਤਾ ਨਹੀਂ ਕਿਹੜਾ ਲਾਲਚ ਦਿੱਤਾ ਸੀ ਕਿ ਉਹ ਉਹਦੇ ਆਖੇ ਲੱਗ, ਸਕੂਲ ਵਿਚ ਛੁੱਟੀ ਤੋਂ ਬਾਅਦ, ਸਕੂਲ ਦੇ ਪਿਛਲੇ ਪਾਸੇ ਗਰਾਊਂਡ 'ਚ ਬਣੇ, ਸਟੋਰ-ਰੂਮ ਵਿਚ ਆਉਣ ਲਈ ਰਾਜ਼ੀ ਹੋ ਗਈ ਸੀ। ਦਿਨ ਵੇਲ਼ੇ ਓਧਰਲੇ ਪਾਸੇ ਕਿਸੇ ਦਾ ਬਹੁਤਾ ਆਉਣ-ਜਾਣ ਨਹੀਂ ਸੀ ਹੁੰਦਾ, ਸਿਰਫ਼ ਸ਼ਾਮ ਵੇਲ਼ੇ ਮੁੰਡੇ ਖੇਡਣ ਆਉਂਦੇ ਸਨ। ਹਰਮੇਲ ਦੀ ਪਿੰਡ ਦੇ ਸਪੋਰਟਸ ਕਲੱਬ ਦੇ ਪ੍ਰਧਾਨ ਨਾਲ਼ ਕਾਫ਼ੀ ਨੇੜਤਾ ਸੀ, ਇਸ ਲਈ ਸਟੋਰ-ਰੂਮ ਦੀ ਚਾਬੀ ਬਹੁਤੀ ਵਾਰੀ ਉਹਦੇ ਕੋਲ਼ ਹੀ ਹੁੰਦੀ ਸੀ।

ਜੁਲਾਈ ਦਾ ਮਹੀਨਾ। ਸਿਖ਼ਰ ਦੁਪਹਿਰਾ ਸੀ ਜਦ ਲਾਭੋ ਦੁਨੀਆ ਤੋਂ ਨਜ਼ਰਾਂ ਬਚਾਉਂਦੀ, ਹਰਮੇਲ ਦੇ ਆਖੇ ਲੱਗ, ਸਕੂਲ ਦੇ ਪਿਛਲੇ ਗਰਾਊਂਡ ਦੇ ਸਟੋਰ-ਰੂਮ ਵੱਲ ਤੁਰੀ ਜਾ ਰਹੀ ਸੀ। ਕਾਂ ਦੀ ਅੱਖ ਨਿਕਲ਼ਦੀ ਸੀ। ਪਿੰਡ ਦੇ ਘਰਾਂ ਵਿਚ ਸਿਰਫ਼ ਦੁਪਹਿਰ ਵੇਲ਼ੇ ਹੀ ਬਿਜਲੀ ਆਉਂਦੀ ਸੀ, ਸੋ ਲੋਕ ਦੁਪਹਿਰ ਵੇਲ਼ੇ ਆਪੋ-ਆਪਣੇ ਘਰਾਂ ਵਿਚ ਸੁੱਤੇ ਪਏ, ਰਾਤ ਦੇ ਉਣੀਂਦਰੇ ਦੀ ਵਾਧ-ਘਾਟ ਪੂਰੀ ਕਰ ਰਹੇ ਸਨ।

ਬਾਲੀ, ਸਕੂਲ ਦੇ ਪਿਛਲੇ ਗਰਾਊਂਡ ਦੇ ਸਿਰੇ 'ਤੇ ਬਣੀ, ਸਟੇਜ ਦੀ ਚਨੁੱਕਰੀ ਜਿਹੀ ਛਾਂ ਆਸਰੇ ਇਕੱਲਾ ਬੈਠਾ ਕੱਚ ਦੀਆਂ ਗੋਲ਼ੀਆਂ ਖੇਡਣ ਵਿਚ ਮਸਤ ਸੀ ਜਦੋਂ ਉਸ ਨੇ ਪਸੀਨੋ-ਪਸੀਨੀ ਹੋਈ ਆਪਣੀ ਵੱਡੀ ਭੈਣ ਲਾਭੋ ਨੂੰ, ਸਟੋਰ ਰੂਮ ਵੱਲ ਜਾਂਦਿਆਂ ਵੇਖਿਆ। ਉਸਨੂੰ ਕੁਝ ਸਮਝ ਨਾ ਪਿਆ ਕਿ 'ਉਹਦੀ ਭੈਣ ਇਸ ਵੇਲ਼ੇ ਕੱਲੀ-ਕਾਰੀ ਇੱਧਰ ਕੀ ਕਰਨ ਆਈ ਏ?' ਫੇਰ ਉਸ ਦੀ ਨਜ਼ਰ ਹਰਮੇਲ 'ਤੇ ਜਾ ਪਈ ਜਿਸ ਨੇ ਲਾਭੋ ਦੇ ਸਟੋਰ ਵਿਚ ਵੜਨ ਤੋਂ ਬਾਅਦ, ਸਟੋਰ ਦੇ ਅੰਦਰੋਂ ਥੋੜ੍ਹਾ ਜਿਹਾ ਬਾਹਰ ਨਿਕਲ਼ ਕੇ, ਇਕ ਵਾਰ ਚੋਰਾਂ ਵਾਂਗ ਆਸੇ-ਪਾਸੇ ਦੇਖ, ਮੁੜ ਸਟੋਰ ਅੰਦਰ ਵੜ ਕੇ, ਦਰਵਾਜ਼ਾ ਅੰਦਰੋਂ ਢੋਅ ਲਿਆ ਸੀ।

ਭਾਵੇਂ ਬਾਲੀ ਅਜੇ ਨਿਆਣਾ ਹੀ ਸੀ ਪਰ ਫਿਰ ਵੀ ਉਸਨੂੰ ਇਸ 'ਪੂਰੇ ਵਰਤਾਰੇ' ਦੀ ਝੱਟ ਸਮਝ ਆ ਗਈ। ਉਸਨੇ ਆਪਣੀਆਂ ਕੱਚ ਦੀਆਂ ਗੋਲ਼ੀਆਂ ਫਟਾਫਟ ਸਮੇਟੀਆਂ ਤੇ ਚੋਰਾਂ ਵਾਂਗ ਦੱਬੇ-ਪੈਰੀਂ ਸਟੋਰ-ਰੂਮ ਕੋਲ਼ ਆ ਪਹੁੰਚਿਆ। ਉਸਨੇ ਕੰਧ ਵਿਚੋਂ ਕੱਢੀ ਗਈ ਇੱਟ ਕਰਕੇ ਬਣੇ ਮਘੋਰੇ ਵਿਚੋਂ, ਅੰਦਰ ਦੇਖਿਆ। ਅੰਦਰ ਦਾ ਦ੍ਰਿਸ਼ ਦੇਖ ਕੇ ਉਹਦੇ ਪਿੰਡੇ 'ਤੇ ਕੀੜੀਆਂ ਜਿਹੀਆਂ ਫਿਰਨ ਲੱਗ ਪਈਆਂ। ਉਹ ਉੱਥੋਂ ਭੱਜ ਜਾਣਾ ਚਾਹੁੰਦਾ ਸੀ ਪਰ ਆਪਣੀ ਵੱਡੀ ਭੈਣ ਲਾਭੋ ਨੂੰ ਇੰਝ ਇਕੱਲਿਆਂ ਛੱਡਕੇ ਭੱਜ ਨਾ ਸਕਿਆ। ਉਹ ਸਟੋਰ ਦੀ ਕੰਧ ਨਾਲ ਢਾਸਣਾ ਲਾ ਕੇ ਬੈਠਾ, ਸੋਚ-ਵਿਚਾਰ ਜਿਹੀ ਕਰਦਾ ਰਿਹਾ। ਫੇਰ ਪਤਾ ਨਹੀਂ ਉਸ ਵਿਚ ਕਿੱਥੋਂ ਇੰਨੀ ਤਾਕਤ ਤੇ ਹਿੰਮਤ ਆ

ਗਈ ਕਿ ਉਸਨੇ ਇਕ ਰੋੜਾ ਚੁੱਕ ਕੇ ਸਟੋਰ-ਰੂਮ ਦੇ ਲੋਹੇ ਵਾਲ਼ੇ ਗੇਟ ਵਿਚ ਦੇ ਮਾਰਿਆ। ਅੰਦਰੋਂ ਕੋਈ ਆਵਾਜ਼ ਨਾ ਆਈ ਤਾਂ ਉਸਨੇ ਜ਼ੋਰ-ਜ਼ੋਰ ਦੀ ਦਰਵਾਜ਼ਾ ਖੜਕਾਉਣਾ ਸ਼ੁਰੂ ਕਰ ਦਿੱਤਾ। ਹਰਮੇਲ ਤੇ ਲਾਭੋ ਅੰਦਰ ਹੀ ਦੁਬਕ ਜਿਹੇ ਗਏ।

ਅਖ਼ੀਰ ਬਾਲੀ ਪੂਰਾ ਜ਼ੋਰ ਲਾ ਕੇ ਬੋਲਿਆ, "ਲਾਭੋ, ਚਲ ਘਰਾਂ ਚਲੈਂ..!!"

ਬਾਲੀ ਦੀ ਆਵਾਜ਼ ਸੁਣ ਕੇ ਦੋਹਾਂ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਕੱਪੜੇ ਜਿਹੇ ਝਾੜਦਾ, ਪਸੀਨੋ-ਪਸੀਨੀ ਹੋਇਆ ਹਰਮੇਲ ਸਟੋਰ-ਰੂਮ ਵਿਚੋਂ ਬਾਹਰ ਨਿਕਲ਼ਿਆ। ਹਰਮੇਲ ਨੇ ਦੇਖਿਆ, ਬਾਲੀ ਦੋਹੇਂ ਹੱਥਾਂ ਵਿਚ ਰੋੜੇ ਚੁੱਕੀਂ ਖੜ੍ਹਾ ਸੀ। ਹਰਮੇਲ ਨੇ ਤੁਰੰਤ ਚਤਰਾਈ ਵਰਤਦਿਆਂ, ਆਪਣੀ ਜੇਬ ਵਿਚੋਂ ਕੁਝ ਪੈਸੇ ਕੱਢੇ ਤੇ ਉਨ੍ਹਾਂ ਵਿਚੋਂ ਪੰਜਾਂ ਦਾ ਇੱਕ ਨੋਟ ਬਾਲੀ ਵੱਲ੍ਹ ਵਧਾਉਂਦਿਆਂ ਕਿਹਾ, "ਲੈ ਰੈ, ਜਾ ਕਾ ਖਿੱਲਾਂ-ਪਕੌੜੀਆਂ ਖਾ ਲੀਂ..।"

ਬਾਲੀ ਨੂੰ ਸਮਝ ਨਾ ਆਈ ਕਿ 'ਉਸ ਨੂੰ ਇਹ ਆਫ਼ਰ ਕਿਉਂ ਦਿੱਤੀ ਜਾ ਰਹੀ ਹੈ !!' ਇਸ ਲਈ ਉਸਨੇ ਬਿਨਾਂ ਕੁਝ ਸੋਚੇ-ਸਮਝਿਆਂ ਪੰਜ ਰੁਪਈਏ ਫੜਨ ਲਈ ਆਪਣੇ ਇਕ ਹੱਥ ਦਾ ਰੋੜਾ ਸੁੱਟਿਆ ਹੀ ਸੀ ਕਿ ਤਦੇ ਚੁੰਨੀ ਠੀਕ ਕਰਦੀ, ਪਸੀਨੇ ਨਾਲ਼ ਭਿੱਜੀ, ਲਿੱਬੜੀ ਕੰਡ ਝਾੜਦੀ ਲਾਭੋ ਨੂੰ ਸਟੋਰ ਵਿਚੋਂ ਬਾਹਰ ਨਿਕਲ਼ਦਿਆਂ ਦੇਖ ਕੇ ਉਸਦਾ ਮਨ ਬਦਲ ਗਿਆ। ਬਾਲੀ ਨੇ ਬਹੁਤ ਕਰੜਾਈ ਨਾਲ਼ ਆਪਣੀ ਵੱਡੀ ਭੈਣ ਲਾਭੋ ਨੂੰ ਕਿਹਾ,

"ਤੌਂ ਘਰਾਂ ਚਲ ਇਕ ਬਾਰੀ...ਜਾ ਕਾ ਭਾਪੇ ਨੂੰ ਬਤਾਮਾਂਗਾ...!"

ਹਰਮੇਲ ਨੇ ਫਟਾਫਟ ਪੰਜਾਂ ਵਾਲ਼ਾ ਨੋਟ ਵਾਪਸ ਕਰ ਕੇ ਉਹਦੀ ਜਗ੍ਹਾ 10 ਰੁਪਈਏ ਦਾ ਨੋਟ ਬਾਲੀ ਵੱਲ ਵਧਾਉਂਦਿਆਂ ਕਿਹਾ, "ਨ ਮੇਰੇ ਆਰ...ਇਸਮਾਂ ਘਰਾਂ ਬਤਾਣੇ ਆਲ਼ੀ ਕੇ ਬਾਤ ਆ...ਲੈ ਇੱਤਰਾਂ ਕਰ ਯੋ 10 ਰਪਈਏ ਲੇ ਲੇ, ਅਰ ਕੱਲ੍ਹ ਨੂੰ ਫੁਟਬਾਲ ਬੀ ਦੇਹਾਂਗਾ ਤੱਨੂੰ...ਠੀਕ ਆ...ਪਰ ਘਰਾਂ ਜਾ ਕਾ ਨਾ ਬਤਾਈਂ ਕੁਛ...!!"

ਬਾਲੀ ਨੇ ਅੱਜ ਤਕ ਕਦੇ ਵੀ ਦਸ ਰੁਪਈਏ ਹੱਥ ਵਿਚ ਫੜ ਕੇ ਨਹੀਂ ਸਨ ਦੇਖੇ, ਕਦੇ ਫੁਟਬਾਲ ਨਾਲ਼ ਵੀ ਨਹੀਂ ਸੀ ਖੇਡਿਆ, ਪਰ ਫੇਰ ਵੀ ਪਤਾ ਨਹੀਂ ਕਿਹੜੀ ਸ਼ੈਅ ਸੀ ਜਿਹਨੇ ਬਾਲੀ ਨੂੰ ਆਪਣੀ ਭੈਣ ਦੀ ਇੱਜ਼ਤ ਦਾ ਸੌਦਾ ਨਾ ਕਰਨ ਦਿੱਤਾ। ਲਾਭੋ ਓਥੇ ਬਹੁਤਾ ਚਿਰ ਨਾ ਖੜ੍ਹ ਸਕੀ, ਤੁਰਤ ਹੀ ਘਰ ਵੱਲ ਨੂੰ ਨੱਸ ਗਈ। ਬਾਲੀ ਨੇ ਕਠੋਰ ਹੋ ਕੇ ਹਰਮੇਲ ਨੂੰ ਕਿਹਾ, "ਨਹੀਂ ਮੈਂ ਤਾਂ ਬਤਾਮਾਂਗਾ...।"

"ਬਤਾਦੀਂ ਫੇਰ...! ਮੇਰੀ ਕੇ ਪੂੰਛ ਪੱਟ ਲੇਂਗੇ...!! ਤੇਰੀ ਭੈਣ ਕੀ ਓ ਖੜਕੈਂਤੀ ਹੋਆਗੀ, ਅਰ ਬਾਦ ਮਾ ਤੇਰੀ ਭੈਣ ਨੂੰ ਨਾਨਕੇ ਭੇਜ ਦੇਹੇਂਗੇ...। ਮੇਰਾ ਕੇ ਬਿਗੜਜੇਗਾ, ਹੈਂਅ??" ਹਰਮੇਲ ਨੇ ਕੋਈ ਚਾਰਾ ਨਾ ਚਲਦਾ ਵੇਖ ਕੇ ਗੱਲ ਨਬੇੜੀ ਤੇ ਉੱਥੋਂ ਤੁਰ ਗਿਆ।

ਬਾਲੀ ਨੇ ਘਰ ਆ ਕੇ ਕਿਸੇ ਨੂੰ ਵੀ, ਕੁਝ ਵੀ ਨਾ ਦੱਸਿਆ ਪਰ ਉਹਦੀ ਵੱਡੀ ਭੈਣ ਲਾਭੋ ਡਰੀ-ਡਰੀ ਜਿਹੀ ਘੁੰਮਦੀ ਰਹੀ ਸੀ। ਰਾਤ ਨੂੰ ਜਦੋਂ ਸਾਰਾ ਟੱਬਰ ਸੌਣ ਲਈ ਉੱਪਰ ਛੱਤ 'ਤੇ ਜਾ ਚੜ੍ਹਿਆ ਤਾਂ ਬਾਲੀ ਨੇ ਪੌੜੀ ਚੜ੍ਹਦੀ ਲਾਭੋ ਨੂੰ ਰੋਕ ਕੇ ਕਿਹਾ ਸੀ, "ਅਰ ਜੇ ਇਬ ਕਦੇ ਉਧਰ ਗਈ ਐਂ ਨਾ, ਫੇਰ ਦੇਖਲੀਂ...!!"

ਲਾਭੋ ਦੀਆਂ ਅੱਖਾਂ ਵਿਚੋਂ ਅੱਥਰੂ ਵਹਿ ਤੁਰੇ। ਉਸ ਤੋਂ ਬਾਅਦ ਲਾਭੋ ਨੇ ਸਾਰੀ ਉਮਰ ਅੱਖ ਚੁੱਕ ਕੇ ਬਾਲੀ ਵੱਲ ਨਹੀਂ ਸੀ ਵੇਖਿਆ।

– – – –

* **ਸੂਤਰਧਾਰ :** ਮੈਂ ਆਪਣੀ ਛੋਟੀ ਜਿਹੀ ਸਿਆਣਪ ਨਾਲ਼ 'ਇਸ ਮਸਲੇ ਨੂੰ' ਠੀਕ-ਠਾਕ ਕਰ ਦਿੱਤਾ ਸੀ। ਸਿਆਣਾ ਤਾਂ ਮੈਂ ਬਹੁਤ ਸੀ ਪਰ ਮੇਰੀ ਸਿਆਣਪ, ਬੱਸ ਮੈਨੂੰ ਹੀ ਸਮਝ ਆਉਂਦੀ ਸੀ ਇਕੱਲੇ ਨੂੰ। ਹਾਲਾਂਕਿ ਮੇਰੀ ਸਿਆਣਪ ਸਦਾ ਹੀ ਮੇਰੇ ਨਾਲ਼ ਨਿਭੀ ਪਰ ਲੋਕਾਂ ਨੂੰ ਕੀ ਕਹੀਏ...!! ਸੱਚ ਹੀ ਕਹਿੰਦੇ ਨੇ – ਆਰੀ ਨੂੰ ਦੰਦੇ ਇਕ ਪਾਸੇ, ਜਹਾਨ ਨੂੰ ਦੋਹੀਂ ਪਾਸੇ। ਲੋਕਾਂ ਨੂੰ ਤਾਂ ਸਦਾ ਹੀ ਕੋਈ ਬਹਾਨਾ ਚਾਹੀਦਾ ਏ, ਤੁਹਾਨੂੰ ਭੰਡਣ ਲਈ। ਇਸ ਲਈ ਲੋਕ ਤਾਂ ਸਦਾ ਹੀ ਭੰਡੀ-ਪਰਚਾਰ ਵਿਚ ਹੁੰਮ-ਹੁੰਮਾ ਕੇ ਹਿੱਸਾ ਲੈਂਦੇ ਰਹੇ ਨੇ। ਅੱਛਾ ਹਾਂ ਗੱਲ ਚੱਲ ਰਹੀ ਸੀ, ਸਾਡੇ

ਪਿੰਡ ਆਲ਼ੀ ਸੱਥ ਦੀ...ਇਹ ਜਿਹੜੀ ਸੱਥ ਵਿਚ ਮੇਰੇ ਬਾਰੇ ਘੁਹ-ਘੁਹ ਹੋ ਰਹੀ ਹੈ ਕਰਨੈਲ ਦੀ ਕੁੜੀ ਦਿਲਜੀਤ ਕਰਕੇ, ਇਹ ਘੁਹ-ਘੁਹ ਮੈਨੂੰ ਲੈ ਕੇ ਪਹਿਲੀ ਵਾਰ ਨਹੀਂ ਹੋਈ, ਇਸ ਤੋਂ ਪਹਿਲਾਂ ਵੀ ਇਕ ਵਾਰ ਇਸੇ ਤਰ੍ਹਾਂ ਮਾਮਲਾ ਭਖਿਆ ਸੀ। ਮਾਮਲਾ ਵੀ ਰਲ਼ਦਾ-ਮਿਲਦਾ ਜਿਹਾ ਸੀ ਪਰ ਉਸਦਾ ਸੰਦਰਭ ਇਸ ਮਸਲੇ ਤੋਂ ਰਤਾ ਕੁ ਵੱਖਰਾ ਸੀ। ਹੋਇਆ ਇਹ ਸੀ ਕਿ ਮੈਂ ਆਪਣੇ ਅੰਡਰ ਪੀਐੱਚ.ਡੀ. ਕਰਦੀ, ਉੱਚ ਕੁਲ ਨਾਲ਼ ਸੰਬੰਧ ਰੱਖਣ ਵਾਲ਼ੀ ਇਕ ਕੁੜੀ ਪੂਜਾ ਭਾਰਦਵਾਜ ਨਾਲ਼ ਵਿਆਹ ਕਰਵਾ ਲਿਆ ਸੀ। ਇਹ ਗੱਲ ਯੂਨੀਵਰਸਿਟੀ ਅਹਾਤੇ ਵਿਚ ਮਹੀਨਾ-ਖੰਡ ਉੱਡੀ ਫਿਰਦੀ ਰਹੀ ਪਰ ਮੇਰੇ ਪਿੰਡ ਦੀ ਸੱਥ ਵਿਚ ਬੱਸ ਇਕ-ਅੱਧ ਦਿਨ ਲਈ ਹੀ ਲੋਕ-ਮਨੋਰੰਜਨ ਦਾ ਆਹਰ ਬਣੀ ਸੀ। ਸੱਥ ਵਾਲ਼ਿਆਂ ਤੇ ਯੂਨੀਵਰਸਿਟੀ ਵਾਲ਼ਿਆਂ ਲਈ ਇਸ ਮਸਲੇ ਦੇ ਦੋ ਵੱਖੋ-ਵੱਖਰੇ ਪਹਿਲੂ ਸਨ। ਯੂਨੀਵਰਸਿਟੀ ਵਾਲ਼ੇ ਇਸਨੂੰ ਸਟੂਡੈਂਟ-ਵਰਸਿਜ਼-ਟੀਚਰ ਵੇਖ ਰਹੇ ਸਨ, ਉਨ੍ਹਾਂ ਦੇ ਮਸਲੇ ਦਾ ਪੱਧਰ ਨੈਤਿਕ ਸੀ ਪਰ ਮੇਰੇ ਪਿੰਡ ਵਾਲ਼ਿਆਂ ਲਈ ਇਹ ਮਸਲਾ ਸਟੂਡੈਂਟ-ਵਰਸਿਜ਼-ਟੀਚਰ ਨਾਲ਼ੋਂ ਉੱਚੀ ਜਾਤ-ਵਰਸਿਜ਼-ਨੀਵੀਂ ਜਾਤ ਦਾ ਸੀ ਭਾਵ ਉਨ੍ਹਾਂ ਲਈ ਮਸਲਾ ਸੱਭਿਆਚਾਰਕ ਸੀ।

- - - -

** **ਅੰਤਰ-ਜਾਤੀ ਵਿਆਹ ਤੇ ਮੋਰੀ ਦੀ ਇੱਟ ਦਾ ਚੁਬਾਰੇ ਲੱਗਣਾ**

ਭੀਮੇ ਨੇ ਸੁਆਦ ਲੈਂਦਿਆਂ ਕਿਹਾ, "ਲੈ ਬਈ ਚੜ੍ਹਾ ਦਿਆ ਨਮਾ ਚੰਦ...ਬਿਹੜੇ ਆਲ਼ੇ ਫਰਫੈਸਰ ਸਾਹਬ ਨੇ...!!"

ਅਰਜਨ ਪੁਰਾਣੀ ਸੁਰ ਵਿੱਚ ਈ ਬੋਲਿਆ, "ਓ ਬਈ ਜਦ ਅਹੇਜਿਆਂ ਨੂੰ ਸਿਰ ਪਾ ਚੜਾਮੇਂਗੇ.... ਚੰਦ ਤਾਂ ਫੇਰ ਆਪ ਏ ਚੜਨਾ ਹੋਇਆ...!!"

"ਸਹੀ ਬਾਤ ਆ, ਇਨ੍ਹਾਂ ਝੜੰਮਾਂ ਕੀ ਗਰਦਨ ਪਾ ਤਾਂ ਗੋਡਾ ਈ ਰਹਿਣਾ ਚਹੀਏ ਸਦਾ.... ਮਾੜਾ ਜਾ ਗੋਡਾ ਖਿਸਕਿਆ ਨ੍ਹੀਂ, ਅਰ ਧੀਚੋ ਇਨ੍ਹਾਂ ਕੀ ਗਰਦਨ ਆਕੜੀ ਨ੍ਹੀਂ...!!" ਭੀਮਾ ਵੀ ਅਰਜਨ ਦੇ ਨਾਲ਼ ਰਲ਼ ਗਿਆ।

"ਸਾਲ਼ੀ ਦੁਨੀਆ ਓ ਗਰਕੀ ਪਈ ਆ...ਛੋਕਰੀ ਕੇ ਟੱਬਰ ਮਾ ਹੈਨੀ ਦਮ-ਦੁੰਮ...ਨਹੀਂ ਤਾਂ ਬਾਈ ਇੱਤਰਾਂ, ਕਿੱਤਰਾਂ ਬਿਆਹ ਕਰਾ ਜਾਂਦਾ ਬਿਹੜੇ ਆਲ਼ਾ, ਸਾਰਸਵਤਾਂ ਕੀ ਛੋਕਰੀ ਗੈਲ..!!" ਅਰਜਨ ਦਾ ਜਾਤੀਗਤ ਅਭਿਮਾਨ ਸਦਾ ਹੀ ਸਿਰ ਚੜ੍ਹ ਕੇ ਬੋਲਦਾ ਸੀ।

ਫਿੰਡੂ ਮਜ਼ਬੀ ਨੇ ਹੌਲ਼ੀ ਜਿਹੇ ਕਿਹਾ, "ਮੈਂ ਤੋ ਸੁਣਿਆ ਬਈ...ਕਹਾਂ ਛੋਕਰੀ ਕੇ ਘਰਕੇ ਤਾਂ ਜਬਾਬ ਦੇਗੇ...ਕੈਹ ਦਿਆ ਛੋਕਰੀ ਨੂੰ ਬੀ ਤੌਂਅ ਮਾਰ੍ਹੇ ਕੰਨ੍ਹੀਂ ਤੇ ਮਰਗੀ....ਹਮੇ ਤੇਰੇ ਕੰਨ੍ਹੀਂ ਤੇ ਮਰਗੇ...!!"

ਅਰਜਨ ਨੇ ਫਿੰਡੂ ਦੀ ਗੱਲ ਦਰੜਦਿਆਂ, ਉੱਚੀ ਸੁਰ ਵਿਚ ਕਿਹਾ, "ਲੈ ਇੱਤਰਾਂ, ਕਿੱਤਰਾਂ ਕੌੜਾ ਘੁੱਟ ਕਰਿਆ ਜਾਹਾ...ਹੈਂਅਅ...!! ਮਾਰਦੇ ਫੈਰ....ਬਾਦ ਦੀ ਬਾਦ ਮਾ ਦੇਖੀ ਜਾਂਦੀ..!! ਨਾ ਬਾਈ...ਜੇ ਮੇਰੇ ਗੈਲ਼ ਹੋਈ ਹੁੰਦੀ ਨਾ ਯੋਹ ਉਚ-ਨੀਚ, ਮੇਤੇ ਤਾਂ ਨ੍ਹੀਂ ਜਰਿਆ ਜਾਣਾ ਤਾ..!! ਧੀਚੋ ਕੁਤਰਾ ਕਰਕਾ, ਉਨਾਂ ਕੇ ਬਾਰ ਮੂਹਰੇ ਗੇਰਿਆਂਦਾ...ਅਰ ਕੁੜੀ ਨੂੰ ਦੱਬਦਾ ਪਿੰਡ ਕੇ ਗੱਭੈ... !!"

"ਯਰ ਮਨੂੰ ਤਾਂ ਛੋਕਰੀ ਪਾ ਏ ਹਰਾਨੀ ਆਈ ਜਾਹਾ...!! ਸਹੁਰੀ ਜਮਾ ਈਓ ਅੰਨ੍ਹੀਓ ਹੋਗੀ ਹੈਂਅ...ਚੱਲ ਪੜ੍ਹਿਆ-ਲਿਖਿਆ ਬੀ ਮੰਨਿਆ, ਯੂਨਾਬਰਸਟੀ ਮਾ ਨੌਕਰੀ ਕਰਾ ਯੋ ਬੀ ਮੰਨਿਆ, ਅਰ ਚੰਗੀ ਤਨਖਾਹ, ਰਹਿਣ ਨੂੰ ਸਰਕਾਰੀ ਕਬਾਟਰ....ਸਾਰਾ ਕੁਛ ਮੰਨਿਆ...ਪਰ ਜਾਤ..!! ਓ ਤਾਂ ਸਭ ਤੇ ਪਹਿਲਾਂ ਦੇਖਣੀ ਚਾਹੀਦੀ ਤੀ..!! ਸਹੁਰੀ ਨੇ ਕਲੰਕ ਲਾ ਦਿਆ ਸਾਰੇ ਖਾਨਦਾਨ ਨੂੰ...!!"

ਹਾਲਾਂਕਿ ਜੋਗਿੰਦਰ ਬਾਬਾ ਸਿਆਣੀ ਗੱਲ ਹੀ ਕਰਿਆ ਕਰਦਾ ਹੈ ਪਰ ਜਾਤ ਵਾਲ਼ੇ ਮੁੱਦੇ 'ਤੇ ਉਹਦੀ ਸਿਆਣਪ ਵੀ 'ਬੈਕ-ਫੁੱਟ' ਉੱਤੇ ਜਾ ਖਲੋਤੀ ਸੀ।

ਭੀਮੇ ਨੇ ਸੁਆਦ ਲੈਂਦਿਆਂ ਕਿਹਾ, "ਹੈਂਅ ਚਾਚੇ...ਕਹਾਂ ਬਟੇਰੇ ਕਾ ਤਿੱਤਰ ਗੈਲ਼ ਹੋ ਗਿਆ ਭੋਗ...ਜਬਾਕ ਸਾਲ਼ੇ ਹੋਏ ਬਟਿੱਤਰ...ਨਾ ਬਟੇਰੇ ਨਾ ਤਿੱਤਰ...!!"

ਫਿੰਡੂ ਨੇ ਬਾਬੇ ਜੋਗਿੰਦਰ ਦੇ ਬੋਲਣ ਤੋਂ ਪਹਿਲਾਂ ਹੀ ਇਸ ਮੁੱਦੇ ਬਾਰੇ ਆਪਣਾ ਪੱਖ ਰੱਖ ਦਿੱਤਾ

ਸੀ, "ਲਾਣੇਦਾਰੋ...ਕਹੇ ਕਰਾਂ ਬਈ ਜਦ ਮੀਆਂ-ਬੀਬੀ ਰਾਜੀ, ਹਰ ਫੇਰ ਕੇ ਕਰੇਗਾ ਕਾਜੀ... ਅਗਲੀ ਨੇ ਬੀ ਕੁਛ ਸੋਚ-ਸਾਚ ਕੇ ਏ ਕਰਿਆ ਹੋਣਾ...!! ਅਗਲੇ ਪਾ ਇਬ ਪੈਸਾ, ਔਹਦਾ, ਤਾਗਤ ਆ....ਹੋਰ ਤੀਮੀਂ ਨੂੰ ਕੇ ਚਹੀਦਾ?"

ਅਰਜਨ ਫੇਰ ਫਿੰਡੂ ਉੱਤੇ ਚਿੜ ਗਿਆ, "ਤੌਂਅ ਫਿੰਡੂ, ਆਪਣਾ ਘੋੜਾ ਅੱਡ ਏ ਦਬੱਲੇ ਕਰ...ਨਾ ਜੇ ਸਾਰਸਵਤਾਂ ਕੇ ਘਰਾਂ ਬਿਆਹੀ ਜਾਂਦੀ, ਕੇ ਉੱਥਾ ਨਾ ਹੁੰਦਾ ਯੋ ਪੈਸਾ, ਔਹਦਾ, ਤਾਗਤ...?"

"ਓਹ ਤਾਂ ਭਾਈ ਅਗਲੀ ਜਾਣੈ...!!" ਫਿੰਡੂ ਨੇ ਬੇਲਾਗ ਜਿਹਾ ਹੁੰਦਿਆਂ ਕਿਹਾ।

"ਮੈਂ ਤੋ ਕਹਾਂ ਬਈ ਇਨ੍ਹਾਂ ਕੇ ਸਾਰੇ ਲਾਣੇ ਕਾ ਕੱਢੋ ਜਲੂਸ....ਅਰ ਯੋ ਬੇਹੜੇ ਆਲ਼ਿਆਂ ਕਾ ਕਰੋ ਬਾਈਕਾਟ...ਅੱਜ ਬਾਲੀ ਨੇ ਕਰਿਆ, ਕੱਲ੍ਹ ਨੂੰ ਸਾਰਾ ਬੇਹੜਾ ਖੜ੍ਹਾ ਹੋਜੇਗਾ...ਹਮੇ ਤਾਂ ਇਨ੍ਹਾਂ ਨੂੰ ਦੇਹਲ਼ੀ ਨ੍ਹੀਂ ਚੜ੍ਹਨ ਦੰਦੇ, ਅਰ ਯੋ ਘੋੜੀ ਚੜ੍ਹਨ ਨੂੰ ਫਿਰਰੇ ਐਂ...!!" ਅਰਜਨ ਨੇ ਗੱਲ ਮੁਕਾਈ।

ਫਿੰਡੂ ਨੇ ਪੀੜਿਤ ਧਿਰ ਦਾ ਪੱਖ ਲੈਂਦਿਆਂ ਕਿਹਾ, "ਲੈ ਲਾਣੇਦਾਰ, ਇਸਮਾ ਉਸਕੇ ਘਰਕਿਆਂ ਕਾ, ਅਰ ਬੇਹੜੇ ਆਲ਼ਿਆਂ ਕਾ ਕਿਆ ਕਸੂਰ? ਥਾਨੇ ਬੀ ਓਹੀ ਬਾਤ ਕਰਦੀ ਬੀ ਚੋਰ ਨੂੰ ਨਾ ਮਾਰੋ, ਚੋਰ ਕੀ ਮਾਂ ਨੂੰ ਮਾਰੋ। ਲੈ ਦੱਸ ਚੋਰ ਕੀ ਮਾਂ ਕਾ ਕਿਆ ਕਸੂਰ!!"

ਹੁਣ ਭੀਮਾ ਵੀ ਫਿੰਡੂ 'ਤੇ ਚੜ੍ਹ ਗਿਆ, "ਤੌਂ ਚੁੱਪ ਕਰਜਾ ਰੈ....ਕਿਤੇ ਉਰੀ ਨਾ ਬਥਾੜ ਕਟਾਲੀਂ ਮੇਰੇ ਤੇ...ਧੀਚੋ ਹੋਰ ਏ ਮਾਰੀ ਜਾਹਾ, ਪਤਾ ਨ੍ਹੀਂ ਸਤਾ ਨ੍ਹੀਂ, ਸਾਲ਼ੇ ਝੜੰਮ ਜੇ ਨੂੰ...!!"

– – – –

* **ਸੂਤਰਧਾਰ :** ਮੇਰੇ ਅੰਤਰ-ਜਾਤੀ ਵਿਆਹ ਤੋਂ ਖ਼ਫ਼ਾ ਸੱਥ ਵਾਲ਼ਿਆਂ ਦੀ ਗੱਲ ਇਕ-ਦੋ ਦਿਨ ਵਿਚ ਹੀ ਹਵਾ ਹੋ ਗਈ ਸੀ। ਮੈਂ ਵੀ ਮਸਲੇ ਨੂੰ ਠੰਢਾ ਪਾਉਣ ਦੀ ਮਨਸ਼ਾ ਕਰਕੇ ਤਿੰਨ-ਚਾਰ ਮਹੀਨੇ ਪਿੰਡ ਗੇੜਾ ਮਾਰਨ ਈ ਨਾ ਗਿਆ। ਜਦ ਮੈਂ ਪਿੰਡ ਗਿਆ ਤਾਂ ਸੱਥ ਵਾਲ਼ਿਆਂ ਕੋਲ਼ ਛੱਜ 'ਚ ਪਾ ਕੇ ਛੱਟਣ ਲਈ ਹੋਰ ਬਥੇਰੇ ਮੁੱਦੇ ਆ ਗਏ ਸਨ, ਇਸ ਲਈ ਮੈਨੂੰ ਉਨ੍ਹਾਂ ਨਾ ਗੌਲ਼ਿਆ....ਹਾਂ ਪਰ ਜਦੋਂ ਮੈਂ ਆਪਣੀ 'ਉੱਚ-ਕੁਲੀ ਬਹੂ' ਨੂੰ ਵਿਹੜੇ ਦਾ ਗੇੜਾ ਮਰਵਾ ਕੇ, ਯੂਨੀਵਰਸਿਟੀ ਪਰਤ ਗਿਆ ਤਾਂ ਪਤਾ ਲੱਗਾ ਕਿ ਬਾਅਦ ਵਿਚ ਸੱਥ ਵਾਲ਼ੇ ਇਹ ਕਹਿੰਦੇ ਜ਼ਰੂਰ ਸੁਣੇ ਗਏ – 'ਬਈ ਅੱਗ ਕੀ ਲਾਟ ਏ ਆ ਬਾਲੀ ਕੀ ਬਹੂ'...'ਦੁੱਧ ਤੇ ਬੀ ਚਿੱਟੀ ਤੀ'...'ਲੰਗੂਰ ਨੂੰ ਹੰਸਣੀ ਥਿਆਗੀ' !!

ਖ਼ੈਰ... ਮੈਂ ਆਪਣੇ ਵਿਆਹ ਤੋਂ ਪਹਿਲਾਂ ਆਪਣੀ ਨੌਕਰੀ, ਯੂਨੀਵਰਸਿਟੀ, ਸਕੂਲ ਬਾਰੇ ਵੀ ਥੋੜ੍ਹੀ ਜਿਹੀ ਰੋਸ਼ਨੀ ਕਰ ਦਿਆਂ ਕਿਉਂਕਿ ਮੈਂ ਨਹੀਂ ਚਾਹੁੰਦਾ ਕਿ ਤੁਸੀਂ ਸੱਥ ਵਾਲ਼ਿਆਂ ਦੀਆਂ ਗੱਲਾਂ ਸੁਣ ਕੇ ਮੇਰੇ ਬਾਰੇ ਕੋਈ ਓਪਰੀ ਜਿਹੀ ਰਾਇ ਬਣਾ ਲਵੋਂ। ਤਾਂ ਚਲੋ ਗੱਲ ਮੁੜ ਸ਼ੁਰੂ ਕਰਦੇ ਆਂ ਮੇਰੀ ਸਕੂਲੀ ਪੜ੍ਹਾਈ ਤੋਂ...।

– – – –

** **ਹੁਸ਼ਿਆਰ ਬਾਲੀ ਅਤੇ ਸਕੂਲ**

ਨੌਵੀਂ ਜਮਾਤ ਤਕ ਬਾਲੀ ਸਾਰੇ ਸਕੂਲ ਵਿਚੋਂ ਅੱਵਲ ਆਉਂਦਾ ਰਿਹਾ। ਜੇ ਕਿਤੇ ਉਸਨੇ ਇਕੱਲਾ ਪੜ੍ਹਨਾ ਹੀ ਹੁੰਦਾ ਤਾਂ ਉਹ ਸ਼ਾਇਦ ਜਿਲ੍ਹੇ ਭਰ 'ਚੋਂ ਵੀ ਨਾਮਣਾ ਖੱਟ ਜਾਂਦਾ ਪਰ ਸਕੂਲ ਆਉਣ ਤੋਂ ਪਹਿਲਾਂ ਤੇ ਸਕੂਲ ਤੋਂ ਜਾਣ ਬਾਅਦ ਉਸਨੂੰ ਘਰ ਦੇ ਇੰਨੇ ਨਿੱਕੇ-ਮੋਟੇ ਕੰਮ ਕਰਨੇ ਪੈਂਦੇ ਸਨ ਕਿ ਉਸਨੂੰ ਪੜ੍ਹਨ ਦੀ ਵਿਹਲ ਹੀ ਨਹੀਂ ਸੀ ਮਿਲਦੀ। ਪਰ ਬਾਲੀ ਦਾ ਦਿਮਾਗ਼ ਬਹੁਤ ਤੇਜ਼ ਸੀ, ਉਹ ਜਿਹੜਾ ਸਬਕ 5-7 ਵਾਰੀ ਪੜ੍ਹ ਲੈਂਦਾ, ਮੁੜ ਨਾ ਭੁੱਲਦਾ। ਉਹ ਘਰ ਦੇ ਨਿੱਕੇ-ਮੋਟੇ ਕੰਮ ਕਰਦਾ-ਕਰਦਾ, ਪਹਾੜੇ ਰਟਦਾ ਰਹਿੰਦਾ, ਅੰਗਰੇਜ਼ੀ ਦੇ ਟੈਂਸਾਂ ਦਾ ਘੋਟਾ ਲਾਉਂਦਾ ਰਹਿੰਦਾ, ਅੰਗਰੇਜ਼ੀ-ਹਿੰਦੀ-ਪੰਜਾਬੀ ਦੀਆਂ ਕਵਿਤਾਵਾਂ ਗਾ-ਗਾ ਕੇ ਯਾਦ ਕਰਦਾ ਰਹਿੰਦਾ।

ਬਾਲੀ ਜ਼ਹੀਨ ਸੀ ਪਰ ਫੇਰ ਵੀ ਉਹਦੇ ਸਕੂਲੋਂ ਬਿਨਾਂ ਨਾਗਾ ਕੁੱਟ ਪੈਂਦੀ। ਕਦੇ ਵਰਦੀ ਨਾ ਪਾਉਣ ਕਰ ਕੇ, ਕਦੇ ਸਕੂਲ ਲੇਟ ਆਉਣ ਕਰਕੇ, ਕਦੇ ਸਕੂਲ ਦਾ ਦਿੱਤਾ ਕੰਮ ਨਾ ਕਰਨ ਕਰਕੇ ਤੇ ਕਦੇ-ਕਦੇ ਉਈਂ...। ਪਰ ਉਹ ਫੇਰ ਵੀ ਡਟਿਆ ਰਿਹਾ। ਕੁੱਟ, ਗਾਲ਼ਾਂ, ਜ਼ਲਾਲਤ ਬਲਕਿ ਉਹਦੇ

ਇਰਾਦੇ ਨੂੰ ਹੋਰ ਪੱਕਿਆਂ ਕਰਦੇ ਰਹੇ।

ਬਾਲੀ ਦਾ ਘਰ ਜੁਆਕਾਂ ਨਾਲ਼ ਭਰਿਆ ਪਿਆ ਸੀ। ਤਿੰਨ ਭਾਈ-ਭੈਣ ਉਮਰੋਂ ਵੱਡੇ ਸਨ ਤੇ ਤਿੰਨੋਂ ਉਮਰੋਂ ਛੋਟੇ। ਜਦੋਂ ਕਦੇ ਪੜ੍ਹਦੇ ਨੂੰ ਕੋਈ ਭੈਣ-ਭਾਈ ਤੰਗ ਕਰਦਾ ਤਾਂ ਉਹ ਅੱਕ ਕੇ ਉਨ੍ਹਾਂ ਨੂੰ ਕਹਿੰਦਾ, "ਥਮੇ ਕੇ ਕਰਾਂ ਰੈ ਉਰਾ....ਜਾਓ ਭੱਜਜੋ ਆਪਣੇ-ਆਪਣੇ ਘਰਾਂ...ਇੰਨੀ ਭੀੜ ਤਾਂ ਕਪੂਰੀ ਆਲ਼ੇ ਮੇਲੇ ਮਾ ਬੀ ਨ੍ਹੀਂ ਹੁੰਦੀ, ਜਿਤਨੀ ਉਰਾ ਮਾਰੇ ਘਰ ਮਾ ਰਹਾ...!"

ਉਹ ਕਦੇ ਆਪਣੀ ਮਾਂ ਨਾਲ਼ ਲੜ ਪੈਂਦਾ, "ਏ ਰੀ, ਇਨ੍ਹਾਂ ਮਾ ਤੇ ਅੱਧੇ ਕਿਤਾ ਬੇਚ-ਬੂਚ ਆਓ, ਸਾਰੇ ਰੱਖਕਾ ਕੇ ਕਰਾਂਗੇ...ਨਾਲ਼ੇ ਰੋਟੀ ਬੀ ਪੂਰੀ ਪੈਣ ਲਗਜਾਗੀ ਆਪਾਂ ਨੂੰ...!"

ਉਹਦਾ ਪਿਓ ਅਜਿਹੀਆਂ ਗੱਲਾਂ ਸੁਣ ਕੇ ਛਿੱਤਰ ਲਾਹ ਲੈਂਦਾ..."ਧੀਚੋ, ਤਨੂੰ ਨਾ ਕੱਲੇ ਨੂੰ ਛੱਡੇਆਮਾਂ ਕਿਤਾ...ਹੈਂਅ...ਦੱਸ ਤੇਰੇ ਕੇ ਦੰਦੀਆਂ ਵੱਢਾਂ ਯੋਹ...? ਯੋਹ ਬੀ ਆਪਣੇ ਕਰਮ ਗੈਲ਼ ਲੇ ਕਾ ਆਏ ਆਂ...ਜੇ ਰੱਬ ਨੇ ਖਾਣ ਨੂੰ ਚੌਂਚ ਲਾਈ ਤਾਂ ਆਪੇ ਚੋਗਾ ਬੀ ਦੇਹੇਗਾ...ਤੇਰੇ ਕਾਸਤੇ ਮਾਊਂ ਲੜਾਂ...? ਸਾਲ਼ਾ ਬਿੱਜੂ ਜਾ, ਨਾ ਯੋਹੀ ਸਖਾਮਾਂ ਤੱਨੂੰ ਸਕੂਲ ਮਾ ਤੇਰੀਆਂ ਭੈਣਜੀਆਂ, ਅਰ ਮਾਸਟਰ !!!"

– – – –

* **ਸੂਤਰਧਾਰ :** ਉਮਰੋਂ ਨਿੱਕਾ ਸਾਂ ਪਰ ਮੇਰੇ ਕਿ ਗੱਲ ਤਾਂ ਪੱਲੇ ਪੈ ਗਈ ਸੀ ਕਿ ਜੇ ਮੈਂ ਆਹ ਖਲਜਗਣ 'ਚੋਂ ਨਿਕਲਣਾ ਹੈ ਤਾਂ ਮੈਨੂੰ ਹਰ ਹੀਲੇ ਪੜ੍ਹਨਾ ਪਵੇਗਾ ਤੇ ਬਹੁਤ ਹੀ ਵਧੀਆ ਨੰਬਰ ਲੈ ਕੇ ਪਾਸ ਵੀ ਹੋਣਾ ਪਵੇਗਾ। ਵਧੀਆ ਨੰਬਰ ਹੀ ਮੈਨੂੰ ਅਗਲੇਰੀ ਤੇ ਉਚੇਰੀ ਪੜ੍ਹਾਈ ਲਈ ਸਕਾਲਰਸ਼ਿਪ ਦੁਆ ਸਕਦੇ ਨੇ। ਸਕਾਲਰਸ਼ਿਪ ਤੋਂ ਬਿਨਾਂ ਅੱਗੇ ਪੜ੍ਹਨ ਦਾ ਸੋਚਿਆ ਵੀ ਨਹੀਂ ਸੀ ਜਾ ਸਕਦਾ ਕਿਉਂਕਿ ਨਾ ਤਾਂ ਸਾਡੇ ਕੋਲ਼ ਆਪਣੀ ਜ਼ਮੀਨ ਸੀ, ਨਾ ਹੀ ਪਿਓ-ਦਾਦਿਆਂ ਦੀ ਕੋਈ ਜਾਇਦਾਦ। ਪਿਓ ਮੇਰਾ ਕਿਸੇ ਦਾ ਇੱਜੜ ਚਾਰਦਾ ਸੀ ਜਿਸ 'ਚ ਉਹਦੀਆਂ ਆਪਣੀਆਂ ਭੇਡਾਂ ਮਸਾਂ ਪੰਜ-ਸੱਤ ਹੀ ਸਨ। ਪਿਓ ਦੀ ਕਮਾਈ ਕਰਕੇ ਘਰ ਦਾ ਖ਼ਰਚਾ ਮਸਾਂ ਚਲਦਾ ਸੀ। ਸਾਡੇ ਟੱਬਰ ਵਿਚੋਂ ਮੇਰੇ ਤੋਂ ਬਿਨਾਂ ਹੋਰ ਕੋਈ ਨਾ ਪੜ੍ਹਿਆ। ਭੈਣਾਂ ਤਾਂ ਕੀ ਪੜ੍ਹਨਾ ਸੀ ਮੇਰਾ ਤਾਂ ਕੋਈ ਭਾਈ ਵੀ ਪੰਜਵੀਂ ਤੋਂ ਨਾ ਟੱਪ ਸਕਿਆ। ਅਸਲ ਵਿਚ ਮੇਰੇ ਹੋਰ ਕਿਸੇ ਭਾਈ-ਭੈਣ ਵਿਚ ਨਾ ਮੇਰੇ ਵਰਗਾ ਸਿਰੜ ਸੀ, ਨਾ ਹੀ ਲਗਨ। ਵੱਡੇ ਭਰਾ ਛੋਟੀਆਂ-ਮੋਟੀਆਂ ਦਿਹਾੜੀਆਂ ਕਰਦੇ ਜਾਂ ਕਦੇ-ਕਦਾਈਂ ਮੇਰੇ ਪਿਓ ਨਾਲ਼ ਤੁਰ ਜਾਂਦੇ...ਛੋਟੇ ਹਾਲੇ ਐਈਂ ਤੁਰੇ ਫਿਰਦੇ...। ਪਰ ਮੈਂ ਸੋਚ ਲਿਆ ਸੀ ਕਿ ਮੈਂ 'ਖ਼ੂਬ ਪੜ੍ਹਾਂਗਾ, ਚੰਗੀ ਨੌਕਰੀ ਪ੍ਰਾਪਤ ਕਰ ਕੇ ਪਹਿਲੋਂ ਆਪਣਾ ਤੇ ਫਿਰ ਘਰਦਿਆਂ ਦਾ ਦਲਿੱਦਰ ਕੱਟਾਂਗਾ।' ਇਸ ਲਈ ਮੈਂ ਕਰੜੇ ਮਨ ਨਾਲ਼, ਕਰੜੇ ਹਾਲਾਤ ਨਾਲ਼ ਜੂਝਣ ਅਹਿਦ ਕਰ ਲਿਆ ਸੀ।

– – – –

** **ਇਕ ਤੀਰ ਤੇ ਕਈ ਸ਼ਿਕਾਰ**

ਬਾਲੀ ਦਸਵੀਂ ਵਿਚ ਪਹੁੰਚਿਆ ਤਾਂ ਸਕੂਲ ਦੇ ਮਾਸਟਰ-ਭੈਣਜੀਆਂ ਨੂੰ ਇਹ ਪਤਾ ਲੱਗ ਗਿਆ ਕਿ 'ਇਹ ਮੁੰਡਾ ਕੁਝ ਨਾ ਕੁਝ ਜ਼ਰੂਰ ਕਰੇਗਾ।' ਇਸੇ ਕਰਕੇ ਸਕੂਲ ਦੇ ਕਈ ਮਾਸਟਰ-ਭੈਣਜੀਆਂ ਦਾ ਰਵੱਈਆ ਉਸ ਪ੍ਰਤੀ ਦੋਸਤਾਨਾ ਹੋ ਗਿਆ ਸੀ ਪਰ ਕਈ ਮਾਸਟਰ-ਭੈਣਜੀਆਂ ਅਜੇ ਵੀ ਉਸ ਨੂੰ ਨਾਪਸੰਦ ਕਰਦੇ ਸਨ। ਪਤਾ ਨਹੀਂ ਉਨ੍ਹਾਂ ਨੂੰ ਕਿਹੜੀ ਗੱਲ ਦੀ ਚਿੜ੍ਹ ਸੀ ਕਿ ਉਹ ਨਹੀਂ ਸਨ ਚਾਹੁੰਦੇ ਕਿ 'ਬਾਲੀ ਦਸਵੀਂ ਵਿਚ ਟੱਪ ਕਰੇ।' ਜਿਵੇਂ ਕਿ ਪਹਿਲੀਆਂ ਨੌਂ ਜਮਾਤਾਂ ਵਿਚ ਉਹ ਕਰਦਾ ਆ ਰਿਹਾ ਸੀ।

ਇਕ ਦਿਨ ਡੀ.ਪੀ. ਮਾਸਟਰ ਸਮਾਘ ਨੇ ਉਸਨੂੰ ਗਰਾਊਂਡ ਵਿਚ ਬੋਕ ਵਾਂਗੂੰ ਢਾਹ ਲਿਆ। ਬਾਲੀ ਦੀਆਂ ਚੀਕਾਂ ਸਾਰੇ ਸਕੂਲ ਵਿਚ ਸੁਣਨ ਲੱਗੀਆਂ। ਇਕਦਮ ਸਾਰੀਆਂ ਕਲਾਸਾਂ ਦਾ ਧਿਆਨ ਗਰਾਊਂਡ ਵੱਲ ਚਲਿਆ ਗਿਆ ਜਿੱਥੇ ਸਮਾਘ ਡੀ.ਪੀ., ਬਾਲੀ ਨੂੰ ਇਕ ਬਾਂਹ ਤੋਂ ਫੜ ਕੇ ਥੱਪੜਾਂ-ਠੁੱਡਿਆਂ ਨਾਲ਼ ਕੁੱਟ ਰਿਹਾ ਸੀ। ਬਾਲੀ ਪ੍ਰਤੀ ਦਿਲ ਵਿਚ ਸਨੇਹ ਰੱਖਣ ਵਾਲ਼ੇ ਦੋ-ਤਿੰਨ ਮਾਸਟਰ ਗਰਾਊਂਡ ਵੱਲ ਨੂੰ ਭੱਜੇ। ਪ੍ਰਿੰਸੀਪਲ ਨੂੰ ਵੀ ਭਾਜੜਾਂ ਪੈ ਗਈਆਂ। ਸਾਇੰਸ ਵਾਲ਼ੀ ਭੈਣਜੀ ਵੀ ਭੱਜ

ਕੇ ਆਈ। ਮਾਸਟਰਾਂ ਨੇ ਆਉਣ ਸਾਰ ਬਾਲੀ ਨੂੰ ਡੀ.ਪੀ. ਸਮਾਘ ਦੀ ਕੈਦ ਤੋਂ ਮੁਕਤ ਕਰਵਾਇਆ।

"ਓ ਹੋ ਹੋ, ਸਮਾਘ ਸਾਹਬ ਕੀ ਹੋ ਗਿਆ..? ਕਾਹਤੋਂ ਧੌੜੀ ਲਾਹੀ ਐ ਵਿਚਾਰੇ ਦੀ..?" ਪੰਜਾਬੀ ਵਾਲ਼ੇ ਮਾਸਟਰ ਨੇ ਬਾਲੀ ਨੂੰ ਸਮਾਘ ਦੀ ਗ੍ਰਿਫ਼ਤ ਤੋਂ ਆਜ਼ਾਦ ਕਰਵਾ ਕੇ ਆਪਣੇ ਪਿੱਛੇ ਜਿਹੇ ਲਕੋਂਦਿਆਂ ਕਿਹਾ।

"ਅ...ਬਚਾਰਾ..!! ਲੁੱਚੈ...ਸਿਰੇ ਦਾ ਲੁੱਚਾ...ਸਾਲ਼ਾ ਲਕੜਦੀਨ...!" ਡੀ.ਪੀ. ਦਾ ਦਮ ਫੁੱਲਿਆ ਪਿਆ ਸੀ।

"ਕੀ ਹੋ ਗਿਆ ਸਮਾਘ ਸਰ...?" ਪ੍ਰਿੰਸੀਪਲ ਨੇ ਪੁੱਛਿਆ ਸੀ।

"ਬੱਸ ਪੁੱਛੋ ਨਾ ਮੈਡਮ ਜੀ, ਇਹਦੇ ਸਾਲ਼ੇ ਦੇ ਲੱਛਣ ਈ ਢੇਡਾਂ ਆਲ਼ੇ ਨੇ...ਭੈਣ ਦਾ ਦੁੱਗ.... ਪੜ੍ਹਨਾ ਨ੍ਹੀਂ, ਲਿਖਣਾ ਨ੍ਹੀਂ, ਭੈਣ ਦਾ ਯਾਰ...ਸਾਰੀ ਦਿਹਾੜੀ ਲੁੱਚਪੁਣਾ....ਲੁੱਚਪੁਣਾ...ਮ੍ਹੀਨਾ ਹੋ ਗਿਆ ਦੇਖਦੇ ਨੂੰ...ਇਹਨੂੰ ਇੱਧਰ ਕਰੋ ਮੇਰੇ ਸਾਲ਼ੇ ਨੂੰ, ਮੈਂ ਬਣੌਨਾਂ ਇਹਨੂੰ ਬੰਦੇ ਦਾ ਪੁੱਤ...!!" ਸਮਾਘ ਫੇਰ ਬਾਲੀ ਵੱਲ ਝਪਟਿਆ ਪਰ ਪੰਜਾਬੀ ਵਾਲ਼ੇ ਮਾਸਟਰ ਨੇ ਬਾਲੀ ਨੂੰ ਆਪਣੇ ਪਿੱਛੇ ਹੋਰ ਲਕੋ ਜਿਹੇ ਲਿਆ। ਪ੍ਰਿੰਸੀਪਲ ਨੇ ਡੀ.ਪੀ. ਨੂੰ ਹੱਥ ਦੇ ਕੇ ਰੋਕ ਦਿੱਤਾ।

"ਸਰ ਪਲੀਜ਼, ਇੰਝ ਗਾਲ਼ਾਂ ਨਾ ਕੱਢੋ...ਤੁਸੀਂ ਇਕ ਟੀਚਰ ਓਂ...!" ਸਾਇੰਸ ਵਾਲ਼ੇ ਭੈਣਜੀ ਨੂੰ ਸਮਾਘ ਦੀ ਬੋਲ-ਬਾਣੀ ਤੋਂ ਪਹਿਲਾਂ ਈ ਚਿੜ੍ਹ ਸੀ ਕਿਉਂਕਿ ਸਮਾਘ ਗੱਲ ਇਕ ਕਰਦਾ ਸੀ ਤੇ ਗਾਲ਼ਾਂ ਦੋ ਕੱਢਦਾ ਸੀ।

ਇਕ ਵਾਰ ਪ੍ਰਿੰਸੀਪਲ ਨੇ ਟੋਕਿਆ ਵੀ ਸੀ, ਉਦੋਂ ਸਮਾਘ ਸਾਹਬ ਨੇ ਬੇਸ਼ਰਮੀ ਜਿਹੀ ਨਾਲ਼ ਕਿਹਾ ਸੀ, "ਓ ਕੀ ਕਰੀਏ ਜੀ, ਸਾਡੇ ਬਠਿੰਡੇ ਕੰਨੀਂ ਤਾਂ ਆਹ ਭੈਂਚੋ ਨੂੰ ਕੋਈ ਗਾਲ਼ ਮੰਨਦੇ ਈ ਨ੍ਹੀਂ....ਸਾਡੇ ਤਾਂ ਹਰੇਕ ਏ..।"

"ਕਿਉਂ ਨਾ ਕੱਢਾਂ ਗਾਲ਼ਾਂ...!! ਥੋਡਾ ਈ ਝਮਲਾਇਆ ਹੋਇਆ ਆਹ ਝੜੰਮ...ਮੈਨੂੰ ਪੰਜ ਮਿੰਟ ਹੋਰ ਦੇਦੋ, ਜੇ ਮੇਰੇ ਸਾਲ਼ੇ ਨੂੰ ਤੱਕਲ਼ੇ ਅਰਗਾ ਸਿੱਧਾ ਨਾ ਕਰਤਾ ਤਾਂ ਮੈਨੂੰ ਸਮਾਘ ਕੀਹਨੇ ਕਹਿਣਾ...।" ਸਮਾਘ, ਸਾਇੰਸ ਵਾਲ਼ੀ ਭੈਣਜੀ ਵੱਲ ਲੁੱਚਾ ਜਿਹਾ ਝਾਕ ਕੇ ਮੁੱਛ 'ਤੇ ਹੱਥ ਫੇਰਦਾ ਹੋਇਆ ਬੋਲਿਆ ਸੀ।

"ਓਹੋ ਡੀ.ਪੀ. ਸਾਹਬ ਰੌਲ਼ਾ ਕੇ ਆ, ਮਾਨੂੰ ਬੀ ਤਾਂ ਪਤਾ ਚਲੇ...!!" ਸਮਾਜਕ ਸਿੱਖਿਆ ਵਾਲ਼ੇ ਨੇ ਪੁੱਛਿਆ ਸੀ।

"ਇਹ ਝੜੰਮ, ਕੁੜੀਆਂ ਦੇ ਬਾਥਰੂਮਾਂ ਵਿਚ ਝਾਕਦਾ ਸੀ ਚੋਰੀ-ਚੋਰੀ, ਸਾਲ਼ੇ ਨੂੰ ਪਿੱਛੋਂ ਜਾ ਦਬੋਚਿਆ...!" ਸਮਾਘ ਨੇ ਪੱਤੇ ਖੋਲ੍ਹਦਿਆਂ ਕਿਹਾ।

"ਨਹੀਂ-ਨਹੀਂ ਭੈਣਜੀ ਜੀ, ਮੈਂ ਨ੍ਹੀਂ ਦੇਖਿਆ ਜੀ....ਰੋਜ ਗੁਰਤਾਰ, ਜਸਪਾਲ ਅਰ ਗੁਰਪਾਲ ਅਰਗੇ ਜਾਹਾਂ ਉੱਧਰ...ਮੈਂ ਤਾਂ..।" ਬਾਲੀ ਨੇ ਰੋਂਦਿਆਂ ਸਫ਼ਾਈ ਦਿੱਤੀ ਸੀ।

"ਦੇਖ ਸਾਲ਼ਾ ਕਿਵੇਂ ਝੂਠ ਤਫਾਨ ਮਾਰਦੈ..." ਸਮਾਘ ਫੇਰ ਬਾਲੀ ਨੂੰ ਮਾਰਨ ਲਈ ਅਹੁਲਿਆ।

ਤਦੇ ਪ੍ਰਿੰਸੀਪਲ ਨੇ ਅੱਗੇ ਹੋ ਕੇ ਬਾਲੀ ਦੀ ਬਾਂਹ ਫੜ ਲਈ ਤੇ ਆਪਣੇ ਆਫ਼ਿਸ ਵੱਲ ਤੁਰ ਪਈ, "ਤੁਸੀਂ ਮੈਨੂੰ ਆਫ਼ਿਸ ਆ ਕੇ ਮਿਲੋ...ਬਾਕੀ ਸਾਰੇ ਆਪਣੀਆਂ ਕਲਾਸਿਜ਼ ਵਿਚ ਜਾਓ...।"

ਇਕ-ਦੋ ਜਣੇ ਕਲਾਸਾਂ ਵੱਲ ਵਧ ਗਏ ਪਰ ਸਾਇੰਸ ਵਾਲ਼ੇ ਭੈਣਜੀ, ਬਾਲੀ ਤੇ ਪ੍ਰਿੰਸੀਪਲ ਦੇ ਪਿੱਛੇ-ਪਿੱਛੇ ਤੁਰ ਪਈ। ਪੰਜਾਬੀ ਵਾਲ਼ਾ ਮਾਸਟਰ ਵੀ ਕੁਝ ਸੋਚਦਾ ਹੋਇਆ ਉਹਦੇ ਨਾਲ਼ ਹੀ ਰਲ਼ ਗਿਆ। ਸਮਾਘ ਸਭ ਤੋਂ ਪਿੱਛੇ ਸੀ। ਉਹਨੇ ਤੁਰੇ ਜਾਂਦੇ ਨੇ ਆਪਣੇ ਪੱਖ ਦੇ ਦੋ-ਤਿੰਨ ਮਾਸਟਰਾਂ ਨੂੰ ਹੱਥ ਮਾਰ ਲਿਆ ਸੀ।

ਆਫ਼ਿਸ ਵਿਚ ਪਹੁੰਚ ਕੇ ਪ੍ਰਿੰਸੀਪਲ ਨੇ ਰੋਂਦੇ ਬਾਲੀ ਨੂੰ ਚੁੱਪ ਕਰਾਇਆ। ਉਸਨੂੰ ਪਾਣੀ ਪਿਲਵਾਇਆ। ਆਪਣੇ ਪਰਸ ਵਿਚੋਂ ਕੱਢ ਕੇ ਬਿਸਕੁਟ ਦਿੱਤੇ ਜਿਹੜੇ ਕਿ ਬਾਲੀ ਨੇ ਨਾ ਖਾਧੇ। ਆਪਣੇ ਵਗਦੇ ਨੱਕ ਨੂੰ ਉਸ ਨੇ ਆਪਣੇ ਕਮੀਜ਼ ਦੇ ਕਫ਼ ਨਾਲ਼ ਦੋ-ਤਿੰਨ ਵਾਰ ਪੂੰਝਿਆ। ਉਸਨੂੰ ਇੰਝ ਕਰਦਿਆਂ ਵੇਖ ਕੇ ਪ੍ਰਿੰਸੀਪਲ ਨੇ ਆਪਣੇ ਪਰਸ ਵਿਚੋਂ ਇਕ ਰੁਮਾਲ ਕੱਢ ਕੇ ਉਹਨੂੰ ਦਿੱਤਾ।

ਜਦੋਂ ਉਹ ਸਹਿਜ ਹੋਇਆ ਤਾਂ ਉਹ ਬੋਲੀ, "ਹਾਂ ਬੇਟੇ, ਦੱਸ ਕੀ ਗੱਲ ਹੋ ਗਈ..?"

"ਇਹ ਕੀ ਦੱਸੂ ਜੀ ਝੜੰਮ...ਗਿੱਲੇ ਪੋਚੇ ਮਾਰੂ...ਮੈਂ ਦੱਸਤੀ ਆ ਥੋਨੂੰ ਸਾਰੀ ਗੱਲ...!" ਬਾਲੀ ਦੇ ਕੁਝ ਕਹਿਣ ਤੋਂ ਪਹਿਲਾਂ ਹੀ ਸਮਾਘ ਝੱਟ ਬੋਲ ਪਿਆ।

ਪ੍ਰਿੰਸੀਪਲ ਨੇ ਹੱਥ ਖੜ੍ਹਾ ਕਰ ਕੇ ਸਮਾਘ ਨੂੰ ਚੁੱਪ ਰਹਿਣ ਦਾ ਇਸ਼ਾਰਾ ਕਰਦਿਆਂ ਕਿਹਾ, "ਤੁਸੀਂ ਤਾਂ ਦੱਸ ਹਟੇ ਓਂ...ਮੈਨੂੰ ਹੁਣ ਇਹਦੀ ਗੱਲ ਵੀ ਸੁਣ ਲੈਣ ਦਿਓ ਤੇ ਨਾਲੇ ਸਮਾਘ ਸਾਹਬ ਪਲੀਜ਼ ਇਕ ਰਿਕੁਐਸਟ ਐ ਤੁਹਾਨੂੰ...ਇਹਦਾ ਨਾਮ ਬਾਲੀ ਐ...ਇਹਨੂੰ ਝੜੰਮ ਵਗੈਰਾ ਨਾ ਕਹੋ...।" ਪ੍ਰਿੰਸੀਪਲ 'ਰਿਕੁਐਸਟ' ਦੀ ਜਗ੍ਹਾ 'ਵਾਰਨਿੰਗ' ਸ਼ਬਦ ਵਰਤਣਾ ਚਾਹੁੰਦੀ ਸੀ ਪਰ ਉਹਨੂੰ ਅਜੇ ਸਕੂਲ ਵਿਚ ਆਈ ਨੂੰ ਮਸਾਂ ਸਾਲ ਕੁ ਹੀ ਹੋਇਆ ਸੀ ਜਦਕਿ ਡੀ.ਪੀ. ਪਿਛਲੇ 12-13 ਸਾਲਾਂ ਤੋਂ ਇੱਥੇ ਹੀ ਤਾਇਨਾਤ ਸੀ ਜਿਸ ਕਰਕੇ ਉਹਦਾ ਸਕੂਲ 'ਤੇ ਪੂਰਾ ਹੋਲਡ ਸੀ।

"ਹਾਂ ਬੇਟਾ ਬਾਲੀ..." ਪ੍ਰਿੰਸੀਪਲ ਨੇ ਬਾਲੀ ਦੀ ਪਿੱਠ 'ਤੇ ਹੱਥ ਫੇਰਦਿਆਂ ਪੁੱਛਿਆ।

"ਭੈਣ ਜੀ ਜੀ, ਮਨੂੰ ਗੁਰਦਬਾਰੇ ਕੀ ਸੌਂਹ...ਮੈਂ ਨ੍ਹੀਂ ਦੇਖਿਆ ਜੀ ਬਾਥਰੂਮਾਂ ਮਾ...ਉਹ ਜਸਪਾਲ, ਗੁਰਪਾਲ ਅਰ ਗੁਰਤਾਰ ਰੋਜ ਦੇਖਾਂ...ਇਨ੍ਹਾਂ ਨੇ ਜੀ ਮੇਰੀ ਸੈਂਸ ਆਲ਼ੀ ਕਤਾਬ ਮਗੇਲ ਕਾ ਮਾਰੀ ਜੀ ਕੰਧ 'ਤੇ ਪਾਰ, ਮੈਂ ਤਾਂ ਜੀ ਓਹ ਚੱਕਣ ਗਿਆ ਤਾ...ਜਦੇ ਆ ਕਾ ਮਾਸਟਰ ਜੀ ਨੇ ਮਨੂੰ ਫੜ ਲਿਆ, ਓਰ ਮੇਰੀ ਬਾਤ ਸੁਣੇ ਬਿਨਾਂ ਈ ਮੇਰੀ ਖੜਕੈਂਤੀ ਸ਼ੁਰੂ ਕਰਦੀ...।" ਬਾਲੀ ਨੇ ਆਪਣੀ ਗੱਲ ਪੂਰੀ ਡਿਟੇਲ ਨਾਲ਼ ਸਮਝਾ ਦਿੱਤੀ ਸੀ।

ਸਮਾਘ ਭਖ ਕੇ ਬੋਲਿਆ, "ਅੱਛਾ...ਬੱਸ ਤੂੰ ਹੀ ਜੰਮ ਪਿਆ ਰਾਜਾ ਹਰੀਸਚੰਦਰ ਹੈਂਅ.... ਅਸੀਂ ਤਾਂ ਇੱਥੇ ਭੈਂ...ਫੁੱਦੂ ਤੁਰੇ ਫਿਰਦੇ ਆਂ...ਹੈਂਅ..!!"

ਸਾਇੰਸ ਵਾਲ਼ੀ ਭੈਣਜੀ ਵੀ ਚੜ੍ਹ ਗਈ, "ਸਮਾਘ ਸਰ, ਪਲੀਜ਼ ਮਾਈਂਡ ਯੂਅਰ ਲੈਂਗੁਏਜ..।"

ਸਮਾਘ ਗੁੱਸੇ ਨਾਲ਼ ਫੁੰਕਾਰਦਾ, ਸਾਇੰਸ ਵਾਲ਼ੀ ਭੈਣਜੀ ਵੱਲ ਕੌੜ ਝਾਕਦਾ, ਬਾਲੀ ਨੂੰ ਖਾ ਜਾਣ ਵਾਲ਼ੀਆਂ ਨਜ਼ਰਾਂ ਨਾਲ਼ ਦੇਖਣ ਲੱਗ ਪਿਆ। ਪ੍ਰਿੰਸੀਪਲ ਨੇ ਬੈੱਲ ਮਾਰੀ। ਪੀਅਨ ਅੰਦਰ ਆ ਗਈ।

"ਗੁਰਮੀਤ...ਜਾਓ, ਦਸਵੀਂ ਜਮਾਤ ਵਿਚੋਂ ਜਸਪਾਲ, ਗੁਰਪਾਲ ਤੇ ਗੁਰਤਾਰ ਨੂੰ ਬੁਲਾ ਕੇ ਲਿਆਓ..।"

ਪ੍ਰਿੰਸੀਪਲ ਦਾ ਆਰਡਰ ਸੁਣ ਕੇ ਸਮਾਘ ਬੌਂਦਲ਼ ਜਿਹੇ ਗਿਆ ਸੀ, "ਲੈ-ਲੈ ਹੁਣ ਉਨ੍ਹਾਂ ਨੂੰ ਬਲੌਣ ਦੀ ਕੀ ਲੋੜ ਪੈਗੀ ਮੈਡਮ ਜੀ..!! ਤੁਸੀਂ ਆਹ ਝੜੰ...ਝੁੱਡੂ ਜਿਹੇ ਦੀਆਂ ਗੱਲਾਂ 'ਤੇ ਯਕੀਨ ਕਰੀ ਜਾਨੇ ਓਂ..! ਜਦ ਮੈਂ ਕਹਿਤਾ ਬਈ..!"

"ਮੈਡਮ, ਮੈਨੂੰ ਬਾਲੀ ਦੀ ਗੱਲ 'ਤੇ ਯਕੀਨ ਐ ਜੀ....ਇਕ-ਦੋ ਵਾਰ ਕੁੜੀਆਂ ਨੇ ਵੀ ਸ਼ਿਕਾਇਤ ਕੀਤੀ ਏ ਉਨ੍ਹਾਂ ਮੁੰਡਿਆਂ ਦੀ..।" ਸਾਇੰਸ ਵਾਲ਼ੀ ਭੈਣਜੀ ਨੇ ਬਾਲੀ ਦਾ ਪੱਖ ਪੂਰਿਆ।

"ਅੱਛਾ...ਫੇਰ ਪਹਿਲਾਂ ਨਾ ਆ ਕੇ ਦੱਸਤਾ ਮੈਡਮ ਜੀ ਨੂੰ....ਅੱਜ ਬੜੇ ਯਾਦ ਆਗੇ ਉਹ ਮੁੰਡੇ...!!" ਸਮਾਘ ਤਪਿਆ ਬੈਠਾ ਸੀ ਕਿਉਂਕਿ ਉਹ ਤਿੰਨੇ ਮੁੰਡੇ; ਜਸਪਾਲ, ਗੁਰਪਾਲ ਤੇ ਗੁਰਤਾਰ ਸਕੂਲ ਵਿਚ ਡੀ.ਪੀ. ਸਮਾਘ ਦੇ ਨਜ਼ਦੀਕੀ ਮੰਨੇ ਜਾਂਦੇ ਸਨ ਅਤੇ ਉਸਦੇ ਅੰਡਰ ਕਬੱਡੀ ਖੇਡਦੇ ਸਨ।

ਪੰਜਾਬੀ ਵਾਲ਼ੇ ਮਾਸਟਰ ਨੇ ਸਾਇੰਸ ਵਾਲ਼ੀ ਭੈਣਜੀ ਦੇ ਹੱਕ ਵਿਚ ਹੁੰਗਾਰਾ ਭਰਿਆ, "ਸਮਾਘ ਸਾਹਬ, ਹੁਣ ਛੋਟੀਆਂ-ਛੋਟੀਆਂ ਗੱਲਾਂ ਮੈਡਮ ਕੋਲ ਲੈ ਕੇ ਆਉਂਦੇ ਚੰਗੇ ਵੀ ਨਹੀਂ ਲਗਦੇ। ਇਨ੍ਹਾਂ ਨੇ ਮੇਰੇ ਕੋਲ਼ ਕੀਤੀ ਸੀ ਗੱਲ..।"

"ਅੱਛਾ..!! ਤੇਰੇ ਕੋਲ਼ ਕਿਉਂ ਆਈ ਬਈ..? ਡਿਸਿਪਲਨ ਇੰਚਾਰਜ ਤਾਂ ਮੈਂ ਆਂ..!!" ਸਮਾਘ ਕੌੜ ਜਿਹਾ ਪੰਜਾਬੀ ਮਾਸਟਰ ਵੱਲ ਝਾਕਿਆ ਸੀ। ਸਮਾਘ ਨੇ ਪੰਜਾਬੀ ਮਾਸਟਰ ਅਤੇ ਸਾਇੰਸ ਵਾਲ਼ੀ ਭੈਣਜੀ ਬਾਰੇ ਅਫ਼ਵਾਹ ਫ਼ੈਲਾਈ ਹੋਈ ਸੀ, 'ਬਈ ਇਨ੍ਹਾਂ ਦਾ ਅੰਦਰਖਾਤੇ ਕੁਛ ਚਲਦੈ!!' ਹੁਣ ਸਮਾਘ ਉਸੇ ਗੱਲ ਨੂੰ ਰੜਕਾਉਣ ਦੀ ਕੋਸ਼ਿਸ਼ ਕਰ ਰਿਹਾ ਸੀ।

"ਤੁਹਾਡੇ ਕੋਲ਼ ਹੀ ਗਈ ਸੀ ਮੈਂ ਤਾਂ ਪਹਿਲਾਂ ਉਨ੍ਹਾਂ ਤਿੰਨਾਂ ਦੀ ਸ਼ਿਕਾਇਤ ਲੈ ਕੇ...ਉਦੋਂ ਤੁਸੀਂ ਹੀ ਕਿਹਾ ਸੀ ਨਾ, – 'ਕੋਈ ਨ੍ਹੀਂ ਜੀ, ਆਹ ਉਮਰ ਏ ਇਹੋ ਜੀ ਆ, ਸਾਰੇ ਈ ਕਰਦੇ ਹੁੰਦੇ ਨੇ...ਕੋਈ ਨਾ ਮੈਂ ਸਮਝਾਦੂੰ..!!' ਇਹੋ ਕਿਹਾ ਸੀ ਨਾ..??" ਸਾਇੰਸ ਵਾਲ਼ੀ ਭੈਣਜੀ ਨੇ ਵੀ ਤਪਦਿਆਂ ਅਸਲੀਅਤ ਜ਼ਾਹਰ ਕਰ ਦਿੱਤੀ।

"ਚਲ ਫੇਰ ਐਡੀ ਕੀ ਤੋਪ ਚੱਲਗੀ...!! ਨਾਲ਼ੇ ਮੈਨੂੰ ਇਕ ਗੱਲ ਦੀ ਸਮਝ ਨ੍ਹੀਂ ਔਂਦੀ... ਬਈ, ਤੁਸੀਂ ਸਾਰੇ ਓ ਕਹੀ ਜਾਨੇ ਓਂ ਬਈ ਮੁੰਡੇ ਮਾੜੇ ਐ, ਮੁੰਡੇ ਮਾੜੇ ਐ....ਐਂ ਦੱਸੋ ਬਈ ਸਬੂਤ ਕੀ ਐ ਥੋਡੇ ਕੋਲ਼..? ਬੱਸ ਇਹਨੇ ਆਪਣਾ ਚੰਮ ਬਚਾਣ ਲਈ ਕਹਿਤਾ ਤੇ ਤੁਸੀਂ ਮੰਨ ਲਿਆ... ਤੁਸੀਂ ਦੱਸੋ ਮੈਨੂੰ...ਹੈਗਾ ਕੋਈ ਹੋਰ ਸਬੂਤ ਥੋਡੇ ਕੋਲ਼..??" ਸਮਾਘ ਨੇ ਅਜਿਹਾ ਪੱਤਾ ਸੁੱਟਿਆ ਇਕ ਵਾਰ ਤਾਂ ਸਾਰਿਆਂ ਦੀਆਂ ਨੀਵੀਆਂ ਪੈ ਗਈਆਂ। ਇਹ ਦੇਖ ਸਮਾਘ ਹੋਰ ਆਕੜ ਗਿਆ। ਖੁੱਲ੍ਹਾ ਚੈਲੰਜ ਕਰਦਾ ਹੋਇਆ ਪ੍ਰਿੰਸੀਪਲ ਨੂੰ ਕਹਿਣ ਲੱਗਾ, "ਜੇ ਕਸੂਰ ਮੇਰੇ ਮੁੰਡਿਆਂ ਦਾ ਹੋਇਆ ਤਾਂ ਪਹਿਲਾਂ ਮੈਨੂੰ ਫਾਹੇ ਲਾ ਦਿਓ...ਪਰ ਆਹ ਗਿੱਚਗੜਿੱਚੀਆਂ ਜੀਆਂ ਨ੍ਹੀਂ ਮੈਂ ਚੱਲਣ ਦੇਣੀਆਂ!!" ਸਾਰਿਆਂ ਦੀ ਚੁੱਪੀ ਦੇਖ ਕੇ ਉਸ ਦੇ ਚਿਹਰੇ ਉੱਤੇ 'ਜੰਗ ਜਿੱਤ ਲਈ' ਵਰਗੀ ਹੰਕਾਰੀ ਮੁਸਕਾਨ ਫ਼ੈਲ ਗਈ।

ਸਾਰੀ ਬਾਜ਼ੀ ਉਲਟ ਗਈ ਸੀ, ਲੈਣੇ ਦੇ ਦੇਣੇ ਪੈ ਜਾਣੇ ਸਨ, ਤਦੇ ਹੀ ਬਾਲੀ ਨੇ ਆਪਣਾ ਪੱਤਾ ਸੁੱਟਿਆ, "ਭੈਣ ਜੀ ਜੀ, ਗੁਰਤਾਰ ਕੇ ਬਸਤੇ ਮਾ ਇਕ ਲੁੱਚੀਆਂ ਫੋਟੋਆਂ ਆਲ਼ਾ ਰਸਾਲਾ ਬੀ ਆ ਜੀ...ਅਰ ਜੀ, ਉਹ ਉਸਮਾ ਤੇ ਈ ਲੁੱਚੀਆਂ ਫੋਟੋਆਂ ਪਾੜ ਕਾ ਕੁੜੀਆਂ ਆਲ਼ੇ ਬਾਥਰੂਮ ਮਾ ਗੇਰਾਂ ਜੀ...!!"

ਬਾਲੀ ਦੀ ਇਹ ਗੱਲ ਸੁਣ ਕੇ ਆਫ਼ਿਸ ਵਿਚ ਇਕ ਵਾਰ ਤਾਂ ਸੁੰਨ ਜਿਹੀ ਪਸਰ ਗਈ। ਸਮਾਘ ਦਾ ਤਾਂ ਰੰਗ ਹੀ ਉੱਡ ਗਿਆ। ਕਿਸੇ ਨੂੰ ਸਮਝ ਨਾ ਆਵੇ ਕਿ 'ਕੀ ਬੋਲੇ?' ਪ੍ਰਿੰਸੀਪਲ ਨੇ ਬੜੀ ਅਰਥ-ਪੂਰਨ ਦ੍ਰਿਸ਼ਟੀ ਨਾਲ਼ ਸਮਾਘ ਵੱਲ ਦੇਖਿਆ। ਸਮਾਘ ਕੁਝ ਕਹਿਣ ਹੀ ਲੱਗਾ ਸੀ ਕਿ ਪੀਅਨ ਨੇ ਆ ਕੇ ਸੂਚਨਾ ਦਿੱਤੀ, "ਮੁੰਡੇ ਆ ਗੇ ਜੀ..।"

ਪ੍ਰਿੰਸੀਪਲ ਨੇ ਪੰਜਾਬੀ ਵਾਲ਼ੇ ਮਾਸਟਰ ਅਤੇ ਸਾਇੰਸ ਵਾਲ਼ੀ ਭੈਣਜੀ ਵੱਲ ਇਸ਼ਾਰਾ ਕਰਦਿਆਂ ਪੀਅਨ ਨੂੰ ਕਿਹਾ, "ਗੁਰਮੀਤ, ਤੂੰ ਇੰਝ ਕਰ....ਆਹ ਅੰਜਨਾ ਮੈਡਮ ਤੇ ਗੁਰਵੀਰ ਸਰ ਦੇ ਨਾਲ਼ ਜਾਹ ਤੇ ਜਾ ਕੇ ਗੁਰਤਾਰ ਦਾ ਬੈਗ ਲਿਆ ਚੁੱਕ ਕੇ।"

"ਇਬੀ ਲਿਆਮਾਂ ਜੀ..।" ਇੰਨਾ ਆਖ ਗੁਰਮੀਤ ਆਫ਼ਿਸ ਵਿਚੋਂ ਬਾਹਰ ਨਿਕਲ਼ ਗਈ। ਪਿੱਛੇ-ਪਿੱਛੇ ਪੰਜਾਬੀ ਮਾਸਟਰ ਅਤੇ ਸਾਇੰਸ ਵਾਲ਼ੇ ਭੈਣਜੀ ਵੀ ਚਲੇ ਗਏ।

ਹੁਣ ਗੇਂਦ ਸਮਾਘ ਦੇ ਪਾਲ਼ੇ ਵਿਚ ਸੀ। ਉਹਨੂੰ ਇਹ ਡਰ ਪੈ ਗਿਆ ਕਿ 'ਜੇ ਬਾਲੀ ਦੀ ਗੱਲ ਸੱਚ ਨਿਕਲ਼ੀ ਤਾਂ ਸਾਰੀ ਬਣੀ-ਬਣਾਈ ਵਿਗੜ ਜਾਊ।' ਸਮਾਘ ਲਈ ਹੁਣ ਓਥੇ ਬੈਠਣਾ ਦੁੱਭਰ ਹੋ ਗਿਆ ਸੀ। ਉਹਨੂੰ ਸਮਝ ਨਹੀਂ ਸੀ ਆ ਰਿਹਾ ਕਿ 'ਉਹ ਇਹ ਸਾਰੇ ਮਸਲੇ ਨੂੰ ਕਿਵੇਂ ਹੈਂਡਲ ਕਰੇ!!' ਅਖ਼ੀਰ ਉਹ ਹਾਲਾਤ ਦਾ 'ਅਸਲ ਜਾਇਜ਼ਾ' ਲੈਣ ਲਈ ਉੱਠਿਆ ਤੇ 'ਇਕ ਮਿੰਟ ਆ ਗਿਆ ਜੀ' ਕਹਿ ਕੇ ਆਫ਼ਿਸ ਤੋਂ ਬਾਹਰ ਨਿਕਲ਼ ਗਿਆ। ਆਫ਼ਿਸ ਵਿਚ ਉਹਦੇ ਸੱਦੇ ਬੰਦੇ ਵੀ ਉਹਦੇ ਪਿੱਛੇ ਹੀ ਉੱਠ ਆਏ।

ਸਮਾਘ ਪ੍ਰਿੰਸੀਪਲ ਆਫ਼ਿਸ ਤੋਂ ਬਾਹਰ ਆ ਕੇ, ਬਾਹਰ ਖੜ੍ਹੇ ਤਿੰਨੇ ਮੁੰਡਿਆਂ ਨਾਲ਼ ਘੁਸਰ-ਮੁਸਰ ਜਿਹੀ ਕਰਨ ਲੱਗਾ। ਉਨ੍ਹਾਂ ਨੂੰ ਉਨ੍ਹਾਂ ਦੇ ਬਸਤਿਆਂ ਦੀ ਤਲਾਸ਼ੀ ਵਾਲ਼ੀ ਵੀ ਗੱਲ ਦੱਸ ਦਿੱਤੀ। ਮੁੰਡੇ ਬੁਰੀ ਤਰ੍ਹਾਂ ਡਰ ਗਏ। ਫੇਰ ਸਮਾਘ ਨੇ ਉਨ੍ਹਾਂ ਨੂੰ ਕਿਹਾ, "ਸਾਲ਼ਿਓ ਜੇ ਮੇਰਾ ਨਾਮ ਖਰਾਬ ਹੋ ਗਿਆ ਤਾਂ ਛਿੱਲ ਲਾਹਦੂੰ....ਹੁਣ ਐਂ ਕਰਿਓ, ਬੁੱਗ ਜੇ ਬਣ ਕੇ ਐਥੇ ਈ ਨਾ ਖੜ੍ਹੇ ਰਿਹੋ...ਅੱਖ ਜੀ ਬਚਾ ਕੇ ਇੱਥੋਂ ਪੱਤਰੇ ਵਾਚ ਜਿਓ...ਤੇ ਮੁੜ ਕੇ ਦਿਖਿਓ ਨਾ ਦੋ-ਚਾਰ ਦਿਨ, ਜਦ ਮਾਮਲਾ ਠੰਡਾ ਜਾ ਹੋ ਗਿਆ, ਫੇਰ ਆਜਿਓ...।"

ਇੰਨਾ ਆਖ ਕੇ ਸਮਾਘ ਨੇ ਸਕੂਲ ਵਿਚ ਦੂਰ ਤਕ ਨਿਗ੍ਹਾ ਮਾਰੀ। ਪੀਅਨ; ਗੁਰਤਾਰ ਸਣੇ ਜਸਪਾਲ ਤੇ ਗੁਰਪਾਲ ਦਾ ਬਸਤਾ ਵੀ ਚੁੱਕੀ ਆ ਰਹੀ ਸੀ। ਸਮਾਘ ਪੀਅਨ ਦੇ ਨਾਲ਼ ਤੁਰੇ ਆ ਰਹੇ

ਪੰਜਾਬੀ ਵਾਲ਼ੇ ਮਾਸਟਰ ਤੇ ਸਾਇੰਸ ਵਾਲ਼ੀ ਭੈਣਜੀ ਵੱਲ ਕੌੜ ਦੇਖਦਾ ਹੋਇਆ ਆਫ਼ਿਸ ਵਿਚ ਵੜ ਗਿਆ। ਪਿੱਛੇ-ਪਿੱਛੇ ਬਸਤਿਆਂ ਸਣੇ ਪੰਜਾਬੀ ਵਾਲ਼ਾ ਮਾਸਟਰ ਤੇ ਸਾਇੰਸ ਵਾਲ਼ੀ ਭੈਣਜੀ ਵੀ ਆ ਵੜੇ।

ਪ੍ਰਿੰਸੀਪਲ ਨੇ ਬਾਲੀ ਨੂੰ ਆਫ਼ਿਸ ਦੇ ਬਾਹਰ ਰੁਕਣ ਲਈ ਕਿਹਾ। ਜਦੋਂ ਬਾਲੀ ਆਫ਼ਿਸ ਵਿਚੋਂ ਬਾਹਰ ਨਿਕਲ਼ਿਆ ਤਾਂ ਉਹ ਤਿੰਨੇ ਬਾਲੀ 'ਤੇ ਭਖੇ ਖੜ੍ਹੇ ਸਨ - "ਕੋਈ ਨਾ, ਸਕੂਲ ਤੇ ਬਾਹਰ ਆਈਂ...ਬੜਕੱਲੇਂਗੇ ਬਹੁਤ...ਬਚਦਾ ਤਾਂ ਹੈ ਨ੍ਹੀਂ ਤੌਂਅ...ਸਾਲ਼ੇ ਕੇ ਗੱਦੇ ਮਾਰ-ਮਾਰ ਬਥਾੜ ਸਜਾਦੇਂਗੇ..!!" ਉਹ ਤਿੰਨੋ ਬਾਲੀ ਨੂੰ ਲਗਾਤਾਰ ਧਮਕੀਆਂ ਦੇਈ ਜਾ ਰਹੇ ਸਨ।

ਆਫ਼ਿਸ ਦੇ ਅੰਦਰ ਪ੍ਰਿੰਸੀਪਲ ਨੇ ਪੀਅਨ ਨੂੰ ਇਸ਼ਾਰਾ ਕੀਤਾ ਤਾਂ ਉਹਨੇ ਤਿੰਨਾਂ ਦੇ ਬਸਤਿਆਂ ਦੀ ਤਲਾਸ਼ੀ ਸ਼ੁਰੂ ਕਰ ਦਿੱਤੀ। ਤਿੰਨਾਂ ਬਸਤਿਆਂ ਵਿਚੋਂ ਕਾਫ਼ੀ ਇਤਰਾਜ਼ਯੋਗ ਚੀਜ਼ਾਂ ਲੱਭੀਆਂ ਜਿਵੇਂ - ਜਰਦੇ ਦੀ ਪੁੜੀ, ਮਾਚਿਸ, ਕੰਡੋਮ ਦੀ ਖ਼ਾਲੀ ਡੱਬੀ, ਪੈਸੇ, ਪ੍ਰੇਮ-ਪੱਤਰ ਤੇ ਲੁੱਚੀਆਂ ਫੋਟੋਆਂ ਵਾਲ਼ਾ ਰਸਾਲਾ ਵੀ...।

ਅੰਦਰੋਂ ਆਫ਼ਿਸ ਵਿਚੋਂ ਡੀ.ਪੀ. ਦੇ ਖੰਘਣ ਦੀ ਆਵਾਜ਼ ਆਈ, ਜਿਹੜਾ ਕਿ ਬਾਹਰ ਖੜ੍ਹੇ ਤਿੰਨੋਂ ਮੁੰਡਿਆਂ ਲਈ ਇਸ਼ਾਰਾ ਸੀ, "ਛੱਡਦੇ ਤਾਂ ਹੈਨੀ ਤਨੂੰ..!!" ਇੰਨਾ ਆਖ ਕੇ ਉਹ ਤਿੰਨੋ ਹੌਲ਼ੀ-ਹੌਲ਼ੀ ਉੱਥੋਂ ਖਿਸਕਦੇ, ਮੁੜ ਸ਼ੂਟ ਵੱਟ ਸਕੂਲ ਦੀ ਕੰਧ ਟੱਪ ਗਏ।

ਬਾਲੀ, ਉਨ੍ਹਾਂ ਦੀਆਂ ਧਮਕੀਆਂ ਤੋਂ ਬੁਰੀ ਤਰ੍ਹਾਂ ਡਰ ਗਿਆ ਸੀ। ਵੈਸੇ ਉਹਨੂੰ ਆਪਣਾ ਹਸ਼ਰ ਪਹਿਲਾਂ ਹੀ ਪਤਾ ਲੱਗ ਗਿਆ ਸੀ ਜਦੋਂ ਉਹਨੇ ਗੁਰਤਾਰ ਦੇ ਬੈਗ ਵਿਚਲੇ ਸਮਾਨ ਦੀ ਖ਼ਬਰ ਦਿੱਤੀ ਸੀ। ਉਹ ਹਾਲੇ ਖੜ੍ਹਾ ਸੋਚ ਹੀ ਰਿਹਾ ਸੀ ਕਿ 'ਆਪਣੇ ਆਪ ਦਾ ਬਚਾਅ ਕਿਵੇਂ ਕੀਤਾ ਜਾਵੇ !!' ਕਿ ਤਦੇ ਉਹ ਤਿੰਨੇ ਮੁੰਡੇ ਭੱਜ ਪਏ। ਉਨ੍ਹਾਂ ਨੂੰ ਭੱਜਦਿਆਂ ਵੇਖ ਕੇ ਬਾਲੀ ਦੇ ਚਿਹਰੇ 'ਤੇ ਮੁਸਕਾਨ ਫ਼ੈਲ ਗਈ।

ਆਫ਼ਿਸ ਦੇ ਅੰਦਰੋਂ ਸਮਾਘ ਸਾਹਬ ਦੇ ਬੋਲਣ ਦੀ ਆਵਾਜ਼ ਆ ਰਹੀ ਸੀ, "ਓ ਮੈਡਮ ਜੀ, ਛੱਡੋ ਜੀ, ਜੁਆਕ ਨੇ...ਵਾਰਨਿੰਗ ਦੇ ਕੇ ਛੱਡ ਦਿਓ...ਨਾਲ਼ੇ ਥੋਨੂੰ ਤਾਂ ਪਤਾ ਈ ਐ ਜੀ, ਆਹ ਗੁਰਤਾਰ ਦੇ ਫਾਦਰ ਨੇ ਈ, ਆਹ ਨਵੇਂ ਕਮਰੇ ਬਣਵਾਉਣ ਲਈ ਗ੍ਰਾਂਟ ਇਸ਼ੂ ਕਰਵਾਈ ਸੀ... ਪਿੰਡ ਦਾ ਸਰਪੰਚ ਐ...ਹੋਰ ਸੌ ਕੰਮ ਲੈਣੇ ਨੇ ਆਪਾਂ..!!"

"ਇਹ ਕੀ ਮਤਲਬ ਹੋਇਆ!! ਜੇ ਪਿਓ ਸਰਪੰਚ ਐ ਤਾਂ ਮੁੰਡੇ ਦੇ ਗ਼ਲਤ ਕੰਮਾਂ 'ਤੇ ਪਰਦੇ ਪਾਈ ਜਾਈਏ...ਹੈਂਅ.. !! ਮੈਂ ਆਪਣੇ ਸਕੂਲ ਦਾ ਮਾਹੌਲ ਖਰਾਬ ਨਹੀਂ ਹੋਣ ਦੇਣਾ ਡੀ.ਪੀ. ਸਾਹਬ..!! ਨੋ-ਨੋ... ਬੁਲਾਓ ਤਿੰਨਾਂ ਨੂੰ ਅੰਦਰ...।"

"ਉਹ ਤਾਂ ਭੱਜਗੇ ਜੀ... !!" ਇਹ ਆਖਦਾ ਹੋਇਆ ਬਾਲੀ ਆਫ਼ਿਸ ਦੇ ਅੰਦਰ ਆ ਵੜਿਆ। ਸਮਾਘ ਦੇ ਚਿਹਰੇ 'ਤੇ ਮੁਸਕਾਨ ਫ਼ੈਲ ਗਈ।

"ਭੈਣ ਜੀ ਜੀ, ਉਹ ਤਿੰਨੇ ਕਹਿੰਦੇ ਬਈ ਸਕੂਲ ਮਾ ਛੁੱਟੀ ਤੇ ਬਾਦ ਤਨੂੰ ਕੁੱਟੇਂਗੇ ਜੀ.... ਪਹਿਲਾਂ ਡੀ.ਪੀ. ਸਰ ਨੇ ਕੁੱਟਿਆ ਅਰ ਇਬ...।" ਬਾਲੀ ਨੇ ਹੁਣ ਰੋਣ ਵਾਲ਼ਾ ਡਰਾਮਾ ਜਿਹਾ ਕੀਤਾ।

ਪ੍ਰਿੰਸੀਪਲ ਨੇ ਸਖ਼ਤੀ ਨਾਲ਼ ਕਿਹਾ, "ਸਮਾਘ ਸਾਹਬ, ਸਮਝਾ ਦਿਓ ਆਪਣੇ ਬਦਮਾਸ਼ਾਂ ਨੂੰ ਵਈ ਜੇ ਮੁੰਡੇ ਨੂੰ ਹੱਥ ਵੀ ਲਾਇਆ ਤਾਂ ਆਪਣਾ ਚੰਗਾ-ਬੁਰਾ ਵਿਚਾਰ ਲੈਣ....ਜੇ ਕੋਈ ਵੀ ਉੱਨੀ-ਇੱਕੀ ਹੋਈ ਤਾਂ ਮੈਂ ਐੱਫ਼.ਆਈ.ਆਰ. ਕਰਵਾਵਾਂਗੀ ਤੇ ਉੱਪਰ ਡੀ.ਓ.ਸਾਹਬ ਨੂੰ ਵੀ ਲਿਖਾਂਗੀ...।"

"ਓ ਨਹੀਂ-ਨਹੀਂ ਜੀ...ਮੁੰਡੇ ਊਈਂ ਗੁੱਸੇ 'ਚ ਕਹਿਗੇ ਹੋਣਗੇ...ਮੇਰੀ ਜਿੰਮੇਵਾਰੀ ਆ ਜੀ ਪੂਰੀ...ਕੋਈ ਹੱਥ ਨਹੀਂ ਲਾਉਂਦਾ ਬਾਲੀ ਨੂੰ...ਬਾਕੀ ਜੀ ਕੱਲ੍ਹ ਨੂੰ ਪੇਸ਼ ਕਰਦੂੰ ਥੋਡੇ ਸਾਹਮਣੇ... ਨੱਕ ਨਾਲ ਲਕੀਰਾਂ ਕਢਵਾਊਂ ਜੀ...ਤੁਸੀਂ ਜਿਹੜਾ ਝਿੜਕਣਾ ਹੋਇਆ ਝਿੜਕ ਦਿਓ...ਬਾਕੀ ਖੜਕੈਂਤੀ ਮੈਂ ਆਪੇ ਕਰਦੂੰ...ਹੁਣ ਨ੍ਹੀਂ ਜੀ ਮੁੜ ਕੇ ਕਦੇ ਇਹੋ ਜਾ ਕੰਮ ਕਰਦੇ...ਮੈਂ ਗਰੰਟੀ ਲੈਨਾਂ...ਬਾਲੀ... ਤੂੰ ਘਬਰਾ ਨਾ, ਮੈਂ ਹੈਗਾਂ..!" ਸਮਾਘ ਦੀਆਂ ਗੱਲਾਂ ਸੁਣ-ਸੁਣ ਕੇ ਬਾਲੀ ਦਾ

ਢਿੱਡ ਹੱਸ ਰਿਹਾ ਸੀ, ਉਹਦਾ ਮਨ ਖਿੜਦਾ ਜਾ ਰਿਹਾ ਸੀ। ਅੱਜ ਉਹਨੇ ਇਕੋ ਤੀਰ ਨਾਲ਼, ਪਤਾ ਨਹੀਂ ਕਿੰਨੇ ਸ਼ਿਕਾਰ ਫੁੰਡੇ ਸਨ।

– – – –

* **ਸੂਤਰਧਾਰ :** ਤੁਸੀਂ ਰਮਾਇਣ ਤਾਂ ਪੜ੍ਹੀ ਹੋਵੇਗੀ..! ਚਲੋ ਪੜ੍ਹੀ ਨਾ ਹੋਵੇ ਦੇਖੀ ਤਾਂ ਜ਼ਰੂਰ ਹੋਵੇਗੀ...ਟੈਲੀਵਿਜ਼ਨ 'ਤੇ...ਉਹੀ ਰਾਮਾਨੰਦ ਸਾਗਰ ਆਲ਼ੀ..!! ਚਲੋ ਜੇ ਉਹ ਵੀ ਨਹੀਂ ਵੇਖੀ... ਘੱਟੋ-ਘੱਟ ਰਾਮਲੀਲ੍ਹਾ ਤਾਂ ਹਰ ਸਾਲ ਈ ਵੇਖਦੇ-ਸੁਣਦੇ ਹੋਵੋਂਗੇ !! ਯਾਦ ਐ, ਰਮਾਇਣ ਵਿਚ ਇਕ ਪਾਤਰ ਹੈ ਬਾਲੀ...ਹਾਂ ਜੀ, ਉਹੀ ਸੁਗਰੀਵ ਦਾ ਭਾਈ। ਜੀ, ਮੈਂ ਉਸੇ ਬਾਲੀ ਦੀ ਗੱਲ ਕਰ ਰਿਹਾਂ ਜਿਸਨੂੰ ਭਗਵਾਨ ਰਾਮ ਚੰਦਰ ਨੇ ਲੁਕ ਕੇ ਮਾਰਿਆ ਸੀ...ਕਿਉਂ? ਤੁਹਾਨੂੰ ਤਾਂ ਪਤਾ ਹੀ ਹੈ ਜੀ ਕਿ ਬਾਲੀ ਕੋਲ਼ ਇਹ ਵਰਦਾਨ ਸੀ, ਜਿਹੜਾ ਵੀ ਉਹਦੇ ਸਾਹਮਣੇ ਆ ਕੇ ਲੜੇਗਾ, ਉਹਦੀ ਅੱਧੀ ਸ਼ਕਤੀ ਬਾਲੀ ਕੋਲ਼ ਚਲੀ ਜਾਵੇਗੀ। ਭਾਵ ਬਾਲੀ ਕੋਲ਼ ਡੂਢੀ ਤੇ ਸਾਹਮਣੇ ਆਲ਼ੇ ਕੋਲ਼ ਅੱਧੀ। ਇਸੇ ਲਈ ਰਾਮ ਚੰਦਰ ਨੂੰ ਵੀ ਲੁਕ ਕੇ ਵਾਰ ਕਰਨਾ ਪਿਆ ਸੀ ਬਾਲੀ ਉੱਤੇ...ਨਹੀਂ ਬਾਲੀ ਕਿਤੇ ਮਰਨ ਵਾਲ਼ਾ ਸੀ? ਬਾਲੀ ਨਾਮ ਹੈ ਬਲ ਦਾ...! ਤਾਕਤ ਦਾ...!!

ਮੈਂ ਇਸ ਗੱਲ ਦਾ ਭੇਤ ਪਾ ਲਿਆ ਸੀ ਕਿ ਜੇ ਦੁਨੀਆ 'ਤੇ ਜਿਊਣੈ...ਤੇ ਬੰਦਿਆਂ ਵਾਂਗ ਜਿਊਣੈ ਤਾਂ ਰੀਂਅ-ਰੀਂਅ ਕਰ ਕੇ ਨਹੀਂ ਜਿਊਂਇਆ ਜਾਣਾ; ਬਲਸ਼ਾਲੀ ਬਣਨਾ ਪੈਣਾ ਏ, ਬਾਲੀ ਬਣਨਾ ਪੈਣਾ ਏ। ਮੈਨੂੰ ਇਹ ਵੀ ਪਤਾ ਲੱਗ ਗਿਆ ਸੀ ਬਈ ਜਿਸ ਜਾਤ ਤੇ ਜਿਸ ਘਰ 'ਚ ਮੈਂ ਜੰਮਿਆ ਹਾਂ, ਇਹਦੇ ਵਿਚ ਸਾਰੇ ਬਲਹੀਣ ਈ ਜੰਮਦੇ ਨੇ...ਜੇ ਕਿਸੇ 'ਚ ਮਾੜੀ-ਮੋਟੀ ਸੱਤਿਆ ਬਚੀ ਵੀ ਰਹਿਜੇ ਤਾਂ ਆਹ ਉੱਚੀਆਂ-ਵੱਡੀਆਂ ਜਾਤਾਂ-ਪਰਿਵਾਰਾਂ ਵਾਲ਼ੇ ਖੋਹ ਲੈਂਦੇ ਨੇ। ਸੋ ਜੀ ਬਲਹੀਣ ਜਾਤ 'ਚ ਜਨਮੇ, ਬਲਹੀਣ ਬਾਲੀ ਨੇ ਯਾਨੀ ਮੈਂ ਇਹ ਭੇਤ ਪਾ ਲਿਆ ਸੀ ਕਿ 'ਸਾਮ, ਦਾਮ, ਦੰਡ, ਭੇਦ' ਕੋਈ ਵੀ ਫ਼ਾਰਮੂਲਾ ਲਾਉਣਾ ਪਵੇ...ਬੱਸ ਬਲਸ਼ਾਲੀ ਬਣਨਾ ਹੈ। ਪਹਿਲਾਂ ਬਲਸ਼ਾਲੀ ਬਣੋ, ਫੇਰ ਬਾਲੀ ਬਣੋ...ਭਾਵ ਦੂਸਰਿਆਂ ਦਾ ਬਲ ਵੀ ਚੁੰਬਕ ਵਾਂਗ ਆਪਣੇ ਵੱਲ ਖਿੱਚੋ, ਨਹੀਂ ਤਾਂ ਦੂਸਰਿਆਂ ਨੇ ਅੱਜ ਨਹੀਂ ਤਾਂ ਕੱਲ੍ਹ, ਤੁਹਾਡਾ ਬਲ ਖਿੱਚ ਹੀ ਲੈਣਾ ਹੈ। ਜਿਹੜਾ ਅੱਜ ਤੁਹਾਡੇ ਨਾਲ਼ ਹੈ, ਕੱਲ੍ਹ ਨੂੰ ਉਹੀ ਤੁਹਾਡਾ ਸਭ ਤੋਂ ਵੱਡਾ ਵਿਰੋਧੀ, ਤੁਹਾਡਾ ਪ੍ਰਤਿਦਵੰਦੀ ਬਣ ਸਕਦਾ ਹੈ... ਉਸਨੇ ਕਿਰਕ ਨਹੀਂ ਕਰਨੀ, ਫੇਰ ਤੁਸੀਂ ਕਿਉਂ ਕਰੋਂ...!! ਨਾਲ਼ੇ ਮੌਕਾ ਨਾ ਉਡੀਕੋ, ਮੌਕੇ ਪੈਦਾ ਕਰੋ...। ਛਲ ਕਰੋ, ਕਪਟ ਕਰੋ, ਹਿੰਸਾ ਕਰੋ, ਚੰਗਾ-ਬੁਰਾ ਕਰੋ...ਜੋ ਵੀ ਕਰਨਾ ਪਵੇ ਕਰੋ, ਬੱਸ ਬਲਸ਼ਾਲੀ ਬਣੋ...ਹੋਰਾਂ ਦੀਆਂ ਸ਼ਕਤੀਆਂ ਖੋਹ ਲਵੋ, ਆਪਣੀ ਸਦਾ ਬਚਾ ਕੇ ਰੱਖੋ। ਉੱਚੀ ਥਾਂ ਉੱਤੇ ਚੜ੍ਹਨ ਲਈ ਪੌੜ ਤਾਂ ਚਾਹੀਦੇ ਹੀ ਹੁੰਦੇ ਨੇ, ਬੱਸ ਬਾਕੀ ਸਭ ਨੂੰ ਪੌੜ ਸਮਝੋ...ਜਿਨ੍ਹਾਂ 'ਤੇ ਤੁਹਾਡੀ ਪੈੜ ਹੋਵੇ; ਪੈੜਾਂ ਪਾਉਂਦੇ, ਪੈੜਾਂ ਛੱਡਦੇ ਦੂਰ ਚਲੇ ਜਾਓ.. ਉੱਚੇ, ਹੋਰ ਉੱਚੇ...ਜਿੱਥੋਂ ਨਾ ਤੁਹਾਨੂੰ ਪੌੜ ਦਿਸਣ, ਨਾ ਪੌੜਾਂ ਨੂੰ ਤੁਸੀਂ.. !!' ਮੈਂ ਬੱਸ ਇਨ੍ਹਾਂ ਗੱਲਾਂ ਨੂੰ ਲੜ ਬੰਨ੍ਹ ਕੇ, ਹੌਲ਼ੀ-ਹੌਲ਼ੀ ਸਫ਼ਲਤਾ ਦੀਆਂ ਪੌੜੀਆਂ ਚੜ੍ਹਦਾ ਜਾ ਰਿਹਾ ਸੀ।

– – – –

** **ਮੱਛੀ ਦੀ ਅੱਖ ਤੇ ਦਰੋਣ**

ਸਕਾਲਰਸ਼ਿਪਾਂ ਦੇ ਸਿਰ 'ਤੇ ਬਾਲੀ ਐੱਮ.ਏ. ਕਰ ਕੇ ਮੁੜ ਪੀਐੱਚ.ਡੀ. ਵਿਚ ਦਾਖ਼ਲ ਹੋ ਗਿਆ। ਉਸਨੇ ਆਪਣੇ ਗਾਈਡ ਡਾ. ਮੰਗਤ ਰਾਮ ਦੀ ਬਹੁਤ ਸੇਵਾ-ਪਾਣੀ ਕੀਤੀ, ਉਹਦਾ ਹਰੇਕ ਕੰਮ ਭੱਜ-ਭੱਜ ਕਰਨਾ। ਪੜ੍ਹਾਈ-ਲਿਖਾਈ ਤਾਂ ਚਲਦੀ ਹੀ ਰਹਿੰਦੀ ਸੀ; ਉਹ ਗਾਈਡ ਦੇ ਘਰੇਲੂ ਕੰਮਾਂ ਦੀ ਵੀ ਨਿਸ਼ਾ ਕਰਵਾ ਦਿੰਦਾ। ਡਾ. ਮੰਗਤ ਦੇ ਅੰਡਰ ਹੋਰ ਪੀਐੱਚ.ਡੀ. ਕਰਦੇ ਵਿਦਿਆਰਥੀਆਂ ਦੇ ਬਹੁਤਾ ਲਿਖਣ-ਪੜ੍ਹਨ ਦਾ ਕੰਮ ਵੀ ਬਾਲੀ ਨੂੰ ਹੀ ਕਰਨਾ ਪੈਂਦਾ ਕਿਉਂਕਿ ਡਾ. ਮੰਗਤ ਅਨੁਸਾਰ, 'ਬੱਸ ਬਾਲੀ ਹੀ ਇਸਦੇ ਸਮਰੱਥ ਏ, ਬਾਕੀ ਤਾਂ ਸਭ ਮਾਤਾ ਦਾ ਮਾਲ ਨੇ।'

ਭਾਵੇਂ ਕਿ ਬਾਲੀ ਨੂੰ ਬਾਕੀ ਹੋਰ ਖੋਜਾਰਥੀ ਗੁਰੂ ਭਾਈ-ਭੈਣਾਂ ਦਾ ਕੰਮ ਕਰਨਾ ਚੰਗਾ ਤਾਂ ਨਾ ਲਗਦਾ ਪਰ ਉਹਨੇ ਡਾ. ਮੰਗਤ ਦੇ ਸਾਹਮਣੇ ਕਦੇ ਮੱਥੇ 'ਤੇ ਵੱਟ ਨਾ ਪਾਇਆ। ਉਂਝ ਕਈ ਵਾਰ

ਉਹ ਗੱਲੀਂ-ਬਾਤੀ ਡਾ. ਮੰਗਤ ਨੂੰ ਇਹ ਗੱਲ ਰੜਕਾ ਜ਼ਰੂਰ ਦਿੰਦਾ ਸੀ। ਇਕ ਦਿਨ ਆਖਣ ਲੱਗਾ, "ਗੁਰੂਦੇਵ ਫੇਰ ਤੁਸੀਂ ਇਹ ਮਾਤਾ ਦਾ ਮਾਲ ਇਕੱਠਾ ਹੀ ਕਿਉਂ ਕੀਤਾ ਹੈ?"

ਬਾਲੀ ਦੇ ਦਿਲ ਦੀ ਗੱਲ ਬੁੱਲ੍ਹਾਂ 'ਤੇ ਆ ਗਈ ਕਿਉਂਕਿ ਹੁਣ ਉਸਨੂੰ ਡਾ. ਮੰਗਤ 'ਤੇ ਪੂਰਾ ਵਿਸ਼ਵਾਸ ਹੋ ਗਿਆ ਸੀ ਤੇ ਡਾ. ਮੰਗਤ ਨੂੰ ਉਹਦੇ 'ਤੇ..."ਕੀ ਕਰਾਂ ਪੁੱਤਰਾ...ਸਫਾਰਸ਼ਾਂ ਮਾਰ ਜਾਂਦੀਆਂ ਸਹੁਰੇ ਦੀਆਂ..!! ਹੁਣ ਤਾਂ ਰਿਸਰਚ ਕਰਾਉਣ ਲਈ ਸਾਲ਼ੀਆਂ ਸਫਾਰਸ਼ਾਂ ਵੀ ਪਲਿਟੀਕਲ ਔਣ ਲੱਗਪੀਆਂ...ਕਦੇ ਕਿਸੇ ਮੰਤਰੀ ਦਾ ਫ਼ੋਨ ਆ ਜਾਂਦੈ, ਕਦੇ ਕਿਸੇ ਐੱਮ.ਐੱਲ.ਏ. ਦਾ...ਅਖੇ ਜੀ ਤੁਹਾਡੀ ਓ ਬੱਚੀ ਐ...ਤੁਸੀਓਂ ਬੇੜਾ ਪਾਰ ਲਾਉਣੈ...।" ਡਾ. ਮੰਗਤ ਨੇ ਅੰਦਰਲੀ ਗੱਲ ਦੱਸੀ ਸੀ।

ਬਾਲੀ ਨੇ ਹੋਰ ਕੁਰੇਦਣ ਦੇ ਲਹਿਜੇ ਨਾਲ਼ ਪੁੱਛਿਆ ਸੀ, "ਗੁਰੂਦੇਵ, ਚਲੋ ਇਹ ਆਹ ਪੀਐੱਚ.ਡੀ. ਵਾਲ਼ਾ ਬੈਰੀਅਰ ਤਾਂ ਔਖੇ-ਸੌਖੇ ਟੱਪ ਵੀ ਜਾਣਗੇ ਪਰ ਅੱਗੇ ਜਾ ਕੇ ਨੌਕਰੀ ਵਾਲ਼ਾ ਟੋਲ ਇਨ੍ਹਾਂ ਤੋਂ ਨਹੀਂ ਟੱਪਿਆ ਜਾਣਾ..।"

"ਹਾਹਾਹਾਹਾ...ਬਾਲੀ...ਕਹਿੰਦੇ ਜਿਹੜੇ ਲਹੌਰ ਬੁੱਧੂ, ਉਹ ਪਿਸ਼ੌਰ ਵੀ ਬੁੱਧੂ...ਉਵੇਂ ਈ ਜਿਨ੍ਹਾਂ ਕੋਲ਼ ਲਹੌਰ ਸਫ਼ਾਰਸ਼ਾਂ ਨੇ, ਉਹ ਪਸ਼ੌਰ ਕਿਹੜਾ ਸਫ਼ਾਰਸ਼ਾਂ ਤੋਂ ਬਿਨਾਂ ਹੋਣਗੇ...!! ਓ ਬਈ ਜਿਹਦੇ ਕੋਲ਼ ਰਿਸਰਚ ਕਰਾਵਣ ਲਈ ਵੀ ਐੱਮ.ਪੀਆਂ., ਐੱਮ.ਐੱਲ.ਏ. ਦੀਆਂ ਸਫਾਰਸ਼ਾਂ ਹੋਣ ਉਨ੍ਹਾਂ ਦਾ ਨੌਕਰੀ ਆਲ਼ਾ ਅਸ਼ਵਮੇਧੀ ਘੋੜਾ ਕਿਹੜਾ ਡੱਕ ਲਊ? ਓ ਇਨ੍ਹਾਂ ਨੇ ਆਹੀ ਸਫਾਰਸ਼ਾਂ ਆਲ਼ਾ ਯੱਕਾ ਜੋੜ ਕੇ ਸਾਰੇ ਟੋਲ-ਬੈਰੀਅਰ ਟੱਪ ਜਾਣੇ ਆ...ਕ ਨਾ ਟੱਪਣਗੇ?" ਡਾ. ਮੰਗਤ ਨੇ ਜੱਗ-ਸੱਚਾਈ ਦੱਸ ਦਿੱਤੀ ਸੀ।

"ਫੇਰ ਗੁਰੂ ਜੀ, ਸਾਡੇ ਵਰਗੇ ਤਾਂ ਪਿੱਛੇ ਹੀ ਰਹਿ ਜਾਣਗੇ ਮਿਹਨਤਾਂ ਕਰਦੇ.... ਮ੍ਹਾਰੇ ਪਾ ਤਾਂ ਮੰਤਰੀ ਕਿਆ, ਸੰਤਰੀ ਦੀ ਸਫ਼ਾਰਸ਼ ਬੀ ਨ੍ਹੀ ਹੈਗੀ..!!" ਬਾਲੀ ਨੇ ਜਾਣ-ਬੁੱਝ ਕੇ ਡਾ. ਮੰਗਤ ਨੂੰ ਰੜਕਾਇਆ ਸੀ।

"ਪੁੱਤ, ਭਾਮੇਂ ਸਾਰੀ ਦੁਨੀਆ ਰਹਿਜੇ ਪਰ ਤੈਨੂੰ ਮੈਂ ਸੈੱਟ ਕਰਵਾਊਂ...ਇਹ ਮੇਰੀ ਜਬਾਨ ਐ...ਜੇ ਨਾ ਕਰਵਾ ਸਕਿਆ ਭਾਮੇਂ ਬਜਾਰ 'ਚ ਖੜ੍ਹਾ ਕੇ ਛਿੱਤਰ ਮਾਰਦੀਂ...। ਆਪਣੇ ਕੰਨੀਓਂ ਤੂੰ ਬਚਿੰਤ ਹੋਜਾ....ਓ ਤੂੰ ਮੇਰਾ ਬੋਲ ਮੂੰਹ 'ਚੋਂ ਨ੍ਹੀਂ ਡਿੱਗਣ ਦਿੰਦਾ, ਓਸ ਤੋਂ ਪਹਿਲਾਂ ਈ ਹਾਮੀ ਭਰ ਦਿੰਨੈ...ਤੇਰੇ ਅਰਗੇ ਕਾਬਿਲ ਬੰਦੇ ਨੂੰ ਮੈਂ ਕਿਤੇ ਪਿੱਛੇ ਰਹਿਣ ਦੇਦੂੰ...ਦੱਸ ਰਹਿਣ ਦੇਦੂੰ?" ਇੰਨਾ ਆਖ ਡਾ. ਮੰਗਤ ਕਿੰਨਾ ਹੀ ਚਿਰ ਬਾਲੀ ਦੀ ਪਿੱਠ ਥਾਪੜੀ ਗਏ ਤੇ ਉਦੋਂ ਹੀ ਬਾਲੀ ਡਾ. ਮੰਗਤ ਦੇ ਕਦਮਾਂ ਵਿਚ ਢੇਰੀ ਹੋ ਗਿਆ, "ਬੱਸ ਗੁਰੂ ਜੀ, ਤੁਸੀਂ ਹੀ ਹੋ...ਮਾਤਾ, ਪਿਤਾ, ਭ੍ਰਾਤਾ...ਸਭ ਗਿਆਤਾ...ਆਪਣੀਆਂ ਆਸਾਂ ਦੀਆਂ ਸਭ ਡੋਰਾਂ ਤਾਂ ਬੱਸ ਤੁਹਾਡੇ ਉੱਤੇ ਹੀ ਹਨ..।"

"ਆਹ ਮਾਤਾ ਦੇ ਮਾਲ ਨੂੰ ਮੈਂ ਇਸ ਲਈ ਵੀ ਨਾਂਹ ਨਈਂ ਕਰਦਾ ਬਾਲੀ, ਬਈ ਪਾਣੀ 'ਚ ਰਹਿ ਕੇ ਮਗਰਮੱਛਾਂ ਨਾਲ਼ ਵੈਰ ਮਾੜਾ ਈ ਹੁੰਦੈ। ਹੁਣ ਜਿਹੜਾ ਮੰਤਰੀ-ਸੰਤਰੀ ਇਨ੍ਹਾਂ ਦੀ ਸਫਾਰਸ਼ ਕਰਦੈ, ਜੇ ਕੱਲ੍ਹ ਨੂੰ ਆਪਾਂ ਨੂੰ ਕੋਈ ਲੋੜ ਪਈ, ਨਾਂਹ ਕਰਦੂ..!! ਦੱਸ ਕਰਦੂ ਨਾਂਹ!! ਨਾਲ਼ੇ ਇਨ੍ਹਾਂ ਸਭ ਨੇ ਨੌਕਰੀ ਲੱਗ ਜਾਣੈ ਅੱਡ-ਅੱਡ ਥਾਵਾਂ 'ਤੇ...ਓ ਆਪਣੀ ਓ ਸ਼ਕਤੀ ਵਧਣੀ ਐ...ਇਹ ਜੁਆਕ ਆਪਣੇ ਤੋਂ ਬਾਹਰ ਤਾਂ ਨ੍ਹੀਂ ਹੋ ਸਕਦੇ...ਕ ਹੋ ਜਾਣਗੇ?" ਡਾ. ਮੰਗਤ ਨੇ ਬਾਲੀ ਅੱਗੇ ਸਾਰੀ ਚਣਕਿਆ ਨੀਤੀ ਖੋਲ੍ਹ ਕੇ ਰੱਖ ਦਿੱਤੀ ਸੀ, "ਬੱਸ ਪੁੱਤ ਬਣ ਕੇ ਇਨ੍ਹਾਂ ਦੀ ਬੇੜੀ ਲਵਾ ਦੇ ਬੰਨੇ ਨਾਲ਼ ਹੋ ਕੇ...ਇਕ ਆਰੀਂ ਆਹ ਸਾਰੇ ਡਾਕਟਰ ਬਣਗੇ...ਬੱਸ... ਫੇਰ ਆਪਣਾ ਕੰਮ ਮੁੱਕਿਆ। ਤੂੰ ਇਨ੍ਹਾਂ ਦੇ ਥੀਸਿਸ ਜੇ ਨਾਲ਼ ਹੋ ਕੇ ਨਬੇੜ ਦੇ...ਤੇਰੇ ਬਿਨਾਂ ਨਹੀਂ ਗੱਡੀ ਰੁੜ੍ਹਨੀ...ਕ ਰੁੜ੍ਹਜੂਗੀ!!"

"ਗੁਰੂ ਜੀ ਮੈਂ ਤੁਹਾਨੂੰ ਕਦੇ ਪਹਿਲਾਂ ਨਾਂਹ ਕੀਤੀ ਹੈ? ਤੁਹਾਡਾ ਕਿਹਾ ਸਭ ਸਿਰ-ਮੱਥੇ ਹੈ...।" ਬਾਲੀ ਇੰਨਾ ਆਖ ਫੇਰ ਡਾ. ਮੰਗਤ ਦੇ ਚਰਨਾਂ ਵਿਚ ਢੇਰੀ ਹੋ ਗਿਆ।

"ਓਏ ਬਾਲੀ ਹੁਣ ਤਾਂ ਤੂੰ ਪੰਜਾਬੀ ਵੀ ਵਧੀਆ ਬੋਲਣ ਲੱਗ ਪਿਆ...ਹੈਂਅ...ਪਰ ਬੋਲਦਾ ਐਂ ਆਂ ਬਈ ਜਿਮੇਂ ਕਿਤਾਬ ਤੋਂ ਪੜ੍ਹਦਾ ਹੋਮੇਂ...ਹਾਹਾਹਾ...।" ਡਾ. ਮੰਗਤ ਨੇ ਕਿਹਾ।

ਡਾ. ਮੰਗਤ ਦੀ ਗੱਲ ਸੁਣ ਕੇ ਬਾਲੀ ਹੈਰਾਨ-ਪਰੇਸ਼ਾਨ ਜਿਹਾ ਹੋ ਗਿਆ ਸੀ, 'ਬਈ ਏਸ ਗੱਲ

ਦਾ ਕੀ ਮਤਲਬ ਕਿ – ਪੰਜਾਬੀ ਵਧੀਆ ਬੋਲਣ ਲੱਗ ਪਿਆਂ?' ਉਹਨੇ ਦੁਬਿਧਾ ਜਿਹੀ ਵਿਚ ਪੁੱਛਿਆ, "ਮਤਲਬ ਗੁਰੂ ਜੀ? ਮੈਂ ਤਾਂ ਸ਼ੁਰੂ ਤੋਂ ਹੀ ਪੰਜਾਬੀ ਬੋਲਦਾ ਰਿਹਾ ਹਾਂ ਜੀ!!"

"ਓ ਨਹੀਂ...ਪਹਿਲਾਂ ਥਾਰੇ-ਮ੍ਹਾਰੇ ਜਿਹੇ ਬਾਹਲ਼ੇ ਕਰਦਾ ਹੁੰਦਾ ਸੀ ਨਾ...!!" ਇੰਨਾ ਆਖ ਡਾ. ਮੰਗਤ ਉੱਚੀ-ਉੱਚੀ ਹੱਸੇ। ਨਾਲ਼ ਹੀ ਬਾਲੀ ਵੀ ਕੱਚਾ ਜਿਹਾ ਹੱਸ ਪਿਆ ਸੀ। ਪਿੱਛੋਂ ਸਫ਼ਾਈ ਜਿਹੀ ਦਿੰਦਾ ਕਹਿੰਦਾ, "ਤੁਹਾਨੂੰ ਤਾਂ ਪਤਾ ਹੀ ਹੈ ਗੁਰੂ ਜੀ, ਪੁਆਧ ਵਾਲੇ ਸਾਰੇ ਹੀ ਇੱਤਰਾਂ ਈ ਬੋਲਾਂ।"

"ਆਈ ਨੋ...ਮੈਨੂੰ ਤਾਂ ਪਤਾ ਈ ਐ ਪਰ ਸਾਲ਼ੇ ਅੱਧੇ ਪੰਜਾਬ ਨੂੰ ਨਹੀਂ ਪਤਾ ਬਈ ਪੁਆਧੀ ਵੀ ਪੰਜਾਬੀ ਦੀ ਡਾਇਲੈਕਟ ਏ, ਮਲਵਈ, ਮਾਝੀ ਤੇ ਦੁਆਬੀ ਆਂਗੂੰ। ਅੱਧੇ ਤਾਂ ਇਹਨੂੰ ਬਾਂਗਰ ਆਲ਼ਿਆਂ ਦੀ ਬੋਲੀ ਸਮਝੀ ਜਾਂਦੇ ਆ। ਹੁਣ ਇਨ੍ਹਾਂ ਬਾਹਲ਼ੇ ਸਿਆਣਿਆਂ ਨੂੰ ਸਮਝਾਵੇ ਕੌਣ? ਦੇਖ ਮੈਨੂੰ ਪਤੈ ਬਈ ਕੋਈ ਬੀ ਭਾਸ਼ਾ ਉੱਚੀ-ਨੀਵੀਂ, ਚੰਗੀ-ਮਾੜੀ ਨ੍ਹੀਂ ਹੁੰਦੀ ਪਰ ਲੋਕਾਂ ਨੂੰ ਕੌਣ ਸਮਝਾਵੇ, ਬਈ ਇਹ ਬੀ ਓਕਣੇ ਪੰਜਾਬੀ ਐ ਜਿਮੇਂ ਥੋਡੀ ਮਲਵਈ ਐ, ਦੁਆਬੀ, ਮਾਝੀ ਐ... ਪਰ ਆਪਣੇ ਤਾਂ ਪੁਆਧੀ ਬੋਲਣ ਆਲ਼ੇ ਨੂੰ ਅਨਪੜ੍ਹ ਈ ਸਮਝਦੇ ਆ, ਕਹਿੰਦੇ –ਇਹ ਤਾਂ ਗੰਵਾਰੂ ਬੋਲੀ ਐ, ਪੇਂਡੂ...ਹੁਣ ਕਿਹਨੂੰ-ਕਿਹਨੂੰ ਸਮਝਾਏਂਗਾ ਬਈ ਇਹ ਗੰਵਾਰਾਂ ਦੀ ਬੋਲੀ ਨਹੀਂ...ਕ ਸਮਝਾਲੇਂਗਾ!!" ਡਾ. ਮੰਗਤ ਨੇ ਆਪਣੀ ਆਦਤ ਅਨੁਸਾਰ ਆਖ਼ਰੀ ਸ਼ਬਦਾਂ ਰਾਹੀਂ ਬਾਲੀ ਤੋਂ ਸੁਆਲ ਪੁੱਛਿਆ ਸੀ ਜਿਸ ਦਾ ਬਾਲੀ ਨੇ ਸਦਾ ਵਾਂਗ ਸਿਰ ਹਿਲਾ ਕੇ 'ਨਾਂਹ' ਵਿਚ ਜਵਾਬ ਦੇ ਦਿੱਤਾ ਸੀ।

"ਤੈਨੂੰ ਪਤੈ ਮੇਰਾ ਪਿੰਡ ਕਿਹੜੈ? ਜੋਗਾ...ਜੋਗਾ-ਰੱਲਾ...ਮਾਨਸੇ ਦੇ ਨੇੜੇ ਐ...ਸਾਡੇ ਸਾਲ਼ਾ 'ਸੱਸੇ, ਛੱਛੇ' ਦਾ ਰੌਲ਼ੈ...ਸਾਨੂੰ ਨ੍ਹੀਂ ਪਤਾ ਬਈ ਕਿੱਥੇ 'ਸੱਸਾ' ਲੱਗਣੈ ਤੇ ਕਿੱਥੇ 'ਛੱਛਾ' ਲੱਗਣੈ ਤੇ ਕਿਹੜੇ 'ਸੱਸੇ' ਦੇ ਪੈਰ 'ਚ ਬਿੰਦੀ ਲੱਗੂ...! ਜਦ ਮੈਂ ਆਹ ਯੂਨੀਵਰਸਿਟੀ ਵਿਚ ਨਮਾਂ-ਨਮਾਂ ਆਇਆ ਸੀ ਐੱਮ.ਏ. ਕਰਨ...ਇਨ੍ਹਾਂ ਸਾਲ਼ਿਆਂ ਨੇ ਮੇਰਾ ਬੀ ਬਹੁਤ ਮਜਾਕ ਬਣਾਇਆ ਸੀ ਮਾਨਸੇ ਆਲ਼ੀ ਬੋਲੀ ਕਰਕੇ...। ਮੈਂ ਉਦੋਂ ਬਥੇਰਾ ਸਮਝਾਇਆ ਬਈ ਸਾਡੇ ਮਾਨਸੇ ਕੰਨੀਂ ਐਈਂ ਬੋਲਦੇ ਐ...ਪਰ ਕਾਹਨੂੰ...ਸਾਲ਼ਾ ਹਰੇਕ ਈ ਮੇਰਾ ਖਿੱਚਿਆ ਕਰੇ...ਇਕ ਗਾਣਾ ਵੀ ਜੋੜੀਂ ਫਿਰਨ, ਮੈਨੂੰ ਗਾ-ਗਾ ਕੇ ਸੁਣਾਇਆ ਕਰਨ ਅਖੇ, 'ਮੱਸੀ, ਮੱਸਰ, ਕੱਸੂ, ਬੱਸੇ; ਸੱਪੜ 'ਚ ਬੰਨ੍ਹੇ ਇੱਕੋ ਰੱਛੇ।' ਮੈਂ ਸੋਚਿਆ 'ਬਈ ਮਨਾਂ, ਇਨ੍ਹਾਂ ਸਾਰਿਆਂ ਨਾਲ਼ ਮੱਥਾ ਮਾਰਨ ਤੋਂ ਚੰਗੈ, ਤੂੰ ਆਪਣੀ ਬੋਲੀ ਸੁਧਾਰ।' ਸੋ ਬਈ ਮੈਂ ਬਾਹਵਾ ਜੋਰ ਮਾਰ ਕੇ 'ਸੱਸੇ, ਛੱਛੇ' ਤੇ ਆਹ 'ਸੱਸੇ' ਪੈਰ ਬਿੰਦੀ ਆਲ਼ਾ ਰੌਲ਼ਾ ਮਕਾਇਆ...ਹੁਣ ਬੀ ਕਦੇ-ਕਦੇ, ਕਿਤੇ-ਕਿਤੇ ਕੁੱਤਾ ਫਸ ਏ ਜਾਂਦੈ...ਹਾਹਾਹਾਹਾ...ਸੋ ਮੈਂ ਤਾਂ, ਤਾਂ ਕਿਹਾ ਸੀ ਤੈਨੂੰ...ਗੁੱਸਾ ਤਾਂ ਨ੍ਹੀਂ ਕਰਿਆ ਮੇਰੀ ਗੱਲ ਦਾ?" ਡਾ. ਮੰਗਤ ਨੇ ਤੋੜਾ ਝਾੜਿਆ।

"ਓ ਨਹੀਂ-ਨਹੀਂ ਗੁਰੂ ਜੀ...ਤੁਹਾਡੀ ਗੱਲ ਦਾ ਗੁੱਸਾ...!! ਕਦੇ ਵੀ ਨਹੀਂ...।" ਬਾਲੀ ਨੂੰ ਪਹਿਲਾਂ ਸੱਚੀਂ ਗ਼ੁੱਸਾ ਆਇਆ ਸੀ ਪਰ ਡਾ. ਮੰਗਤ ਦਾ ਲਾੱਜਿਕ ਸੁਣ ਕੇ ਉਸ ਦਾ ਗ਼ੁੱਸਾ ਢੈਲ਼ਾ ਹੋ ਗਿਆ ਸੀ।

"ਇਕ ਗੱਲ ਯਾਦ ਰੱਖੀਂ ਪੁੱਤ...ਬੋਲੀ ਲੋਕ-ਦਖਾਵੇ ਨੂੰ ਬਦਲਣੀ ਐ...ਆਪਣੇ ਲੋਕਾਂ 'ਚ ਜਾ ਕੇ ਆਪਣੀ ਬੋਲੀ 'ਚ ਈ ਗੱਲ ਕਰਨੀ ਐ...ਠੀਕ ਐ..!! ਨਾ ਆਪਣੀ ਬੋਲੀ ਭੁੱਲਣੀ ਐ... ਨਾ ਇਹ ਭੁੱਲਣੈ ਬਈ ਤੂੰ ਆਇਆ ਕਿੱਥੋਂ ਐਂ!! ਜਿਹੜਾ ਬੰਦਾ ਆਪਣੀਆਂ ਜੜ੍ਹਾਂ ਤੋਂ ਟੁੱਟ ਜਾਂਦੈ, ਉਹ ਛੇਤੀ ਹੀ ਸੁੱਕ-ਮੁੱਕ ਜਾਂਦੈ...।" ਡਾ. ਮੰਗਤ ਨੇ ਆਪਣੀ ਗੱਲ ਮੁਕਾਉਂਦਿਆਂ ਆਪਣੀ ਸਿਆਣਪ ਤੋਂ ਜਾਣੂ ਕਰਵਾ ਦਿੱਤਾ ਸੀ। ਇਸ ਵਾਰ ਬਾਲੀ ਸੱਚੇ ਮਨੋਂ ਡਾ. ਮੰਗਤ ਦੇ ਚਰਨਾਂ ਵਿਚ ਢੇਰੀ ਹੋਇਆ ਸੀ।

– – – –

ਡਾ. ਮੰਗਤ ਨੂੰ ਬਾਲੀ ਆਪਣੇ ਪੁੱਤਰਾਂ ਵਰਗਾ ਲਗਦਾ। ਉਹ ਕਦੇ-ਕਦੇ ਦਾਰੂ ਪੀ ਕੇ, ਲੋਰ ਵਿਚ ਆਏ ਇਕੋ ਗੱਲ ਵਾਰ-ਵਾਰ ਕਹਿੰਦਾ ਰਹਿੰਦਾ। ਬਾਲੀ ਵੀ ਸੁਣਦਾ ਰਹਿੰਦਾ ਕਿਉਂਕਿ ਉਹ ਸਾਰੀਆਂ ਗੱਲਾਂ ਉਹਨੂੰ ਵੀ ਹੁਲਾਰਾ ਦਿੰਦੀਆਂ। ਡਾ. ਮੰਗਤ ਕਹਿੰਦਾ, "ਬਾਲੀ...ਓ ਡਾ. ਬਾਲੀ...

ਤੂੰ ਮੇਰਾ ਪੁੱਤ ਐਂ...ਇੰਝ ਈ ਮਿਹਨਤ ਕਰ...ਮੈਂ ਤੈਨੂੰ ਪੱਕੀ ਨੌਕਰੀ 'ਤੇ ਲਵਾਊਂ...ਉਹ ਵੀ ਯੂਨੀਵਰਸਿਟੀ ਵਿਚ...ਕਾਲਜਾਂ 'ਚ ਨ੍ਹੀਂ ਧੱਕੇ ਖਾਣ ਦਿੰਦਾ ਮੈਂ ਤੈਨੂੰ..।"

...ਤੇ ਬਾਲੀ ਆਪਣੇ ਗਾਈਡ ਦੀਆਂ ਲੱਤਾਂ ਘੁੱਟਦਾ ਨੀਵੀਂ ਜਿਹੀ ਪਾ ਕੇ ਕਹਿੰਦਾ, "ਗੁਰੂ ਜੀ, ਬੱਸ ਤੁਸੀਂ ਕਹਿਤਾ ਤੇ ਮੈਨੂੰ ਨੌਕਰੀ ਮਿਲ ਗਈ...ਇੰਨਾ ਈ ਬਹੁਤ ਐ...ਮੇਰੀ ਜਾਤ ਕਰਕੇ ਤਾਂ ਮੈਨੂੰ ਕਿਸੇ ਨੇ ਨੇੜੇ ਵੀ ਨਹੀਂ ਸੀ ਲਾਇਆ, ਪਰ ਤੁਸੀਂ ਆਸਰਾ ਦਿੱਤਾ...ਬੱਸ ਇਹੋ ਬਹੁਤ ਆ...।"

ਬਾਲੀ ਨੂੰ ਵੀ ਪਤਾ ਸੀ ਬਈ ਉਹਦਾ ਗਾਈਡ ਵੀ ਉਹਦੀ ਹੀ ਜਾਤ ਦਾ ਹੈ। ਉਹ ਅਕਸਰ ਡਾ. ਮੰਗਤ ਦੀ ਇਸ ਦੁਖਦੀ ਰਗ 'ਤੇ ਹੱਥ ਧਰ ਦਿੰਦਾ ਸੀ, "ਜਾਤ...ਆਪਣੀ ਜਾਤ ਨਾ ਭੁੱਲੀਂ...ਨਾ ਭੁੱਲੀਂ ਜੋ-ਜੋ ਤੇਰੇ ਨਾਲ਼ ਹੋਇਐ...ਨਾ ਭੁੱਲੀਂ ਜੋ-ਜੋ ਮੇਰੇ ਨਾਲ਼ ਹੋਇਐ...ਗਿਣ-ਗਿਣ ਬਦਲੇ ਲਈਂ ਇਨ੍ਹਾਂ ਤੋਂ...ਸਾਲ਼ਿਆਂ ਨੇ ਸਾਰੀ ਯੂਨੀਵਰਸਿਟੀ ਆਪਣੇ ਰਿਸ਼ਤੇਦਾਰਾਂ ਨਾਲ਼ ਭਰ ਰੱਖੀ ਐ...ਪਹਿਲਾਂ ਪਿਓ ਭਰਤੀ ਹੋਇਆ, ਉਹਨੇ ਘਰਆਲ਼ੀ ਭਰਤੀ ਕਰਲੀ...ਮਾਂ ਨੇ ਪੁੱਤ ਜੰਮਿਆ, ਪੁੱਤ ਵੀ ਜੰਮਦਾ ਈ ਯੂਨੀਵਰਸਿਟੀ 'ਚ ਸਕਾਲਰ ਹੋ ਗਿਆ, ਫੇਰ ਨੂੰਹ ਆਗੀ, ਉਹਨੂੰ ਵੀ ਭਰਤੀ ਕਰਲਿਆ...ਫੇਰ ਪੋਤੇ-ਪੋਤੀਆਂ, ਦੋਹਤੇ-ਦੋਹਤੀਆਂ, ਚਾਚੇ ਦੇ ਮੁੰਡੇ, ਭੂਆ ਦੀ ਕੁੜੀ...ਇਨ੍ਹਾਂ ਦੀ ਭੈਂ...। ਮੈਂ ਆਪਣੇ ਦਮ 'ਤੇ ਭਰਤੀ ਹੋਇਆਂ...ਕੋਈ ਸਫਾਰਸ਼ ਨ੍ਹੀਂ ਸੀ ਮੇਰੇ ਕੋਲ਼...ਇਨ੍ਹਾਂ ਉੱਚੀਆਂ ਜਾਤਾਂ ਆਲ਼ਿਆਂ ਦੀ ਧੌਣ 'ਚੋਂ ਕਿੱਲਾ ਕੱਢ ਕੇ ਭਰਤੀ ਹੋਇਆਂ...ਫੇਰ ਇਹੋ ਕਿੱਲਾ ਦੇਤਾ ਇਨ੍ਹਾਂ...ਇਹ ਭੈਣਨੇ ਉੱਤੋਂ-ਉੱਤੋਂ ਕਰੀ ਜਾਣਗੇ...ਹਮ ਕਾਮਰੇਡ...ਹਮ ਮਾਰਕਸ ਕੇ ਵੰਸ਼ਜ਼...ਟੱਟੂ ਦੇ ਕਾਮਰੇਡ...ਸਾਲ਼ਿਆਂ ਦੇ ਅੰਦਰੋਂ ਹਜੇ ਤਕ ਜਾਤ ਆਲ਼ਾ ਕੀੜਾ ਤਾਂ ਮਰਿਆ ਨ੍ਹੀਂ...ਫੇਰ ਛਣਕਣੇ ਦੇ ਕਾਮਰੇਡ ਐ...ਪਰ ਬਾਲੀ ਤੇਰੇ ਸਿਰ 'ਤੇ ਮੈਂ ਆਂ...ਪੱਕਾ ਕਾਮਰੇਡ...ਕੋਈ ਭੈਂ...ਨਹੀਂ ਰੋਕ ਸਕਦਾ ਤੈਨੂੰ.... ਕ ਰੋਕਲੂਗਾ...!!" ਡਾ. ਮੰਗਤ ਪੂਰੀ ਤਰ੍ਹਾਂ ਭਾਵੁਕ ਹੋ ਜਾਂਦਾ ਸੀ।

ਬਾਲੀ ਨੇ ਡਾ. ਮੰਗਤ ਦੀ ਆਖ਼ਰੀ ਸਵਾਲਨੁਮਾ ਗੱਲ 'ਤੇ ਸਦਾ ਵਾਂਗ 'ਨਾਂਹ' ਵਿਚ ਸਿਰ ਹਿਲਾਇਆ। ਵਜਦ 'ਚ ਆ ਕੇ ਡਾ. ਮੰਗਤ ਸੰਤ ਰਾਮ ਉਦਾਸੀ ਨੂੰ ਗਾਉਣ ਲੱਗ ਪੈਂਦੇ - *"ਤੂੰ ਮਘਦਾ ਰਹੀਂ ਵੇ ਸੂਰਜਾ..."*

ਬਾਲੀ ਮਨ ਹੀ ਮਨ ਮੁਸਕਰਾਈ ਜਾਂਦਾ। ਡਾ. ਮੰਗਤ ਦੀ ਬੇਟੀ ਗੁਰਿੰਦਰ ਗੁਰੀ ਰੋਟੀ ਲਈ ਕਹਿਣ ਆਉਂਦੀ ਤਾਂ ਉਹ ਬਾਲੀ ਵੱਲ ਵੇਖ ਕੇ ਮੁਸਕਰਾ ਪੈਂਦੀ, ਅੱਗੋਂ ਉਹ ਵੀ ਮੁਸਕਰਾ ਪੈਂਦਾ। ਚੋਰ-ਅੱਖ ਨਾਲ਼ ਉਨ੍ਹਾਂ ਦੋਹਾਂ ਨੂੰ ਮੁਸਕਰਾਉਂਦਾ ਵੇਖ ਕੇ ਡਾ. ਮੰਗਤ ਵੀ ਮੁਸਕਰਾ ਪੈਂਦਾ ਤੇ ਹੋਰ ਉੱਚੀ ਵਜਦ ਵਿਚ ਆ ਕੇ ਗਾਉਣ ਲੱਗਦਾ - "*ਸਾਡੀ ਗਲ਼ੀ ਵਿਚ ਚੂੜੀਆਂ ਦਾ ਹੋਕਾ...*।"

ਪਰ ਡਾ. ਮੰਗਤ, ਬਾਲੀ ਦੀ ਇਸ ਮੁਸਕਾਨ ਦਾ ਤਰਜਮਾ ਗ਼ਲਤ ਹੀ ਕਰੀ ਗਿਆ।

– – – –

* **ਸੂਤਰਧਾਰ :** ਮੇਰੇ ਗਾਈਡ ਡਾ. ਮੰਗਤ ਦਿਲੋਂ ਚਾਹੁੰਦੇ ਸੀ ਕਿ ਮੈਂ ਜਲਦ ਤੋਂ ਜਲਦ ਪੀਐੱਚ.ਡੀ. ਨਬੇੜ ਕੇ 'ਡਾ. ਬਾਲੀ' ਬਣਾਂ, ਯੂਨੀਵਰਸਿਟੀ ਵਿਚ ਪ੍ਰੋਫ਼ੈਸਰ ਲੱਗਾਂ ਤੇ ਫੇਰ ਉਨ੍ਹਾਂ ਦੀ ਬੇਟੀ ਗੁਰੀ ਨਾਲ਼ ਵਿਆਹ ਕਰ ਲਵਾਂ। ਫੇਰ ਉਹ ਗੁਰੀ ਨੂੰ ਵੀ ਯੂਨੀਵਰਸਿਟੀ ਵਿਚ ਹੀ ਸੈੱਟ ਕਰਵਾ ਦੇਣਗੇ। ਬੱਚਿਆਂ ਦੀ ਜੂਨ ਸੁਧਰ ਜਾਊ। ਉਹ ਇਸ ਮਾਮਲੇ ਭੋਲ਼ੇ ਸਨ ਜਾਂ ਅਣਜਾਣ, ਮਹੱਤਵਕਾਸ਼ੀ ਸਨ ਜਾਂ ਇੱਛਤ ਯਥਾਰਥੀ, ਨਹੀਂ ਪਤਾ !! ਪਰ ਮੈਂ ਕਦੇ ਵੀ ਆਪਣੇ ਗਾਈਡ ਡਾ. ਮੰਗਤ ਦੀ ਬੇਟੀ ਗੁਰੀ ਨੂੰ ਉਸ ਨਿਗ੍ਹਾ ਨਾਲ਼ ਨਹੀਂ ਸੀ ਵੇਖਿਆ, ਜਿਸ ਬਾਰੇ ਡਾ. ਮੰਗਤ ਖ਼ਾਹਸ਼ ਰਖਦੇ ਸਨ। ਪਤਾ ਨਹੀਂ ਕਿਉਂ, ਮੈਨੂੰ ਗੁਰੀ ਵਿਚੋਂ ਨਾ ਕਦੇ ਪ੍ਰੇਮਿਕਾ ਲੱਭੀ ਤੇ ਨਾ ਪਤਨੀ ਪਰ ਮੈਂ ਡਾ. ਮੰਗਤ ਦੀ ਖ਼ਾਹਸ਼ ਦਾ ਕੀ ਕਰਦਾ...!!

ਉਨ੍ਹਾਂ ਇਸੇ ਲਾਲਚ ਵਿਚ ਮੇਰੀ ਪੀਐੱਚ.ਡੀ. ਪੂਰੀ ਹੋਣ ਤੋਂ ਤੁਰੰਤ ਬਾਅਦ ਹੀ, ਮੇਰੇ ਲਈ ਬਹੁਤ ਭੱਜ-ਦੌੜ ਕੀਤੀ ਤਾਂ ਕਿ ਉਹ ਮੇਰਾ ਵਿਆਹ ਗੁਰੀ ਨਾਲ਼ ਕਰ ਕੇ ਆਪ ਗੰਗਾ ਨਾਹ ਲੈਣ। ਉਨ੍ਹਾਂ ਮੰਤਰੀਆਂ-ਸੰਤਰੀਆਂ ਦੀਆਂ ਦੇਹਲ਼ੀਆਂ ਨੀਵੀਆਂ ਕਰ ਦਿੱਤੀਆਂ। ਸੌ ਹੀਲੇ-ਵਸੀਲੇ ਕਰ

ਕੇ ਅਖ਼ੀਰ ਡਾ. ਬਾਲੀ ਯਾਨੀ ਕਿ ਮੈਨੂੰ ਯੂਨੀਵਰਸਿਟੀ ਵਿਚ ਅਸਿਸਟੈਂਟ ਪ੍ਰੋਫ਼ੈਸਰ ਭਰਤੀ ਕਰਵਾ ਕੇ ਹੀ ਸਾਹ ਲਿਆ। ਮੈਂ ਆਪਣੇ ਗੁਰੂ ਦੀ ਇਸ ਸ਼ਿੱਦਤ 'ਤੇ ਵਾਰੇ-ਵਾਰੇ ਜਾਂਦਾ, ਬਲਿਹਾਰੇ ਜਾਂਦਾ ਹਾਲਾਂਕਿ ਇਸ ਸ਼ਿੱਦਤ ਨੂੰ ਸਵਾਰਥ ਦੀ ਪਾਣ ਚੜ੍ਹੀ ਹੋਈ ਸੀ।

ਮੈਂ ਆਪਣਾ ਸਫ਼ਰ ਸ਼ੁਰੂ ਕਰ ਲਿਆ ਪਰ ਮੈਨੂੰ ਉਸ ਪੜਾਅ ਦਾ ਹੁਣੇ ਡਰ ਲੱਗਣ ਲੱਗ ਪਿਆ ਸੀ ਜਿਹੜਾ ਮੇਰੇ ਮੰਜ਼ਿਲ 'ਤੇ ਪਹੁੰਚਣ ਤੋਂ ਪਹਿਲਾਂ ਜ਼ਰੂਰ ਹੀ ਆਉਣਾ ਸੀ। ਉਸ ਪੜਾਅ 'ਤੇ ਮੇਰੇ ਤੇ ਮੇਰੇ ਗਾਈਡ ਦੇ ਵਿਚਕਾਰ ਤਣਾਅ ਦੀ ਇੱਕ ਲਕੀਰ ਖਿੱਚੀ ਜਾਣੀ ਸੀ। ਮੈਂ ਆਪਣੇ ਆਪ ਨੂੰ ਉਸ ਤਣਾਅ ਲਈ ਤਿਆਰ ਕਰ ਰਿਹਾ ਸਾਂ। ਪ੍ਰੋਬੇਸ਼ਨ ਪੀਰੀਅਡ ਦੌਰਾਨ ਮੈਂ ਆਪਣੀ ਨਕੇਲ ਆਪ ਕਸੀਂ ਰੱਖੀ। ਡਾ. ਮੰਗਤ ਨੇ ਹੁਣ ਮੈਨੂੰ ਵਿਆਹ ਲਈ ਇਸ਼ਾਰੇ ਜਿਹੇ ਕਰਨੇ ਸ਼ੁਰੂ ਕਰ ਦਿੱਤੇ ਸਨ ਪਰ ਮੈਂ ਕਦੇ ਵੀ ਉਨ੍ਹਾਂ ਇਸ਼ਾਰਿਆਂ ਨੂੰ ਡੀ-ਕੋਡ ਨਾ ਕੀਤਾ। ਕਰਦਿਆਂ-ਕਰਵਾਉਂਦਿਆਂ ਮੇਰਾ ਪ੍ਰੋਬੇਸ਼ਨ ਪੀਰੀਅਡ ਪੂਰਾ ਹੋ ਗਿਆ। ਇਕ ਦਿਨ ਡਾ. ਮੰਗਤ ਨੇ ਸਾਫ਼ ਸਪਸ਼ਟ ਸ਼ਬਦਾਂ ਵਿਚ ਆਪਣੀ ਆਖ਼ਰੀ ਇੱਛਾ ਜ਼ਾਹਰ ਕੀਤੀ ਪਰ ਮੈਂ 'ਗੁਰੀ' ਨਾਲ਼ ਵਿਆਹ ਕਰਵਾਉਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਇਹ ਸੁਣ ਕੇ ਡਾ. ਮੰਗਤ ਹੈਰਾਨ-ਪਰੇਸ਼ਾਨ ਜਿਹੇ ਹੋ ਗਏ। ਸ਼ਾਇਦ ਉਨ੍ਹਾਂ ਇਹ ਕਦੇ ਸੋਚਿਆ ਹੀ ਨਹੀਂ ਸੀ ਕਿ ਉਨ੍ਹਾਂ ਦਾ ਲਾਡਲਾ ਸ਼ਾਗਿਰਦ ਕਦੇ ਉਨ੍ਹਾਂ ਨੂੰ ਕਿਸੇ ਗੱਲ ਲਈ ਨਾਂਹ ਵੀ ਕਹਿ ਸਕਦਾ ਏ। ਉਨ੍ਹਾਂ ਤੁਰੰਤ ਗੁਰੀ ਨੂੰ ਬੁਲਾ ਕੇ ਪੁੱਛਿਆ ਸੀ, ਉਸ ਵੀ ਇਹੋ ਦੱਸਿਆ ਕਿ 'ਸਾਡੇ ਵਿਚਕਾਰ ਅਜਿਹਾ ਕੁਝ ਨਹੀਂ ਸੀ।' ਹਾਲਾਂਕਿ ਉਸ ਦੀ ਇੱਛਾ ਜ਼ਰੂਰ ਸੀ ਕਿ ਸਾਡੇ ਵਿਚਕਾਰ 'ਇਹੋ ਜਿਹਾ ਕੁਝ ਹੋਵੇ।' ਇਹ ਸੱਚਾਈ ਜਾਣ ਕੇ ਡਾ. ਮੰਗਤ ਦਿਲ ਜਿਹਾ ਛੱਡ ਗਏ। ਮੈਨੂੰ ਬੁਰਾ-ਭਲਾ ਵੀ ਆਖਿਆ ਕਿ 'ਮੈਂ ਜਾਣ ਬੁੱਝ ਕੇ ਉਹ ਜ਼ਾਹਰ ਕਰਦਾ ਰਿਹਾ ਜੋ ਅਸਲ ਵਿਚ ਹੈ ਹੀ ਨਹੀਂ ਸੀ...।' ਪਰ ਮੈਂ ਕਦੇ ਵੀ ਉਨ੍ਹਾਂ ਦੇ ਆਖੇ ਦਾ ਬੁਰਾ ਨਾ ਮਨਾਇਆ। ਉਨ੍ਹਾਂ ਨੂੰ ਲੱਗਣ ਲੱਗ ਪਿਆ ਜਿਵੇਂ ਮੈਂ ਉਨ੍ਹਾਂ ਨੂੰ ਕੋਈ ਧੋਖਾ ਦਿੱਤਾ ਹੈ, ਉਨ੍ਹਾਂ ਨੂੰ ਹਨੇਰੇ ਵਿਚ ਰੱਖਿਆ ਹੈ। ਡਾ. ਮੰਗਤ ਉਹ ਸਭ ਭੁੱਲ ਗਏ ਜੋ ਕੁਝ ਵੀ ਮੈਂ ਉਨ੍ਹਾਂ ਲਈ ਕੀਤਾ ਸੀ, ਨਹੀਂ ਭੁੱਲੇ ਤਾਂ ਬੱਸ ਉਹ ਜੋ ਮੈਂ ਨਹੀਂ ਸੀ ਕੀਤਾ। ਉਹ ਮੈਥੋਂ ਚਿੜ੍ਹ ਜਿਹੇ ਗਏ। ਮੈਨੂੰ ਸ਼ਰ੍ਹੇਆਮ ਦਗ਼ੇਬਾਜ਼, ਕਪਟੀ ਆਖਣ ਲੱਗੇ। ਮੈਂ ਸਦਾ ਹੀ ਚੁੱਪ ਧਾਰੀ ਰੱਖੀ। ਅਖ਼ੀਰ ਇਕ ਦਿਨ ਉਹ ਅੱਕ ਕੇ ਮੈਨੂੰ ਕਹਿੰਦੇ ਕਿ 'ਮੈਂ ਉਨ੍ਹਾਂ ਨੂੰ ਹਨੇਰੇ ਵਿਚ ਰੱਖ ਕੇ ਇਹ ਨੌਕਰੀ ਹਥਿਆਈ ਹੈ। ਇਹ ਨੌਕਰੀ ਉਨ੍ਹਾਂ ਕਰਕੇ ਹੀ ਮੈਨੂੰ ਮਿਲੀ ਹੈ। ਇਸ ਲਈ ਜੇ ਉਹ ਖ਼ੁਸ਼ ਨਹੀਂ ਹਨ ਤਾਂ ਮੈਨੂੰ ਵੀ ਖ਼ੁਸ਼ ਨਹੀਂ ਰਹਿਣ ਦੇਣਗੇ।' ਸੋ ਫੇਰ ਉਨ੍ਹਾਂ ਮੇਰੇ ਖ਼ਿਲਾਫ਼ ਆਪਣੀ ਅਹੁਦੇਦਾਰੀ ਦੀ ਤਾਕਤ ਦਾ ਇਸਤੇਮਾਲ ਕੀਤਾ। ਮੈਨੂੰ ਨੌਕਰੀ ਤੋਂ ਕੱਢਣ-ਕਢਾਉਣ ਲਈ ਪੂਰਾ ਜ਼ੋਰ ਮਾਰਿਆ ਪਰ ਸਫ਼ਲ ਨਾ ਹੋ ਸਕੇ ਕਿਉਂਕਿ ਮੈਂ ਆਪਣੀ ਥਾਏਂ ਸੱਚਾ ਸੀ। ਮੈਂ ਕਦੇ ਵੀ ਉਨ੍ਹਾਂ ਨਾਲ਼ ਉਹ ਵਾਇਦੇ ਬਿਲਕੁਲ ਵੀ ਨਹੀਂ ਸਨ ਕੀਤੇ ਜਿਹੜੇ ਉਹ ਮਨੋ-ਮਨੀਂ ਸੱਚ ਮੰਨੀਂ ਬੈਠੇ ਸਨ। ਮੈਂ ਬਹੁਤ ਸਮਝਾਇਆ ਪਰ ਉਹ ਮੇਰੇ ਖ਼ਿਲਾਫ਼ ਹੀ ਹੁੰਦੇ ਗਏ। ਨੌਕਰੀ ਨੂੰ ਬਚਾਉਣ ਲਈ ਮੈਂ ਵੀ ਰਣ ਵਿਚ ਨੰਗੇ ਧੜ ਨਿੱਤਰ ਆਇਆ ਸਾਂ। ਹੁਣ 'ਗੁਰੂ ਵਰਸਿਜ਼ ਚੇਲਾ' ਮੁਕਾਬਲਾ ਸ਼ੁਰੂ ਹੋ ਗਿਆ ਸੀ। ਮੈਂ ਸਦਾ ਨਿਵ ਕੇ ਚੱਲਣ ਦੀ ਕੋਸ਼ਿਸ਼ ਕੀਤੀ ਸੀ ਪਰ ਜਦੋਂ ਗੱਲ ਮੇਰੀ ਹੋਂਦ 'ਤੇ ਆ ਕੇ ਮੁੱਕਣ ਲੱਗੀ ਤਾਂ ਮੈਂ ਉਹ ਮੁੱਕਣ ਨਾ ਦਿੱਤੀ ਤੇ ਅਖ਼ੀਰ ਆਪਣੀ ਨੌਕਰੀ ਬਚਾਉਣ ਲਈ ਮੈਂ ਡਾ. ਮੰਗਤ, ਉਨ੍ਹਾਂ ਨਾਲ਼ ਮੇਰਾ ਰਿਸ਼ਤਾ... ਸਭ ਕੁਝ ਲਾਂਭੇ ਕਰ ਦਿੱਤਾ। ਹੁਣ ਲੜਾਈ ਹੋਂਦ ਬਚਾਉਣ ਦੀ ਸੀ ਇਸ ਲਈ ਮੈਂ ਵੀ ਕੋਰਾ-ਕਰਾਰਾ ਹੋ ਕੇ ਟੱਕਰਿਆ। ਡਾ. ਮੰਗਤ ਨੂੰ ਮੂੰਹ ਦੀ ਖਾਣੀ ਪਈ ਕਿਉਂਕਿ ਉਹ ਭੁੱਲ ਗਏ ਸਨ ਕਿ ਉਨ੍ਹਾਂ ਦਾ ਸਾਹਮਣਾ ਆਪਣੇ ਸ਼ਿਸ਼ 'ਅਰਜੁਨ' ਨਾਲ਼ ਨਹੀਂ, ਬਲਕਿ 'ਬਾਲੀ' ਨਾਲ਼ ਏ। ਬਾਲੀ; ਜਿਹੜਾ ਸਾਹਮਣੇ ਵਾਲ਼ੇ ਦੀ ਤਾਕਤ ਅੱਧੀ ਕਰ ਕੇ ਆਪਣੀ ਤਾਕਤ ਡੂਢੀ ਕਰ ਲੈਂਦੈ।

ਡਾ. ਮੰਗਤ ਭਾਵੇਂ ਮਾੜੇ-ਧੀੜੇ ਨਹੀਂ ਸਨ ਪਰ ਉਹ ਮੇਰੀ ਨਿਸ਼ਠਾ, ਘਾਲਣਾ, ਜ਼ਿੰਦਗੀ ਨੂੰ ਰੋਸ਼ਨ ਕਰਨ ਦੇ ਜਜ਼ਬੇ ਸਾਹਵੇਂ ਬਹੁਤਾ ਚਿਰ ਨਾ ਟਿਕ ਸਕੇ। ਆਪਣੇ ਲਾਇਕ ਸ਼ਿਸ਼ ਤੋਂ ਮਿਲੀ ਹਾਰ ਦਾ ਸਦਮਾ ਨਾ ਸਹਾਰਦੇ ਹੋਏ, ਡਾ. ਮੰਗਤ ਪਹਿਲੇ ਹੀ ਅਟੈਕ ਨਾਲ਼ ਦੁਨੀਆ ਤੋਂ ਰੁਖ਼ਸਤ ਹੋ ਗਏ। ਗੁਰੀ

ਪਹਿਲਾਂ ਆਪਣੇ ਇਸ਼ਕ ਦੀ ਰੁਸਵਾਈ ਨੂੰ ਲੈ ਕੇ ਰੋਈ, ਫੇਰ ਆਪਣੇ ਡੈਡੀ ਦੀ ਮੌਤ ਨੂੰ ਤੇ ਫਿਰ ਅਖ਼ੀਰ ਆਪਣੀ ਕਿਸਮਤ ਨੂੰ ਲੈ ਕੇ ਰੋਂਦੀ-ਰੋਂਦੀ ਉਹ ਸ਼ਹਿਰ ਹੀ ਛੱਡ ਗਈ। ਡਾ. ਮੰਗਤ ਦੀ ਅਚਨਚੇਤੀ ਮੌਤ ਅਤੇ ਗੁਰੀ ਦੇ ਖ਼ਸਤਾ ਹਾਲ ਨੇ ਇਕ ਵਾਰ ਮੈਨੂੰ ਧੁਰ ਅੰਦਰੋਂ ਝੰਜੋੜ ਦਿੱਤਾ ਸੀ, ਤੋੜ ਦਿੱਤਾ ਸੀ ਪਰ ਮੈਂ ਫੇਰ ਵੀ ਡਟਿਆ ਰਿਹਾ। ਆਪਣੀ ਹੋਂਦ ਨੂੰ ਬਚਾਉਣ ਅਤੇ ਆਪਣੀ ਪਛਾਣ ਨੂੰ ਬਣਾਉਣ ਲਈ, ਸਭ ਮੋਹ ਤਿਆਗ ਕੇ, ਹਾਲਾਤ ਨੂੰ ਤੱਕਲ਼ੇ ਵਾਂਗ ਸਿੱਧਾ ਹੋ ਕੇ ਟੱਕਰਿਆ।

– – – –

** **ਰਿਸ਼ਤੇਦਾਰੀਆਂ, ਅਹੁਦੇਦਾਰੀਆਂ, ਸਰਦਾਰੀਆਂ ਤੇ ਗ਼ੱਦਾਰੀਆਂ**

ਡਾ. ਮੰਗਤ ਦੇ ਚਲੇ ਜਾਣ ਤੋਂ ਬਾਅਦ ਅਤੇ ਗੁਰੀ ਦੇ ਹਿਜਰਤ ਕਰ ਜਾਣ ਮਗਰੋਂ, ਡਾ. ਬਾਲੀ ਨੇ ਸਪੀਡ ਫੜ ਲਈ। ਉਹ ਵਿਦਵਾਨ ਸੀ ਇਸ ਲਈ ਉਸਨੂੰ ਪਤਾ ਲੱਗ ਗਿਆ ਕਿ ਜੰਗਲ ਦੇ ਕਾਨੂੰਨ ਵਿਚ ਇਮਾਨਦਾਰਾਂ, ਮਿਹਨਤਕਸ਼ਾਂ ਤੇ ਵਿਦਵਾਨਾਂ ਦੀ ਕੋਈ ਵੁੱਕਤ ਨਹੀਂ। ਇਸ ਕਰਕੇ ਹੁਣ ਉਹ ਵੱਡੀਆਂ ਕੁਰਸੀਆਂ ਦੇ ਪਾਵੇ ਲਿਸ਼ਕਾਉਣ ਲੱਗ ਪਿਆ। ਸਾਰੀ ਦਿਹਾੜੀ ਭੰਬੀਰੀ ਬਣਿਆ ਰਹਿੰਦਾ। ਉਹਦਾ ਬਹੁਤਾ ਸਮਾਂ ਵੱਡੇ ਅਹੁਦਿਆਂ ਨੂੰ ਪਸਮਾਉਣ ਵਿਚ ਹੀ ਬੀਤਦਾ ਪਰ ਉੱਚੀਆਂ ਕੁਰਸੀਆਂ ਵਾਲ਼ੇ ਉਸਨੂੰ ਬਹੁਤਾ ਮੂੰਹ ਲਾ ਕੇ ਰਾਜ਼ੀ ਨਹੀਂ ਸਨ। ਉਹ ਉੱਪਰੋਂ-ਉੱਪਰੋਂ ਆਪਣੇ ਆਪ ਨੂੰ ਡਾ. ਮੰਗਤ ਦੇ ਹਮਾਇਤੀ ਜਿਹੇ ਦਿਖਾਉਂਦੇ ਪਰ ਅਸਲ ਵਿਚ ਉਹ ਇਹ ਜਾਣਦੇ ਸਨ ਕਿ ਜੇ ਬਾਲੀ ਨੂੰ ਉਂਗਲ਼ ਫੜਾਈ ਤਾਂ ਇਸ ਨੇ ਬਾਂਹ ਵੱਢ ਕੇ ਲੈ ਜਾਣੀ ਐ। ਸੋ ਉਹ ਜਾਣੇ-ਅਣਜਾਣੇ ਉਸ ਤੋਂ ਟਾਲ਼ਾ ਹੀ ਵੱਟਦੇ। ਬਾਲੀ ਦਾ ਅਜੇ ਤਕ ਕੋਈ ਦਾਅ ਨਹੀਂ ਸੀ ਲੱਗਿਆ। ਉਹਦਾ ਅਜੇ ਕਿਤੇ ਹੱਥ ਨਹੀਂ ਸੀ ਪੈ ਰਿਹਾ।

ਯੂਨੀਵਰਸਿਟੀ ਦੇ ਵੀ. ਸੀ. ਸਾਹਬ ਨੂੰ ਸੁਬਹ ਸੈਰ ਕਰਨ ਦੀ ਆਦਤ ਸੀ। ਦਾਅ ਲਾਉਣ ਲਈ ਡਾ. ਬਾਲੀ ਨੂੰ ਇਹ ਮੌਕਾ ਸਭ ਤੋਂ ਢੁਕਵਾਂ ਜਾਪਿਆ, ਇਸੇ ਲਈ ਉਹ ਵੀ ਸਵੇਰੇ-ਸਵੇਰੇ ਟਰੈਕ ਸੂਟ ਪਾ ਕੇ ਗਰਾਊਂਡ ਪਹੁੰਚ ਜਾਂਦਾ। ਗਰਾਊਂਡ ਦੇ ਟਰੈਕ 'ਤੇ ਵੀ. ਸੀ. ਸਾਹਬ ਨਾਲ਼ ਸੈਰਾਂ ਕਰਦਾ, ਵੀ. ਸੀ. ਸਾਹਬ ਨਾਲ਼ ਯੂਨੀਵਰਸਿਟੀ ਦੇ ਅੰਦਰਖ਼ਾਤੇ ਦੀਆਂ ਗੱਲਾਂ ਕਰਦਾ, ਜੋ ਕੁਝ ਹੋਇਆ-ਹਵਾਇਆ, ਜੋ ਕੁਝ ਹੋਣਾ-ਹਵਾਉਣਾ ਹੁੰਦਾ, ਸਭ ਵੀ. ਸੀ. ਸਾਹਬ ਦੇ ਕੰਨੋਂ ਕੱਢ ਦਿੰਦਾ। ਸੋ ਸਵੇਰ ਦੀਆਂ ਸੈਰਾਂ ਕਰਦਾ-ਕਰਦਾ ਡਾ. ਬਾਲੀ ਹੌਲ਼ੀ-ਹੌਲ਼ੀ ਵੀ. ਸੀ. ਸਾਹਬ ਦੀਆਂ ਸ਼ਾਮ ਦੀਆਂ ਮਹਿਫ਼ਿਲਾਂ ਤਕ ਵੀ ਪਹੁੰਚ ਗਿਆ। ਵੀ. ਸੀ. ਸਾਹਬ ਦੇ ਨੇੜਲਿਆਂ ਨੇ ਵੀ. ਸੀ. ਸਾਹਬ ਨੂੰ ਡਾ. ਬਾਲੀ ਸੰਬੰਧੀ ਤਾਕੀਦ ਕਰ ਦਿੱਤੀ ਸੀ ਕਿ 'ਚਾਲੂ ਪੁਰਜਾ ਹੈ ਜੀ ਬਚ ਕੇ ਰਹੋ।' ਤਾਂ ਵੀ. ਸੀ. ਸਾਹਬ ਨੇ ਹੱਸਦਿਆਂ ਕਿਹਾ ਸੀ, 'ਕੋਈ ਨਾ ਚਾਲੂ ਪੁਰਜਾ ਬਹੁਤਾ ਚਲ-ਚਲ ਕੇ, ਛੇਤੀ ਹੀ ਘਸ ਜਾਂਦਾ ਏ। ਘਸਿਆ ਪੁਰਜਾ ਆਪਣਾ ਕੀ ਵਿਗਾੜ ਲਵੇਗਾ!!' ਛੇਤੀ ਹੀ 'ਚਾਲੂ ਪੁਰਜੇ ਡਾ. ਬਾਲੀ' ਨੇ ਵੀ. ਸੀ. ਸਾਹਬ ਦੇ ਨੇੜਲੇ ਸਾਰੇ ਪੁਰਜੇ ਘਸਾ ਦਿੱਤੇ ਸਨ ਤੇ ਉਨ੍ਹਾਂ ਦੀ ਥਾਵੇਂ ਖ਼ੁਦ ਨੂੰ ਫਿੱਟ ਕਰ ਕੇ ਹੋਰ ਨੌਂ-ਬਰ-ਨੌਂ ਹੋ ਗਿਆ। ਉਹ ਹੋਰਨਾਂ ਦੀ ਤਾਕਤ ਚੂਸਦਾ ਰਿਹਾ ਤੇ ਹੌਲ਼ੀ-ਹੌਲ਼ੀ ਹੋਰ ਬਲਵਾਨ ਬਣਦਾ ਰਿਹਾ।

ਡਾ. ਬਾਲੀ ਦੀ ਵੀ. ਸੀ. ਸਾਹਬ ਨੇੜਤਾ ਹੌਲ਼ੀ-ਹੌਲ਼ੀ ਰੰਗ ਦਿਖਾਉਣ ਲੱਗੀ। ਦਿਨਾਂ ਵਿਚ ਹੀ ਉਸਦੀ ਤੂਤੀ ਬੋਲਣ ਲੱਗ ਪਈ। ਯੂਨੀਵਰਸਿਟੀ ਦੀਆਂ 'ਜ਼ਰੂਰੀ ਮੀਟਿੰਗਾਂ' ਅਤੇ 'ਜ਼ਰੂਰੀ ਆਦੇਸ਼ਾਂ' ਵਿਚ ਡਾ. ਬਾਲੀ ਦਾ ਨਾਂ ਬੋਲਣ ਲੱਗ ਪਿਆ ਸੀ। ਯੂਨੀਵਰਸਿਟੀ ਦੇ ਵੱਡੇ ਅਹੁਦੇਦਾਰ; ਰਜਿਸਟਰਾਰ, ਡੀਨ, ਡਾਇਰੈਕਟਰ, ਕੰਟਰੋਲਰ, ਆੱਡਿਟ ਵਾਲ਼ੇ, ਫ਼ਾਇਨਾਂਸ ਵਾਲ਼ੇ...ਸਭ ਨੂੰ ਡਾ. ਬਾਲੀ ਦੀ ਤਾਕਤ ਦਾ ਅਹਿਸਾਸ ਹੋ ਰਿਹਾ ਸੀ। ਵੀ. ਸੀ. ਸਾਹਬ ਦੀ ਮਿਹਰ ਦਾ ਹੱਥ ਵਧਿਆ ਤੇ ਡਾ. ਬਾਲੀ ਨੂੰ ਯੂਨੀਵਰਸਿਟੀ ਦੇ ਇਕ ਹੋਸਟਲ ਦਾ ਵਾਰਡਨ ਲਗਾ ਦਿੱਤਾ। ਡਾ. ਬਾਲੀ ਨੇ ਆਪਣੀ ਸਿਆਣਪ ਤੇ ਚਲਾਕੀ ਨਾਲ਼, ਲੋੜ ਅਨੁਸਾਰ ਸਖ਼ਤੀ ਤੇ ਨਰਮਾਈ ਵਰਤਦਿਆਂ ਹੋਸਟਲ ਦਾ ਪ੍ਰਬੰਧ ਦਿਨਾਂ ਵਿਚ ਹੀ ਸੁਚੱਜਾ ਬਣਾ ਲਿਆ। ਯੂਨੀਵਰਸਿਟੀ ਦੀਆਂ ਵਿਦਿਆਰਥੀ ਯੂਨੀਅਨਾਂ ਦੇ ਪ੍ਰਧਾਨਾਂ ਨਾਲ਼ ਵੀ ਉਹਦਾ ਉੱਠਣ-ਬੈਠਣ ਹੋਣ ਲੱਗ ਪਿਆ। ਸਿਕਿਓਰਿਟੀ

ਇੰਚਾਰਜ; ਮੇਜਰ ਤੇ ਕਰਨਲ ਵੀ ਦੇਰ-ਸਵੇਰ ਹੋਸਟਲ ਵਿਚ ਬਣੀ ਉਹਦੀ ਸਰਕਾਰੀ ਕੋਠੀ ਵਿਚ 'ਪਿਆਲਾ' ਟਕਰਾਉਣ ਆ ਪਹੁੰਚਦੇ। ਵਿਦਿਆਰਥੀਆਂ, ਵਿਦਿਆਰਥੀ ਯੂਨੀਅਨਾਂ, ਸਿਕਿਉਰਿਟੀ ਵਾਲ਼ਿਆਂ ਨਾਲ਼ ਲਿਹਾਜ ਰੱਖਣ ਕਰਕੇ ਹੁਣ ਡਾ. ਬਾਲੀ ਕੋਲ਼ ਸੈਂਕੜੇ ਅੱਖਾਂ ਤੇ ਕੰਨ ਸਨ ਜਿਸ ਸਦਕਾ ਉਹ ਯੂਨੀਵਰਸਿਟੀ ਦੇ ਅੰਦਰ-ਬਾਹਰ ਵਾਪਰਦੇ ਹਰੇਕ ਵਰਤਾਰੇ ਦਾ ਗਵਾਹ ਬਣਦਾ। ਯੂਨੀਵਰਸਿਟੀ ਵਿਹੜੇ ਵਿਚ ਵਾਪਰਨ ਵਾਲ਼ੀ ਹਰ ਘਟਨਾ-ਦੁਰਘਟਨਾ ਦੀ ਕਣਸੋਅ ਹੁਣ ਡਾ. ਬਾਲੀ ਕੋਲ਼ ਗੁਪਤ ਸੂਚਨਾ ਦੇ ਰੂਪ ਵਿਚ ਸਭ ਤੋਂ ਪਹਿਲੋਂ ਪਹੁੰਚ ਜਾਂਦੀ ਸੀ, ਜਿਸ ਦਾ ਬਖਿਆਨ ਉਹ ਸੰਜੇ ਬਣ ਕੇ ਧ੍ਰਿਤਰਾਸ਼ਟਰ ਵੀ. ਸੀ. ਸਾਹਬ ਕੋਲ਼ ਜਾ ਕਰਦਾ, ਜਿਸ ਸਦਕਾ ਵੀ. ਸੀ. ਸਾਹਬ ਸਾਰਿਆਂ ਤੋਂ ਇਕ ਕਦਮ ਅੱਗੇ ਹੋ ਕੇ ਤੁਰਨ ਲੱਗ ਪਏ ਸਨ। ਹੁਣ ਯੂਨੀ. ਕੈਂਪਸ ਵਿਚ ਕੋਈ ਧਰਨਾ, ਕੋਈ ਹੜਤਾਲ, ਕੋਈ ਗੁੰਡਾਗਰਦੀ, ਕੋਈ ਲੜਾਈ-ਝਗੜਾ ਨਹੀਂ ਸੀ ਹੁੰਦਾ। ਸਾਰਾ ਕੁਝ 'ਅੰਡਰ ਕੰਟਰੋਲ' ਸੀ। ਇਸ ਸਭ ਕਾਸੇ ਦਾ ਸਿਹਰਾ ਡਾ. ਬਾਲੀ ਦੇ ਸਿਰ ਹੀ ਬੰਨ੍ਹਿਆ ਗਿਆ।

ਡਾ. ਬਾਲੀ ਦੀਆਂ ਸੇਵਾਵਾਂ ਤੋਂ ਖ਼ੁਸ਼ ਹੋ ਕੇ ਵੀ. ਸੀ. ਸਾਹਬ ਉਸਨੂੰ ਕੋਈ ਹੋਰ ਵਾਧੂ ਚਾਰਜ ਦੇਣ ਦਾ ਸੋਚ ਰਹੇ ਸਨ। ਇਹ ਸੁਣ ਕੇ ਡੀਨ, ਰਜਿਸਟਰਾਰ ਤੇ ਹੋਰ ਅਹੁਦੇਦਾਰਾਂ ਦੀਆਂ ਕੁਰਸੀਆਂ ਥੱਲੇ ਸੇਕ ਵਧਣ ਲੱਗ ਪਿਆ ਸੀ ਕਿਉਂਕਿ ਜਿਸ ਰਫ਼ਤਾਰ ਨਾਲ਼ ਡਾ. ਬਾਲੀ ਅੱਗੇ ਵਧ ਰਿਹਾ ਸੀ; ਡੀਨ, ਰਜਿਸਟਰਾਰ ਦੇ ਅਹੁਦੇ ਤਾਂ ਬਹੁਤ ਛੋਟੇ ਜਾਪ ਰਹੇ ਸਨ, ਉਨ੍ਹਾਂ ਨੂੰ ਲਗਦਾ ਸੀ ਇਹ ਤਾਂ ਅਗਲਾ ਵਾਇਸ ਚਾਂਸਲਰ ਵੀ ਬਣ ਸਕਦਾ ਏ। ਛੋਟੀ ਉਮਰੇ ਅਤੇ ਬਹੁਤ ਘੱਟ ਸਮੇਂ ਵਿਚ ਹੀ ਤਾਜ ਸਿਰਾਂ 'ਤੇ ਟਿਕ ਜਾਣ ਤਾਂ ਬੰਦਾ ਅਕਸਰ ਹੰਕਾਰਿਆ ਜਾਂਦਾ ਏ ਪਰ ਡਾ. ਬਾਲੀ ਵਿਚ ਇਸ ਔਗੁਣ ਨੇ ਅਜੇ ਪੈਰ ਨਹੀਂ ਸਨ ਪਸਾਰੇ...ਸ਼ਾਇਦ ਉਹ ਜਿੰਨਾ ਸਿਆਣਾ ਸੀ, ਓਨਾ ਹੀ ਚਲਾਕ ਵੀ ਸੀ। ਉਹਨੂੰ ਪਤਾ ਸੀ ਕਿ ਜਿਸ ਪੰਧ 'ਤੇ ਉਹ ਤੁਰ ਰਿਹਾ ਹੈ, ਇਹਦੇ ਉੱਤੇ ਮਖ਼ਮਲੀ ਪਾਏਦਾਨ ਨਹੀਂ ਹੋਣਗੇ, ਅੱਗ ਹੋਵੇਗੀ ਤੇ ਇਹ ਅੱਗ ਦਾ ਦਰਿਆ ਪਾਰ ਕਰ ਕੇ ਹੀ ਮਹਿਰਮ ਨੂੰ ਪਾਇਆ ਜਾ ਸਕਦਾ ਸੀ। ਉਹਦੇ ਦੁਸ਼ਮਣ ਦਿਨੋ-ਦਿਨ ਵਧਦੇ ਜਾ ਰਹੇ ਸੀ ਪਰ ਡਾ. ਬਾਲੀ ਇਸ ਗੱਲ ਨੂੰ ਵੀ ਆਪਣੀ ਤਾਕਤ ਹੀ ਸਮਝਦਾ ਸੀ। ਉਹ ਅਕਸਰ ਕਹਿੰਦਾ, "ਦੁਸ਼ਮਣ ਤਾਕਤਵਰਾਂ ਦੇ ਹੀ ਹੁੰਦੇ ਹਨ, ਕਮਜ਼ੋਰਾਂ ਦੇ ਤਾਂ ਹਮਦਰਦ ਹੋਇਆ ਕਰਦੇ ਨੇ।"

ਉਹ ਵਿਭਾਗ ਵਿਚ ਆਪਣੇ ਵਿਦਿਆਰਥੀਆਂ ਦਾ ਵੀ ਚਹੇਤਾ ਸੀ। ਉਹ ਜਿੰਨਾ ਮਰਜ਼ੀ ਰੁੱਝਿਆ ਹੁੰਦਾ ਪਰ ਉਸਨੇ ਕਦੇ ਲੈਕਚਰ ਮਿਸ ਨਹੀਂ ਸੀ ਕੀਤਾ। ਵਿਦਿਆਰਥੀ ਵੀ ਕਦੇ ਉਹਦਾ ਲੈਕਚਰ ਮਿਸ ਨਾ ਕਰਦੇ। ਉਹਦੇ ਕੋਲ਼ ਉਹਦਾ ਤਜਰਬਾ ਬੋਲਦਾ ਸੀ, ਤਲਖ਼, ਕੌੜਾ ਤਜਰਬਾ। ਉਹ ਅਕਸਰ ਕਲਾਸ ਵਿਚ ਆਪਣੀ ਸਾਰੀ ਸਟ੍ਰਗਲ ਬਾਰੇ ਬਿਨਾਂ ਝਿਜਕ ਦੱਸ ਦਿੰਦਾ। ਉਹ ਬਹੁਤਿਆਂ ਲਈ ਪ੍ਰੇਰਣਾ-ਸਰੋਤ ਬਣਦਾ ਜਾ ਰਿਹਾ ਸੀ। ਵਿਦਿਆਰਥੀ ਅਕਸਰ ਉਸ ਦੀ ਸਫ਼ਲਤਾ, ਉਸ ਦੀ ਪਾਜ਼ੀਟਿਵ ਐਨਰਜੀ ਤੇ ਨਿਰੰਤਰ ਇੰਨਾ ਕੰਮਕਾਰ ਕਰੀਂ ਜਾਣ ਦਾ ਰਾਜ਼ ਪੁੱਛਦੇ ਤਾਂ ਉਹ ਫ਼ਖ਼ਰ ਨਾਲ਼ ਕਹਿੰਦਾ, "24 ਘੰਟਿਆਂ ਦਾ ਦਿਨ-ਰਾਤ ਹੁੰਦਾ ਹੈ, ਇਹ 24 ਘੰਟਿਆਂ ਦਾ ਹੀ ਰਹਿਣਾ ਹੈ। ਸੋ ਜੇ ਤੁਸੀਂ ਦਿਨ ਨੂੰ ਵੱਡਾ ਕਰਨਾ ਹੈ ਤਾਂ ਘੰਟਾ ਪਹਿਲਾਂ ਜਾਗ ਜਾਓ, ਘੰਟਾ ਲੇਟ ਸੌਂਵੋ। ਲਗਾਤਾਰ ਸੋਚਦੇ ਰਹੋ, ਜੋ ਕਰਨਾ ਹੈ, ਜੋ ਬਣਨਾ ਹੈ। ਵਾਧੂ ਕੰਮਾਂ ਉੱਤੇ ਆਪਣੀ ਐਨਰਜੀ ਵੇਸਟ ਨਾ ਕਰੋ। ਇਸ਼ਕ-ਮੁਸ਼ਕ ਵਾਧੂ ਦੀਆਂ ਗੱਲਾਂ ਹਨ। ਯੂਨੀਵਰਸਿਟੀ ਆਏ ਹੋ, ਰੱਜ ਕੇ ਪੜ੍ਹੋ, ਆਪਣੇ ਆਪ ਨੂੰ ਕਾਬਿਲ ਬਣਾਓ। ਦੇਖਿਓ ਜਦੋਂ ਸਫ਼ਲ ਹੋ ਗਏ ਤਾਂ ਇਸ਼ਕ ਤੁਹਾਡੇ ਦੁਆਲ਼ੇ ਚੱਕਰ ਮਾਰਿਆ ਕਰੇਗਾ।"

ਮੁੰਡੇ-ਕੁੜੀਆਂ ਅਕਸਰ ਪੀਰੀਅਡਾਂ ਤੋਂ ਵਿਹਲੇ ਹੋ ਕੇ ਉਸ ਕੋਲ਼ ਆ ਬਹਿੰਦੇ। ਉਹ ਵਿਦਿਆਰਥੀਆਂ ਨਾਲ਼ ਕੰਟੀਨ 'ਤੇ ਚਲਾ ਜਾਂਦਾ, ਉਨ੍ਹਾਂ ਨੂੰ ਚਾਹ ਪਿਲਾਉਂਦਾ। ਕਿਸੇ ਦਾ ਜਨਮ ਦਿਨ ਹੁੰਦਾ ਤਾਂ ਪਾਰਟੀ ਵੀ ਕਰ ਦਿੰਦਾ, ਗਿਫ਼ਟ ਵੀ ਦਿੰਦਾ। ਉਹ ਸੋਹਣਾ ਤਾਂ ਨਹੀਂ ਸੀ ਪਰ ਸੁਨੱਖਾ ਜ਼ਰੂਰ ਸੀ। ਰੰਗ ਭਾਵੇਂ ਪੱਕਾ ਸੀ ਪਰ ਉਹਦੀਆਂ ਸਿਆਣੀਆਂ ਗੱਲਾਂ ਕਦੇ ਉਹਦੇ ਰੰਗ ਵੱਲ ਧਿਆਨ ਨਾ ਜਾਣ ਦਿੰਦੀਆਂ। ਇਸੇ ਕਰਕੇ ਕਈ ਕੁੜੀਆਂ ਉਸ 'ਤੇ ਜਾਨ ਛਿੜਕਣ ਲੱਗ ਪਈਆਂ

ਸਨ ਪਰ ਉਹ ਜਾਣਬੁੱਝ ਕੇ ਕੁੜੀਆਂ ਦੇ ਇਸ਼ਾਰਿਆਂ, ਚਾਹਤਾਂ ਨੂੰ ਅੱਖੋਂ-ਪਰੋਖੇ ਕਰਦਾ ਰਹਿੰਦਾ। ਡਾ. ਬਾਲੀ ਜਵਾਨ ਸੀ, ਉਸ ਦਾ 'ਖ਼ੂਨ ਪੰਪਿਗ' ਕਰਨ ਲਈ ਧੜਕਦਾ ਦਿਲ, ਕਿਸੇ ਦੇ 'ਇਸ਼ਕ ਵਿਚ ਧੜਕਣਾ' ਚਾਹੁੰਦਾ ਸੀ ਪਰ ਉਹ ਸਹੀ ਮੌਕੇ ਦੀ ਤਾਕ ਵਿਚ ਸੀ ਤੇ ਉਹ ਆਪਣੇ ਵਿਰੋਧੀਆਂ ਨੂੰ ਕੋਈ 'ਮੌਕਾ' ਵੀ ਨਹੀਂ ਸੀ ਦੇਣਾ ਚਾਹੁੰਦਾ। ਕੁੜੀਆਂ ਵਿੱਚ ਉਸਦੀ 'ਸ਼ਰਾਫ਼ਤ' ਦੇ ਚਰਚੇ ਹੋਣ ਲੱਗ ਪਏ ਸਨ। ਉਹਦੇ ਤੋਂ ਪ੍ਰਭਾਵਤ ਹੋਣ ਵਾਲ਼ੀਆਂ ਕੁੜੀਆਂ ਵਿਚੋਂ ਹੀ ਇਕ ਕੁੜੀ ਸੀ ਪੂਜਾ ਭਾਰਦਵਾਜ। ਸੋਹਣੀ-ਸੁਨੱਖੀ, ਗੋਰੀ-ਚਿੱਟੀ, ਉੱਚੀ-ਲੰਮੀ, ਅਮੀਰ, ਖ਼ਾਨਦਾਨੀ। ਉਹ ਡਾ. ਬਾਲੀ ਨੂੰ ਦਿਲ ਦੇ ਬੈਠੀ।

– – – –

**** ਪ੍ਰੋਫੈਸ਼ਨਲੀ ਇਸ਼ਕ**

ਸੋਚੇ-ਸਮਝੇ ਇਸ਼ਕ ਤਹਿਤ ਡਾ. ਬਾਲੀ ਦਾ ਵੀ ਦਿਲ ਪੂਜਾ ਉੱਤੇ ਆ ਗਿਆ ਸੀ ਪਰ ਉਸਨੇ ਜ਼ਾਹਰ ਨਾ ਹੋਣ ਦਿੱਤਾ। ਪੂਜਾ ਆਨੇ-ਬਹਾਨੇ ਡਾ. ਬਾਲੀ ਕੋਲ਼ ਗੇੜੇ ਮਾਰਦੀ ਰਹਿੰਦੀ। ਕਦੇ ਕਿਤਾਬ ਲੈਣ ਆ ਜਾਂਦੀ, ਕਦੇ ਨੋਟਸ ਲੈਣ-ਦੇਣ, ਕਦੇ ਕੁਝ ਪੁੱਛਣ-ਦੱਸਣ, ਕਦੇ ਕੁਝ ਖਾਣ ਲਈ ਫੜਾ ਜਾਂਦੀ। ਪੂਜਾ ਯੂਨੀਵਰਸਿਟੀ ਵਿਚ ਆਈ.ਏ.ਐੱਸ.- ਪੀ.ਸੀ.ਐੱਸ ਵਗੈਰਾ ਦੀ ਤਿਆਰੀ ਕਰਨ ਆਈ ਸੀ ਤੇ ਹੋਸਟਲ ਪ੍ਰਾਪਤੀ ਲਈ ਐੱਮ.ਏ. ਪੰਜਾਬੀ ਵਿਚ ਵੈਸੇ ਹੀ ਐਡਮਿਸ਼ਨ ਲੈ ਲਈ ਸੀ। ਫੇਰ ਪਤਾ ਨਹੀਂ ਪੰਜਾਬੀ ਸਾਹਿਤ ਵਿਚ ਦਿਲ ਖੁੱਭਿਆ ਜਾਂ ਡਾ. ਬਾਲੀ ਵਿਚ, ਪੂਜਾ ਪੰਜਾਬੀ ਵਿਭਾਗ ਦੀ ਹੀ ਹੋ ਕੇ ਰਹਿ ਗਈ। ਡਾ. ਬਾਲੀ ਨੇ ਗੱਲੀਂ-ਬਾਤੀਂ ਇਹ ਜਾਣ ਲਿਆ ਕਿ 'ਪੂਜਾ ਇਕ ਰਈਸ ਪਰਿਵਾਰ ਨਾਲ਼ ਸੰਬੰਧ ਰਖਦੀ ਹੈ। ਜੁਆਇੰਟ ਫ਼ੈਮਿਲੀ ਹੈ। ਚਾਚੇ-ਤਾਏ-ਪਿਤਾ ਸਭ ਬਿਜ਼ਨਸਮੈਨ ਹਨ। ਲੱਖਾਂ-ਕਰੋੜਾਂ ਦਾ ਲੈਣ-ਦੇਣ ਕਰਦੇ ਹਨ। ਪੋਲਿਟੀਕਲੀ ਵੀ ਚੰਗੇ ਲਿੰਕ ਰਖਦੇ ਹਨ। ਪੂਜਾ ਮਾਪਿਆਂ ਦੀ ਇਕਲੌਤੀ ਸੰਤਾਨ ਹੈ ਤੇ ਸਾਰੇ ਪਰਿਵਾਰ ਵਿਚੋਂ ਇਕੱਲੀ ਕੁੜੀ।' ਡਾ. ਬਾਲੀ ਅਕਸਰ ਪੂਜਾ ਵੱਲ ਦੇਖ ਕੇ ਸੋਚਦੇ, 'ਮੋਟੀ ਸਾਮੀ ਹੈ।' ਉਸਨੂੰ ਪਤਾ ਸੀ ਕਿ ਪੂਜਾ ਭਾਰਦਵਾਜ ਨਾਗ ਦੇ ਸਿਰ 'ਤੇ ਪਈ ਮਣੀ ਹੈ; ਸੌਖਿਆਂ ਪ੍ਰਾਪਤ ਨਹੀਂ ਹੋਣੀ। ਸੋ ਡਾ. ਬਾਲੀ ਨੇ ਹੌਲ਼ੀ-ਹੌਲ਼ੀ ਸੱਪ ਨੂੰ ਕੀਲਣ ਲਈ ਮੰਤਰ ਪੜ੍ਹਨਾ ਸ਼ੁਰੂ ਕਰ ਦਿੱਤਾ।

ਪੂਜਾ ਦੀ ਡਾ. ਬਾਲੀ ਪ੍ਰਤੀ ਚਾਹਤ ਨੇ ਉਸਨੂੰ ਐੱਮ.ਏ. ਤੋਂ ਬਾਅਦ ਉੱਥੇ ਹੀ ਐੱਮ.ਫ਼ਿਲ. ਕਰਨ ਲਾ ਦਿੱਤਾ। ਡਾ. ਬਾਲੀ ਨੇ ਉਸ ਦਾ ਗਾਈਡ ਬਣਨਾ ਸਵੀਕਾਰ ਕਰ ਲਿਆ। ਡਾ. ਬਾਲੀ ਨੇ ਸੋਚਿਆ ਕਿ 'ਇਸ਼ਕ ਫ਼ਰਮਾ ਕੇ ਬਦਨਾਮੀ ਕਰਾਉਣ ਤੋਂ ਚੰਗਾ ਹੈ, 'ਮੋਟੀ ਸਾਮੀ' ਨੂੰ ਪੱਕਿਆਂ ਹੀ ਗੰਢ ਲਿਆ ਜਾਵੇ ਭਾਵ ਵਿਆਹ ਕਰ ਲਿਆ ਜਾਵੇ।' ਇਕ ਸ਼ਾਮ ਡਾ. ਬਾਲੀ ਨੇ ਵੀ. ਸੀ. ਸਾਹਬ ਨਾਲ਼ ਹਮ-ਪਿਆਲਾ ਹੁੰਦਿਆਂ ਆਪਣੇ ਦਿਲ ਦੀ ਗੱਲ ਆਖ ਸੁਣਾਈ। ਪਹਿਲਾਂ ਤਾਂ ਵੀ. ਸੀ. ਸਾਹਬ ਡਾ. ਬਾਲੀ ਦੀ ਇਹ ਗੱਲ ਸੁਣ ਕੇ ਬਹੁਤ ਹੈਰਾਨ-ਪਰੇਸ਼ਾਨ ਹੋਏ ਪਰ ਡਾ. ਬਾਲੀ ਦਾ ਹੁਣ ਤਕ ਦਾ ਰਿਕਾਰਡ, ਸ਼ਰਾਫ਼ਤ, ਵਿਆਹ ਦੀ ਉਮਰ ਤੇ ਡਾ. ਬਾਲੀ ਦੀ ਯੂਨੀਵਰਸਿਟੀ ਵਿਚਲੀ ਮਨੇਜਮੈਂਟ, ਤਾਕਤ, ਰਸੂਖ ਦੇਖ ਕੇ ਉਹ ਉਸਨੂੰ ਮਨ੍ਹਾ ਨਾ ਕਰ ਸਕੇ। ਡਾ. ਬਾਲੀ ਨੂੰ ਪਤਾ ਸੀ ਕਿ ਪੂਜਾ ਭਾਰਦਵਾਜ ਦੇ ਘਰਦਿਆਂ ਨੇ ਇਸ ਰਿਸ਼ਤੇ ਲਈ ਹਰਗਿਜ਼ ਵੀ ਨਹੀਂ ਮੰਨਣਾ ਕਿਉਂਕਿ ਜਾਤ ਤੋਂ ਇਲਾਵਾ ਸਮਾਜਕ, ਰਾਜਨੀਤਕ, ਆਰਥਿਕ ਪੱਧਰ ਦੀਆਂ ਅਸਮਾਨਤਾਵਾਂ, ਟੀਚਰ-ਸਟੂਡੈਂਟ ਦਾ ਰਿਸ਼ਤਾ, ਵਗੈਰਾ-ਵਗੈਰਾ ਬਹੁਤ ਸਾਰੀਆਂ ਅੜਚਣਾਂ ਆਉਣੀਆਂ ਸਨ। ਸੋ ਡਾ. ਬਾਲੀ ਨੇ ਪੂਜਾ ਦੇ ਘਰਦਿਆਂ ਦੀ ਰਜ਼ਾਮੰਦੀ ਤੋਂ ਬਿਨਾਂ ਹੀ ਵਿਆਹ ਕਰਵਾਉਣ ਦੀ ਸੋਚੀ। ਪੂਜਾ ਨੂੰ ਵਿਆਹ ਖਾਤਰ ਮਨਾਉਣ ਲਈ ਤੇ ਮੁੜ ਉਸਨੂੰ ਇਸ ਫ਼ੈਸਲੇ 'ਤੇ ਅਡਿੱਗ ਬਣਾਈ ਰੱਖਣ ਲਈ ਕਾਫ਼ੀ ਮੁਸ਼ੱਕਤ ਕਰਨੀ ਪੈਣੀ ਸੀ। ਉਸ ਸੋਚਿਆ ਕਿ 'ਕੰਡਾ ਤਾਂ ਕੋਰਟ-ਮੈਰਿਜ ਨਾਲ਼ ਹੀ ਨਿਕਲਣਾ ਹੈ ਪਰ ਪੂਜਾ ਨਾਲ਼, ਪੂਜਾ ਦੇ ਘਰਦਿਆਂ ਦੀ ਸਹਿਮਤੀ ਤੋਂ ਬਿਨਾਂ ਕੋਰਟ-ਮੈਰਿਜ ਕਰਵਾਉਣਾ ਵੀ ਕੰਡਿਆਂ ਦਾ ਤਾਜ ਪਾਉਣ ਵਾਲ਼ਾ ਕੰਮ ਹੈ।' ਸੋ ਕੰਡਿਆਂ ਤੋਂ ਬਚਣ ਲਈ ਵੀ. ਸੀ. ਸਾਹਬ ਨੂੰ

ਢਾਲ਼ ਵਾਂਗ ਵਰਤਣਾ ਪੈਣਾ ਸੀ। ਇਸੇ ਲਈ ਉਸ ਸ਼ਾਮ ਨੂੰ ਡਾ. ਬਾਲੀ ਨੇ ਵੀ. ਸੀ. ਸਾਹਬ ਨਾਲ਼ ਹਮ-ਪਿਆਲਾ ਹੁੰਦਿਆਂ, ਉਨ੍ਹਾਂ ਨਾਲ਼ ਬੁੱਕਲ਼ ਸਾਂਝੀ ਕੀਤੀ ਸੀ।

ਬਹੁਤ ਦੇਰ ਸੋਚਣ-ਸਮਝਣ-ਵਿਚਾਰਨ ਤੋਂ ਬਾਅਦ ਜਦੋਂ ਵੀ. ਸੀ. ਸਾਹਬ ਨੇ ਹਰੀ ਝੰਡੀ ਦੇ ਦਿੱਤੀ ਤਾਂ ਡਾ. ਬਾਲੀ ਨੇ ਉਸ ਉਪਰੰਤ ਸ਼ਾਤਿਰ ਢੰਗ ਨਾਲ਼ ਆਪਣੀ ਮੰਜ਼ਿਲ ਵੱਲ੍ਹ ਵਧਣਾ ਸ਼ੁਰੂ ਕਰ ਦਿੱਤਾ। ਉਸ ਨੇ ਹੌਲ਼ੀ-ਹੌਲ਼ੀ ਪੂਜਾ ਨੂੰ ਰਿਸਪਾਂਸ ਕਰਨਾ ਸ਼ੁਰੂ ਕੀਤਾ। ਪੂਜਾ ਨੂੰ ਲੱਗਿਆ ਕਿ ਉਹਦੀ ਲਗਨ ਰੰਗ ਲਿਆਈ ਹੈ ਤੇ ਹੁਣ ਉਹਦਾ ਇਸ਼ਕ ਪ੍ਰਵਾਨ ਹੋਇਆ ਹੈ। ਡਾ. ਬਾਲੀ ਐੱਮ. ਫ਼ਿਲ. ਦੌਰਾਨ ਹੌਲ਼ੀ-ਹੌਲ਼ੀ ਪੂਜਾ ਨੂੰ ਆਪਣੀ ਭਾਵਨਾਤਮਕ ਗ੍ਰਿਫ਼ਤ ਵਿਚ ਲੈਂਦਾ ਗਿਆ। ਉਸ ਨੂੰ ਪਤਾ ਸੀ ਕਿ 'ਜੇ ਪੂਜਾ ਨੇ ਇਕ ਵਾਰ ਸਟੈਂਡ ਲੈ ਲਿਆ ਫੇਰ ਕੋਈ ਵੀ ਉਸ ਦਾ, ਕੁਝ ਵੀ ਨਹੀਂ ਸੀ ਵਿਗਾੜ ਸਕਦਾ।' ਸੋ ਪੂਜਾ ਨੂੰ ਪੂਰਨ ਰੂਪ ਵਿਚ 'ਕੌਨਫ਼ੀਡੈਂਸ' ਵਿਚ ਲੈਣਾ ਪੈਣਾ ਸੀ। ਜਦ ਪੂਜਾ ਪੂਰੀ ਤਰ੍ਹਾਂ ਡਾ. ਬਾਲੀ ਦੇ ਇਸ਼ਕ ਦੀ ਗ੍ਰਿਫ਼ਤ ਵਿਚ ਆ ਗਈ ਸੀ ਤਾਂ ਪੂਜਾ ਨੂੰ ਪਰਖਣ ਲਈ ਡਾ. ਬਾਲੀ ਨੇ 'ਕੰਨ ਨੂੰ ਪੁੱਠੇ ਪਾਸਿਓਂ ਫੜਨ' ਦੀ ਸਕੀਮ ਸੋਚੀ।

ਇਕ ਸ਼ਾਮ ਡਾ. ਬਾਲੀ ਨੇ ਆਪਣੇ ਪੈਂਤੜੇ ਦਾ ਪਹਿਲਾ ਪੱਤਾ ਪੂਜਾ ਵੱਲ ਉਛਾਲ਼ਿਆ। ਮਾਯੂਸ ਜਿਹੇ ਹੋ ਕੇ ਉਸ ਨੂੰ ਕਹਿਣ ਲੱਗਾ, "ਪੂਜਾ ਤੁਸੀਂ ਆਪਣਾ ਗਾਈਡ ਬਦਲ ਲਵੋ...ਤੇ ਪਲੀਜ਼ ਮੈਨੂੰ ਕੁਝ ਨਾ ਪੁੱਛਣਾ, ਮੈਂ ਇਹ ਫ਼ੈਸਲਾ ਕਿਉਂ ਲਿਆ ਹੈ!!"

ਪੂਜਾ ਅਚਾਨਕ ਬੇਮੇਲ ਜਿਹੀ ਗੱਲ ਸੁਣ ਕੇ ਇਕਦਮ ਘਬਰਾ ਕੇ ਰੋਣਹਾਕੀ ਜਿਹੀ ਹੋ ਗਈ। ਉਸਨੂੰ ਸਮਝ ਨਾ ਆਈ ਕਿ ਇਕਦਮ ਇਹ ਕੀ ਵਾਪਰ ਗਿਆ? ਹੈਰਾਨ-ਪਰੇਸ਼ਾਨ ਬੋਲੀ, "ਵਟ੍ਹ...!!!! ਇਹ ਤੁਸੀਂ ਕੀ ਕਹਿ ਰਹੇ ਓਂ?"

"ਤੁਹਾਡੀ ਭਲਾਈ ਲਈ ਕਹਿ ਰਿਹਾਂ, ਮੈਨੂੰ ਭੁੱਲ ਜਾਓ...ਜਿਸ ਰਿਸ਼ਤੇ ਦੀ ਕੋਈ ਮੰਜ਼ਿਲ ਹੀ ਨਹੀਂ...ਆਪਾਂ ਉਸ ਰਿਸ਼ਤੇ ਨੂੰ ਅੱਗੇ ਵਧਾਈਏ ਹੀ ਕਿਉਂ...? ਮੈਂ ਨਹੀਂ ਚਾਹੁੰਦਾ ਤੁਹਾਡਾ ਨਾਮ, ਮੇਰੇ ਨਾਮ ਨਾਲ਼ ਜੁੜ ਕੇ ਬਦਨਾਮ ਹੋਵੇ...ਕੱਲ੍ਹ ਨੂੰ ਤੁਹਾਡੇ ਘਰਦਿਆਂ ਨੇ ਤੁਹਾਡੀ ਸ਼ਾਦੀ ਵੀ ਤਾਂ...!!" ਜਾਣ-ਬੁੱਝ ਕੇ ਉਸ ਨੇ ਆਪਣੀ ਗੱਲ ਅਧੂਰੀ ਛੱਡ ਦਿੱਤੀ।

"ਇਹ ਤੁਸੀਂ ਕਿਹੋ ਜਿਹੀਆਂ ਗੱਲਾਂ ਕਰ ਰਹੇ ਹੋ? ਇਸ਼ਕ ਤੁਹਾਡੇ ਨਾਲ਼ ਤੇ ਮੈਰਿਜ ਕਿਸੇ ਹੋਰ ਨਾਲ਼!!! ਨੋ, ਬਲਕਿ ਨੈਵਰ.... ਮੈਂ ਤੁਹਾਨੂੰ ਇਸ਼ਕ ਕੀਤਾ ਹੈ ਤੇ ਮੈਰਿਜ ਵੀ ਤੁਹਾਡੇ ਨਾਲ ਹੀ ਕਰਵਾਵਾਂਗੀ।" ਪੂਜਾ ਨੇ ਅਸਲ ਵਜ੍ਹਾ ਨੂੰ ਸਮਝਦਿਆਂ ਆਪਣਾ ਠੋਸ ਫ਼ੈਸਲਾ ਸੁਣਾ ਦਿੱਤਾ।

ਮਨੋ-ਮਨੀਂ ਖ਼ੁਸ਼ ਹੁੰਦਿਆਂ ਡਾ. ਬਾਲੀ ਨੇ ਫ਼ਿਲਮੀ ਅੰਦਾਜ਼ ਵਿਚ ਕਹਿਣਾ ਸ਼ੁਰੂ ਕੀਤਾ, "ਮੇਰੇ ਨਾਲ ਮੈਰਿਜ...ਹਾ ਹਾ ਹਾ ਹਾ...ਮਜ਼ਾਕ ਕਰ ਰਹੇ ਹੋ ਪੂਜਾ...ਇਮਪਾਸੀਬਲ...ਤੁਸੀਂ ਉੱਚ ਜਾਤੀ ਬ੍ਰਾਹਮਣ ਹੋ ਤੇ ਮੈਂ...ਨੀਚ, ਦਲਿਤ, ਸ਼ੂਦਰ, ਮਲੇਛ...ਜਾਤ ਵੀ ਛੱਡੋ, ਆਪਣਾ ਸਟੈਂਡਰਡ ਵੀ ਵੇਖੋ...ਜਿਤਨੇ ਪੈਸੇ ਤੁਹਾਡਾ ਪਰਿਵਾਰ ਇਕ ਦਿਨ ਵਿਚ ਕਮਾ ਲੈਂਦਾ ਹੈ, ਉਤਨੇ ਪੈਸੇ ਤਾਂ ਸ਼ਾਇਦ ਮੇਰਾ ਸਾਰਾ ਪਰਿਵਾਰ ਰਲ਼ ਕੇ ਪੂਰੇ ਜੀਵਨ ਵਿਚ ਨਹੀਂ ਕਮਾ ਸਕਦਾ। ਤੁਹਾਡੇ ਪਰਿਵਾਰ ਦੀ ਸਮਾਜਕ ਪ੍ਰਤਿਸ਼ਠਾ ਹੈ, ਜੇ ਆਪਾਂ ਵਿਆਹ ਕਰਵਾ ਲਿਆ ਤਾਂ ਮੈਂ ਉਸ ਪ੍ਰਤਿਸ਼ਠਾ 'ਤੇ ਲੱਗਾ ਧੱਬਾ ਹੋਵਾਂਗਾ..!! ਸੋ ਪਲੀਜ਼.... ਮੈਨੂੰ ਭੁੱਲ ਜਾਣਾ...।"

ਡਾ. ਬਾਲੀ ਦੇ ਫ਼ਿਲਮੀ ਅੰਦਾਜ਼ ਵਿਚ ਬੋਲੇ ਗਏ ਡਾਇਲਾੱਗ ਨੇ ਸਚਮੁੱਚ ਅਸਰ ਦਿਖਾਇਆ। ਪੂਜਾ ਦੀਆਂ ਅੱਖਾਂ ਵਿਚ ਹੰਝੂ ਤੈਰਨ ਲੱਗੇ ਤੇ ਉਸ ਦਾ ਸੁਰ ਉੱਚਾ ਹੋ ਗਿਆ, "ਨੋ...ਨੋ...ਨੋ... ਇਹ ਨਹੀਂ ਹੋ ਸਕਦਾ। ਮੈਨੂੰ ਮਰਨਾ ਕਬੂਲ ਹੈ ਪਰ ਤੁਹਾਡੇ ਤੋਂ ਦੂਰੀ...ਕਦੇ ਬਰਦਾਸ਼ਤ ਨਹੀਂ ਕਰ ਸਕਦੀ...ਮੈਂ ਮੈਰਿਜ ਤੁਹਾਡੇ ਨਾਲ ਹੀ ਕਰਵਾਵਾਂਗੀ, ਅਦਰਵਾਈਜ਼ ਸਾਰੀ ਉਮਰ ਨਹੀਂ ਕਰਵਾਵਾਂਗੀ।"

ਡਾ. ਬਾਲੀ ਨੇ ਤੁਰੰਤ ਹੀ ਅਗਲਾ ਪੱਤਾ ਉਛਾਲ਼ਿਆ, "ਆਪਣੀ ਮੈਰਿਜ ਪਾੱਸੀਬਲ ਨਹੀਂ ਹੈ ਪੂਜਾ, ਤੁਹਾਡੇ ਪਰਿਵਾਰ ਵਾਲ਼ੇ ਸਾਡੀ ਸ਼ਾਦੀ ਲਈ ਕਦੇ ਵੀ ਐਗਰੀ ਨਹੀਂ ਕਰਨਗੇ!!"

"ਨਾ ਕਰਨ, ਮੈਨੂੰ ਉਨ੍ਹਾਂ ਦੀ ਸਹਿਮਤੀ ਦੀ ਲੋੜ ਵੀ ਨਹੀਂ!!"

"ਫੇਰ ਉਨ੍ਹਾਂ ਦੀ ਰਜ਼ਾਮੰਦੀ ਤੋਂ ਬਿਨਾਂ ਕਿਵੇਂ ਸ਼ਾਦੀ..!!"

"ਕੋਰਟ ਮੈਰਿਜ..।"

"ਕੋਰਟ ਮੈਰਿਜ, ਨੋ-ਨੋ, ਮੈਂ ਅਦਨਾ ਜਿਹਾ ਇਨਸਾਨ ਹਾਂ, ਤੁਹਾਡੇ ਘਰਦਿਆਂ ਨਾਲ਼ ਕਾਨੂੰਨੀ ਲੜਾਈ ਨਹੀਂ ਲੜ ਸਕਾਂਗਾ, ਮੈਂ ਹਾਰ ਜਾਵਾਂਗਾ।"

"ਡੋਂਟ ਵਰੀ, ਮੈਂ ਤੁਹਾਡੇ ਨਾਲ ਹਾਂ.... ਤੇ ਹਾਂ, ਮੈਨੂੰ ਪਤਾ ਹੈ ਮੇਰੇ ਪਰਿਵਾਰ ਵਾਲੇ ਮੇਰੇ ਤੋਂ ਬਹੁਤਾ ਸਮਾਂ ਅਲੱਗ ਨਹੀਂ ਰਹਿ ਸਕਦੇ। ਯੂ ਨੋ, ਸਾਰੇ ਪਰਿਵਾਰ ਵਿਚ ਮੈਂ ਹੀ ਇਕ ਬੇਟੀ ਹਾਂ। ਆਫ਼ਟਰ ਕੋਰਟ ਮੈਰਿਜ, ਉਹ ਜਲਦੀ ਹੀ ਸਾਨੂੰ ਅਕਸੈਪਟ ਕਰ ਲੈਣਗੇ.... ਆਈ ਨੋ...।"

ਡਾ. ਬਾਲੀ ਨੂੰ ਇਹ ਸਭ ਕੁਝ ਪਹਿਲਾਂ ਹੀ ਪਤਾ ਸੀ। ਉਹ ਜਾਣਦਾ ਸੀ ਕਿ ਜਦੋਂ ਉਹ ਪੂਜਾ ਨਾਲ਼ ਮੈਰਿਜ ਤੋਂ ਨਾਂਹ ਕਰੇਗਾ ਤਾਂ ਅਖ਼ੀਰ ਪੂਜਾ ਹੀ ਮੈਰਿਜ ਕਰਨ ਲਈ ਜ਼ੋਰ ਪਾਵੇਗੀ; ਉਹੀ ਕੋਰਟ-ਮੈਰਿਜ ਕਰਨ ਲਈ ਕਹੇਗੀ। ਉਹਦੇ ਘਰ ਦੇ ਜਲਦੀ ਹੀ ਇਸ ਕੋਰਿਟ-ਮੈਰਿਜ ਨੂੰ ਪ੍ਰਵਾਨਗੀ ਦੇ ਦੇਣਗੇ। ਡਾ. ਬਾਲੀ ਨੂੰ ਸਭ ਪਤਾ ਸੀ ਕਿਉਂਕਿ ਉਹ ਸ਼ਤਰੰਜ ਦੇ ਦੋਵੇਂ ਪਾਸੇ ਬੈਠ ਕੇ ਆਪ ਹੀ ਤਾਂ ਖੇਡ ਰਿਹਾ ਸੀ। ਪੂਜਾ ਤਾਂ ਮੋਹਰਾ ਮਾਤਰ ਸੀ, ਉਸ ਸ਼ਤਰੰਜ ਦਾ।

ਪੂਜਾ ਦੇ ਐੱਮ. ਫ਼ਿਲ. ਦਾ ਥੀਸਿਸ ਸਬਮਿਟ ਹੁੰਦਿਆਂ ਹੀ, ਗਰਮੀਆਂ ਦੀਆਂ ਛੁੱਟੀਆਂ ਦੌਰਾਨ, ਦੋਹਾਂ ਨੇ ਕੋਰਟ-ਮੈਰਿਜ ਕਰਵਾ ਲਈ। ਛੁੱਟੀਆਂ ਦੇ ਬਾਵਜੂਦ ਯੂਨੀਵਰਸਿਟੀ ਵਿਚ ਇਹ ਖ਼ਬਰ ਅੱਗ ਵਾਂਗ ਫ਼ੈਲ ਗਈ। ਯੂਨੀਵਰਸਿਟੀ ਵਾਲ਼ਿਆਂ ਨੂੰ ਲੱਗਿਆ ਕਿ ਉਨ੍ਹਾਂ ਹੱਥ, ਡਾ. ਬਾਲੀ ਖ਼ਿਲਾਫ਼ ਤੁਰਪ ਦਾ ਇੱਕਾ ਲੱਗ ਗਿਆ ਹੈ। ਇਸੇ ਲਈ ਉਹ 'ਨੈਤਿਕਤਾ ਦੇ ਘਾਣ' ਦਾ ਢੋਲ ਗਲ਼ਾਂ ਵਿਚ ਪਾ ਕੇ, ਵੀ. ਸੀ. ਸਾਹਬ ਕੋਲ਼ ਜਾ-ਜਾ ਵਜਾਉਂਦੇ ਰਹੇ ਪਰ ਡਾ. ਬਾਲੀ ਨੇ ਤਾਂ ਪਹਿਲਾਂ ਹੀ ਵੀ. ਸੀ. ਸਾਹਬ ਦੇ ਕੰਨਾਂ ਵਿਚ ਰੂੰ ਤੁੰਨ ਦਿੱਤੀ ਸੀ। ਇਸੇ ਲਈ ਇਹ ਮਸਲਾ ਵੀ ਯੂਨੀਵਰਸਿਟੀ ਵਾਲ਼ਿਆਂ ਲਈ 'ਖੋਦਿਆ ਪਹਾੜ, ਨਿਕਲ਼ਿਆ ਚੂਹਾ, ਉਹ ਵੀ ਮਰਿਆ ਹੋਇਆ' ਉੱਤੇ ਆ ਕੇ ਮੁੱਕ ਗਿਆ। ਉਹ ਵਿਚਾਰੇ ਤਾਂ ਬੱਸ ਹੱਥ ਮਲ਼ ਕੇ ਹੀ ਰਹਿ ਗਏ। ਡਾ. ਬਾਲੀ ਨੇ ਇਕ ਵਾਰ ਫੇਰ ਸਾਰਿਆਂ ਨੂੰ 'ਬਲਹੀਣ' ਕਰ ਦਿੱਤਾ ਸੀ।

ਜਦੋਂ ਇਸ ਮਸਲੇ ਦੀ ਭਿਣਕ ਪੂਜਾ ਦੇ ਘਰਦਿਆਂ ਨੂੰ ਪਈ ਤਾਂ ਉਨ੍ਹਾਂ ਵੀ ਬਹੁਤ ਰੱਸੇ ਤੁੜਾਏ ਪਰ ਡਾ. ਬਾਲੀ ਨੇ ਕੋਰਟ-ਮੈਰਿਜ ਸਮੇਂ 'ਜਾਨ ਦਾ ਜੋਖ਼ਮ' ਆਧਾਰ ਉੱਤੇ ਪੁਲਿਸ ਪ੍ਰੋਟੈਕਸ਼ਨ ਲੈ ਲਈ ਸੀ, ਸੋ ਉਹ ਵੀ ਡਾ. ਬਾਲੀ ਦਾ ਕੁਝ ਨਾ ਵਿਗਾੜ ਸਕੇ। ਫਿਰ ਉਨ੍ਹਾਂ ਆਪਣੀਆਂ ਹੋਰ ਸ਼ਕਤੀਆਂ ਵਰਤ ਕੇ ਦੇਖੀਆਂ ਪਰ ਉਹ ਡਾ. ਬਾਲੀ ਦਾ ਵਾਲ਼ ਵੀ ਵਿੰਗਾ ਨਾ ਕਰ ਸਕੇ। ਪੂਜਾ ਦੇ ਪਰਿਵਾਰ ਵਾਲ਼ੇ ਡਾ. ਬਾਲੀ ਦਾ ਮੁਕਾਬਲਾ, ਉਸਨੂੰ 'ਸਾਧਾਰਨ ਦਲਿਤ, ਯੂਨੀਵਰਸਿਟੀ ਦਾ ਪ੍ਰੋਫ਼ੈਸਰ, ਆਰਥਿਕ ਪੱਖੋਂ ਪਛੜਿਆ ਬੰਦਾ' ਸਮਝ ਕੇ ਕਰ ਰਹੇ ਸਨ ਪਰ ਉਹ ਨਹੀਂ ਜਾਣਦੇ ਸਨ ਕਿ ਉਨ੍ਹਾਂ ਦਾ ਪਾਲ਼ਾ 'ਬਾਲੀ' ਨਾਲ਼ ਪਿਆ ਏ। 'ਬਾਲੀ' ਨੂੰ ਤਾਂ ਭਗਵਾਨ ਰਾਮ ਨੇ ਵੀ ਲੁਕ ਕੇ ਮਾਰਿਆ ਸੀ, ਸਾਹਮਣੇ ਆ ਕੇ ਨਹੀਂ। ਡਾ. ਬਾਲੀ ਕੋਲ਼ ਉਨ੍ਹਾਂ ਦੇ ਸਾਰੇ ਅਸਤਰਾਂ-ਸ਼ਸਤਰਾਂ ਨੂੰ ਬੇਅਸਰ ਕਰਨ ਲਈ 'ਬ੍ਰਹਮ-ਅਸਤਰ' ਸੀ ਪੂਜਾ ਭਾਰਦਵਾਜ, ਸੋ ਉਹ 'ਬਾਲੀ' ਸਾਹਮਣੇ ਛੇਤੀ ਹੀ ਹਥਿਆਰ ਸੁੱਟ ਗਏ ਕਿਉਂਕਿ ਪੂਜਾ ਦੇ ਘਰਦਿਆਂ ਦੀ ਜਾਨ ਜਿਸ ਤੋਤੇ ਵਿਚ ਕੈਦ ਸੀ, ਉਹ ਤੋਤਾ ਡਾ. ਬਾਲੀ ਦੇ ਪਿੰਜਰੇ ਵਿਚ ਬੈਠਾ ਚੂਰੀ ਖਾ ਰਿਹਾ ਸੀ। ਜਦੋਂ ਪੂਜਾ ਦੇ ਪਰਿਵਾਰ ਦਾ ਕੋਈ ਵੀ ਹੀਲਾ-ਵਸੀਲਾ ਨਾ ਚਲਿਆ ਤਾਂ ਡਾ. ਬਾਲੀ ਦੇ ਕਹਿਣ 'ਤੇ ਵੀ. ਸੀ. ਸਾਹਬ ਨੇ ਵਿਚੋਲਗੀ ਕਰਦਿਆਂ, ਦੋਹਾਂ ਧਿਰਾਂ ਨੂੰ ਰਾਜ਼ੀ ਕਰ ਲਿਆ ਸੀ। ਡਾ. ਬਾਲੀ ਨੇ ਕੇਵਲ 'ਇਕ ਮੋਹਰੇ' ਨਾਲ਼ ਰਾਜਾ, ਵਜ਼ੀਰ, ਹਾਥੀ, ਘੋੜੇ, ਊਠ ਸਭ ਢਾਹ ਲਏ ਸਨ ਤੇ ਜਲਦੀ ਹੀ ਉਹਦਾ ਝੋਲ਼ਾ 'ਸ਼ਤਰੰਜੀ ਸਲਤਨਤ' ਦੇ ਨਾਲ਼-ਨਾਲ਼ 'ਸੱਚਮੁੱਚ ਦੀ ਵਜ਼ਾਰਤ' ਨਾਲ਼ ਭਰ ਗਿਆ ਸੀ। ਡਾ. ਮੰਗਤ ਨੇ ਜਿਸ ਘੋੜੇ ਉੱਤੇ ਦਾਅ ਲਾਇਆ ਸੀ, ਅੱਜ ਉਹ ਘੋੜਾ ਜਿੱਤ ਗਿਆ ਸੀ ਪਰ ਡਾ. ਮੰਗਤ ਹਾਰ ਗਏ ਸਨ।

ਸਾਰੀਆਂ ਸਫ਼ਾਂ ਸਮੇਟਣ ਤੋਂ ਬਾਅਦ ਜਦ ਡਾ. ਬਾਲੀ ਆਪਣੇ ਪਿੰਡ, ਵਿਹੜੇ ਵਿਚ ਗੇੜਾ

ਮਾਰਨ ਗਿਆ ਤਾਂ ਮਹਿਲਾਂ ਵਾਲ਼ਿਆਂ ਦੇ ਮੱਥੇ 'ਤੇ ਚਿੰਤਾ ਦੀਆਂ ਰੇਖਾਵਾਂ ਹੋਰ ਗੂੜ੍ਹੀਆਂ ਹੋ ਗਈਆਂ ਸਨ।

– – – –

* **ਸੂਤਰਧਾਰ :** ਤਾਂ ਲਓ ਜੀ, ਮੇਰੀ ਜ਼ਿੰਦਗੀ ਦੇ ਬਿਰਤਾਂਤ ਦੇ 'ਚਕਰਚੂੰਡੇ' ਦੇ ਗੇੜੇ-ਗੂੜੇ ਖਾ ਕੇ, ਚੱਕਰ ਵਿਚ ਘੁੰਮਦੇ-ਘੁੰਮਾਉਂਦੇ, ਆਪਾਂ ਫਿਰ ਓਥੇ ਹੀ ਅੱਪੜ ਗਏ ਹਾਂ, ਜਿੱਥੋਂ ਆਪਾਂ ਤੁਰੇ ਸੀ। ਸੈਮੂਅਲ ਬੈਕਟ ਦੇ ਕਹਿਣ ਵਾਂਗ 'ਆਦਿ ਅੰਤ ਵਿਚ ਹੈ, ਫੇਰ ਵੀ ਅਸੀਂ ਤੁਰਦੇ ਜਾਂਦੇ ਹਾਂ।' ਤਾਂ ਆਪਾਂ ਗੱਲ ਸ਼ੁਰੂ ਕਰੀ ਸੀ ਕਿ ਖੋਜਾਰਥੀ ਦਿਲਜੀਤ ਨੇ ਮੇਰੇ 'ਤੇ ਸਰੀਰਕ ਸ਼ੋਸ਼ਣ ਦਾ ਇਲਜ਼ਾਮ ਕੀ ਲਾਇਆ ਕਿ ਸਾਰੀ ਯੂਨੀਵਰਸਿਟੀ ਪੱਬਾਂ ਭਾਰ ਹੋ ਗਈ। ਇਸ 'ਦਾਅ' ਨੂੰ ਮੇਰੇ ਸਾਰੇ ਵਿਰੋਧੀ ਹੱਥ 'ਚ ਆਈ 'ਗਿੱਦੜਸਿੰਙੀ' ਸਮਝ ਰਹੇ ਸਨ। ਉਨ੍ਹਾਂ ਨੂੰ ਪਤਾ ਲੱਗ ਗਿਆ ਸੀ ਕਿ 'ਜੇ ਡਾ. ਬਾਲੀ ਨੂੰ ਇਸ ਦਾਅ ਨਾਲ਼ ਵੀ ਨਾ ਢਾਹਿਆ, ਤਾਂ ਉਸ ਮੁੜ ਕਦੇ ਨਹੀਂ ਢਹਿਣਾਂ।' ਇਸੇ ਲਈ ਚਣਕਿਆ ਨੀਤੀ 'ਤੇ ਅਮਲ ਕਰਦਿਆਂ ਮੇਰੇ ਕਈ ਵਿਰੋਧੀ, ਜਿਹੜੇ ਕਿ ਆਪਸ ਵਿਚ ਵੀ ਵਿਰੋਧੀ ਸਨ, ਇਕਜੁਟ ਹੋ ਗਏ, ਇਹ ਸੋਚ ਕੇ ਕਿ 'ਵਿਰੋਧੀ ਦਾ ਵਿਰੋਧੀ ਦੋਸਤ ਹੀ ਹੁੰਦਾ ਹੈ।'

ਵਿਰੋਧੀਆਂ ਨੇ ਵਿਦਿਆਰਥੀ ਯੂਨੀਅਨਾਂ ਵਾਲ਼ਿਆਂ ਨੂੰ ਵੀ ਕਾਫ਼ੀ ਪ੍ਰਲੋਭਨ ਦਿੱਤੇ, ਇਸਦੇ ਬਾਵਜੂਦ ਦਰਜਨ ਕੁ ਯੂਨੀਅਨਾਂ ਵਿਚੋਂ ਉਹ ਕੇਵਲ ਤਿੰਨ-ਚਾਰ ਨੂੰ ਹੀ ਆਪਣੇ ਨਾਲ਼ ਰਲ਼ਾ ਸਕੇ। ਹੁਣ ਯੂਨੀਵਰਸਿਟੀ ਵਿਚ ਮਾਹੌਲ ਗਰਮਾ ਗਿਆ ਹੈ। ਅੱਧੀ ਤੋਂ ਥੋੜ੍ਹੀ ਘੱਟ ਯੂਨੀਵਰਸਿਟੀ ਮੇਰੇ ਖ਼ਿਲਾਫ਼ ਧਰਨੇ ਦੇ ਰਹੀ ਹੈ ਅਤੇ ਅੱਧੀ ਤੋਂ ਥੋੜ੍ਹੀ ਜਿਹੀ ਵੱਧ ਯੂਨੀਵਰਸਿਟੀ ਮੇਰੇ ਹੱਕ ਵਿਚ ਵੀ ਨਿੱਤਰ ਆਈ ਹੈ। ਵੀ. ਸੀ. ਸਾਹਬ 'ਤੇ ਲਗਾਤਾਰ ਦਬਾਅ ਬਣਾਇਆ ਜਾ ਰਿਹੈ ਬਈ ਉਹ ਮੈਨੂੰ ਸਸਪੈਂਡ ਨਹੀਂ, ਡਿਸਮਿਸ ਕਰਨ। ਕਾਫ਼ੀ ਪੋਲਿਟੀਕਲ ਪ੍ਰੈਸ਼ਰ ਵੀ ਹੈ। ਮੈਨੂੰ ਪਤਾ ਹੈ ਕਿ ਪੂਜਾ ਦੇ ਪਰਿਵਾਰ ਵਿਚੋਂ ਵੀ ਦੋ-ਚਾਰ ਜਣੇ ਅੰਦਰਖ਼ਾਤੇ ਮੇਰੇ ਵਿਰੋਧ ਵਿਚ ਭੁਗਤ ਰਹੇ ਹਨ ਪਰ ਬਾਕੀ ਪਰਿਵਾਰ ਸਪਸ਼ਟ ਰੂਪ ਵਿਚ ਮੇਰੇ ਨਾਲ਼ ਮੇਰੇ ਹੱਕ ਵਿਚ ਖੜ੍ਹਾ ਹੈ। ਸਥਿਤੀ ਕਾਫ਼ੀ ਗੁੰਝਲਦਾਰ ਤੇ ਖਿੱਚੋਤਾਣ ਵਾਲ਼ੀ ਬਣੀ ਹੋਈ ਹੈ। ਇਹ ਸਥਿਤੀ 'ਬਣੀ' ਕਿ 'ਬਣਾਈ'? ਇਸ ਤੱਥ ਦੇ ਪਿਛੋਕੜ 'ਤੇ ਮਾੜੀ ਜਿਹੀ ਰੋਸ਼ਨੀ ਪਾ ਕੇ ਮੈਂ ਫੇਰ ਆਪਣੀ ਗੱਲ ਅੱਗੇ ਤੋਰਦਾ ਹਾਂ।

– – – –

** **ਇੱਲ੍ਹ-ਕੁੱਤੇ ਦਾ ਵੈਰ ਤੇ ਸਾਜ਼ਿਸ਼ਾਂ**

ਵੈਰ ਤਾਂ 'ਇੱਟ-ਕੁੱਤੇ' ਦਾ ਵੀ ਹੁੰਦਾ ਹੈ ਤੇ 'ਇੱਲ੍ਹ-ਕੁੱਤੇ' ਦਾ ਵੀ ਪਰ ਜਿਹੜਾ ਵੈਰ ਯੂਨੀਵਰਸਿਟੀ ਦੇ ਅਹੁਦੇਦਾਰਾਂ ਦਾ ਡਾ. ਬਾਲੀ ਨਾਲ਼ ਹੈ ਉਸ ਵੈਰ ਲਈ 'ਇੱਲ੍ਹ-ਕੁੱਤੇ' ਵਾਲੀ ਤਸ਼ਬੀਹ ਜ਼ਿਆਦਾ ਢੁਕਵੀਂ ਜਾਪਦੀ ਹੈ। 'ਇੱਟ-ਕੁੱਤੇ ਦੇ ਵੈਰ' ਦਾ ਮਸਲਾ ਹੈ 'ਸੁਰੱਖਿਆ' ਦਾ, ਜਦਕਿ 'ਇੱਲ੍ਹ-ਕੁੱਤੇ ਦਾ ਵੈਰ' ਮਸਲਾ ਹੈ 'ਭੁੱਖ' ਦਾ। ਜਿਵੇਂ ਹੱਡਾਰੋੜੀ ਅਖਾੜੇ ਵਿਚ ਕੁੱਤੇ ਤੇ ਇੱਲ੍ਹਾਂ ਲਈ ਮੁੱਖ ਮਸਲਾ ਹੈ ਭੁੱਖ ਦਾ। ਕੁੱਤੇ ਰੱਜ ਕੇ ਵੀ ਇੱਲ੍ਹਾਂ ਲਈ ਹੱਕ ਨਹੀਂ ਛੱਡਦੇ ਤੇ ਇੱਲ੍ਹਾਂ ਹੱਡੀਆਂ ਤੋਂ ਇਲਾਵਾ ਗੋਸ਼ਤ ਵੀ ਭਾਲ਼ਦੀਆਂ ਨੇ। 'ਭੁੱਖ ਦਾ ਇਲਾਜ ਹੈ ਪਰ ਭੁੱਖੜਾਂ ਦਾ ਨਹੀਂ।' ਯੂਨੀਵਰਸਿਟੀ 'ਭੁੱਖੜਾਂ' ਨਾਲ਼ ਭਰੀ ਪਈ ਏ। ਯੂਨੀਵਰਸਿਟੀ ਦੇ ਅਹੁਦੇਦਾਰ ਤੇ ਡਾ. ਬਾਲੀ 'ਰੱਜ ਕੇ ਵੀ ਨਹੀਂ ਰੱਜੇ'...ਬੱਸ ਇਹੋ ਮਸਲਾ ਏ...'ਇੱਲ੍ਹ-ਕੁੱਤੇ' ਦੇ ਵੈਰ ਦਾ।

ਡਾ. ਬਾਲੀ ਦੇ ਪੂਜਾ ਭਾਰਦਵਾਜ ਨਾਲ਼ ਵਿਆਹ ਤੋਂ ਬਾਅਦ ਡਾ. ਬਾਲੀ ਦਾ ਅਸਰ-ਰਸੂਖ ਪਹਿਲਾਂ ਨਾਲ਼ੋਂ ਵੀ ਕਈ ਗੁਣਾ ਵਧ ਗਿਆ ਸੀ। (ਡਾ. ਬਾਲੀ ਨੇ ਉਸਨੂੰ ਆਪਣਾ ਸਰਨੇਮ ਬਦਲਣ ਲਈ ਨਹੀਂ ਸੀ ਕਿਹਾ, ਇਸ ਲਈ ਪੂਜਾ ਹੁਣ ਵੀ ਆਪਣੇ ਨਾਮ ਨਾਲ਼ 'ਭਾਰਦਵਾਜ' ਹੀ ਲਿਖਦੀ ਹੈ। ਸ਼ਾਇਦ ਡਾ. ਬਾਲੀ ਵੀ ਚਾਹੁੰਦਾ ਹੈ ਕਿ ਲੋਕ ਪੂਜਾ ਨੂੰ 'ਪੂਜਾ ਭਾਰਦਵਾਜ' ਵਜੋਂ ਹੀ ਜਾਣਨ ਤਾਂ ਕਿ ਲੋਕਾਂ ਦੇ ਚੇਤਿਆਂ ਵਿੱਚ ਇਹ ਗੱਲ ਸਦਾ ਵਸੀ ਰਹੇ ਕਿ ਇਹ ਪੂਜਾ ਭਾਰਦਵਾਜ ਉਹੀ ਉੱਚ-ਕੁਲੀ, ਧਨਾਢ, ਸ਼ਕਤੀਸ਼ਾਲੀ ਬ੍ਰਾਹਮਣਾਂ ਦੀ ਧੀ ਹੈ ਜਿਸਦੇ ਪਰਿਵਾਰ ਦੀ ਗੋਡਣੀ ਡਾ. ਬਾਲੀ ਨੇ ਲਵਾਈ ਸੀ।) ਵੀ. ਸੀ. ਸਾਹਬ ਨਾਲ਼ ਡਾ. ਬਾਲੀ ਦੀ ਨੇੜਤਾ ਇੰਨੀ

ਵਧ ਗਈ ਸੀ ਕਿ ਵੀ. ਸੀ. ਸਾਹਬ ਹੁਣ ਡਾ. ਬਾਲੀ ਦੀ ਸਲਾਹ ਤੋਂ ਬਿਨਾਂ ਕੁਝ ਕਰਨਾ ਤਾਂ ਦੂਰ, ਸੋਚਣਾ ਵੀ ਪਸੰਦ ਨਹੀਂ ਸਨ ਕਰਦੇ। ਪਿਛਲੇ ਸਮੇਂ ਦੌਰਾਨ ਵੀ. ਸੀ. ਸਾਹਬ ਡਾ. ਬਾਲੀ ਨੂੰ ਬਹੁਤ ਵਾਰੀ ਡੀਨ, ਰਜਿਸਟਰਾਰ, ਡਾਇਰੈਕਟਰ, ਕੰਟਰੋਲਰ ਸਾਰਿਆਂ ਅਹੁਦਿਆਂ ਦੀ ਪੇਸ਼ਕਸ ਕਰ ਹਟੇ ਸਨ ਪਰ ਡਾ. ਬਾਲੀ ਨੇ ਕੋਈ ਵੀ ਅਹੁਦਾ ਸਵੀਕਾਰ ਨਹੀਂ ਸੀ ਕੀਤਾ। ਡਾ. ਬਾਲੀ ਦਾ ਮੰਨਣਾ ਸੀ ਕਿ 'ਇਹ ਸਾਰੇ ਅਹੁਦੇ ਉਂਝ ਵੀ ਤਾਂ ਮੇਰੀ ਜਾੜ੍ਹ ਹੇਠ ਹੀ ਹਨ, ਫੇਰ ਕਾਹਤੋਂ ਅਹੁਦੇਦਾਰੀਆਂ ਦਾ ਜੰਜਾਲ਼ ਗਲ਼ ਪਵਾਉਣਾ! ਇਨ੍ਹਾਂ ਅਹੁਦਿਆਂ ਦਾ ਸੂਤਰਧਾਰ ਵੀ. ਸੀ., ਹੁਣ ਆਪ ਹੀ ਮੇਰੇ ਹੱਥਾਂ ਦੀ ਕਠਪੁਤਲੀ ਬਣਿਆ ਹੋਇਆ ਹੈ। ਫੇਰ ਸੂਤਰਧਾਰ ਦੇ ਸੂਤਰਧਾਰ ਤੋਂ ਮੁੜ ਕਠਪੁਤਲੀ ਹੋ ਜਾਣਾ ਕਿਹੜੀ ਸਿਆਣਪ ਹੈ!!!'

ਵੀ. ਸੀ. ਸਾਹਬ ਨੇ ਤਾਂ ਇਕ ਵਾਰੀ ਹਾਸੇ-ਹਾਸੇ ਵਿਚ ਆਪਣਾ ਅਹੁਦਾ ਵੀ ਪੇਸ਼ ਕੀਤਾ ਸੀ ਜਿਸਨੂੰ ਡਾ. ਬਾਲੀ ਨੇ ਵੀ, ਹਸਦਿਆਂ-ਹਸਦਿਆਂ ਇਹ ਕਹਿ ਕੇ ਠੁਕਰਾ ਦਿੱਤਾ ਸੀ, "ਵੀ. ਸੀ. ਸਾਹਬ ਲਿਵ-ਇਨ ਰਿਲੇਸ਼ਨ ਵਰਗੀ ਮੌਜ ਨਹੀਂ; ਇਹਦੇ ਵਿਚ ਸਾਰੀਆਂ ਮੌਜਾਂ ਤਾਂ ਵਿਆਹ ਵਾਲ਼ੀਆਂ ਹਨ ਪਰ ਜ਼ੁੰਮੇਵਾਰੀਆਂ ਸਿਰਫ਼ ਇਸ਼ਕ ਵਾਲ਼ੀਆਂ। ਸੋ ਤੁਸੀਂ ਵਿਆਹੇ ਚੰਗੇ, ਮੈਂ ਆਸ਼ਕ ਚੰਗਾ।" ਡਾ. ਬਾਲੀ ਦੀਆਂ ਤਿਗੜਮਾਂ ਕਰਕੇ ਵੀ. ਸੀ. ਸਾਹਬ ਨੂੰ ਇਕ ਟਰਮ ਪੂਰੀ ਹੋਣ ਤੋਂ ਬਾਅਦ ਇਕ ਐਕਸਟੈਨਸ਼ਨ ਹੋਰ ਮਿਲ ਗਈ ਸੀ ਤੇ ਇਕ ਵਾਰ ਫੇਰ ਐਕਸਟੈਨਸ਼ਨ ਮਿਲਣ ਦੀ ਖ਼ਬਰ ਗਰਮ ਸੀ।

ਸਾਰੇ ਵਿਰੋਧੀਆਂ ਨੂੰ ਹੁਣ ਡਾ. ਬਾਲੀ ਬਹੁਤ ਜ਼ਿਆਦਾ ਰੜਕਣ ਲੱਗ ਪਿਆ ਸੀ ਕਿਉਂਕਿ ਉਹ ਹੁਣ ਵੀ. ਸੀ. ਸਾਹਬ ਨੂੰ ਰਬੜ ਦੀ ਮੋਹਰ ਵਾਂਗੂੰ ਵਰਤ ਕੇ, ਆਪਣੇ ਪੁੱਠੇ ਨਸੀਬਾਂ-ਕੰਮਾਂ ਨੂੰ ਸਿੱਧਾ ਕਰੀਂ ਜਾ ਰਿਹਾ ਸੀ। ਉਹ ਅਹੁਦੇਦਾਰਾਂ ਦੀ ਇਕ ਨਹੀਂ ਸੀ ਚੱਲਣ ਦਿੰਦਾ। ਸਾਰੇ ਅਹੁਦੇਦਾਰ ਬਿਨ ਦੰਦਾਂ ਤੇ ਬਿਨ ਪੰਜਿਆਂ ਵਾਲ਼ੇ ਸ਼ੇਰ ਬਣੇ ਹੋਏ ਸਨ ਅਤੇ ਡਾ. ਬਾਲੀ ਰਿੰਗ ਮਾਸਟਰ। ਹੁਣ ਜਦ ਯੂਨੀਵਰਸਿਟੀ ਵਿਚ 'ਵੀ. ਸੀ. ਸਾਹਬ ਨੂੰ ਹੋਰ ਤਿੰਨ ਸਾਲ ਐਕਸਟੈਨਸ਼ਨ ਮਿਲਣ' ਦੀ ਖ਼ਬਰ ਉੱਡੀ ਤਾਂ ਡਾ. ਬਾਲੀ ਦੇ ਵਿਰੋਧੀਆਂ ਦੇ ਫ਼ਿਊਜ਼ ਹੀ ਉੱਡ ਗਏ। ਉਨ੍ਹਾਂ ਨੂੰ ਹੁਣ ਤਿੰਨ ਸਾਲ ਹੋਰ ਡਾ. ਬਾਲੀ ਦੇ ਖ਼ੌਫ਼ ਦੇ ਸਾਏ ਹੇਠ ਗੁਜ਼ਾਰਨੇ ਪੈਣੇ ਸਨ। ਡਾ. ਬਾਲੀ ਦੇ ਪਰਛਾਵੇਂ ਨੇ ਬਾਕੀ ਸਾਰਿਆਂ ਦੇ ਪਰਛਾਵੇਂ ਨਿਗਲ਼ ਲਏ ਸਨ। ਸੋ ਵਿਰੋਧੀਆਂ ਨੇ ਸੋਚਿਆ ਕਿ 'ਸ਼ਤਰੰਜੀ ਰਾਜੇ ਨੂੰ ਚੈੱਕ ਐਂਡ ਮੇਟ ਆਖਣ ਲਈ ਪਹਿਲੋਂ ਉਹਦੇ ਵਜ਼ੀਰ ਨੂੰ ਢਾਹੋ।' ਇਸ ਲਈ ਸਾਰੇ ਇਕਜੁਟ ਹੋ ਕੇ 'ਵਜ਼ੀਰ' ਨੂੰ ਢਾਹੁਣ ਦੀਆਂ ਵਿਉਂਤਾਂ ਘੜਨ ਲੱਗੇ ਸਨ।

ਗੱਲ ਆਸ਼ਕਾਂ-ਮਸ਼ੂਕਾਂ ਵਿਚੋਂ ਹੁੰਦੀ-ਹੰਢਾਂਦੀ, ਹਵਾ ਦੇ ਮੋਢਿਆਂ 'ਤੇ ਚੜ੍ਹ ਕੇ ਅਹੁਦੇਦਾਰਾਂ ਦੇ ਕੰਨਾਂ ਤੀਕ ਪਹੁੰਚ ਗਈ ਸੀ ਕਿ 'ਡਾ. ਬਾਲੀ ਦੇ, ਉਨ੍ਹਾਂ ਦੀ ਖੋਜਾਰਥੀ ਦਿਲਜੀਤ ਨਾਲ਼ ਨਜਾਇਜ਼ ਤਾਲੁਕਾਤ ਹਨ।' ਤਾਲੁਕਾਤ ਤਾਂ ਕੁਝ ਸਾਲ ਪਹਿਲਾਂ ਡਾ. ਬਾਲੀ ਦੇ ਆਪਣੇ ਅੰਡਰ ਰਿਸਰਚ ਕਰਦੀ ਖੋਜਾਰਥੀ ਪੂਜਾ ਭਾਰਦਵਾਜ ਨਾਲ਼ ਵੀ ਸਨ, ਜਿਸ ਨਾਲ਼ ਅਖ਼ੀਰ ਉਸ ਵਿਆਹ ਕਰਵਾ ਲਿਆ ਸੀ, ਜਿਸ ਕਰਕੇ ਵਿਰੋਧੀਆਂ ਨੂੰ ਮੂੰਹ ਦੀ ਖਾਣੀ ਪਈ ਸੀ ਪਰ ਵਿਰੋਧੀਆਂ ਦਾ ਮੰਨਣਾ ਸੀ ਕਿ 'ਡਾ. ਬਾਲੀ ਹੁਣ ਦੂਜਾ ਵਿਆਹ ਤਾਂ ਕਰਵਾਉਣ ਤੋਂ ਰਹੇ!!' ਸੋ ਡਾ. ਬਾਲੀ ਦੇ ਵਿਰੋਧੀਆਂ ਨੂੰ 'ਦਿਲਜੀਤ' ਦੇ ਰੂਪ ਵਿਚ ਉਹ 'ਵਜ਼ੀਰ' ਲੱਭ ਪਿਆ ਸੀ ਜਿਸ ਰਾਹੀਂ ਉਹ ਡਾ. ਬਾਲੀ ਦੀ ਸਲਤਨਤ ਨੂੰ ਨੇਸਤ-ਓ-ਨਾਬੂਦ ਕਰ ਸਕਦੇ ਸਨ। 'ਵਜ਼ੀਰ' ਨਾਲ਼ 'ਵਜ਼ੀਰ' ਦਾ ਟਾਕਰਾ... ਟੱਕਰ ਬਰਾਬਰ ਦੀ ਸੀ। ਕਈਆਂ ਨੂੰ ਦਿਲਜੀਤ 'ਸੁਗਰੀਵ' ਵਰਗੀ ਜਾਪਦੀ ਸੀ ਜਿਸ ਦੇ ਭੇਤ ਰਾਹੀਂ 'ਬਾਲੀ' ਨੂੰ ਢਾਹਿਆ ਜਾ ਸਕਦਾ ਸੀ। ਕਈ ਦਿਲਜੀਤ ਨੂੰ 'ਮਰਿਆਦਾ ਪਰਸ਼ੋਤਮ ਭਗਵਾਨ ਰਾਮ' ਦੇ ਰੂਪ ਵਿਚ ਦੇਖ ਰਹੇ ਸਨ ਜਿਹੜੀ ਕਿ ਭੀਲਣੀ, ਸ਼ਬਰੀ, ਅਹੱਲਿਆ, ਰਾਵਣ ਪਤਾ ਨਹੀਂ ਕਿਹਦਾ-ਕਿਹਦਾ ਉਦਾਰ ਕਰ ਦੇਵੇਗੀ। ਵਿਰੋਧੀਆਂ ਨੂੰ 'ਮੋਢਾ' ਲੱਭ ਪਿਆ ਸੀ... ਜਿਹਦੇ 'ਤੇ ਬੰਦੂਕ ਰੱਖ ਕੇ 'ਵਜ਼ੀਰ', 'ਸੁਗਰੀਵ', 'ਰਾਮ' ਫ਼ਾਇਰ ਕਰਨਗੇ ਤੇ ਡਾ. ਬਾਲੀ ਪਹਿਲੀ ਸੱਟੇ ਹੀ ਚਿੱਤ ਹੋ ਕੇ, ਬੀਤੇ ਇਤਿਹਾਸ ਦੀ ਗਾਥਾ ਬਣ ਜਾਵੇਗਾ।

ਸੋ ਸਭ ਤੋਂ ਪਹਿਲਾਂ ਵਿਰੋਧੀਆਂ ਨੇ ਸਾਮ, ਦਾਮ, ਦੰਭ, ਭੇਦ ਨੀਤੀਆਂ ਅਪਣਾ ਕੇ ਦਿਲਜੀਤ ਨੂੰ ਰਾਜ਼ੀ ਕੀਤਾ ਕਿ 'ਉਹ ਇਸ ਖ਼ਬਰ ਨੂੰ ਹਵਾ ਲਵਾਏ ਕਿ ਡਾ. ਬਾਲੀ ਰਿਸਰਚ ਕਰਵਾਉਣ ਦੀ ਆੜ ਵਿਚ ਉਸ ਦਾ ਸਰੀਰਕ ਸ਼ੋਸ਼ਣ ਕਰ ਰਹੇ ਹਨ।' ਵਿਰੋਧੀਆਂ ਵੱਲੋਂ ਦਿਲਜੀਤ ਦੀ ਪੀਐੱਚ.ਡੀ. ਇਸੇ ਸਾਲ ਕੰਪਲੀਟ ਕਰਵਾ ਕੇ, ਡਿਗਰੀ ਅਵਾਰਡ ਸਮੇਤ ਇਕ ਨਾਮੀਂ ਕਾਲਿਜ ਵਿਚ ਅਸਿਸਟੈਂਟ ਪ੍ਰੋਫ਼ੈਸਰ ਦੀ ਰੈਗੂਲਰ ਨੌਕਰੀ ਦਵਾਉਣ ਦਾ ਲਿਖਤੀ ਵਾਅਦਾ ਵੀ ਕੀਤਾ ਗਿਆ। ਦਿਲਜੀਤ ਦੇ ਮੰਨਦਿਆਂ ਹੀ ਉਸ ਦੇ ਪਿਓ ਕਰਨੈਲ ਨੂੰ ਸੱਦ ਕੇ ਡਾ. ਬਾਲੀ ਦੀ 'ਕਾਲ਼ੀ ਕਰਤੂਤ' ਦੱਸੀ ਗਈ। ਡਾ. ਬਾਲੀ ਦੀ 'ਕਾਲ਼ੀ ਕਰਤੂਤ' ਬਾਰੇ ਸੁਣਦਿਆਂ ਹੀ ਕਰਨੈਲ ਨੂੰ ਸੱਤੀਂ ਕੱਪੜੀਂ ਅੱਗ ਲੱਗ ਗਈ। ਉਹ ਤਾਂ ਡਾ. ਬਾਲੀ ਦੇ ਡੱਕਰੇ ਕਰ ਕੇ ਪਿੰਡ ਦੀ ਸੱਥ ਵਿਚ ਖਿਲਾਰਨ ਲਈ ਉਤਾਰੂ ਸੀ ਪਰ ਸਿਆਣੇ ਵਿਰੋਧੀਆਂ ਨੇ ਕਰਨੈਲ ਨੂੰ 'ਬਾਲੀ' ਦੀ ਤਾਕਤ ਤੋਂ ਅਵਗਤ ਕਰਵਾਇਆ। ਕਰਨੈਲ ਤੋਂ 'ਇਕ ਮੌਕਾ' ਉਧਾਰ ਮੰਗਿਆ। ਜੇ ਇਸ 'ਇਕ ਮੌਕੇ' ਨਾਲ਼ ਵੀ ਡਾ. ਬਾਲੀ ਦਾ ਕੁਝ ਨਾ ਵਿਗੜਿਆ ਤਾਂ ਕਰਨੈਲ ਨੂੰ, 'ਜਿਵੇਂ ਤੇ ਜੋ ਉਹ ਚਾਹੁੰਦਾ ਹੈ' ਕਰਨ ਦੀ, ਖੁੱਲ੍ਹੀ ਛੂਟ ਦੇ ਦਿੱਤੀ। ਇਸ ਉਪਰੰਤ ਸਾਰੇ ਵਿਰੋਧੀਆਂ ਨੇ ਇਕਜੁਟ ਰਹਿਣ ਦੀ ਸਹੁੰ ਚੁੱਕੀ ਤੇ ਡਾ. ਬਾਲੀ ਖ਼ਿਲਾਫ਼ ਜੰਗ ਦਾ ਬਿਗਲ ਵਜਾ ਦਿੱਤਾ।

– – – –

* **ਸੂਤਰਧਾਰ :** ਲਓ ਜੀ ਜੰਗ ਦਾ ਬਿਗਲ ਵੱਜਿਆ ਤਾਂ ਜੁਆਲਾਮੁਖੀ ਵਾਂਗ ਬਾਹਰੋਂ ਸ਼ਾਂਤ-ਚਿੱਤ ਦਿਸਣ ਆਲ਼ੀ ਯੂਨੀਵਰਸਿਟੀ 'ਚ ਇਕਦਮ ਭੂਚਾਲ਼ ਜਿਹਾ ਆ ਗਿਆ। ਵਿਰੋਧੀ, ਮੈਨੂੰ ਸੰਭਲਣ ਦਾ ਮੌਕਾ ਹੀ ਨਹੀਂ ਸਨ ਦੇਣਾ ਚਾਹੁੰਦੇ, ਇਸੇ ਕਰਕੇ ਤਾਂ ਜਿਹੜੇ ਦਿਨ ਮੈਂ ਇਕ ਇੰਟਰਨੈਸ਼ਨਲ ਕਾਨਫ਼ਰੰਸ ਨੂੰ ਐਡਰੈਸ ਕਰਨ ਲਈ ਯੂਨੀਵਰਸਿਟੀ ਤੋਂ ਬਾਹਰ ਗਿਆ ਹੋਇਆ ਸੀ, ਉਨ੍ਹਾਂ ਨੇ ਉਸੇ ਦਿਨ ਮੇਰੇ ਖ਼ਿਲਾਫ਼ ਮੋਰਚਾ ਖੋਲ੍ਹਿਆ। ਵੀ. ਸੀ. ਸਾਹਬ ਨੇ ਮੈਨੂੰ ਤੁਰਤ-ਫੁਰਤ ਮੁੜਨ ਤੇ ਕਾਰਵਾਈ ਕਰਨ ਲਈ ਕਿਹਾ ਸੀ। ਸੱਚ ਆਖਾਂ ਇਕ ਵਾਰ ਤਾਂ ਮੇਰੇ ਵੀ ਪੈਰਾਂ ਥੱਲੋਂ ਜ਼ਮੀਨ ਖਿਸਕ ਗਈ ਸੀ ਕਿਉਂਕਿ ਮੈਨੂੰ ਇਹ ਵਿਸ਼ਵਾਸ ਹੀ ਨਹੀਂ ਸੀ ਹੋ ਰਿਹਾ ਕਿ ਮੇਰੇ ਨੱਕ ਹੇਠ, ਮੇਰੇ ਖ਼ਿਲਾਫ਼ ਇੰਨੀ ਵੱਡੀ ਸਾਜ਼ਿਸ਼ ਰਚੀ ਜਾਂਦੀ ਰਹੀ ਤੇ ਮੈਨੂੰ ਇਸ ਦੀ ਰਤਾ ਵੀ ਭਿਣਕ ਨਹੀਂ ਸੀ ਲੱਗਣ ਦਿੱਤੀ ਗਈ। ਅਸਲ ਵਿਚ ਮੈਨੂੰ ਇਹ ਆਸ ਹੀ ਨਹੀਂ ਸੀ ਕਿ ਜਿਨ੍ਹਾਂ ਦੁਸ਼ਮਣਾਂ ਨੂੰ ਹੁਣ ਤਕ ਮੈਂ 'ਛੋਟੀਆਂ ਭੰਬੀਰੀਆਂ' ਹੀ ਸਮਝਦਾ ਆ ਰਿਹਾ ਸਾਂ, ਉਹ 'ਛੋਟੀਆਂ ਭੰਬੀਰੀਆਂ' ਦੀਆਂ 'ਸੂਲ਼ਾਂ' ਇਕੱਠੀਆਂ ਹੋ ਕੇ ਮੇਰੇ ਲਈ 'ਸੂਲ਼ੀ' ਬਣਨ ਦੀ ਜੁਰਅਤ ਕਰਨਗੀਆਂ!! ਹਵਾਈ-ਜਹਾਜ਼ 'ਚ ਵਾਪਸ ਮੁੜਦਿਆਂ ਮੈਂ ਸੋਚ ਰਿਹਾ ਸੀ ਕਿ 'ਸੂਲ਼ਾਂ ਕੇ ਮੂੰਹ ਜੰਮਦੀਆਂ ਕੇ ਈ ਭੰਨ ਦੇਣੇ ਚਹੀਦੇ ਆਂ। ਸੱਪ ਭਾਮੇਂ ਜ਼ਹਿਰੀ ਹੋਮੇਂ, ਭਾਮੇਂ ਹੋਮੇਂ ਮਿੱਟੀ ਖਾਣੇ...ਯੇ ਕਿਸੇ ਕੇ ਮਿੱਤ ਨ੍ਹੀਂ ਹੁੰਦੇ। ਡੰਗ ਨਾ ਬੀ ਮਾਰੇਂ ਪਰ ਫੁੰਕਾਰਾ ਮਾਰ ਕਾ ਡਰਾ ਤੋ ਦੇਹੇ ਆਂ..।' ਸੋ ਯੂਨੀਵਰਸਿਟੀ ਕੈਂਪਸ 'ਚ ਪੈਰ ਧਰਨ ਤੋਂ ਪਹਿਲਾਂ ਹੀ ਮੈਂ ਸੋਚ ਲਿਆ ਸੀ ਕਿ 'ਮੈਂ ਕਿਆ ਕਰਨਾ, ਅਰ ਕਿੱਤਰਾਂ ਕਰਨਾ!!'

– – – –

** **ਯੁੱਧ ਤੋਂ ਪਹਿਲਾਂ ਇਕ ਸ਼ਾਮ**

"ਓ ਕੋਈ ਨਹੀਂ ਵੀ. ਸੀ. ਸਾਹਬ...ਐਡੀ ਵੱਡੀ ਗੱਲ ਹੈ ਨਹੀਂ, ਜਿੰਨੀ ਵੱਡੀ ਤੁਸੀਂ ਕਿਆਸ ਰਹੇ ਓਂ।" ਡਾ. ਬਾਲੀ ਨੇ ਆਈਸ-ਕਿਊਬ ਦੇ ਦੋ ਟੁਕੜੇ ਵੀ. ਸੀ. ਸਾਹਬ ਦੇ ਗਿਲਾਸ ਵਿਚ ਪਾਉਂਦਿਆਂ ਕਿਹਾ, "ਬੱਸ ਤੁਸੀਂ ਕੱਲ੍ਹ ਤਕ, ਕਿਸੇ ਵੀ ਤਰ੍ਹਾਂ ਇਕ ਮੀਟਿੰਗ ਫ਼ਿਕਸ ਕਰਵਾ ਦਿਓ, ਮੇਰੀ ਤੇ ਦਿਲਜੀਤ ਦੇ ਫਾਦਰ ਦੀ..।"

"ਡਾ. ਬਾਲੀ, ਉਹਦੇ ਪਿਓ ਦੇ ਸਿਰ 'ਤੇ ਤਾਂ ਖ਼ੂਨ ਸਵਾਰ ਐ...ਉਹ ਤਾਂ ਆਹ ਮੋਹਰੀਆਂ ਕਰਕੇ ਚੁੱਪ ਐ ਨਹੀਂ ਤਾਂ ਹੁਣ ਤਕ...!!" ਵੀ.ਸੀ. ਸਾਹਬ ਦੇ ਪੀ. ਏ. ਨੇ ਡਾ. ਬਾਲੀ ਨੂੰ ਅਸਲ ਸਥਿਤੀ ਸਮਝਾਉਣ ਦੀ ਕੋਸ਼ਿਸ਼ ਕੀਤੀ ਸੀ।

ਡਾ. ਬਾਲੀ ਨੂੰ ਪੀ. ਏ. ਦੀ ਗੱਲ ਸੁਣ ਕੇ ਚੁੱਪੀ ਧਾਰਦਿਆਂ ਵੇਖ ਵੀ. ਸੀ. ਸਾਹਬ ਨੇ ਵੀ ਗਰਮ ਲੋਹੇ ਉੱਤੇ ਸੱਟ ਮਾਰਦਿਆਂ ਕਿਹਾ, "ਬਾਲੀ ਯਾਰ, ਤੂੰ ਜਿਹੜੇ ਆਹ ਅੱਗੇ ਲੱਗੇ ਫਿਰਦੇ ਨੇ ਲੀਡਰ, ਇਨ੍ਹਾਂ ਨਾਲ਼ ਬਹਿ ਕੇ ਗੱਲ ਨਬੇੜ...ਦੇਖ-ਪੁੱਛ ਕੀ ਚਾਹੁੰਦੇ ਨੇ?" ਵੀ. ਸੀ. ਸਾਹਬ ਨੇ ਚਿੰਤਾ ਵਿਚ ਪੈੱਗ ਦੋ ਘੁੱਟਾਂ ਵਿਚ ਮੁਕਾ ਦਿੱਤਾ, ਅਦਰਵਾਈਜ਼ ਉਹ ਸਿਪ-ਸਿਪ ਕਰ ਕੇ ਪੀਂਦੇ ਹਨ।

"ਉਹ ਤਾਂ ਮੇਰੀ ਮੌਤ ਚਾਹੁੰਦੇ ਨੇ; ਮੇਰੇ ਕਰੀਅਰ ਦੀ, ਮੇਰੀ ਸ਼ਖ਼ਸੀਅਤ ਦੀ ਮੌਤ...ਇਸ ਕਰਕੇ ਉਨ੍ਹਾਂ ਨਾਲ਼ ਤਾਂ ਗੱਲ ਹੋ ਹੀ ਨਹੀਂ ਸਕਦੀ। ਤੁਸੀਂ ਬੱਸ ਕਰਨੈਲ ਵਰਗਿਆਂ ਨਾਲ਼ ਮੇਰੀ ਮੀਟਿੰਗ ਫ਼ਿਕਸ ਕਰਵਾਓ ਜੀ। ਮੈਨੂੰ ਪਤਾ ਏ ਸਿਰਫ ਤੁਸੀਂ ਹੀ ਇਹ ਕੰਮ ਕਰ ਸਕਦੇ ਹੋ..!" ਡਾ. ਬਾਲੀ ਹੁਣ ਰਤਾ ਕੁ ਗੰਭੀਰ ਸੀ।

ਵੀ. ਸੀ. ਸਾਹਬ ਨੇ ਆਸੇ-ਪਾਸੇ ਦੇਖ ਕੇ, ਡਾ. ਬਾਲੀ ਦੇ ਨੇੜੇ ਹੁੰਦਿਆਂ ਪੁੱਛਿਆ, "ਯਾਰ ਬਾਲੀ...ਇਕ ਗੱਲ ਸੱਚ-ਸੱਚ ਦੱਸ...ਕੀ ਤੂੰ ਸਚਮੁੱਚ ਦਿਲਜੀਤ...??"

"ਯੈੱਸ...।" ਡਾ. ਬਾਲੀ ਨੇ ਵੀ. ਸੀ. ਸਾਹਬ ਦੀ ਗੱਲ ਪੂਰੀ ਹੋਣ ਤੋਂ ਪਹਿਲਾਂ ਹੀ ਸਾਰੀ ਗੁੰਝਲ ਸੁਲ਼ਝਾਉਂਦਿਆ ਆਖ ਦਿੱਤਾ ਸੀ। ਫੇਰ ਉਸ ਨੇ ਗਹੁ ਨਾਲ਼ ਵੀ. ਸੀ. ਸਾਹਬ ਵੱਲ ਝਾਕਦਿਆਂ ਪੁੱਛਿਆ, "ਸਰ ਜਿਹੜੇ ਆਹ ਹੁਣ ਸਭ ਤੋਂ ਅੱਗੇ ਝੰਡਾ ਚੁੱਕੀ ਫਿਰਦੇ ਹਨ, ਕੀ ਇਹ ਸਾਰੇ ਸੱਚੇ-ਸੁੱਚੇ ਹਨ?"

"ਨੋ!!" ਵੀ. ਸੀ. ਸਾਹਬ ਨੇ ਤੁਰੰਤ ਕਿਹਾ ਜਿਵੇਂ ਉਨ੍ਹਾਂ ਨੂੰ ਆਪਣੇ ਆਪ 'ਤੇ ਪੂਰਾ ਭਰੋਸਾ ਹੋਵੇ, "ਪਰ ਬਾਲੀ, ਚੋਰ ਉਹੀ ਹੁੰਦਾ ਏ ਜਿਹੜਾ ਚੋਰੀ ਕਰਦਾ ਰੰਗੇ ਹੱਥੀਂ ਫੜਿਆ ਜਾਵੇ।"

"ਡਾ. ਸਾਹਬ, ਕਈ ਵਾਰ ਚੋਰ ਉੱਤੇ ਇਤਨਾ ਭਰੋਸਾ ਹੁੰਦਾ ਹੈ ਕਿ ਇਸ ਨੇ ਕਦੇ ਨਹੀਂ ਪਕੜਿਆ ਜਾਣਾ...ਤਾਂ ਫੇਰ ਉਸਦੇ ਸੁੱਤੇ ਪਿਆਂ ਦੇ ਹੱਥ ਰੰਗ ਕੇ ਫੜ ਲਿਆ ਜਾਂਦਾ ਏ...ਜਿਵੇਂ ਕਿ ਮੈਂ...ਹਾਹਾਹਾ...ਮੈਂ ਫੜਿਆ ਨਹੀਂ ਗਿਆ, ਮੇਰੇ ਹੱਥ ਜਾਣ-ਬੁੱਝ ਕੇ ਰੰਗੇ ਗਏ ਨੇ...ਮੇਰਾ ਦਿਲਜੀਤ ਨਾਲ਼ ਜੋ ਰਿਲੇਸ਼ਨ ਹੈ ਉਹੋ ਜਿਹੇ ਰਿਲੇਸ਼ਨ ਇਸ ਯੂਨੀਵਰਸਿਟੀ ਵਿਚ ਬਥੇਰਿਆਂ ਦੇ ਹੋਣਗੇ...ਪਰ ਮੈਂ ਕਬੂਲ ਕਰਦਾ ਹਾਂ...ਕੋਈ ਹੋਰ ਕਬੂਲ ਨਹੀਂ ਕਰੇਗਾ...ਮੈਂ ਤੁਹਾਡੇ ਸਾਹਮਣੇ ਕਬੂਲ ਕੀਤਾ ਹੈ ਇਸ ਪਿੱਛੇ ਵੀ ਇਕ ਵੱਡਾ ਕਾਰਨ ਹੈ...।" ਇੰਨਾ ਆਖ ਡਾ. ਬਾਲੀ ਚੁੱਪ ਹੋ ਗਿਆ ਤੇ ਆਪਣੇ ਗਿਲਾਸ ਵਿਚ ਪਈਆਂ ਆਖ਼ਰੀ ਦੋ ਘੁੱਟਾਂ, ਇਕੋ-ਘੁੱਟੇ ਖਿੱਚ ਗਿਆ।

"ਕੀ ਕਾਰਨ ਐ?" ਵੀ. ਸੀ. ਸਾਹਬ ਕਾਰਨ ਜਾਨਣ ਲਈ ਉਤਸੁਕ ਹੋ ਗਏ।

"ਉਹ ਮੈਂ ਸਾਰਾ ਮਾਮਲਾ ਸੌਟ-ਆਊਟ ਹੋਣ ਤੋਂ ਬਾਅਦ ਦੱਸਾਂਗਾ...।" ਡਾ. ਬਾਲੀ ਇਹ ਆਖ ਕੇ ਆਖ਼ਰੀ ਪੈੱਗ ਬਣਾਉਣ ਲੱਗ ਪਿਆ।

ਵੀ. ਸੀ. ਸਾਹਬ ਨੇ ਆਪਣਾ ਗਿਲਾਸ ਵੀ ਅੱਗੇ ਵਧਾਉਂਦਿਆਂ ਕਿਹਾ, "ਯਾਰ ਹੁਣੇ ਦੱਸ ਦੇ...ਤੇ ਤੈਨੂੰ ਕੀ ਲਗਦਾ ਹੈ, ਇਹ ਮਾਮਲਾ ਇੰਨਾ ਈਜ਼ਲੀ ਸੌਟ-ਆਊਟ ਹੋ ਜਾਵੇਗਾ, ਜਿੰਨਾ ਈਜ਼ਲੀ ਤੂੰ ਕਹਿ ਦਿੱਤਾ?"

"ਓਫ਼ਕੋਰਸ...ਤੁਸੀਂ ਬੱਸ ਦਿਲਜੀਤ ਤੇ ਉਹਦੇ ਫ਼ਾਦਰ ਦੀ ਮੇਰੇ ਨਾਲ਼ ਮੀਟਿੰਗ ਕਰਵਾ ਦਿਓ ਇਕ ਵਾਰ। ਕਿਸੇ ਬਹਾਨੇ ਵੀ ਉਨ੍ਹਾਂ ਨੂੰ ਸੱਦ ਲਵੋ, ਤੁਸੀਂ ਆਪ ਗੱਲ ਕਰਨ ਦੇ ਬਹਾਨੇ ਬੁਲਾ ਲਓ...ਤੇ ਮੇਰੇ ਨਾਲ਼ ਮੁਲਾਕਾਤ ਕਰਵਾ ਦੇਣਾ।" ਉਹ ਵੀ. ਸੀ. ਸਾਹਬ ਦੇ ਗਿਲਾਸ ਵਿਚ ਸ਼ਰਾਬ ਨਾਲ਼ ਖਾਰਾ ਮਿਲਾਉਂਦਿਆਂ ਬੋਲਿਆ।

"ਉਹ ਗੱਲਬਾਤ ਕਰਨ ਲਈ ਐਗਰੀ ਕਰ ਜਾਣਗੇ?" ਵੀ. ਸੀ. ਸਾਹਬ ਨੇ ਗਿਲਾਸ ਵਿਚੋਂ ਉਠਦੇ ਖਾਰੇ ਸੋਢੇ ਦੇ ਬੁਲਬੁਲਿਆਂ ਵੱਲ ਦੇਖਦਿਆਂ ਪੁੱਛਿਆ।

ਡਾ. ਬਾਲੀ ਨੇ ਰਿਲੈਕਸ ਮੂਡ ਨਾਲ਼ ਕਿਹਾ, "ਮੇਰੇ ਨਾਲ ਐਗਰੀ ਨਾ ਕਰਨ, ਤੁਹਾਡੇ ਨਾਲ਼ ਗੱਲਬਾਤ ਲਈ ਤਾਂ ਹਾਮੀ ਭਰਨਗੇ ਹੀ...!"

"ਤੇ ਉਸਤੋਂ ਬਾਅਦ?" ਵੀ. ਸੀ. ਸਾਹਬ ਅਜੇ ਵੀ ਚਿੰਤਾਤੁਰ ਸਨ ਕਿ 'ਅਖ਼ੀਰ ਬਣੇਗਾ

ਕੀ?'

ਡਾ. ਬਾਲੀ ਨੇ ਗਿਲਾਸ ਵੀ. ਸੀ. ਵੱਲ ਵਧਾਉਂਦਿਆਂ ਕਿਹਾ, "ਉਸ ਤੇ ਬਾਅਦ ਕਿਆ...!! ਰਾਜੀਬੰਦਾ ! ਘਬਰਾਓ ਨਾ ਸਰ...ਮਾਰ੍ਹੇ ਪਿੰਡ ਕੇ ਈ ਆਂ ਜੀ, ਮਾਨ੍ਹੂੰ ਪਤਾ ਬਈ ਕਿੱਤਰਾਂ ਹੈਂਡਲ ਕਰਨੇ ਆਂ!!"

– – – –

** **ਚੱਕਰਵਿਊ**

ਅਗਲੀ ਸੁਬਹ ਵੀ. ਸੀ.ਸਾਹਬ ਦੇ ਪੀ. ਏ. ਨੇ, ਡਾ. ਬਾਲੀ ਦੇ ਵਿਰੋਧੀਆਂ ਤੋਂ ਬਾਹਰੋ-ਬਾਹਰ ਕਰਨੈਲ ਸਿੰਘ ਨਾਲ਼ ਗੱਲ ਕਰ ਕੇ ਉਸਨੂੰ ਮੀਟਿੰਗ ਲਈ ਰਾਜ਼ੀ ਕਰ ਲਿਆ। ਮੀਟਿੰਗ ਵੀ. ਸੀ. ਸਾਹਬ ਦੇ ਘਰ ਹੀ ਰੱਖੀ ਗਈ ਜਿਸਦੀ ਵਿਰੋਧੀ ਧਿਰ ਨੂੰ ਕੰਨੋ-ਕੰਨ ਖ਼ਬਰ ਨਾ ਹੋਈ। ਮੀਟਿੰਗ ਕਰਨ ਹਿੱਤ ਦਿਲਜੀਤ ਤੇ ਦਿਲਜੀਤ ਦੇ ਪਿਤਾ ਨਾਲ਼ ਸੁਪੋਰਟ ਕਰਨ ਲਈ ਦਿਲਜੀਤ ਦਾ ਚਾਚਾ ਹਰਮੇਲ ਵੀ ਆ ਗਿਆ ਸੀ। ਹੁਣ ਤਿੰਨੋ ਜਣੇ ਵੀ. ਸੀ. ਸਾਹਬ ਦੀ ਕੋਠੀ ਦੇ ਡਰਾਇੰਗ ਰੂਮ ਵਿਚ ਬੈਠੇ ਵੀ. ਸੀ. ਸਾਹਬ ਦੀ ਸ਼ਾਨ-ਓ-ਸ਼ੌਕਤ ਦੇਖ ਰਹੇ ਸਨ। ਤਦੇ ਸਿਕੀਓਰਿਟੀ ਇੰਚਾਰਜ ਕਰਨਲ ਨੇ ਦਿਲਜੀਤ ਨੂੰ ਇਸ਼ਾਰਾ ਕਰ ਕੇ ਸੱਦਿਆ। ਦਿਲਜੀਤ ਉੱਠ ਕੇ ਤੁਰੀ ਤਾਂ ਉਸ ਦਾ ਪਿਓ ਤੇ ਚਾਚਾ ਵੀ ਉੱਠ ਖੜ੍ਹੇ ਹੋਏ, ਜਿਨ੍ਹਾਂ ਨੂੰ ਸਿਕਿਓਰਿਟੀ ਵਾਲ਼ੇ ਮੇਜਰ ਸਾਹਬ ਨੇ ਬਹੁਤ ਨਿਮਰਤਾ ਸਹਿਤ ਇਹ ਕਹਿੰਦਿਆ ਬਿਠਾ ਲਿਆ, "ਤੁਸੀਂ ਬੈਠੋ ਹਾਲੇ...ਪਹਿਲਾਂ ਵੀ. ਸੀ. ਸਾਹਬ ਬੇਟੀ ਨਾਲ਼ ਗੱਲ ਕਰਨਗੇ।"

ਦਿਲਜੀਤ ਵੀ. ਸੀ. ਸਾਹਬ ਦੇ ਬੈੱਡਰੂਮ ਤਕ ਪਹੁੰਚੀ। ਕਰਨਲ ਨੇ ਦਰਵਾਜ਼ਾ ਖੋਲ੍ਹ ਕੇ ਦਿਲਜੀਤ ਨੂੰ ਅੰਦਰ ਜਾਣ ਨੂੰ ਕਿਹਾ ਤੇ ਆਪ ਦਰਵਾਜ਼ੇ ਦੇ ਬਾਹਰ ਹੀ ਖਲੋ ਗਿਆ। ਦਿਲਜੀਤ ਝਿਜਕਦੀ ਜਿਹੀ ਅੰਦਰ ਦਾਖ਼ਲ ਹੋਈ ਤਾਂ ਵੀ. ਸੀ. ਸਾਹਬ ਨੇ ਆਵਾਜ਼ ਮਾਰ ਲਈ, "ਆਓ-ਆਓ ਬੇਟਾ, ਆਜੋ...ਘਬਰਾਣਾ ਨਹੀਂ, ਆ ਜਾਓ...।"

ਵੀ. ਸੀ. ਸਾਹਬ ਬੈੱਡਰੂਮ ਵਿਚਲੇ ਸੋਫ਼ੇ 'ਤੇ ਬੈਠੇ ਸਨ ਤੇ ਉਨ੍ਹਾਂ ਨੇ ਦਿਲਜੀਤ ਨੂੰ ਸਾਹਮਣੇ ਵਾਲ਼ੇ ਸੋਫ਼ੇ 'ਤੇ ਬੈਠਣ ਦਾ ਇਸ਼ਾਰਾ ਕਰਦਿਆਂ ਕਿਹਾ, "ਬੈਠੋ ਬੇਟਾ, ਕਾੱਫ਼ੀ ਮੰਗਵਾਵਾਂ ਹੋਰ..?"

"ਨੋ ਸਰ, ਅਸੀਂ ਪੀ ਲਈ ਆ ਜੀ..।" ਦਿਲਜੀਤ ਨੇ ਸੋਫ਼ੇ 'ਤੇ ਬੈਠਦਿਆਂ ਕਿਹਾ।

ਤਦੇ ਹੀ ਬੈੱਡਰੂਮ ਦੇ ਪਿਛਲੇ ਦਰਵਾਜ਼ੇ 'ਚੋਂ ਡਾ. ਬਾਲੀ ਅੰਦਰ ਦਾਖ਼ਲ ਹੋਇਆ, ਜਿਹਨੂੰ ਦੇਖ ਕੇ ਦਿਲਜੀਤ ਇਕਦਮ ਡਰ ਜਿਹੇ ਗਈ। ਉਹ ਘਬਰਾਈ ਜਿਹੀ ਵੀ. ਸੀ. ਸਾਹਬ ਵੱਲ ਝਾਕੀ। ਵੀ. ਸੀ. ਸਾਹਬ ਨੇ ਧਰਵਾਸਾ ਦਿੰਦਿਆਂ ਕਿਹਾ, "ਨੋ-ਨੋ ਬੇਟਾ, ਘਬਰਾਉਣ ਦੀ ਲੋੜ ਨਹੀਂ... ਰਿਲੈਕਸ ਰਹੋ। ਆਪਾਂ ਜਸਟ ਇੱਥੇ ਗੱਲਬਾਤ ਲਈ ਇਕੱਠੇ ਹੋਏ ਹਾਂ ਤੇ ਇਸ ਕੋਂਸੀਪੀਰੇਸੀ ਦਾ ਕੋਈ ਹੱਲ ਲੱਭਣ ਲਈ।"

ਡਾ. ਬਾਲੀ ਵੀ ਆ ਕੇ ਤੀਜੇ ਖ਼ਾਲੀ ਪਏ ਸੋਫ਼ੇ 'ਤੇ ਬਹਿ ਗਿਆ। ਦਿਲਜੀਤ ਨੇ ਉਸਨੂੰ ਵਿਸ਼ ਵੀ ਨਾ ਕੀਤਾ। ਡਾ. ਬਾਲੀ ਨੂੰ ਇਹ ਗੱਲ ਚੁਭੀ ਪਰ ਹਾਲਾਤ ਦੇ ਮੱਦੇ-ਨਜ਼ਰ ਉਨ੍ਹਾਂ ਆਪ ਪਹਿਲ ਕੀਤੀ, "ਹੈਲੋ ਦਿਲਜੀਤ..।"

"ਹੈਲੋ ਸਰ...।" ਦਿਲਜੀਤ ਨੇ ਝਿਜਕਦਿਆਂ ਜਵਾਬ ਦਿੱਤਾ। ਉਹ ਅਸਲ ਵਿਚ ਆਪਣੇ ਆਪ ਨੂੰ ਫਸਿਆ ਜਿਹਾ ਮਹਿਸੂਸ ਕਰ ਰਹੀ ਸੀ। ਉਹਨੂੰ ਇਸ ਗੱਲ ਦਾ ਰਤਾ ਵੀ ਆਭਾਸ ਨਹੀਂ ਸੀ ਕਿ ਉਹਦਾ ਸਾਹਮਣਾ ਡਾ. ਬਾਲੀ ਨਾਲ਼ ਵੀ ਹੋਵੇਗਾ।

ਅਸਲ ਵਿਚ ਦਿਲਜੀਤ ਨੇ ਸੋਚਿਆ ਹੀ ਨਹੀਂ ਕਿ 'ਇਹ ਮਸਲਾ' ਇੰਨਾ ਵਿਕਰਾਲ ਰੂਪ ਧਾਰਨ ਕਰ ਲਵੇਗਾ। ਯੂਨੀਵਰਸਿਟੀ ਵਿਚ ਜ਼ਿੰਦਾਬਾਦ-ਮੁਰਦਾਬਾਦ ਸ਼ੁਰੂ ਹੋ ਜਾਵੇਗੀ। ਡਾ. ਬਾਲੀ ਨੂੰ ਨੌਕਰੀ ਤੋਂ ਕੱਢਣ ਲਈ ਹੰਗਾਮਾ ਇਸ ਪੱਧਰ 'ਤੇ ਪਹੁੰਚ ਜਾਵੇਗਾ। ਉਸ ਨੇ ਤਾਂ ਪਹਿਲਾਂ ਸੋਚਿਆ ਸੀ ਕਿ 'ਸਭ ਕੁਝ ਬੰਦ ਕਮਰੇ ਵਿਚ ਹੀ ਨਿੱਬੜ ਜਾਵੇਗਾ।' ਪਰ ਇਹ ਤਾਂ ਸਭ ਕੁਝ ਜੱਗ-ਜ਼ਾਹਰਾ ਹੋ ਗਿਆ ਸੀ। ਉਹ ਹੁਣ ਸੱਚਮੁੱਚ ਪਛਤਾ ਰਹੀ ਸੀ। ਉਹ ਸੋਚ ਰਹੀ ਸੀ ਕਿ 'ਡਾ.

ਬਾਲੀ ਨਾਲ਼ ਸੰਬੰਧ ਉਸ ਨੇ ਆਪਣੀ ਮਰਜ਼ੀ ਨਾਲ਼ ਬਣਾਏ ਸਨ, ਡਾ. ਬਾਲੀ ਨੇ ਪਹਿਲੋਂ ਕੋਈ ਵੀ ਜ਼ੋਰ-ਜ਼ਬਰਦਸਤੀ ਨਹੀਂ ਸੀ ਕੀਤੀ। ਫੇਰ ਉਹਨੇ ਇੰਨੀ ਵੱਡੀ ਬੇਵਕੂਫ਼ੀ ਕਿਉਂ ਕੀਤੀ? ਕਿਉਂ ਉਹ ਲੋਕਾਂ ਪਿੱਛੇ ਲੱਗੀ? ਕਿਉਂ ਉਹਨੇ ਸਭ ਕੁਝ ਠੀਕ-ਠਾਕ ਚੱਲ ਰਹੇ ਨੂੰ ਤਹਿਸ-ਨਹਿਸ ਕਰ ਦਿੱਤਾ!!! ਪੀਐੱਚ.ਡੀ. ਤਾਂ ਉਹਨੂੰ ਡਾ. ਬਾਲੀ ਨੇ ਹੀ ਕਰਵਾਉਣੀ ਸੀ, ਨੌਕਰੀ ਵੀ ਡਾ. ਬਾਲੀ ਲਗਵਾ ਦਿੰਦੇ...ਫੇਰ ਉਹਨੇ ਭਾਵੁਕਤਾ-ਵਸ, ਹੋਰਾਂ ਪਿੱਛੇ ਲੱਗ ਕੇ ਐਡੀ ਮੂਰਖਤਾ ਕਿਉਂ ਕੀਤੀ?' ਡਾ. ਬਾਲੀ ਦੇ ਵਿਰੋਧੀਆਂ ਨਾਲ਼ ਵਾਹ ਪੈਣ ਤੋਂ ਬਾਅਦ ਉਸਨੂੰ ਸਮਝ ਆ ਗਿਆ ਕਿ ਉਸਨੂੰ ਸਿਰਫ਼ 'ਵਰਤਿਆ' ਜਾ ਰਿਹਾ ਹੈ ਪਰ ਜਦ ਤਕ ਉਸ ਨੂੰ ਸਮਝ ਆਈ, ਦੇਰ ਹੋ ਚੁੱਕੀ ਸੀ। ਹੁਣ ਉਹ ਜਲਦ ਤੋਂ ਜਲਦ ਇਸ ਮਾਮਲੇ ਦਾ ਨਿਪਟਾਰਾ ਚਾਹੁੰਦੀ ਸੀ ਕਿਉਂਕਿ ਉਸਨੂੰ ਸਮਝ ਆ ਗਿਆ ਸੀ ਕਿ ਇਹ ਮਸਲਾ ਜਿੰਨਾ ਲੰਮਾ ਖਿੱਚੇਗਾ, ਓਸ ਦਾ ਨੁਕਸਾਨ ਓਨਾ ਹੀ ਜ਼ਿਆਦਾ ਹੋਵੇਗਾ। ਦਿਲਜੀਤ ਤਾਂ ਮਨੋ-ਮਨੀ ਇਹ ਵੀ ਚਾਹੁਣ ਲੱਗ ਪਈ ਸੀ ਕਿ ਡਾ. ਬਾਲੀ ਦਾ ਵੀ ਕੋਈ ਨੁਕਸਾਨ ਨਾ ਹੋਵੇ।

"ਦੇਖੋ ਬੇਟਾ ਦਿਲਜੀਤ, ਡਾ. ਬਾਲੀ ਨੇ ਮੈਨੂੰ ਸਭ ਕੁਝ ਦੱਸ ਦਿੱਤਾ ਹੈ। ਮੈਂ ਇਨ੍ਹਾਂ ਦੀ ਇਮਾਨਦਾਰੀ ਦਾ ਕਾਇਲ ਹਾਂ। ਕੁਝ ਵੀ ਨਹੀਂ ਲੁਕੋਇਆ। ਵਟ ਐਵਰ ਮੈਨੂੰ ਕੋਈ ਕਨਸਰਨ ਨਹੀਂ ਤੁਹਾਡਾ ਰਿਲੇਸ਼ਨ ਕੀ ਸੀ, ਕਿਵੇਂ ਸੀ...ਤੁਸੀਂ ਵੀ ਬਾਲਗ ਹੋ, ਆਪਣਾ ਚੰਗਾ-ਬੁਰਾ ਸੋਚ ਸਕਦੇ ਹੋ...ਸੋ ਐਜ਼ ਯੂ ਵਿਸ਼...ਤੁਹਾਡਾ ਕਿਸ ਨਾਲ ਰਿਲੇਸ਼ਨ ਹੈ...ਮੈਂ ਬੌਂਦਰ ਨਹੀਂ ਕਰਦਾ... ਬਟ...ਤੁਸੀਂ ਮੈਨੂੰ ਇਹ ਦੱਸੋ, ਤੁਸੀਂ ਇਹ ਕਿਉਂ ਕੀਤਾ? ਮਤਲਬ ਆਪਣੇ ਰਿਲੇਸ਼ਨ ਨੂੰ ਐਕਸਪੋਜ਼ ਵੀ ਕਰ ਦਿੱਤਾ, ਬਦਨਾਮੀ ਵੀ ਹੋਈ, ਡਾ. ਬਾਲੀ ਦਾ ਵੀ ਕਰੀਅਰ ਦਾਅ 'ਤੇ ਲੱਗ ਗਿਆ, ਤੁਹਾਡਾ ਆਪਣਾ ਕਰੀਅਰ ਵੀ ਹੁਣ ਬਰਾਇਟ ਨਹੀਂ ਰਿਹਾ....ਤੁਹਾਨੂੰ ਕੀ ਲਗਦਾ ਹੈ ਜਿਨ੍ਹਾਂ ਲੋਕਾਂ ਪਿੱਛੇ ਲੱਗ ਕੇ ਤੁਸੀਂ ਇਹ ਕਦਮ ਚੁੱਕਿਆ ਹੈ ਉਹ ਤੁਹਾਨੂੰ ਇਨ-ਫਿਊਚਰ ਸੁਪੋਰਟ ਕਰਨਗੇ..?? ਨੋ, ਨੈਵਰ...ਉਹ ਲੋਕ ਤਾਂ ਬੱਸ ਆਪਣਾ ਕੰਮ ਕੱਢ ਕੇ ਤੁਹਾਨੂੰ ਛੱਡ ਦੇਣਗੇ...ਜਸਟ ਯੂਜ਼ ਐਂਡ ਥਰੋ...!!" ਵੀ. ਸੀ. ਸਾਹਬ ਦੇ ਬੋਲਣ ਦੀ ਪਿੱਚ ਤੇ ਟੋਨ ਹੌਲ਼ੀ-ਹੌਲ਼ੀ ਵਧਦੀ ਜਾ ਰਹੀ ਸੀ, ਜਿਸ ਦਾ ਅਸਰ ਤੁਰੰਤ ਹੀ ਦੇਖਣ ਨੂੰ ਮਿਲਿਆ। ਦਿਲਜੀਤ ਡੁਸਕਦੀ-ਡੁਸਕਦੀ ਰੋਣ ਲੱਗ ਪਈ। ਦੋਵੇਂ ਹੱਥ ਜੋੜ ਕੇ ਕਹਿੰਦੀ, "ਸੌਰੀ ਸਰ, ਆਈ ਐਮ ਰੀਅਲੀ ਸੌਰੀ...ਸਰ ਮੇਰੇ ਪਾ ਤੇ ਅਣਜਾਣੇਪੁਣੇ ਮਾ ਗਲਤੀ ਹੋਗੀ। ਸੋਰੀ ਜੀ...!!"

ਆਪਣਾ ਦਾਅ ਬਿਲਕੁਲ ਸਹੀ ਲੱਗਿਆ ਮਹਿਸੂਸ ਕੇ ਵੀ. ਸੀ. ਸਾਹਬ ਅੰਦਰੋ-ਅੰਦਰੀ ਨਿਹਾਲ ਹੋ ਗਏ, "ਨੋ-ਨੋ ਬੇਟਾ, ਰੋਣਾ ਨਹੀਂ... ਨੋ-ਨੋ, ਗ਼ਲਤੀ ਹੋ ਜਾਂਦੀ ਹੈ, ਹਰ ਇਨਸਾਨ ਤੋਂ ਗ਼ਲਤੀ ਹੋ ਜਾਂਦੀ ਹੈ। ਵੱਡੀ ਗੱਲ ਹੈ ਗ਼ਲਤੀ ਨੂੰ ਐਕਸੈਪਟ ਕਰਨਾ। ਤੁਸੀਂ ਐਕਸੈਪਟ ਕਰ ਰਹੇ ਓਂ...ਦੈੱਨ ਇਟਸ ਓ.ਕੇ...ਦੇਖੋ ਤੁਹਾਨੂੰ ਵੀ ਹੁਣ ਪਤਾ ਲੱਗ ਰਿਹਾ ਹੋਵੇਗਾ ਕਿ ਕਿਵੇਂ ਉਨ੍ਹਾਂ ਲੋਕਾਂ ਨੇ ਤੁਹਾਡਾ ਇਸਤੇਮਾਲ ਕੀਤਾ...!!!"

ਵੀ. ਸੀ. ਸਾਹਬ ਜਾਣਬੁੱਝ ਕੇ ਦਿਲਜੀਤ ਦੇ ਮੂੰਹ ਵਿਚ ਸ਼ਬਦ ਪਾਉਣ ਦੀ ਕੋਸ਼ਿਸ਼ ਕਰ ਰਹੇ ਸਨ। ਇਸ ਤੋਂ ਬਾਅਦ ਡਾ. ਬਾਲੀ ਨੇ ਲਕੋ ਕੇ ਆਪਣੇ ਮੋਬਾਈਲ ਦੀ ਰਿਕਾਰਡਿੰਗ ਸਟਾਰਟ ਕਰ ਲਈ ਕਿਉਂਕਿ ਉਹਨੂੰ ਪਤਾ ਲੱਗ ਗਿਆ ਸੀ ਕਿ ਹੁਣ ਦਿਲਜੀਤ ਜੋ ਵੀ ਬੋਲੇਗੀ, ਉਹ ਸਭ ਹੀ ਉਸ ਨੂੰ ਬਚਾਏਗਾ।

"ਜੀ ਸਰ, ਰੀਅਲੀ ਇਬ ਪਤਾ ਲੱਗ ਗਿਆ। ਐਕਚੂਲੀ ਪਤਾ ਈ ਨ੍ਹੀ ਕਿਵੇਂ ਉਨ੍ਹਾਂ ਨੇ ਮੇਰਾ ਬ੍ਰੇਨ-ਵਾਸ਼ ਕਰ ਦਿਆ। ਹੁਣ ਜਦ ਯੂਨੀਵਰਸਿਟੀ 'ਚ ਇੰਨਾ ਵੱਡਾ ਹੰਗਾਮਾ ਹੋਇਆ ਤਾਂ ਮੈਨੂੰ ਬੀ ਅਕਲ ਆਗੀ ਬੀ ਉਹ ਸਿਰਫ਼ ਮੇਰਾ ਯੂਜ਼ ਕਰਕਾ ਡਾ. ਸਾਹਬ ਨੂੰ ਡਿਫੀਟ ਕਰਨ ਲੱਗੇ ਹੋਏ ਆਂ।" ਰਲ਼ੀ-ਮਿਲੀ ਪੁਆਧੀ-ਟਕਸਾਲੀ ਬੋਲਦਿਆਂ-ਬੋਲਦਿਆਂ ਦਿਲਜੀਤ ਦਾ ਧਿਆਨ ਡਾ. ਬਾਲੀ ਵੱਲ ਗਿਆ, "ਸਰ, ਆਈ ਐਮ ਰੀਅਲੀ ਸੌਰੀ, ਜੇ ਹੋ ਸਕਿਆ ਤਾਂ ਮਨੂੰ ਮੁਆਫ਼ ਕਰ ਦਿਓ।" ਉਹ ਫੇਰ ਰੋਣ ਲੱਗ ਪਈ। ਡਾ. ਬਾਲੀ ਨੇ ਤੁਰੰਤ ਰਿਕਾਰਡਿੰਗ ਬੰਦ ਕਰ ਦਿੱਤੀ।

"ਨੋ-ਨੋ, ਦਿਲਜੀਤ, ਮੇਰੇ ਮਨ ਵਿਚ ਕੋਈ ਗੁੱਸਾ ਨਹੀਂ, ਕੋਈ ਗਿਲਾ ਨਹੀਂ ਕਿਉਂਕਿ ਮੈਨੂੰ ਪਤਾ ਹੈ ਕਿ ਤੂੰ ਹੋਰਾਂ ਦੀਆਂ ਉਂਗਲਾਂ 'ਤੇ ਨੱਚ ਰਹੀ ਸੀ। ਦੇਖ ਦਿਲਜੀਤ ਫ਼ੈਸਲਾ ਹਜੇ ਬੀ ਤੇਰਾ ਈ ਆ ਬਈ ਤੈਂ ਮੇਰੇ ਹੱਕ ਮਾ ਖੜ੍ਹਨਾ ਕਿ ਮੇਰੇ ਬਰੋਧ ਮਾ?" ਡਾ. ਬਾਲੀ ਨੇ ਰਲ਼ੀ-ਮਿਲੀ ਪੰਜਾਬੀ ਵਿਚ ਭਾਵੁਕ ਜਿਹੀ ਅਪੀਲ ਕਰ ਕੇ ਦਿਲਜੀਤ ਨੂੰ ਮੁੜ ਆਪਣੇ ਵਸ ਵਿਚ ਕਰ ਲਿਆ ਸੀ।

"ਆਈ ਨੋ ਬੇਟਾ, ਉਨ੍ਹਾਂ ਤੈਨੂੰ ਕਈ ਤਰ੍ਹਾਂ ਦੇ ਲਾਲਚ ਵੀ ਦਿੱਤੇ ਹੋਣਗੇ, ਹੋਰ ਵੀ ਸੌ ਗੱਲਾਂ ਕਹੀਆਂ ਹੋਣਗੀਆਂ। ਹੁਣ ਲਾਸਟ ਗੱਲ ਇਹ ਹੈ ਕਿ ਦੱਸੋ ਤੁਸੀਂ ਅਜੇ ਵੀ ਉਨ੍ਹਾਂ ਲੋਕਾਂ ਦੇ ਹੱਕ ਵਿਚ ਹੀ ਸਟੈਂਡ ਕਰੋਗੇ ਜਿਹੜੇ ਤੁਹਾਨੂੰ ਯੂਜ਼ ਕਰ ਰਹੇ ਨੇ, ਜਾਂ ਫਿਰ...?" ਵੀ. ਸੀ. ਸਾਹਬ ਨੇ ਫ਼ਾਈਨਲ ਡਿਸੀਜ਼ਨ ਜਾਣਨਾ ਚਾਹਿਆ ਸੀ।

"ਨੋ ਸਰ, ਬਿਲਕੁਲ ਬੀ ਨ੍ਹੀਂ, ਬਲਕਿ ਮੈਂ ਤਾਂ ਹੁਣ ਯੋ ਗੱਲ ਕਹਿਣੀ ਐ ਬਈ ਕਿ ਇਨ੍ਹਾਂ ਲੋਕਾਂ ਨੇ ਪ੍ਰੈਸ਼ਰਾਈਜ਼ ਕਰ ਕੇ ਮੇਰੇ ਤੋਂ ਡਾ. ਸਾਹਬ ਦੇ ਅੰਗੇਸਟ ਬੁਲਵਾਇਆ...।" ਦਿਲਜੀਤ ਨੇ ਫ਼ੈਸਲਾ ਸੁਣਾ ਦਿੱਤਾ ਸੀ।

"ਓ.ਕੇ., ਓ.ਕੇ., ਦਿਲਜੀਤ ਹੁਣ ਤੁਸੀਂ ਜਾਓ... ਬਟ ਬਾਹਰ ਜਾ ਕੇ ਕਿਸੇ ਨੂੰ ਵੀ ਇਹ ਨਾ ਦੱਸਣਾ ਕਿ ਮੈਂ ਵੀ ਇੱਥੇ ਹੀ ਸੀ।" ਡਾ. ਬਾਲੀ ਨੇ ਆਪਣੀ ਆਵਾਜ਼ ਰਤਾ ਧੀਮੀ ਕਰਦਿਆਂ ਕਿਹਾ।

"ਤੇ ਬੇਟਾ ਇਸ ਕਮਰੇ ਵਿਚ ਜੋ ਵੀ ਗੱਲਾਂ ਹੋਈਆਂ, ਉਹ ਰਾਜ਼ ਹੀ ਰਹਿਣਗੀਆਂ। ਓ.ਕੇ... ਹੁਣ ਤੁਸੀਂ ਜਾਓ ਤੇ ਡਾ. ਬਾਲੀ ਦੇ ਇੱਥੇ ਹੋਣ ਦਾ ਜ਼ਿਕਰ ਕਿਸੇ ਕੋਲ ਨਾ ਕਰਨਾ...ਅਸੀਂ ਤੁਹਾਡੇ ਪੇਰੈਂਟਸ ਨਾਲ਼ ਗੱਲ ਕਰ ਲਈਏ.... ਫੇਰ ਲਾਸਟ ਡਿਸੀਜਨ ਦੱਸਦੇ ਹਾਂ...।" ਵੀ. ਸੀ. ਸਾਹਬ ਦੇ ਅੰਦਰ ਖ਼ੁਸ਼ੀ ਨੱਚ ਰਹੀ ਸੀ ਕਿਉਂਕਿ ਉਨ੍ਹਾਂ ਸੋਚਿਆ ਹੀ ਨਹੀਂ ਸੀ ਕਿ ਮਾਮਲਾ ਇੰਨੀ ਜਲਦੀ ਸੁਲ਼ਝ ਜਾਵੇਗਾ।

ਦਿਲਜੀਤ ਉੱਠੀ, ਇਕ ਵਾਰ ਡਾ. ਬਾਲੀ ਵੱਲ ਦੇਖਿਆ, "ਸੌਰੀ ਸਰ" ਆਖ ਕੇ ਬੈੱਡਰੂਮ ਤੋਂ ਬਾਹਰ ਹੋ ਗਈ।

ਡਾ. ਬਾਲੀ ਤੇ ਵੀ. ਸੀ. ਸਾਹਬ ਦੇ ਚਿਹਰੇ 'ਤੇ ਚਮਕ ਸੀ, ਪੌਣੀ ਜੰਗ ਜਿੱਤਣ ਵਾਲ਼ੀ ਚਮਕ। ਡਾ. ਬਾਲੀ ਉੱਠੇ, "ਓ.ਕੇ. ਸਰ ਮੈਂ ਵੀ ਚਲਦਾ ਹਾਂ, ਮੇਨ ਗੇਟ ਤੋਂ ਆਉਂਦਾ ਹਾਂ ਹੁਣ ਮੈਂ। ਦਿਲਜੀਤ ਨੇ ਜੋ ਵੀ ਕਿਹਾ, ਰਿਕਾਰਡਿੰਗ ਮੈਂ ਕਰ ਲਈ। ਤੁਹਾਨੂੰ ਵਟਸਐਪ ਕਰ ਰਿਹਾਂ। ਲੋੜ ਹੋਵੇ ਤਾਂ ਜਿੱਥੇ ਮਰਜ਼ੀ ਵਰਤ ਲੈਣਾ। ਫ਼ਿਲਹਾਲ ਤੁਸੀਂ ਦਿਲਜੀਤ ਦੇ ਪੇਰੈਂਟਸ ਨੂੰ ਬੁਲਾਓ ਅੰਦਰ।"

ਇੰਨਾ ਆਖ ਡਾ. ਬਾਲੀ ਬੈੱਡਰੂਮ ਦੇ ਪਿਛਲੇ ਦਰਵਾਜ਼ਿਓ, ਜਿੱਥੋਂ ਉਹ ਆਇਆ ਸੀ, ਵਾਪਸ ਚਲਾ ਗਿਆ।

– – – –

** **ਯੁੱਧ-ਅੰਤ**

ਵੀ. ਸੀ. ਸਾਹਬ ਨੇ ਕਰਨਲ ਨੂੰ ਆਵਾਜ਼ ਮਾਰੀ ਤੇ ਮੇਜਰ ਦਿਲਜੀਤ ਦੇ ਪਿਓ ਤੇ ਚਾਚੇ ਨੂੰ ਡਰਾਇੰਗ ਰੂਮ ਵਿਚੋਂ ਉਠਾ ਕੇ ਬੈੱਡਰੂਮ ਤਕ ਲੈ ਆਇਆ। ਮੁੜ ਕਰਨਲ ਤੇ ਮੇਜਰ ਵੀ ਬੈੱਡਰੂਮ ਵਿਚ ਆ ਕੇ ਖਲੋ ਗਏ। ਦਿਲਜੀਤ ਦਾ ਪਿਓ ਤੇ ਚਾਚਾ ਆ ਕੇ ਉਸੇ ਸੋਫ਼ੇ 'ਤੇ ਬਹਿ ਗਏ ਜਿਸ 'ਤੇ ਕੁਝ ਚਿਰ ਪਹਿਲਾਂ ਦਿਲਜੀਤ ਬੈਠੀ ਸੀ। ਵੀ. ਸੀ. ਸਾਹਬ ਨੇ ਦੋਹਾਂ ਨੂੰ ਗੱਲੀਂ-ਬਾਤੀਂ ਸਮਝਾ ਦਿੱਤਾ ਕਿ 'ਅਸਲ ਵਿਚ ਗੱਲ ਕੀ ਵਾਪਰੀ ਹੈ।' ਡਾ. ਬਾਲੀ ਦੀ ਚੜ੍ਹਾਈ, ਦੋਖੀਆਂ ਦੀ ਖਾਰ ਤੇ ਹਾਰ, ਸਾਜ਼ਿਸ਼ ਆਦਿ ਵੇਰਵਾ ਵੀ ਨਾਲ਼ ਨੱਥੀ ਕਰ ਦਿੱਤਾ। ਉਨ੍ਹਾਂ ਨੇ 'ਦਿਲਜੀਤ ਦੇ ਇਕਬਾਲੀਆ-ਬਿਆਂ' ਬਾਰੇ ਵੀ ਦੱਸ ਦਿੱਤਾ। ਭਵਿੱਖ ਵਿਚ ਇਸ ਦੇ ਕੀ-ਕੀ ਮਾੜੇ ਨਤੀਜੇ ਹੋਣਗੇ ਇਸ ਬਾਰੇ ਵੀ ਸਮਝਾ ਦਿੱਤਾ। ਡਾ. ਬਾਲੀ ਜਦੋਂ ਸਾਹਮਣੇ ਵਾਲ਼ੇ ਦਰਵਾਜ਼ੇ ਤੋਂ ਅੰਦਰ ਦਾਖ਼ਲ ਹੋਇਆ ਤਾਂ ਉਦੋਂ ਤਕ ਦਿਲਜੀਤ ਦਾ ਪਿਓ ਤੇ ਚਾਚਾ ਬਿਲਕੁਲ ਹੀ ਢੈਲ਼ੇ ਹੋਏ ਪਏ ਸਨ।

ਡਾ. ਬਾਲੀ ਆਇਆ ਤੇ ਉਸ ਨੇ ਆ ਕੇ ਦਿਲਜੀਤ ਦੇ ਪਿਓ ਦੇ ਗੋਡੀਂ ਹੱਥ ਲਾਏ। ਨਾਲ਼

ਬੈਠੇ ਦਿਲਜੀਤ ਦੇ ਚਾਚੇ ਹਰਮੇਲ ਨਾਲ਼ ਹੱਥ ਮਿਲਾਇਆ ਤੇ ਉਸ ਵੱਲ ਭਾਵਪੂਰਤ ਢੰਗ ਨਾਲ਼ ਦੇਖਦਾ ਤੇ ਕੁਝ ਸੋਚਦਾ ਹੋਇਆ ਡਾ. ਬਾਲੀ ਆਪਣੀ ਪਹਿਲਾਂ ਵਾਲ਼ੀ ਥਾਂ 'ਤੇ ਹੀ ਬਹਿ ਗਿਆ।

"ਓ ਯਰ ਬਾਲੀ, ਯੋ ਤਾਂ ਖਾਸੀ ਬੜੀ ਗਲਤੀ ਹੋਗੀ ਮਾਤੇ...। ਓ ਯਰ ਉਨ੍ਹਾਂ ਨੈ ਝੂਠ-ਤਫਾਨ ਬੋਲ ਕਾ ਮ੍ਹਾਰਾ ਤਾਂ ਦਮਾਗ ਏ ਖਰਾਬ ਕਰ ਦਿਆ ਤਾ। ਲੈ ਇਬ ਉਰਾ ਆ ਕਾ ਪਤਾ ਲਗਿਆ ਬਈ ਯੋ ਤੋ ਸਾਲ਼ੀ ਬਾਤ ਏ ਹੋਰ ਤੀ।" ਕਰਨੈਲ ਸਿੰਘ ਨੇ ਨਿਮਾਣਾ ਜਿਹਾ ਹੋ ਕੇ ਕਿਹਾ।

"ਓ ਕੋਈ ਨ੍ਹੀਂ ਬਾਈ ਜੀ, ਹੋਜੇ ਕਰਾ ਇੱਤਰਾਂ ਬੀ...ਕੋਈ ਨ੍ਹੀਂ ਕੋਈ ਨ੍ਹੀਂ...ਬੱਸ ਯੋ ਬਾਤ ਕਾ ਰੰਜ ਜਰੂਰ ਆ ਬਈ ਜੇ ਕੋਈ ਊਚ-ਨੀਚ ਕਾ ਪਤਾ ਚਲਿਆ ਤਾ, ਫੇਰ ਸਭ ਤੇ ਪਹਿਲਾਂ ਥਮੇਂ ਆ ਕੇ ਮੇਰੇ ਗੈਲ ਬਾਤ ਕਰਦੇ...!!" ਡਾ. ਬਾਲੀ ਨੇ ਆਖ਼ਰੀ ਗੱਲ ਕਰਦਿਆਂ-ਕਰਦਿਆਂ ਫੇਰ ਆਪਣੀ ਲੱਤ ਉੱਪਰ ਰੱਖ ਲਈ ਸੀ।

ਕਰਨੈਲ ਨੇ ਸਫ਼ਾਈ ਦਿੱਤੀ, "ਓ ਬੱਸ ਯਰ, ਮੱਤ ਏ ਮਾਰੀ ਗਈ ਤੀ ਮਾਰੀ...ਉਨ੍ਹਾਂ ਨੇ ਬਾਤ ਏ ਅਹੀ ਜੀ ਕਹਿਦੀ...ਦਮਾਗ ਏ ਖਰਾਬ ਹੋ ਗਿਆ ਮੇਰਾ...!"

ਨਾਲ਼ ਹੀ ਦਿਲਜੀਤ ਦਾ ਚਾਚਾ ਹਰਮੇਲ ਵੀ ਬੋਲ ਪਿਆ, "ਹੋਰ ਕੇ, ਸਲ਼ਿਆਂ ਨੇ ਜਦ ਦਲਜੀਤ ਕਾ ਨੌਂਅ ਲੇ ਕਾ ਕਿਹਾ ਬਈ ਬਾਲੀ ਨੇ ਇੱਤਰਾਂ ਕਰ ਦਿਆ, ਮੇਰਾ ਬੀ ਖ਼ੂਨ ਖੋਲ ਗਿਆ ਤਾ...!!"

"ਉਂ ਹਰਮੇਲ, ਤੇਰੇ ਆਲ਼ੇ ਕਨੂੰਨ ਮੁਜਬ ਤਾਂ ਜੇ ਕੁਸ ਹੋ-ਹਵਾ ਬੀ ਜਾਂਦਾ ਤਾਂ ਤੌਂਅ ਤਾਂ ਮਨ੍ਹੂੰ ਮਾਫ਼ ਕਰ ਏ ਦੇਂਦਾ ਕ ਨਹੀਂ?" ਡਾ. ਬਾਲੀ ਨੇ ਬਹੁਤ ਗਹੁ ਨਾਲ਼ ਹਰਮੇਲ ਨੂੰ ਦੇਖਦਿਆਂ ਕੱਲਾ-ਕੱਲਾ ਸ਼ਬਦ ਚੱਬ-ਚੱਬ ਕੇ ਕਿਹਾ।

ਡਾ. ਬਾਲੀ ਦੀ ਆਹ ਗੱਲ ਸੁਣ ਕੇ ਹਰਮੇਲ ਸੁੰਨ ਜਿਹਾ ਹੋ ਗਿਆ। ਕਰਨੈਲ ਨੂੰ ਰਤਾ ਕੁ ਗ਼ੁੱਸਾ ਚੜ੍ਹਿਆ ਪਰ ਹਰਮੇਲ ਦਾ ਉੱਡਿਆ ਜਿਹਾ ਰੰਗ ਵੇਖ ਕੇ ਉਹ ਦੋਚਿੱਤੀ ਜਿਹੀ ਵਿਚ ਪੈ ਗਿਆ। ਉਸਨੂੰ 'ਅਸਲ ਗੱਲ' ਦੀ ਸਮਝ ਨਹੀਂ ਆਈ ਕਿ 'ਬਾਲੀ ਅਸਲ ਵਿਚ ਕਹਿਣਾ ਕੀ ਚਾਹੁੰਦਾ ਹੈ?' ਉਸ ਨੇ ਰਤਾ ਕੁ ਟੋਹਣ ਲਈ ਗੱਲ ਤੋਰ ਲਈ, "ਨਹੀਂ-ਨਹੀਂ ਬਾਲੀ, ਨਿਊਂ ਤਾਂ ਪੂਰਾ ਭਰੋਸਾ ਤੇਰੇ ਪਾ...। ਤਾਂ ਹੀ ਤਾਂ ਤੇਰੇ ਪਾ ਕੁੜੀ ਛੱਡ ਕਾ ਗਿਆ ਤਾ...।"

ਡਾ. ਬਾਲੀ ਨੇ ਕਰਨੈਲ ਦੀ ਗੱਲ ਵੱਲ ਬਹੁਤਾ ਧਿਆਨ ਨਾ ਦਿੱਤਾ ਤੇ ਨਿਗ੍ਹਾ ਹਰਮੇਲ ਦੇ ਚਿਹਰੇ 'ਤੇ ਹੀ ਗੱਡੀ ਰੱਖੀ। ਹਰਮੇਲ ਦਾ ਰੰਗ ਹਰ ਪਲ ਬਦਲਦਾ ਜਾ ਰਿਹਾ ਸੀ। ਉਹ ਨੀਵੀਂ ਜਿਹੀ ਪਾਈ ਬੈਠਾ ਸੀ।

"ਹੈਂਅ ਹਰਮੇਲ..!!" ਡਾ. ਬਾਲੀ ਨੇ ਗੱਲ ਸ਼ੁਰੂ ਕਰਦਿਆਂ ਜੇਬ ਵਿੱਚੋਂ ਪੰਜ ਦਾ ਸਿੱਕਾ ਕੱਢ ਕੇ ਸਾਹਮਣੇ ਟੇਬਲ 'ਤੇ ਟਿਕਾ ਦਿੱਤਾ, "ਜੇ ਕੁਛ ਹੋ-ਹਵਾ ਜਾਂਦਾ ਫੇਰ ਇੰਨੇ ਬਹੁਤ ਹੋਣੇ ਤੇ...?" ਬੋਲਦੇ-ਬੋਲਦੇ ਨੇ ਇਕ ਦਸ ਰੁਪਏ ਦਾ ਨੋਟ ਕੱਢਿਆ ਤੇ ਉਹ ਵੀ ਪੰਜ ਦੇ ਸਿੱਕੇ ਨਾਲ਼ ਟਿਕਾ ਦਿੱਤਾ, "ਕ ਦੁੱਗਣੇ ਦੇਣੇ ਪੈਂਦੇ..??"

ਬਾਲੀ ਇਕਟਕ ਹਰਮੇਲ ਵੱਲ ਵੇਖ ਰਿਹਾ ਸੀ। ਹਰਮੇਲ ਨੂੰ ਧਰਤੀ ਵਿਹਲ ਨਹੀਂ ਸੀ ਦੇ ਰਹੀ। ਕਰਨੈਲ ਤੇ ਵੀ. ਸੀ. ਸਾਹਬ, ਡਾ. ਬਾਲੀ ਦੀ ਪਾਈ ਬੁਝਾਰਤ ਦੀ ਗੁੰਝਲ਼ ਦਾ ਜੁਆਬ, ਨੀਵੀਂ ਪਾਈ ਬੈਠੇ, ਹਰਮੇਲ ਦੇ ਰੰਗ-ਉੱਡੇ ਚਿਹਰੇ ਵਿਚੋਂ ਲੱਭਣ ਦੀ ਕੋਸ਼ਿਸ਼ ਕਰ ਰਹੇ ਸਨ। 000

***(ਸਹਾਇਕ ਪ੍ਰੋਫੈਸਰ (ਪੰਜਾਬੀ), FYIP Programme,***
***ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ-147 002***
***ਈਮੇਲ: swamisarabjeet@gmail.com***
***ਫੋਨ: +91-98884-01328)***

# ਚੱਕਰਵਿਊ: ਕਹਾਣੀ: ਦੀਪਤੀ ਬਬੂਟਾ

"ਸੂ...ਰ...ਰ...ਯਾ...ਸੂ...ਰ...ਯਾ...।"

ਹਿੰਮਤ ਦੇ ਮੂੰਹੋਂ ਪੁੱਤਰ ਦਾ ਨਾਂ ਸੁਣ ਸ੍ਰਿਸ਼ਟੀ ਨਾਈਟ ਡਿਊਟੀ ਸਟਾਫ਼ ਵੱਲ ਭੱਜੀ ਹੈ।

"ਸਿਸਟਰ ਜਲਦੀ ਆਉ, ਬੈੱਡ ਨੰਬਰ ਚੁਰਾਸੀ...ਮੇਰੇ ਹਸਬੈਂਡ...ਹੋਸ਼ 'ਚ ਆਉਣ ਲੱਗੇ ਨੇ।"

ਨਰਸ ਕਾਹਲੀ ਨਾਲ ਬੈੱਡ ਨੰਬਰ ਚੁਰਾਸੀ ਕੋਲ ਪਹੁੰਚੀ। ਡਾਕਟਰ ਦੀ ਹਿਦਾਇਤ ਮੁਤਾਬਿਕ ਟੀਕਾ ਭਰਿਆ ਤੇ ਹਿੰਮਤ ਨੂੰ ਲਗਾ ਦਿੱਤਾ। ਹੋਸ਼ ਵਿਚ ਆਉਂਦਾ-ਆਉਂਦਾ ਉਹ ਫਿਰ ਬੇਸੁਰਤ ਹੋ ਟਿਕਾਉ 'ਚ ਆਉਣ ਲੱਗਿਆ ਹੈ।

ਮੁਰਦਾਹਾਲ ਬੈੱਡ 'ਤੇ ਪਏ ਪਤੀ ਦੇ ਫੜਫੜਾਉਂਦੇ ਬੁੱਲ੍ਹਾਂ ਵਿਚੋਂ ਸ੍ਰਿਸ਼ਟੀ ਨੂੰ ਸੂਰਯਾ, ਸੂਰਯਾ ਹੀ ਸੁਣਾਈ ਦੇ ਰਿਹਾ ਹੈ।

"ਪਿਉ-ਪੁੱਤਰ ਦੋਵੇਂ ਮੌਤ ਦੇ ਮੂੰਹ 'ਚ...। ਹਾਏ ਓ ਰੱਬਾ! ਇਨ੍ਹਾਂ ਨੂੰ ਕੁਝ ਹੋਵੇ ਉਸ ਤੋਂ ਪਹਿਲਾਂ ਮੈਨੂੰ ਚੁੱਕ ਲੈ।" ਹੌਲ ਉਠਿਆ ਤੇ ਉਹ ਮੁਬਾਇਲ ਖੋਲ੍ਹ ਖ਼ਬਰਾਂ ਦੀ ਅਪਡੇਟ ਦੇਖਣ ਲੱਗੀ।

-ਰਸ਼ੀਅਨ ਸੈਨਾਵਾਂ ਖਾਰਕੀਵ ਦੇ ਰਿਹਾਇਸ਼ੀ ਇਲਾਕੇ ਅੰਦਰ ਵੜੀਆਂ।

-ਯੂਕ੍ਰੇਨ ਨੇ ਹਥਿਆਰ ਸੁੱਟਣ ਤੋਂ ਕੀਤਾ ਇਨਕਾਰ।

-ਰਸ਼ੀਆ ਨੇ ਅਗਲੇ ਕੁਝ ਘੰਟਿਆਂ ਵਿਚ ਖਾਰਕੀਵ ਨੂੰ ਪੂਰਨ ਤੌਰ 'ਤੇ ਤਬਾਹ ਕਰ ਕਬਜ਼ੇ 'ਚ ਲੈਣ ਦਾ ਕੀਤਾ ਦਾਅਵਾ।

ਪੁੱਤਰ ਦੀ ਆਵਾਜ਼ ਸੁਣਨ ਲਈ ਤਰਲੋ-ਮੱਛੀ ਹੁੰਦੀ ਨੇ ਕੰਬਦੇ ਹੱਥੀਂ ਵਟਸਐਪ ਕਾਲ ਡਾਇਲ ਕਰ ਦਿੱਤੀ। ਲੰਬੀ ਹੁੰਦੀ ਟ੍ਰਿਨ-ਟ੍ਰਿਨ ਸਾਹ ਸੁਕਾਉਣ ਲੱਗੀ ਤਾਂ ਸਕ੍ਰੀਨ 'ਤੇ ਨਜ਼ਰ ਦੌੜਾਈ। 'ਰਿੰਗਿੰਗ' ਦੀ ਥਾਂ 'ਕਾਲਿੰਗ' ਸ਼ਬਦ ਵੇਖ ਘਬਰਾਹਟ ਬੇਚੈਨੀ 'ਚ ਬਦਲ ਗਈ।

"ਹੇ ਸ਼ਨੀਦੇਵ ਮਹਾਰਾਜ! ਸੁੱਖ ਹੋਵੇ ਸਹੀ। ਆਰਤੀ, ਵੇਖੀਂ ਪੁੱਤਰ ਸੂਰਯਾ ਦਾ ਨੈੱਟ ਬੰਦ ਕਿਉਂ ਆ ਰਿਹੈ?" ਪੂਰੀ ਦੀ ਪੂਰੀ ਸਵਾਲੀਆ ਚਿੰਨ੍ਹ ਹੋਈ ਨੇ ਮੁਬਾਇਲ ਧੀ ਵੱਲ ਵਧਾ ਦਿੱਤਾ।

"ਇਕ ਮਿੰਟ ਰੁਕੋ ਮੰਮਾ। ਪਾਪਾ ਦੇ ਮੁਬਾਇਲ 'ਤੇ ਸੂਰਯਾ ਦਾ ਵਾਇਸ ਮੈਸੇਜ ਆਇਆ ਹੋਇਐ।" ਆਖਦਿਆਂ ਆਰਤੀ ਨੇ ਮੈਸੇਜ ਡਾਊਨਲੋਡ ਕਰਕੇ ਮੁਬਾਇਲ ਆਪਣੇ ਤੇ ਸ੍ਰਿਸ਼ਟੀ ਦੇ ਕੰਨਾਂ ਵਿਚਾਲੇ ਟਿਕਾ ਲਿਆ। ਉਮੀਦ ਤੇ ਨਾਉਮੀਦੀ ਦੇ ਮਿਲੇ-ਜੁਲੇ ਭਾਵਾਂ ਨਾਲ ਉਹ ਵਾਇਸ ਮੈਸੇਜ ਸੁਣਨ ਲੱਗੀਆਂ ਹਨ।

"ਮੰਮੀ, ਪਾਪਾ...ਮੈਂ ਠੀਕ ਹਾਂ। ਸਾਨੂੰ ਸਾਰਿਆਂ ਨੂੰ ਸੁਰੱਖਿਆ ਦੇ ਮੱਦੇਨਜ਼ਰ ਇਕ ਬੰਕਰ ਅੰਦਰ ਜਾਣ ਦੇ ਹੁਕਮ ਹੋਏ ਨੇ। ਇੱਥੇ ਮੇਰੇ ਨਾਲ ਹੋਰ ਬਹੁਤ ਸਾਰੇ ਸਟੂਡੈਂਟ ਤੇ ਲੋਕਲ ਰੈਜ਼ੀਡੈਂਟਸ ਵੀ ਨੇ। ਸ਼ਹਿਰ ਦੀ ਬਿਜਲੀ, ਪਾਣੀ ਸਪਲਾਈ ਠੱਪ ਹੋ ਗਈ ਏ। ਇੰਟਰਨੈੱਟ ਵੀ ਬੰਦ ਹੋਣ ਜਾ ਰਿਹੈ। ਮੁਬਾਇਲ ਦੀ ਬੈਟਰੀ ਖਤਮ ਹੋਣ 'ਤੇ ਏ। ਹੁਣ ਮੈਂ ਤੁਹਾਡੇ ਨਾਲ ਉਦੋਂ ਹੀ ਸੰਪਰਕ ਕਰ ਸਕਾਂਗਾ ਜਦੋਂ ਇੱਥੋਂ ਸੁਰੱਖਿਅਤ ਨਿਕਲ ਕੇ ਨੈੱਟਵਰਕ 'ਚ ਆਇਆ।"

"ਹੇ ਪਰਮਾਤਮਾ! ਸੁੱਖ ਰੱਖੀਂ...। ਆਰਤੀ ਬੇਟੇ, ਭਰਾ ਦੀ ਸਲਾਮਤੀ ਲਈ ਸ਼ਨੀ ਸਤੋਤਰ ਪਾਠ ਕਰ। ਪੰਡਿਤ ਜੀ ਨੇ ਸੂਰਯਾ ਦੀ ਕੁੰਡਲੀ ਵੇਖ ਕੇ ਦੱਸਿਐ, ਸਾੜ੍ਹਸਤੀ ਪੂਰੇ ਪ੍ਰਕੋਪ 'ਤੇ ਏ। ਜਿੰਨਾ ਹੋ ਸਕੇ ਹਨੂੰਮਾਨ ਚਾਲੀਸਾ ਦਾ ਪਾਠ ਕਰੋ ਤੇ ਸ਼ਨੀ ਸ਼ਾਂਤੀ ਲਈ ਮੰਤਰ ਉਚਾਰਨ ਕਰਦੇ ਰਹੋ। ਹੇ ਸ਼ਨੀਦੇਵ! ਬੱਚੇ ਦੀ ਰੱਖਿਆ ਕਰੋ। ਓਮ ਸ਼ਮ ਸ਼ਨੇਚਰ ਆਏ ਨਮਹਾ...ਓਮ...ਸ਼ਮ...ਸ਼ਨੇਚਰ

ਆਏ ਨਮਹਾ...ਹੇ ਸ਼ਨੀਦੇਵ ਕ੍ਰਿਪਾ ਕਰੋ। ਹੇ ਸੰਕਟਮੋਚਨ ਹਨੂੰਮਾਨ ਮਹਾਂਪ੍ਰਭੂ, ਸੰਕਟ ਹਰੋ। ਹੇ ਤੇਤੀ ਕਰੋੜ ਦੇਵੀ ਦੇਵਤਿਓ...ਸਾਡੀਆਂ ਭੁੱਲਾਂ ਬਖਸ਼ੋ... "

"ਮੰਮਾ, ਹੌਸਲਾ ਰੱਖੋ। ਪਾਪਾ ਪਹਿਲਾਂ ਹੀ ਦਿਲ ਛੱਡੀ ਬੈਠੇ ਨੇ। ਜੇ ਤੁਸੀਂ ਵੀ...।" ਅੱਖਾਂ ਭਰਦੀ ਆਰਤੀ ਮਾਂ ਦੇ ਗਲ਼ ਲਿਪਟ ਕੇ ਰੋਣ ਲੱਗੀ ਹੈ।

"ਮੈਂ ਤਾਂ ਪਹਿਲਾਂ ਹੀ ਘੱਲ ਕੇ ਰਾਜੀ ਨਹੀਂ ਸੀ। ਪਿਉ-ਪੁੱਤਰ ਨੇ ਇਕੋ ਰੱਟ ਫੜੀ ਸੀ, ਐੱਮ.ਬੀ.ਬੀ.ਐੱਸ. ਕਰਨੀ ਏ। ਭਾਵੇਂ ਜੋ ਵੀ ਹੋ'ਜੇ ਸੂਰਯਾ ਡਾਕਟਰ ਬਣ ਕੇ ਰਹੂ। ਹੁਣ ਮੌਤ ਦੇ ਮੂੰਹ 'ਚ ਪਿਐ ਮੁੰਡਾ। ਨਾ ਬਣਦਾ ਡਾਕਟਰ। ਅੱਖਾਂ ਦੇ ਸਾਹਮਣੇ ਤਾਂ ਰਹਿੰਦਾ। ਦੋ ਸਾਲ ਇੱਥੇ ਖਰਾਬ ਕੀਤੇ। ਫਿਰ ਦਿਨ ਰਾਤ 'ਯੂਕ੍ਰੇਨ' ਦਾ ਪਹਾੜਾ ਛੇੜ ਲਿਆ। ਕਿਹੜਾ ਵੇਲ਼ਾ ਸੀ ਜਦੋਂ ਮੈਂ ਵੀ ਹਾਮੀ ਭਰ ਬੈਠੀ...। ਜਦੋਂ ਉਹਦੇ 'ਚ ਡਾਕਟਰ ਬਣਨ ਦੀ ਯੋਗਤਾ ਹੀ ਨਹੀਂ ਸੀ...।" ਸ੍ਰਿਸ਼ਟੀ ਜ਼ਾਰ-ਜ਼ਾਰ ਰੋਣ ਲੱਗੀ ਹੈ।

"ਮੰਮਾ ਇਹ ਨਾ ਭੁੱਲੋ ਸੂਰਯਾ ਪੜ੍ਹਾਈ 'ਚ ਕਦੀ ਵੀ ਪਿੱਛੇ ਨਹੀਂ ਸੀ। ਜੇ ਕੈਲੀਬਰ ਸੀ, ਤਾਂ ਹੀ ਉੱਥੇ ਐੱਮ.ਬੀ.ਬੀ.ਐੱਸ. ਫਸਟ ਯੀਅਰ ਕਲੀਅਰ ਕੀਤਾ। ਸੈਕੰਡ ਯੀਅਰ ਵੀ ਕੰਪਲੀਸ਼ਨ 'ਤੇ ਸੀ। ਜੇ ਦੋ ਦੇਸ਼ਾਂ ਵਿਚ ਆਪਸੀ ਜੰਗ ਨੇ ਸੁਪਨਿਆਂ 'ਤੇ ਮਿਜ਼ਾਇਲ ਦਾਗ ਦਿੱਤੀ ਤਾਂ ਸੂਰਯਾ ਦਾ ਕੀ ਦੋਸ਼? ਉਸ ਦਾ ਸ਼ੁਰੂ ਤੋਂ ਇਕ ਹੀ ਸੁਪਨਾ ਸੀ ਡਾਕਟਰ ਬਣਨਾ, ਜੇ ਕਿਸਮਤ ਪਟਕਣੀ ਦੇ ਜਾਵੇ ਤਾਂ ਕੋਈ ਕੀ ਕਰੇ? ਹੌਂਸਲਾ ਰੱਖੋ...ਦੇਖਣਾ ਸਭ ਠੀਕ ਹੋ ਜਾਣੈ...।" ਧੀ ਦੇ ਹਿੰਮਤ ਭਰੇ ਬੋਲ ਸੁਣ ਸ੍ਰਿਸ਼ਟੀ ਸਿੱਧੀ ਹੋ ਬੈਠੀ ਹੈ।

* * *

ਡਾਕਟਰੀ ਖਿਡੌਣਾ ਸੈੱਟ ਨਾਲ ਖੇਡਦਾ ਵੱਡਾ ਹੋਇਆ ਸੂਰਯਾ, ਦਸਵੀਂ 'ਚੋਂ ਮੈਰਿਟ 'ਚ ਆਇਆ। ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦਿੰਦਾ ਇੰਝ ਗੱਲ ਕਰੇ ਜਿਵੇਂ ਡਾਕਟਰ ਬਣਨਾ ਉਸ ਲਈ ਖੇਡ ਹੋਵੇ। ਫਿਰ ਮੈਡੀਕਲ ਵਿਸ਼ਿਆਂ ਨਾਲ ਬਾਰ੍ਹਵੀਂ ਦੀ ਪੜ੍ਹਾਈ ਕਰਨ ਦੇ ਨਾਲ-ਨਾਲ ਨੀਟ ਕਰੈਕ ਕਰਨ ਲਈ ਕੋਚਿੰਗ ਸੈਂਟਰ 'ਚ ਦਾਖ਼ਲਾ ਲੈ ਲਿਆ। ਰੇਲਵੇ 'ਚ ਬੁਕਿੰਗ ਕਲਰਕ ਹਿੰਮਤ ਪੁੱਤਰ ਦੇ ਡਾਕਟਰ ਬਣਨ ਦਾ ਸੁਪਨਾ ਵੇਖਦਾ ਅੰਬਰੀਂ ਉਡਾਰੀਆਂ ਲਾਉਣ ਲੱਗਿਆ। ਭਰਾ ਨਾਲੋਂ ਸਾਲ ਨਿੱਕੀ ਆਰਤੀ ਨੇ ਵੀ ਅਗਲੇ ਸਾਲ ਦਸਵੀਂ ਮੈਰਿਟ 'ਚ ਰਹਿ ਕੇ ਪਾਸ ਕੀਤੀ। ਪਿਉ ਦੀ ਅੱਖ ਦਾ ਤਰਲਾ ਸਮਝਦਿਆਂ ਉਸ ਬੀ.ਐੱਸਸੀ. ਸਾਇਕਾਲੋਜੀ ਨੂੰ ਭਵਿੱਖ ਦਾ ਸੁਪਨਾ ਬਣਾ ਲਿਆ। ਪਿਤਾ 'ਤੇ ਫੀਸਾਂ ਦਾ ਭਾਰ ਘਟਾਉਣ ਲਈ ਸਰਕਾਰੀ ਸਕੂਲ 'ਚ ਸਾਇੰਸ ਵਿਸ਼ਿਆਂ ਨਾਲ ਗਿਆਰ੍ਹਵੀਂ 'ਚ ਦਾਖ਼ਲਾ ਲਿਆ ਤੇ ਵਜ਼ੀਫਾ ਰਾਸ਼ੀ ਮਾਂ ਦੀ ਰਸੋਈ 'ਚ ਪਾਉਣ ਲੱਗੀ। ਬਾਰ੍ਹਵੀਂ 'ਚ ਸੂਰਯਾ ਫਿਰ ਮੈਰਿਟ 'ਚ ਆਇਆ। ਪਰਿਵਾਰ ਦੇ ਸੁਪਨਿਆਂ ਨੂੰ ਖੰਭ ਲੱਗ ਗਏ। ਕੋਚਿੰਗ ਸੈਂਟਰ ਸੰਚਾਲਕ ਨੇ ਵਕਤ ਤੋਂ ਪਹਿਲਾਂ ਹੀ ਸੂਰਯਾ ਨੂੰ ਸੈਂਟਰ ਦੀ ਮਸ਼ਹੂਰੀ ਦੇ ਬੋਰਡ 'ਤੇ ਪਹਿਲਾ ਸਥਾਨ ਦੇ ਕੇ ਉਨ੍ਹਾਂ ਦੇ ਸੁਪਨਿਆਂ ਦੀ ਪੂਰਤੀ 'ਤੇ ਮੋਹਰ ਲਾ ਦਿੱਤੀ।

ਨਤੀਜਾ ਆਇਆ, ਪਾਸਾ ਪੁੱਠਾ ਪੈ ਗਿਆ। ਮੋਹਰੀਆਂ 'ਚ ਕੀ, ਸੂਰਯਾ ਦਾ ਨਾਂ ਮੱਧ 'ਚ ਵੀ ਨਾ ਲੱਭਿਆ। ਦੇਸ਼ ਦੇ ਟੌਪ ਮੈਡੀਕਲ ਕਾਲਿਜਾਂ 'ਚ ਦਾਖ਼ਲੇ ਦੀ ਆਸ ਲਾਈ ਬੈਠੇ ਸੂਰਯਾ ਲਈ ਇਹ ਨਤੀਜਾ ਸਿਰ 'ਤੇ ਮਿਜ਼ਾਇਲ ਡਿੱਗਣ ਤੋਂ ਘੱਟ ਨਹੀਂ ਸੀ। ਪ੍ਰਾਈਵੇਟ ਕਾਲਿਜਾਂ ਦੀ ਕਰੋੜਾਂ ਦੀ ਡੋਨੇਸ਼ਨ ਭਰਨਾ ਹਿੰਮਤ ਦੇ ਵੱਸ ਨਾ। ਉਸ ਸੂਰਯਾ ਨੂੰ ਦਿਲਾਸਾ ਦਿੱਤਾ।

"ਸੂਰਯਾ ਜੇ ਬੀ.ਡੀ.ਐੱਸ. ਕਰਨੀ ਏ, ਤੇਰੀ ਇੱਛਾ। ਹਾਂ, ਜੇ ਐੱਮ.ਬੀ.ਬੀ.ਐੱਸ. ਕਰਨ ਦਾ ਪੱਕਾ ਇਰਾਦਾ ਏ ਤਾਂ ਇਕ ਸਾਲ ਹੋਰ ਇਨਵੈਸਟ ਕੀਤਾ ਜਾ ਸਕਦੈ।"

"ਪਾਪਾ ਇੱਥੇ ਜਲੰਧਰ 'ਚ ਰਹਿ ਕੇ ਸਹੀ ਤਿਆਰੀ ਨਹੀਂ ਹੋਣੀ। ਮੈਂ ਨਹੀਂ ਚਾਹੁੰਦਾ ਇਕ ਸਾਲ ਹੋਰ ਬਰਬਾਦ ਹੋ ਜਾਏ। ਸੋ ਮੈਂ ਚੰਡੀਗੜ੍ਹ ਦੇ ਕੋਚਿੰਗ ਸੈਂਟਰ ਤੋਂ ਕੋਚਿੰਗ ਲਵਾਂਗਾ। ਹਰ ਸਾਲ ਉੱਥੋਂ ਦੇ ਕੋਚਿੰਗ ਸੈਂਟਰ ਦੇ ਹੀ ਅੱਧੇ ਨਾਲੋਂ ਵੱਧ ਟੌਪਰਜ਼ ਹੁੰਦੇ ਨੇ।"

ਪਰਿਵਾਰ ਨੇ ਢਿੱਡ ਨੂੰ ਪਹਿਲਾਂ ਨਾਲੋਂ ਵੱਧ ਕੱਸਵੀਂ ਗੰਢ ਮਾਰੀ ਤੇ ਸੂਰਯਾ ਦਾ ਚੰਡੀਗੜ੍ਹ ਦੀ

ਮੰਨੀ-ਪ੍ਰਮੰਨੀ ਮੈਡੀਕਲ ਕੋਚਿੰਗ ਅਕੈਡਮੀ 'ਚ ਦਾਖ਼ਲਾ ਕਰਵਾ ਦਿੱਤਾ। ਦ੍ਰਿੜ ਹੌਸਲੇ ਨਾਲ ਸੂਰਯਾ ਕਮਰ ਕੱਸ ਕੇ ਨੀਟ ਕਰੈਕ ਕਰਨ ਦੀ ਤਿਆਰੀ 'ਚ ਰੁੱਝ ਗਿਆ।

ਆਰਤੀ ਨੇ ਬਾਰ੍ਹਵੀਂ ਮੈਰਿਟ 'ਚ ਰਹਿ ਕੇ ਪਾਸ ਕੀਤੀ ਤੇ ਬੀ.ਐੱਸਸੀ. ਸਾਇਕਾਲੋਜੀ 'ਚ ਬੈਂਗਲੌਰ ਦਾਖ਼ਲਾ ਲੈ ਲਿਆ। ਪੜ੍ਹਾਈ ਦੇ ਨਾਲ-ਨਾਲ ਪਾਰਟ ਟਾਇਮ ਨੌਕਰੀ ਕਰ ਕੇ ਉਸ ਮਾਪਿਆਂ ਨੂੰ ਆਪਣੀਆਂ ਫੀਸਾਂ ਤੋਂ ਭਾਰ-ਮੁਕਤ ਕਰ ਦਿੱਤਾ।

ਇੱਧਰ ਦਿਨ-ਰਾਤ ਇਕ ਕਰ ਕੇ ਕੀਤੀ ਤਿਆਰੀ ਦੇ ਬਾਵਜੂਦ ਸੂਰਯਾ ਦੀ ਪਹਿਲੀ ਅਸਫਲਤਾ ਉਸ ਦੇ ਮਨ ਦੇ ਕਿਸੇ ਕੋਨੇ 'ਚ ਡਰ ਬਣ ਕੇ ਬੈਠਣ ਲੱਗੀ। ਉਹ ਸੁੱਤਾ ਪਿਆ ਵੀ ਨੀਟ ਕਰੈਕ ਕਰਨ ਦੀਆਂ ਸਮੱਸਿਆਵਾਂ ਹੱਲ ਕਰਦਾ ਹੜਬੜਾ ਕੇ ਉੱਠ ਬੈਠਦਾ। ਡਰ ਨਾਲ ਜੂਝਣ ਲਈ ਉਹ ਘੰਟਿਆਂ ਬੱਧੀ ਯੋਗਾ ਕਰਦਾ। ਵੱਧ ਤੋਂ ਵੱਧ ਪ੍ਰਸ਼ਨ ਪੱਤਰ ਹੱਲ ਕਰ ਕੇ ਸੈਲਫ ਇਵੈਲੂਏਸ਼ਨ ਕਰਦਾ ਆਪ ਹੀ ਆਪਣਾ ਹੌਸਲਾ ਵਧਾਉਂਦਾ, 'ਟੌਪ ਕਾਲਿਜ ਨਾ ਵੀ ਮਿਲੇ, ਐੱਮ.ਬੀ.ਬੀ.ਐੱਸ. 'ਚ ਦਾਖ਼ਲੇ ਲਈ ਸਰਕਾਰੀ ਕੋਟਾ ਹੱਥੋਂ ਨਹੀਂ ਜਾਣ ਦਿੰਦਾ।'

ਹੋਇਆ ਫਿਰ ਉਹੀ...! ਇਸ ਵਾਰ ਨਤੀਜਾ ਪਹਿਲਾਂ ਨਾਲੋਂ ਵੀ ਹੇਠਾਂ ਜਾ ਡਿੱਗਿਆ। ਪਰਿਵਾਰ ਦੇ ਹੌਸਲੇ ਢਹਿ ਗਏ। ਪੈਸਾ ਜੋ ਬਰਬਾਦ ਹੋਇਆ ਸੋ ਹੋਇਆ, ਕੈਰੀਅਰ ਦੇ ਮੁਹਾਜ਼ 'ਤੇ ਸੂਰਯਾ ਦੇ ਬਰਬਾਦ ਹੋਏ ਦੋ ਵਰ੍ਹਿਆਂ ਦੀ ਕੀਮਤ ਦੀ ਕੋਈ ਭਰਪਾਈ ਨਜ਼ਰ ਨਾ ਆਉਂਦੀ। ਡਾਕਟਰੀ ਖਿਡੌਣਾ ਸੈੱਟ ਵੱਲ ਵੇਖ-ਵੇਖ ਰੋਂਦਾ ਸੂਰਯਾ ਸੰਭਾਲਿਆਂ ਨਾ ਸੰਭਲਦਾ।

"ਵੇਖ ਸੂਰਯਾ, ਅਕੈਡਮਿਕ ਸਟੱਡੀ 'ਚ ਟੌਪਰ ਹੋਣਾ ਅਲੱਗ ਤੇ ਕੰਪੀਟੀਸ਼ਨ ਇਗਜ਼ਾਮ ਕਰੈਕ ਕਰਨਾ ਵੱਖ ਗੱਲ ਏ। ਆਈ ਥਿੰਕ ...।"

ਸਲਾਹ ਆਰਤੀ ਦੀ ਜ਼ੁਬਾਨ 'ਚ ਸੀ ਤੇ ਹਿੰਮਤ ਨੇ ਸੂਰਯਾ ਦੇ ਡਾਕਟਰ ਬਣਨ ਲਈ ਹਰੀ ਝੰਡੀ ਦਿਖਾ ਦਿੱਤੀ।

"ਮੰਨਿਆ ਭਾਰਤ 'ਚ ਪੇਡ ਸੀਟ ਖਰੀਦਣ ਦੀ ਮੇਰੀ ਹੈਸੀਅਤ ਨਹੀਂ, ਪਰ ਸੂਰਯਾ ਦਾ ਡਾਕਟਰ ਬਣਨ ਦਾ ਸੁਪਨਾ ਪੂਰਾ ਹੋ ਕੇ ਰਹੇਗਾ। ਮੇਰੀ ਹੋਈ ਏ ਸੂਰਯਾ ਨਾਲ ਟੈੱਸਟ 'ਚੋਂ ਅਸਫਲ ਹੋਏ ਸੰਦੀਪ ਕਪੂਰ ਤੇ ਅਨੀਕੇਤ ਸ਼ਰਮਾ ਦੇ ਪਾਪਾ ਨਾਲ ਗੱਲ। ਦੱਸਦੇ ਸੀ ਉਨ੍ਹਾਂ ਦੇ ਜਾਣਕਾਰਾਂ 'ਚੋਂ ਸੱਤ-ਅੱਠ ਵਿਦਿਆਰਥੀਆਂ ਨੇ ਯੂਕ੍ਰੇਨ ਤੋਂ ਐੱਮ.ਬੀ.ਬੀ.ਐੱਸ. ਕਰਨ ਦਾ ਵਿਚਾਰ ਬਣਾਇਐ। ਡਿਗਰੀ ਦੀ ਵੈਲਯੂ ਬਰਾਬਰ ਏ। ਫੀਸਾਂ ਤੇ ਰਹਿਣ-ਸਹਿਣ ਦਾ ਹਿਸਾਬ ਲਾ ਕੇ ਦੱਸਦੇ ਸੀ ਖਰਚਾ ਇੱਧਰ ਨਾਲੋਂ ਕਿਤੇ ਘੱਟ ਆਉਨੈ। ਸੰਦੀਪ ਕਪੂਰ ਦਾ ਫਾਦਰ ਤਾਂ ਆਪ ਸਰਕਾਰੀ ਡਾਕਟਰ ਏ। ਸੰਦੀਪ ਦੀ ਡਿਗਰੀ ਪੂਰੀ ਹੋਣ ਤਕ ਉਹ ਰਿਟਾਇਰ ਹੋ ਜਾਏਗਾ। ਉਨ੍ਹਾਂ ਦੀ ਪਲਾਨਿੰਗ ਆਪਣਾ ਹਸਪਤਾਲ ਖੋਲ੍ਹਣ ਦੀ ਏ। ਕੁਝ ਹੋਰ ਨਹੀਂ ਤਾਂ ਸੂਰਯਾ ਵੀ ਉਨ੍ਹਾਂ ਦੇ ਹੌਸਪਿਟਲ 'ਚ ਸੈਟਲ ਹੋ ਜਾਏਗਾ।"

ਸੁਣ ਕੇ ਸੂਰਯਾ ਦੀ ਜ਼ਿੰਦਗੀ 'ਚ ਇਕ ਵਾਰ ਫਿਰ ਤੋਂ ਆਸਾਂ ਦੇ ਤਾਰੇ ਟਿਮਟਿਮਾਉਣ ਲੱਗੇ ਸਨ। ਆਰਤੀ ਨੇ ਸੂਰਯਾ ਨੂੰ ਇਸ ਸਾਰੇ ਝੰਜਟ ਨਾਲੋਂ ਇਕ ਵਾਰੀ ਫਿਰ ਬੀ.ਐੱਸਸੀ. ਕਰਨ ਬਾਰੇ ਸੋਚਣ ਦੀ ਸਲਾਹ ਦਿੱਤੀ ਸੀ। ਸ੍ਰਿਸ਼ਟੀ ਵੀ ਐੱਮ.ਬੀ.ਬੀ.ਐੱਸ. ਦੀ ਲੀਕ ਤੋਂ ਹਟ ਕੇ ਸੋਚਣ ਲਈ ਜ਼ੋਰ ਮਾਰਨ ਲੱਗੀ,

"ਡਾਕਟਰ ਹੀ ਬਣਨੈ ਤਾਂ ਬੀ.ਡੀ.ਐੱਸ. 'ਚ ਦਾਖ਼ਲਾ ਮਿਲਦਾ ਪਿਐ, ਉਹ ਲੈ ਲਵੇ। ਆਪਾਂ ਕਿਹੜਾ ਰਾਜੇ-ਮਹਾਰਾਜੇ ਆਂ। ਦੋ ਸਾਲਾਂ ਦੀ ਕੋਚਿੰਗ 'ਤੇ ਤਿਲ-ਤਿਲ ਕਰਕੇ ਜੋੜਿਆ ਸਾਰਾ ਤਿਲ-ਫੁੱਲ ਰੁੜ੍ਹ ਗਿਆ। ਦੋਹਾਂ ਭੈਣ-ਭਰਾਵਾਂ ਦੀ ਪੜ੍ਹਾਈ-ਲਿਖਾਈ ਸਿਰ 'ਤੇ ਪਈ ਏ। ਆਰਤੀ ਵੀ ਕਹਿੰਦੀ ਏ, ਬੀ.ਐੱਸਸੀ ਫਿਜ਼ਿਕਸ ਕਰ ਲਵੇ। ਅੱਗੇ ਜਾ ਕੇ ਸਾਇੰਟਿਸਟ ਵੀ ਬਣ ਸਕਦੈ। ਮੇਰੀ ਮੰਨੋ ਯੂਕ੍ਰੇਨ ਵਾਲਾ ਵਰਕਾ ਪਾੜੋ ਪਰ੍ਹਾਂ।" ਸ੍ਰਿਸ਼ਟੀ ਨੇ ਸਾਰੇ ਪੱਲੇ ਖੋਲ੍ਹਦਿਆਂ ਆਪਣੇ ਵੱਲੋਂ ਕੋਰੀ ਨਾਂਹ ਕਰ ਦਿੱਤੀ ਸੀ।

"ਸਾਰੀਆਂ ਗੱਲਾਂ ਸਹੀ ਨੇ, ਪਰ ਇਹ ਵੀ ਤਾਂ ਸੋਚ...ਜੇ ਸੂਰਯਾ ਐੱਮ.ਬੀ.ਬੀ.ਐੱਸ. ਕਰ

ਗਿਆ, ਅਗਲੇ-ਪਿਛਲੇ ਸਾਰੇ ਧੋਣੇ ਧੋਤੇ ਜਾਣਗੇ। ਕੋਈ ਨਾ ਕਰ ਲਵਾਂਗਾ ਮੈਂ ਪ੍ਰਬੰਧ। ਤੂੰ ਸੂਰਯਾ ਦਾ ਸੁਪਨਾ ਨਾ ਮਾਰ। ਪੀ.ਐੱਫ. ਕਢਾ ਲਵਾਂਗੇ, ਲੋੜ ਪਈ ਤਾਂ ਰਿਟਾਇਰਮੈਂਟ ਤੋਂ ਪਹਿਲਾਂ ਆਪਣਾ ਘਰ ਬਣਾਉਣ ਦਾ ਸੋਚ ਕੇ ਲਿਆ ਪੰਜ ਮਰਲਿਆਂ ਦਾ ਪਲਾਟ ਵੇਚ ਦਿਆਂਗਾ। ਉਂਝ ਵੀ ਹਰ ਮਹੀਨੇ ਅੱਧੀ ਤਨਖਾਹ ਪਲਾਟ ਦੀਆਂ ਕਿਸ਼ਤਾਂ ਖਾ ਜਾਂਦੀਆਂ ਨੇ। ਜ਼ਿਆਦਾ ਲੋੜ ਪਈ, ਮੈਂ ਆਪ ਵਿਕ'ਜੂੰ ਪਰ ਸੂਰਯਾ ਦਾ ਸੁਪਨਾ ਨਹੀਂ ਮਰਨ ਦਿੰਦਾ।"

ਸੂਰਯਾ ਦੇ ਡਾਕਟਰ ਬਣਨ ਦੀਆਂ ਆਸਾਂ ਦਾ ਜੁਗਨੂੰ ਟਿਮਟਿਮਾਉਂਦਾ ਵੇਖ ਆਖਿਰ ਸਾਰਿਆਂ ਨੇ ਸੂਰਯਾ ਨੂੰ ਯੂਕ੍ਰੇਨ ਭੇਜਣ ਦੀ ਹਾਮੀ ਭਰ ਦਿੱਤੀ ਸੀ। ਦਿੱਲੀ ਏਅਰਪੋਰਟ ਤੋਂ ਵਿਦਾਅ ਹੁੰਦੇ ਸੂਰਯਾ ਨੇ ਉਸ 'ਤੇ ਰੱਖੇ ਭਰੋਸੇ ਨੂੰ ਪੂਰਾ ਕਰ ਕੇ ਹੀ ਪਰਤਣ ਦਾ ਦਮ ਭਰਿਆ ਸੀ। ਉਸ ਨੇ ਆਪਣੀ ਜ਼ਿੱਦ ਸਹੀ ਕਰ ਦਿਖਾਈ ਜਦੋਂ ਐੱਮ.ਬੀ.ਬੀ.ਐੱਸ. ਦਾ ਪਹਿਲਾ ਸਾਲ ਪਾਸ ਕਰ ਕੇ ਪੌੜੀ ਦੇ ਦੂਜੇ ਡੰਡੇ 'ਤੇ ਪੈਰ ਧਰਿਆ ਸੀ। ਆਸਾਂ ਦਾ ਲਾਟੂ ਜਗਿਆ, ਪਰਿਵਾਰ ਦੇ ਧਰਤੀ 'ਤੇ ਪੈਰ ਨਾ ਲੱਗਣ। ਸਾਰਾ ਕੁਝ ਰਾਹ 'ਤੇ ਆਉਂਦਾ ਵੇਖ ਹਿੰਮਤ ਨੇ ਸ਼ਨੀ ਸ਼ਿਗਨਾਪੁਰ ਜਾ ਮੱਥਾ ਟੇਕਿਆ। ਦੂਜੇ ਸਾਲ ਦੀ ਪੜ੍ਹਾਈ ਕਰਦਾ ਸੂਰਯਾ ਰਹਿੰਦੇ ਚਾਰ ਸਾਲ ਚੁਟਕੀ ਵਜਾਉਂਦਿਆਂ ਲੰਘ ਜਾਣ ਦੀ ਗੱਲ ਕਰਦਾ। ਹਿੰਮਤ ਦਾ ਸੀਨਾ ਫ਼ਖ਼ਰ ਨਾਲ ਚੌੜਾ ਹੋ-ਹੋ ਜਾਂਦਾ। ਕੀ ਪਤਾ ਸੀ ਉਡਾਰ ਹੋਏ ਸੁਪਨਿਆਂ 'ਤੇ ਰਸ਼ੀਆ ਫ਼ਨੀਅਰ ਬਣ ਸ਼ੂਕਣ ਲੱਗੇਗਾ।

"ਸ੍ਰਿਸ਼ਟੀ, ਸ੍ਰਿਸ਼ਟੀ ਮਾਰੇ ਗਏ ਆਪਾਂ। ਹਾਏ ਮੇਰਾ ਦਿਲ ਘਟਦਾ ਜਾਂਦੈ।" ਹਾਲ-ਪਾਹਰਿਆ ਮਚਾਉਂਦਾ ਹਿੰਮਤ ਘਰ ਪਹੁੰਚਿਆ।

"ਕੁੱਝ ਦੱਸੋਗੇ, ਹੋਇਆ ਕੀ ਏ...?"

"ਰਸ਼ੀਆ ਨੇ ਮਿਜ਼ਾਇਲ ਦਾਗ'ਤੀ ਯੂਕ੍ਰੇਨ 'ਤੇ। ਜੰਗ ਛਿੜ ਗਈ। ਵਰਲਡ ਵਾਰ ਦੀਆਂ ਆਵਾਜ਼ਾਂ ਚੁਫ਼ੇਰਿਓਂ ਉੱਚੀਆਂ ਹੋਣ ਲੱਗੀਆਂ ਨੇ। ਸੂਰ...ਰਰ...ਯਾ...।" ਬੋਲਦਿਆਂ ਹਿੰਮਤ ਦੀਆਂ ਲੱਤਾਂ ਜਵਾਬ ਦੇ ਗਈਆਂ। ਉਸ ਨੂੰ ਇਹ ਮਿਜ਼ਾਇਲ ਯੂਕ੍ਰੇਨ 'ਤੇ ਨਹੀਂ ਆਪਣੇ ਘਰ 'ਤੇ ਆ ਡਿੱਗੀ ਜਾਪੀ ਸੀ। ਸ੍ਰਿਸ਼ਟੀ ਨੂੰ ਸਮਝ ਨਾ ਆਵੇ ਪਤੀ ਨੂੰ ਸੰਭਾਲੇ ਕਿ ਪੁੱਤਰ ਦਾ ਪਤਾ ਕਰੇ। ਪਤੀ ਨੂੰ ਹਸਪਤਾਲ ਭਰਤੀ ਕਰਵਾ ਪੁੱਤਰ ਨੂੰ ਫ਼ੋਨ ਮਿਲਾਇਆ। ਕਹਿੰਦਾ,

"ਮੰਮੀ ਮੈਂ ਠੀਕ ਹਾਂ, ਪਰ ਹਫੜਾ-ਦਫੜੀ ਬੜੀ ਮੱਚੀ ਹੋਈ ਏ। ਪਤਾ ਨਹੀਂ ਕੀ ਬਣੇਗਾ? ਹੋਸਟਲ ਖਾਲੀ ਕਰਵਾ ਕੇ ਸਾਨੂੰ ਸਾਰਿਆਂ ਨੂੰ ਕਿਸੇ ਹੋਰ ਸੁਰੱਖਿਅਤ ਥਾਂ ਸ਼ਿਫ਼ਟ ਕੀਤਾ ਜਾ ਰਿਹੈ। ਫਿਲਹਾਲ ਬਿਜਲੀ ਸਪਲਾਈ ਚੱਲ ਰਹੀ ਏ, ਪਰ ਜੇ ਰਸ਼ੀਅਨ ਸੈਨਾਵਾਂ ਖਾਰਕੀਵ 'ਚ ਦਾਖ਼ਲ ਹੋ ਗਈਆਂ ਤਾਂ ਬਿਜਲੀ,ਪਾਣੀ,ਨੈੱਟਵਰਕ ਸਭ ਬੰਦ ਹੋ ਜਾਏਗਾ ਤੇ ਸ਼ਾਇਦ ਸਭ ਕੁਝ ਖਤਮ...।"

"ਸ਼ੁੱਭ-ਸ਼ੁੱਭ ਬੋਲ...। ਕਿਉਂ ਖਤਮ ਹੋਏ ਸਭ ਕੁਝ?" ਪੁੱਤਰ ਨੂੰ ਹੌਸਲਾ ਦਿੰਦੀ ਸ੍ਰਿਸ਼ਟੀ ਦਾ ਕਲੇਜਾ ਮੂੰਹ ਨੂੰ ਆਇਆ ਸੀ।

ਦੋ ਦਿਨ ਸੂਰਯਾ ਨਾਲ ਫ਼ੋਨ 'ਤੇ ਹੁੰਦੀ ਰਹੀ ਗੱਲ ਪਰਿਵਾਰ ਦੇ ਸਾਹਾਂ ਦੀ ਗਰਦਿਸ਼ ਬਣੀ ਰਹੀ, ਪਰ ਤੀਜੇ ਦਿਨ ਨੈੱਟਵਰਕ ਕੱਟ ਗਿਆ। ਪਹਿਲੇ ਦਿਨੋਂ ਨਿਢਾਲ ਹੋਇਆ ਹਿੰਮਤ ਦਿਲ ਛੱਡ ਗਿਆ। ਸੂਰਯਾ ਨੂੰ ਆਵਾਜ਼ਾਂ ਮਾਰਦਾ ਉਹ ਹਾਲ-ਪਾਹਰਿਆ ਮਚਾਉਣ ਲੱਗਦਾ। ਬੇਹੋਸ਼ੀ ਦੇ ਇੰਜੈਕਸ਼ਨ ਤੇ ਆਕਸੀਜਨ ਦੇ ਸਹਾਰੇ ਉਸ ਘੜੀ ਦੀ ਉਡੀਕ ਕੀਤੀ ਜਾਣ ਲੱਗੀ, ਕਦੋਂ ਸੂਰਯਾ ਵਾਪਸੀ ਦਾ ਰਾਹ ਫੜੇ ਤੇ ਹਿੰਮਤ ਨੂੰ ਹੋਸ਼ 'ਚ ਲਿਆਂਦਾ ਜਾਵੇ। ਬੇਹੋਸ਼ ਪਏ ਹਿੰਮਤ ਦੇ ਫੜੱਕ-ਫੜੱਕ ਵੱਜਦੇ ਬੁੱਲ੍ਹਾਂ 'ਚੋਂ ਸੂਰਯਾ ਦਾ ਨਾਂ ਤੱਕਦਿਆਂ ਪਤੀ ਦੇ ਸਿਰਹਾਣੇ ਬੈਠੀ ਸ੍ਰਿਸ਼ਟੀ ਨੇ ਹਉਕਾ ਲਿਆ, "ਇਹ ਰਸ਼ੀਆ ਜਿੱਤ ਲਵੇ ਜਿਹੜਾ ਜਹਾਨ ਜਿੱਤਣੈ। ਬਸ ਮੇਰਾ ਸੂਰਯਾ ਰਾਜੀ-ਬਾਜੀ ਘਰ ਪਰਤ ਆਵੇ। ਸਾਡਾ ਤਾਂ ਉਸੇ ਨਾਲ ਜਹਾਨ ਵੱਸਦਾ। ਇਕ ਵਾਰੀ ਜ਼ਿੰਦਗੀ ਦੀ ਬਾਜ਼ੀ ਜਿੱਤ ਕੇ ਘਰ ਆ ਜਾਵੇ, ਫਿਰ ਨਹੀਂ ਅੱਖੋਂ ਓਹਲੇ ਜਾਣ ਦੇਣਾ। ਕੀ ਗੱਲ ਆਰਤੀ ਵੇਖਿਆ ਨਹੀਂ ਪੁੱਤ... ਆਇਆ ਕੋਈ ਮੈਸੇਜ...? "

"ਲਗਾਤਾਰ ਓਹੀ ਦੇਖ ਰਹੀ ਆਂ ਮੰਮਾ। ਮੈਸੇਜ ਤਾਂ ਨਹੀਂ ਆਇਆ, ਪਰ ਸੂਰਯਾ ਦੇ

ਹੋਸਟਲ ਦੀ ਇਕ ਸਟੂਡੈਂਟ ਦਿੱਲੀ ਏਅਰਪੋਰਟ 'ਤੇ ਪਹੁੰਚ ਕੇ ਮੀਡੀਆ ਨਾਲ ਗੱਲ ਕਰ ਰਹੀ ਏ। ਉਹਨੇ ਇਕ ਵੀਡੀਓ ਵੀ ਪਾਈ ਏ, ਜਿਹੜੀ ਉਹਨੇ ਯੂਕ੍ਰੇਨ ਛੱਡਣ ਤੋਂ ਪਹਿਲਾਂ ਬਣਾਈ ਸੀ। ਸ਼ਾਇਦ! ਸੂਰਯਾ...।"

"ਹੈਂ! ਕੀ ਕਿਹਾ? ਸੂਰਯਾ ਦਿੱਲੀ ਆ ਗਿਆ! ਸ਼ੁਕਰ ਮਾਲਕਾ, ਤੇਰਾ ਲੱਖ-ਲੱਖ ਸ਼ੁਕਰ। ਹਿੰਮਤ, ਹਿੰਮਤ ਉੱਠੋ ਆਪਣਾ ਸੂਰਯਾ ਦਿੱਲੀ ਪਹੁੰਚ ਗਿਐ।" ਬਉਰੀ ਹੋ ਜਿਵੇਂ ਹੀ ਸ੍ਰਿਸ਼ਟੀ ਪਤੀ ਦੇ ਬੈੱਡ ਵੱਲ ਉੱਲਰੀ ਆਰਤੀ ਨੇ ਬਾਹੋਂ ਫੜ ਮਾਂ ਨੂੰ ਰੋਕ ਲਿਆ।

"ਪਹਿਲਾਂ ਪੂਰੀ ਗੱਲ ਸੁਣ ਲਿਆ ਕਰੋ। ਮੈਂ ਕਦੋਂ ਆਖਿਆ ਕਿ ਸੂਰਯਾ ਦਿੱਲੀ ਪਹੁੰਚ ਗਿਐ? ਵੀਡੀਓ ਦੇਖ ਲਵੋ, ਤੁਹਾਨੂੰ ਆਪੇ ਪਤਾ ਚੱਲ ਜਾਏਗਾ।"

ਆਰਤੀ ਨੇ ਮਨ ਮਸੋਸਦੇ ਹੋਏ ਮੁਬਾਇਲ ਦੀ ਸਕ੍ਰੀਨ 'ਤੇ ਚੱਲ ਰਹੀ ਵੀਡੀਓ ਮਾਂ ਦੀਆਂ ਅੱਖਾਂ ਅੱਗੇ ਕਰ ਦਿੱਤੀ। ਸੂਰਯਾ ਦੇ ਨਾਲ ਪੜ੍ਹਦੀ ਵਿਦਿਆਰਥਣ ਬੋਲ ਰਹੀ ਹੈ,

"ਮੈਂ ਨੈਨਾ ਖੱਤਰੀ, ਖਾਰਕੀਵ ਨੈਸ਼ਨਲ ਮੈਡੀਕਲ ਯੂਨੀਵਰਸਿਟੀ ਦੀ ਸੈਕੰਡ ਯੀਅਰ ਸਟੂਡੈਂਟ। ਦੋ ਮਾਰਚ ਨੂੰ ਇੰਡੀਅਨ ਅੰਬੈਸੀ ਨੇ ਇਕ ਐਡਵਾਇਜ਼ਰੀ ਇਸ਼ੂ ਕਰਕੇ ਸਾਨੂੰ ਵਿਸਵਜਿਨ ਪਹੁੰਚਣ ਲਈ ਕਿਹਾ। ਜਾਨ ਬਚਾਉਣ ਲਈ ਅਸੀਂ ਜਾਨ ਜੋਖਿਮ 'ਚ ਪਾ ਭੁੱਖੇ ਪਿਆਸੇ 18 ਕਿਲੋਮੀਟਰ ਤਕ ਪੈਦਲ ਚੱਲਦੇ ਇੱਥੇ ਪਹੁੰਚੇ ਹਾਂ, ਜੋ ਇੰਡੀਅਨ ਨੈਸ਼ਨਲਜ਼ ਲਈ ਸੁਰੱਖਿਅਤ ਸਥਾਨ ਦੱਸਿਆ ਗਿਆ ਹੈ। ਇੱਥੇ ਆ ਕੇ ਸਾਡੀ ਹਾਲਤ ਮੌਤ ਨਾਲੋਂ ਬਦਤਰ ਹੋ ਗਈ ਹੈ। ਕਿਸੇ ਦੇ ਖਾਣ ਲਈ ਭੋਜਨ ਨਹੀਂ। ਦੋ ਦਿਨ ਤੋਂ ਅੰਨ ਦਾ ਦਾਣਾ ਮੂੰਹ ਲਾ ਕੇ ਨਹੀਂ ਵੇਖਿਆ। ਕੱਲ੍ਹ ਸ਼ਾਮ ਪੰਜ ਵਜੇ ਸਾਨੂੰ ਚਾਰ ਜਣਿਆਂ ਨੂੰ ਦੋ ਬਰੈੱਡ ਮਿਲੇ। ਇੱਥੋਂ ਨੇੜੇ ਲੱਗਦੇ ਅਟੈਮਿਕ ਪਲਾਂਟ 'ਤੇ ਲਗਾਤਾਰ ਬੰਬਾਰੀ ਹੋ ਰਹੀ ਹੈ। ਹਰ ਅੱਧੇ ਘੰਟੇ ਬਾਅਦ ਬੌਂਬਿੰਗ ਦੀ ਆਵਾਜ਼ ਆਉਂਦੀ ਏ। ਇਉਂ ਲੱਗਦੈ, ਮਿਜ਼ਾਇਲ ਸਾਡੇ 'ਤੇ ਡਿੱਗੀ ਕਿ ਡਿੱਗੀ। ਮੁੱਕਦੀ ਗੱਲ ਅਸੀਂ ਸੁਰੱਖਿਅਤ ਨਹੀਂ। ਭਾਰਤ ਸਰਕਾਰ ਗ੍ਰੀਨ ਵਿੰਡੋ ਬਣਾਏ ਜਾਣ ਦੀ ਗੱਲ ਕਰ ਰਹੀ ਹੈ। ਸਾਡਾ ਸਵਾਲ ਹੈ, ਇਹ ਗ੍ਰੀਨ ਵਿੰਡੋ ਕਦੋਂ ਬਣੇਗੀ? ਜਦੋਂ ਅਸੀਂ ਸਾਰੇ ਮਾਰੇ ਜਾਵਾਂਗੇ... ?"

ਉਹ ਰੋਣ ਲੱਗੀ ਹੈ। ਦੋ ਸਾਥੀ ਵਿਦਿਆਰਥੀ ਉਸ ਨੂੰ ਸੰਭਾਲਣ ਲੱਗੇ ਹਨ। ਬੜਾ ਹਤਾਸ਼ ਹੋਇਆ ਇਕ ਵਿਦਿਆਰਥੀ ਬੋਲਿਆ ਹੈ,

"ਸਾਡੀ ਹੱਥ ਜੋੜ ਕੇ ਭਾਰਤ ਸਰਕਾਰ ਨੂੰ ਪੁਰਜ਼ੋਰ ਗੁਜ਼ਾਰਿਸ਼ ਹੈ, ਸਾਨੂੰ ਜਲਦੀ ਇੱਥੋਂ ਕੱਢੋ। ਅਸੀਂ ਬੇਹੱਦ ਪਰੇਸ਼ਾਨ ਹਾਂ। ਇੱਥੇ ਠੰਡ ਬਹੁਤ ਹੈ ਤੇ ਬਚਾਅ ਦੇ ਸਾਧਨ ਨਾਂਮਾਤਰ। ਬੱਚੇ ਬੀਮਾਰ ਹੋ ਰਹੇ ਨੇ। ਮੈਨੂੰ ਵੀ ਦੋ ਦਿਨ ਤੋਂ ਬੁਖ਼ਾਰ ਹੈ। ਮੂੰਹ ਸੁੱਕ ਰਿਹੈ, ਪਰ ਦਵਾਈ ਨਹੀਂ ਹੈ। ਸਾਨੂੰ ਜਲਦੀ ਤੋਂ ਜਲਦੀ ਇੱਥੋਂ ਕੱਢਿਆ ਜਾਵੇ... ।"

ਬੋਲਦਾ-ਬੋਲਦਾ ਉਹ ਨਿਢਾਲ ਹੋ ਗਿਆ ਤੇ ਨਾਲ ਹੀ ਵੀਡੀਓ ਬੰਦ ਹੋ ਗਈ। ਸ੍ਰਿਸ਼ਟੀ ਦੀਆਂ ਅੱਖਾਂ ਅੱਗੇ ਹਨੇਰਾ ਛਾ ਗਿਆ। ਆਰਤੀ ਨੇ ਮਾਂ ਦੇ ਮੂੰਹ 'ਚ ਪਾਣੀ ਦਾ ਘੁੱਟ ਪਾਇਆ ਤੇ ਦਿਲਾਸਾ ਦੇਣ ਲੱਗੀ,

"ਮੰਮੀ ਪਲੀਜ਼ ਥਿੰਕ ਪਾਜ਼ੇਟਿਵ। ਕੁਝ ਨਹੀਂ ਹੁੰਦਾ ਆਪਣੇ ਸੂਰਯਾ ਨੂੰ। ਦੇਖਣਾ ਉਹ ਜਲਦੀ ਘਰ ਆ ਜੇ'ਗਾ। ਫਿਰ ਹੌਲੀ-ਹੌਲੀ ਆਪਾਂ ਨੂੰ ਚੇਤੇ ਵੀ ਨਹੀਂ ਰਹਿਣਾ ਕਿ ਆਪਣੀ ਜ਼ਿੰਦਗੀ 'ਚ ਕਦੀ ਅਜਿਹਾ ਦਿਨ ਵੀ ਆਇਆ ਸੀ। ਬੁਰਾ ਸੁਪਨਾ ਸਮਝ ਕੇ ਭੁੱਲ ਜਾਵਾਂਗੇ। ਉੱਠੋ ਤੁਸੀਂ ਦੁਰਗਾ ਸਤੁਤੀ ਦਾ ਪਾਠ ਕਰੋ। ਮੈਂ ਵੀ ਸੁਖਮਨੀ ਸਾਹਿਬ ਦਾ ਪਾਠ ਕਰਦੀ ਹਾਂ। ਓ...ਉਹ ਦੇਖੋ ਸੂਰਯਾ ਦਾ ਦੋਸਤ ਨਿਤਿਨ ਮੋਹਨ... "

"ਕ...ਕ...ਕਿੱਥੇ, ਕਿ...ੱ ਥੇ...?"

ਹਸਪਤਾਲ ਦੇ ਵੇਟਿੰਗ ਹਾਲ 'ਚ ਲੱਗੀ ਟੀ.ਵੀ. ਸਕ੍ਰੀਨ 'ਤੇ ਖ਼ਬਰਾਂ ਚੱਲ ਰਹੀਆਂ ਹਨ। ਪੱਤਰਕਾਰ ਰਿਪੋਰਟ ਪੇਸ਼ ਕਰ ਰਿਹਾ ਹੈ। ਸਕ੍ਰੀਨ 'ਤੇ ਯੂਕ੍ਰੇਨ 'ਚ ਫਸੇ ਭਾਰਤੀਆਂ ਦਾ ਦ੍ਰਿਸ਼ ਚੱਲ ਰਿਹਾ ਹੈ...

"ਰੂਸ ਵੱਲੋਂ ਖਾਰਕੀਵ 'ਚ ਫਸੇ ਭਾਰਤੀ ਵਿਦਿਆਰਥੀਆਂ ਨੂੰ ਕੱਢਣ ਦਾ ਸਮਾਂ ਬਾਅਦ ਦੁਪਹਿਰ ਦਾ ਮਿਲਿਆ ਸੀ। ਭਾਰਤੀ ਦੂਤਾਵਾਸ ਦੀਆਂ ਕੋਸ਼ਿਸ਼ਾਂ ਸਦਕਾ ਬੰਕਰਾਂ ਵਿਚ ਲੁਕੇ ਵਿਦਿਆਰਥੀਆਂ ਨੇ 3 ਮਾਰਚ ਨੂੰ ਸਵੇਰੇ ਛੇ ਵਜੇ ਪਲਾਈਨ ਸ਼ੁਰੂ ਕੀਤਾ। ਵਿਦਿਆਰਥੀਆਂ ਦਾ ਪਹਿਲਾ ਟਾਰਗੇਟ ਸਟੇਸ਼ਨ ਪਹੁੰਚ ਟਰੇਨ ਪਕੜਨਾ ਤੇ ਸੁਰੱਖਿਅਤ ਥਾਂ 'ਤੇ ਪਹੁੰਚਣਾ ਸੀ। ਜਦੋਂ ਸਟੇਸ਼ਨ ਪਹੁੰਚੇ, ਉੱਥੇ ਹਜ਼ਾਰਾਂ ਦੀ ਸੰਖਿਆ 'ਚ ਯੂਕ੍ਰੇਨੀ ਨਾਗਰਿਕਾਂ ਤੇ ਹੋਰ ਦੇਸ਼ਾਂ ਦੇ ਵਿਦਿਆਰਥੀਆਂ ਦੀ ਇੰਨੀ ਭੀੜ ਸੀ ਕਿ ਪੈਰ ਰੱਖਣ ਨੂੰ ਥਾਂ ਨਾ। ਯੂਕ੍ਰੇਨੀ ਨਾਗਰਿਕਾਂ ਨੂੰ ਪਹਿਲ ਤੇ ਉਸ ਤੋਂ ਬਾਅਦ ਵਿਦਿਆਰਥੀਆਂ 'ਚੋਂ ਪਹਿਲਾਂ ਕੁੜੀਆਂ ਤੇ ਹੋਰ ਔਰਤਾਂ ਨੂੰ ਟ੍ਰੇਨ 'ਚ ਚੜ੍ਹਨ ਦਿੱਤਾ ਗਿਆ। ਖਚਾਖਚ ਭਰੀਆਂ ਤਿੰਨ ਟ੍ਰੇਨਾਂ ਨਿਕਲ ਗਈਆਂ। ਜਦੋਂ ਭਾਰਤੀ ਵਿਦਿਆਰਥੀਆਂ ਦੀ ਵਾਰੀ ਆਈ, ਗੱਡੀਆਂ ਫੁੱਲ ਹੋ ਚੁੱਕੀਆਂ ਸਨ। ਵਿਦਿਆਰਥੀਆਂ ਨੇ ਜਬਰਨ ਟ੍ਰੇਨਾਂ ਦੇ ਅੰਦਰ ਘੁਸਣ ਦੀ ਕੋਸ਼ਿਸ਼ ਕੀਤੀ ਤਾਂ ਉੱਥੋਂ ਦੀ ਲੋਕਲ ਪੁਲਿਸ ਨੇ ਹਵਾਈ ਫਾਇਰਿੰਗ ਕਰ ਦਿੱਤੀ। ਭਗਦੜ 'ਚ...।"

ਲੋਕਾਂ ਨੂੰ ਗੋਲੀਬਾਰੀ ਤੋਂ ਬਚਾਅ ਲਈ ਧੱਕਾ-ਮੁੱਕੀ ਹੁੰਦੇ ਵੇਖ ਸ੍ਰਿਸ਼ਟੀ ਦੇ ਹੱਥਾਂ ਪੈਰਾਂ ਨੇ ਜਵਾਬ ਦੇ ਦਿੱਤਾ। ਆਰਤੀ ਲਈ ਮਾਂ ਨੂੰ ਸੰਭਾਲਣਾ ਔਖਾ ਹੋ ਗਿਆ। ਉਸ ਕੋਲ਼ ਦਿਲਾਸੇ ਲਈ ਸ਼ਬਦ ਮੁੱਕ ਗਏ ਹਨ। ਆਰਤੀ ਦੇ ਹੱਥ 'ਚ ਫੜੇ ਹਿੰਮਤ ਦੇ ਮੁਬਾਇਲ 'ਤੇ ਕਾਲ ਆਈ ਹੈ। ਨਿਤਿਨ ਮੋਹਨ ਦੇ ਪਿਤਾ ਦਾ ਨਾਂ ਵੇਖ ਆਰਤੀ ਸੁੰਨ ਪੈ ਗਈ ਹੈ। ਥਰਥਰਾਉਂਦੇ ਹੱਥੀਂ ਉਸ ਕਾਲ ਅਟੈਂਡ ਕੀਤੀ ਹੈ।

"ਹੈਲੋ...ਅੰਕਲ...।" ਕੁੱਝ ਬੋਲਣ ਲਈ ਉਸ ਦੀ ਜ਼ੁਬਾਨ ਸਾਥ ਨਹੀਂ ਦੇ ਰਹੀ। ਉਸ ਰੋਂਦੀ ਨੇ ਮਾਂ ਨੂੰ ਆ ਜੱਫਾ ਪਾਇਆ ਹੈ।

"ਮੰਮਾ ਸੂਰਯਾ...।"

ਸੁਣ ਕੇ ਸ੍ਰਿਸ਼ਟੀ ਨੇ ਲੇਰ ਮਾਰੀ ਹੈ।

"ਮੰਮਾ ਸਵਾਗਤ ਦੀ ਤਿਆਰੀ ਕਰੋ, ਸੂਰਯਾ ਵਾਪਸ ਆ ਰਿਹੈ। ਨਿਤਿਨ ਦੇ ਪਾਪਾ ਨੇ ਦੱਸਿਐ, ਨਿਤਿਨ, ਸੂਰਯਾ ਤੇ ਅਨਿਕੇਤ ਪੈਦਲ ਚੱਲ ਕੇ ਪੋਲੈਂਡ ਬਾਰਡਰ 'ਤੇ ਪਹੁੰਚ ਗਏ ਨੇ। ਉਨ੍ਹਾਂ ਨੂੰ ਮੁੱਢਲੀ ਚਿਕਿਤਸਾ ਸਹਾਇਤਾ ਦੇਣ ਉਪਰੰਤ ਜਲਦ ਹੀ ਭਾਰਤ ਪਹੁੰਚਾਏ ਜਾਣ ਦਾ ਪ੍ਰਬੰਧ ਕੀਤਾ ਜਾਏਗਾ...।"

ਪੁੱਤਰ ਦੀ ਵਾਪਸੀ ਦੀ ਉਮੀਦ ਬੱਝਦੀ ਸੁਣ ਸ੍ਰਿਸ਼ਟੀ ਪਤੀ ਵੱਲ ਦੌੜੀ ਹੈ।

"ਹਿੰਮਤ ਉੱਠੋ ਆਪਣਾ ਸੂਰਯਾ ਘਰ ਆ ਰਿਹੈ। ਚੱਲੋ ਚੱਲ ਕੇ ਪੁੱਤਰ ਦੇ ਸਵਾਗਤ ਦੀਆਂ ਤਿਆਰੀਆਂ ਕਰੀਏ। ਤੁਸੀਂ ਇੱਥੇ ਬੈੱਡ ਨਾਲ ਜੁੜੇ ਬੈਠੇ ਓ...ਜੇ ਮੁੰਡੇ ਦੀ ਫ਼ਲਾਈਟ ਆ ਪਹੁੰਚੀ, ਅੱਗੋਂ ਲੈਣ ਕੌਣ ਜਾਏਗਾ? ਹੇ ਸੰਕਟਮੋਚਨ ਹਨੂੰਮਾਨ ਮਹਾਂਪ੍ਰਭੂ ਤੇਰਾ ਕੋਟਿਨ-ਕੋਟਿ ਧੰਨਵਾਦ... ਬਾਲ ਸਮੈ ਰਵਿ ਭਕਸ਼ੀ ਲਿਓ ਤਬ ਤੀਨਹੁ ਲੋਕ ਭਯੋ ਅੰਧਿਆਰੋ, ਤਾਹਿੰ ਸੋ ਤ੍ਰਾਸ ਭਯੋ ਜਗ ਕੋ, ਯਹ ਸੰਕਟ ਕਾਹੁ ਸੋ ਜਾਤ ਨਾ ਟਾਰੋ ..."

ਸੰਕਟਮੋਚਨ ਹਨੂੰਮਾਨ ਅਸ਼ਟਕ ਉਚਾਰਦੀ ਉਹ ਪਤੀ ਦੇ ਸਿਰਹਾਣੇ ਬੈਠ ਉਸ ਦੇ ਹੋਸ਼ ਵਿਚ ਆਉਣ ਦੀ ਉਡੀਕ ਕਰਨ ਲੱਗੀ ਹੈ।

"ਸੂ...ਰ...ਯਾ...।"

ਹਿੰਮਤ ਦੇ ਬੁੱਲ੍ਹਾਂ 'ਚੋਂ ਪੁੱਤਰ ਦਾ ਨਾਂ ਸੁਣ ਸ੍ਰਿਸ਼ਟੀ ਖੁਸ਼ੀ 'ਚ ਉੱਛਲਦੀ ਬੋਲੀ ਹੈ, "ਮੈਂ ਕਿਹਾ ਜੀ, ਮੁਬਾਰਕਾਂ ਹੋਣ। ਤੁਹਾਡਾ ਪੁੱਤਰ ਬਿਲਕੁਲ ਠੀਕ-ਠਾਕ ਏ ਤੇ ਜਲਦੀ ਵਾਪਸ ਆ ਰਿਹੈ।"

ਨੀਮ ਬੇਹੋਸ਼ੀ ਦੀ ਹਾਲਤ ਵਿਚ ਗਰਦਨ ਇਕ ਪਾਸੇ ਸੁੱਟ ਹਿੰਮਤ ਨਿਆਣਿਆਂ ਵਾਂਗ ਰੋਣ ਲੱਗਿਆ ਹੈ।

"ਪਾਪਾ ਰੋਣਾ ਛੱਡੋ ਤੇ ਘਰ ਚੱਲ ਕੇ ਸੂਰਯਾ ਨੂੰ ਲੈ ਕੇ ਆਉਣ ਲਈ ਗੱਡੀ ਸਟਾਰਟ ਕਰੋ।" ਪਿਉ ਨੂੰ ਬਾਂਹ ਦਾ ਸਹਾਰਾ ਦੇ ਕੇ ਉਠਾਉਂਦੀ ਧੀ ਨੂੰ ਬੁੱਕਲ 'ਚ ਲੈ ਹਿੰਮਤ ਹੁਬਕੀਂ ਰੋ ਪਿਆ।

"ਸ਼ੈਤਾਨ ਨੂੰ ਯਾਦ ਕਰੋ, ਸ਼ੈਤਾਨ ਹਾਜ਼ਰ। ਲਉ ਫੜੋ ਤੁਹਾਡੇ ਲਾਡਲੇ ਦਾ ਫ਼ੋਨ ਆ ਗਿਆ ਜੇ, ਕਰੋ ਗੱਲ।"

ਵੀਡੀਓ ਕਾਲ ’ਤੇ ਇਕ-ਦੂਜੇ ਨੂੰ ਵੇਖ ਪਿਉ ਪੁੱਤਰ ਦੋਹਾਂ ਦੀ ਭੁੱਬ ਨਿਕਲ ਗਈ ਹੈ। ਆਪਣੇ ਅੱਥਰੂ ਪੂੰਝਦਿਆਂ ਹਿੰਮਤ ਨੇ ਪੁੱਤਰ ਨੂੰ ਹੌਂਸਲਾ ਰੱਖਣ ਲਈ ਦਿਲਾਸਾ ਦਿੱਤਾ ਤੇ ਬੈੱਡ ’ਤੋਂ ਉੱਠ ਖਲੋਤਾ।

“ਪਾਪਾ ਮੇਰਾ ਕੈਰੀਅਰ...?”

“ਕੋਈ ਨਾ ਤੂੰ ਘਰ ਆਜਾ ਇਕ ਵਾਰੀ, ਫਿਰ ਵੇਖਦੇ ਆਂ ਉਹ ਵੀ...।” ਪੁੱਤਰ ਦੀ ਅਧੂਰੀ ਛੱਡੀ ਗੱਲ ਪੂਰੀ ਕਰਦੇ ਹਿੰਮਤ ਨੇ ਗਹਿਰਾ ਸਾਹ ਭਰਿਆ ਤੇ ਪੈਰ ’ਚ ਚੱਪਲ ਅੜਾਉਂਦਾ ਤੁਰ ਪਿਆ ਹੈ।

* * *

ਰਿਸ਼ਤੇਦਾਰਾਂ, ਯਾਰਾਂ-ਦੋਸਤਾਂ, ਜਾਣਕਾਰਾਂ ਦੀਆਂ ਫਿਕਰਮੰਦੀ ’ਚ ਆ ਰਹੀਆਂ ਕਾਲਾਂ ਵਧਾਈਆਂ ’ਚ ਬਦਲ ਗਈਆਂ ਹਨ। ਘਰ ਵਿਚ ਹਵਨ ਯੱਗ ਸ਼ੁਰੂ ਹੋ ਗਿਆ ਹੈ। ਸੂਰਯਾ ਦੀ ਕੁੰਡਲੀ ਵੇਖ ਸ਼ਾਸਤਰੀ ਜੋ-ਜੋ ਹੁਕਮ ਕਰਦਾ ਜਾ ਰਿਹੈ, ਉਹ ਫੁੱਲ ਚੜ੍ਹਾਈ ਜਾ ਰਹੇ ਹਨ। ਸੂਰਯਾ ਨਾਲ ਲਗਾਤਾਰ ਗੱਲ ਹੋ ਰਹੀ ਹੈ। ਹਰ ਵਾਰ, ਅਗਲੀ ਫ਼ਲਾਈਟ ਫੜ ਕੇ ਆ ਰਿਹਾ ਹੈ, ਦੁਹਰਾਉਂਦੇ ਨੂੰ ਤੀਜਾ ਦਿਨ ਗੁਜ਼ਰ ਗਿਆ ਹੈ। ਜਦੋਂ ਚੌਥੇ ਦਿਨ ਵੀ ਸੂਰਯਾ ਫ਼ਲਾਈਟ ਨਾ ਚੜ੍ਹਿਆ ਤਾਂ ਚਿੰਤਾ ਤੇ ਬੇਚੈਨੀ ’ਚ ਸੂਰਯਾ ਨਾਲ ਗੱਲ ਕਰਦਾ ਹਿੰਮਤ ਆਪੇ ਤੋਂ ਬਾਹਰ ਹੋ ਗਿਆ,

“ਚੌਥਾ ਦਿਨ ਹੋ ਗਿਆ। ਕਿੰਨੀਆਂ ਫ਼ਲਾਈਟਸ ਆ ਗਈਆਂ। ਹਜ਼ਾਰਾਂ ਵਿਦਿਆਰਥੀ ਤੇ ਆਮ ਲੋਕੀਂ ਭਾਰਤ ਪਰਤ ਆਏ। ਤੂੰ ਅਜੇ ਤਕ ਉੱਥੇ ਬੈਠਾ ਆ ਰਿਹਾਂ, ਆ ਰਿਹਾਂ ਦਾ ਰਾਗ ਅਲਾਪੀ ਜਾ ਰਿਹੈਂ। ਉੱਤੋਂ ਰਸ਼ੀਆ ਵੱਲੋਂ ਕਿਸੇ ਵੇਲ਼ੇ ਵੀ ਨਿਊਕਲੀਅਰ ਬੰਬ ਸੁੱਟੇ ਜਾਣ ਦੀਆਂ ਖ਼ਬਰਾਂ ਗਰਮ ਹੋਈਆਂ ਪਈਆਂ ਨੇ। ਮੇਰਾ ਵੱਸ ਚੱਲੇ, ਮੈਂ ਆਪ ਜਹਾਜ਼ ਬਣਾਂ ਤੇ ਤੈਨੂੰ ਉੱਥੋਂ ਕੱਢ ਲਿਆਵਾਂ... ।”

“ਚਿੰਤਾ ਨਾ ਕਰੋ, ਅੱਜ ਨਹੀਂ ਤਾਂ ਕੱਲ੍ਹ, ਕੱਲ੍ਹ ਨਹੀਂ ਤਾਂ ਪਰਸੋਂ ਮੈਂ ਸਹੀ ਸਲਾਮਤ ਤੁਹਾਡੇ ਕੋਲ਼ ਪਹੁੰਚ ਕੇ ਰਹਾਂਗਾ। ਬਾਕੀ ਦੁਆ ਕਰੋ, ਇਹ ਜੰਗ ਰੁਕ ਜਾਏ ਤੇ ਮੈਨੂੰ ਆਉਣਾ ਹੀ ਨਾ ਪਵੇ। ਟੇਕ ਕੇਅਰ ਪਾਪਾ, ਬੈਟਰੀ ਡੈੱਡ ਹੋ ਰਹੀ ਏ ਤੇ ਮੇਰੇ ਕੋਲ਼ ਜ਼ਿਆਦਾ ਬੈਲੈਂਸ ਵੀ ਨਹੀਂ...।” ਆਖ ਸੂਰਯਾ ਨੇ ਕਾਲ ਕੱਟ ਦਿੱਤੀ ਸੀ।

“ਸ੍ਰਿਸ਼ਟੀ ਯਾਰ ਸੂਰਯਾ ਨੇ ਭਾਵੇਂ ਹੌਸਲੇ ਨਾਲ ਕਿਹੈ, ਪਰ ‘ਮੇਰੇ ਕੋਲ਼ ਜ਼ਿਆਦਾ ਬੈਲੈਂਸ ਨਹੀਂ’ ਉਹਦਾ ਆਖਰੀ ਵਾਕ ਮੇਰੇ ਅੰਦਰ ਕਿੱਲ ਬਣ ਕੇ ਗੱਡਿਆ ਗਿਐ। ਬੈਟਰੀ ਡੈੱਡ, ਡੈੱਡਲਾਈਨ ਬਣ ਕੇ ਮੇਰੇ ਸਾਹਾਂ ’ਤੇ ਟੰਗੀ ਗਈ ਏ। ਉਹਦਾ ਪੌਜ਼ੀਟਿਵ ਵੇਅ ਨਾਲ ਆਖਿਆ ‘ਮੈਨੂੰ ਆਉਣਾ ਹੀ ਨਾ ਪਵੇ’ ਵਾਕ ਮੈਨੂੰ ਨੈਗੇਟਿਵ ਕਰੀ ਜਾ ਰਿਹੈ। ਤੂੰ ਮਹਾਂਮ੍ਰਿਤੂੰਜਯ ਪਾਠ ਸ਼ੁਰੂ ਕਰਵਾ। ਮੈਂ ਬਗਲਾਮੁਖੀ ਮੰਦਿਰ ਮੱਥਾ ਟੇਕ ਕੇ ਆਇਆ।”

ਹਿੰਮਤ ਤੇ ਸ੍ਰਿਸ਼ਟੀ ਨੇ ਕੋਈ ਦੇਵ-ਦੇਵਤਾ ਨਾ ਛੱਡਿਆ ਜਿਸ ਅੱਗੇ ਜੋਦੜੀਆਂ ਨਾ ਕੀਤੀਆਂ ਹੋਣ। ਇਕ ਪਾਸੇ ਗਰਮ ਹੁੰਦੀਆਂ ਖ਼ਬਰਾਂ ਖ਼ੂਨ ਸੁਕਾਉਂਦੀਆਂ, ਦੂਜੇ ਪਾਸੇ ਸੂਰਯਾ ਦੀ ਵਾਪਸੀ ਬਾਰੇ ਪੁੱਛਣ ਵਾਲਿਆਂ ਨੇ ਹੇਠਲੀ ਉੱਤੇ ਲਿਆ ਦਿੱਤੀ। ਉਧਰੋਂ ਅੰਤਰਰਾਸ਼ਟਰੀ ਰਾਜਨੀਤੀ ਦੀ ਸਾਣ ਚੜ੍ਹੀਆਂ ਫ਼ਲਾਈਟਸ ਦੇ ਰਾਹ ਰੋਕਣ ਦੀਆਂ ਸੂਚਨਾਵਾਂ ਨੇ ਇਕ ਵਾਰੀ ਫਿਰ ਤੋਂ ਹਿੰਮਤ ਨੂੰ ਨਿਢਾਲ ਕਰ ਦਿੱਤਾ। ਇਕ-ਇਕ ਕਰ ਕੇ ਸੱਤ ਦਿਨ ਬੀਤ ਗਏ, ਸੂਰਯਾ ਨਾ ਮੁੜਿਆ। ਰਸ਼ੀਆ ਵੱਲੋਂ ਕਿਸੇ ਵੇਲੇ ਵੀ ਯੂਕ੍ਰੇਨ ’ਤੇ ਨਿਊਕਲੀਅਰ ਅਟੈਕ ਕਰਨ ਤੇ ਯੂਕ੍ਰੇਨ ਦੀ ਮਦਦ ਲਈ ਅੱਗੇ ਆਉਣ ਵਾਲੇ ਦੇਸ਼ਾਂ ਨਾਲ ਵੀ ਦੋ-ਦੋ ਹੱਥ ਕਰਨ ਦੀਆਂ ਖ਼ਬਰਾਂ ਚਿੰਤਾ ਦੇ ਖੂਹ ’ਚ ਲਾਹੁਣ ਲੱਗੀਆਂ। ਆਖਿਰ ਯੂਕ੍ਰੇਨ ’ਚ ਪੋਲੈਂਡ ਬਾਰਡਰ ’ਤੇ ਅੱਠ ਦਿਨਾਂ ਤੋਂ ਜੱਦੋਜਹਿਦ ਕਰ ਰਹੇ ਸੂਰਯਾ ਨੇ ਆਖਰੀ ਫਲਾਇਟ ’ਚ ਆ ਰਹੇ ਹੋਣ ਦੀ ਸੂਚਨਾ ਦੇ ਕੇ ਮਾਪਿਆਂ ਨੂੰ ਮੁੜ ਤੋਂ ਜੀਉਂਦਿਆਂ ’ਚ ਕਰ ਦਿੱਤਾ।

* * *

ਮੋਹ ਦਾ ਗੁਲਦਸਤਾ ਬਣੇ ਹਿੰਮਤ ਤੇ ਸ੍ਰਿਸ਼ਟੀ ਦਿੱਲੀ ਏਅਰਪੋਰਟ ’ਤੇ ਪੁੱਤਰ ਦੀ ਝਲਕ

ਪਾਉਣ ਲਈ ਫੁੱਲੇ ਨਹੀਂ ਸਮਾ ਰਹੇ। ਏਅਰਪੋਰਟ 'ਤੇ ਪਹੁੰਚੇ ਸੂਰਯਾ ਨੇ ਪੱਤਰਕਾਰਾਂ ਦੇ ਸਵਾਲਾਂ ਦਾ ਜਵਾਬ ਦਿੰਦਿਆਂ ਉਸ ਜੰਗ ਤੋਂ ਬਚਾਅ ਲਈ ਸੁਰੱਖਿਆ ਦੀ ਮੰਗ ਕੀਤੀ ਹੈ ਜਿਸ 'ਚੋਂ ਨਿਕਲ ਕੇ ਉਸ ਨੇ ਤੇ ਉਸ ਜਿਹੇ ਅਨੇਕਾਂ ਵਿਦਿਆਰਥੀਆਂ ਨੇ ਯੂਕ੍ਰੇਨ 'ਚ ਜਾ ਦਾਖ਼ਲੇ ਲਏ ਸਨ,

"ਮੌਤ ਕੀ ਹੁੰਦੀ ਹੈ? ਮੈਂ ਹੁਣ ਵੀ ਇਸ ਔਰਾ 'ਚੋਂ ਨਿਕਲ ਨਹੀਂ ਪਾ ਰਿਹਾ। ਖ਼ੈਰ ਮੈਂ ਜਿਉਂਦਾ ਪਰਤ ਆਇਆਂ ਤੇ ਆਪਣੇ ਪਰਿਵਾਰ ਵਿਚ ਹਾਂ। ਇਸ ਸਭ ਲਈ ਮੈਂ ਭਾਰਤ ਸਰਕਾਰ ਤੇ ਖਾਸ ਕਰਕੇ ਸਾਡੇ ਪ੍ਰਧਾਨ ਮੰਤਰੀ ਜੀ ਦਾ ਸ਼ੁਕਰਗੁਜ਼ਾਰ ਹਾਂ। ਮੇਰੀ ਗੁਜ਼ਾਰਿਸ਼ ਹੈ ਵਿਦਿਆਰਥੀਆਂ ਦੀ ਅੱਧਵਾਟੇ ਛੁੱਟੀ ਡਿਗਰੀ ਪੂਰੀ ਕਰਵਾਉਣ ਲਈ ਸਰਕਾਰ ਮਦਦਗਾਰ ਬਣੇ। ਪੜ੍ਹਾਈ ਪੂਰੀ ਕਰਨ ਲਈ ਸਾਨੂੰ ਭਾਰਤੀ ਕਾਲਿਜਾਂ ਵਿਚ ਦਾਖ਼ਲਾ ਦਿੱਤਾ ਜਾਵੇ। ਸਾਰੇ ਵਿਦਿਆਰਥੀਆਂ ਦੀ ਨੁਮਾਇੰਦਗੀ ਕਰਦਾ ਮੈਂ ਮੰਗ ਕਰਦਾ ਹਾਂ ਕਿ ਸਾਡਾ ਭਵਿੱਖ ਸੁਰੱਖਿਅਤ ਕਰਨ ਦਾ ਭਰੋਸਾ ਦੁਆਇਆ ਜਾਵੇ... ।"

ਦਿੱਲੀ ਤੋਂ ਜਲੰਧਰ ਵਾਪਸੀ ਤਕ ਨਿਊਜ਼ ਚੈਨਲਾਂ ਨੇ ਸੂਰਯਾ ਨੂੰ ਲਾਈਵ ਦਿਖਾਉਂਦਿਆਂ ਇਕ ਪਲ਼ ਲੱਕ ਸਿੱਧਾ ਨਾ ਕਰਨ ਦਿੱਤਾ।

ਭਰਾ ਦਾ ਰਾਹ ਉਡੀਕਦੀ ਆਰਤੀ ਨੇ ਘਰ ਨੂੰ ਫੁੱਲਾਂ ਨਾਲ ਸਜਾ ਦਿੱਤਾ ਹੈ। ਜ਼ਿੰਦਗੀ ਦੀ ਜੰਗ ਜਿੱਤ ਕੇ ਆਏ ਸੂਰਯਾ ਦਾ ਸਵਾਗਤ ਕਰਨ ਲਈ ਮੁਹੱਲਾ ਨਿਵਾਸੀਆਂ ਨੇ ਖਾਸ ਤੌਰ 'ਤੇ ਫੌਜੀ ਬੈਂਡ ਦਾ ਪ੍ਰਬੰਧ ਕੀਤਾ ਹੈ।

ਕਈ ਦਿਨ ਪੱਤਰਕਾਰਾਂ ਦੀ ਭੀੜ ਨੇ ਸੂਰਯਾ ਨੂੰ ਘੇਰਾ ਪਾਈ ਰੱਖਿਆ। ਘਰ 'ਚ ਵਧਾਈਆਂ ਦੇਣ ਵਾਲਿਆਂ ਦਾ ਤਾਂਤਾ ਲੱਗਿਆ ਰਿਹਾ। ਚਾਰੇ ਪਾਸੇ ਵਿਆਹ ਵਰਗਾ ਮਾਹੌਲ ਗਰਮਾਇਆ ਰਿਹਾ। ਸਰਕਾਰ ਨੇ ਛੇਤੀ ਹੀ ਵਿਦਿਆਰਥੀਆਂ ਨੂੰ ਦਾਖ਼ਲੇ ਦਾ ਭਰੋਸਾ ਦਿੱਤਾ ਤੇ ਹਿੰਮਤ ਨੇ ਸਣੇ ਪਰਿਵਾਰ ਸੂਰਯਾ ਦੀ ਜ਼ਿੰਦਗੀ ਲਈ ਮੰਨੀਆਂ ਮੰਨਤਾਂ ਉਤਾਰਨ ਲਈ ਚਾਲੇ ਪਾ ਦਿੱਤੇ। ਸਾੜ੍ਹਸਤੀ ਦੀ ਘੇਰਾਬੰਦੀ ਤੋੜ ਕੇ ਆਏ ਸੂਰਯਾ ਦੀ ਰੱਖਿਆ ਲਈ ਸਭ ਤੋਂ ਪਹਿਲਾਂ ਸ਼ਨੀ ਸ਼ਿਗਨਾਪੁਰ ਜਾ ਮੱਥਾ ਟੇਕਿਆ। ਉਸ ਤੋਂ ਬਾਅਦ ਤੀਰਥ ਸਥਾਨਾਂ ਦੀ ਚੱਲ ਸੋ ਚੱਲ ਮੁੱਕਣ 'ਚ ਨਾ ਆਵੇ। ਹਰਿਦੁਆਰ, ਵੈਸ਼ਨੋ ਦੇਵੀ, ਬਗਲਾਮੁਖੀ ਧਾਮ, ਹਰਿਮੰਦਿਰ ਸਾਹਿਬ, ਸਾਂਈਂ ਧਾਮ, ਅਜਮੇਰ ਸ਼ਰੀਫ਼, ਪੀਰਾਂ ਦੀਆਂ ਦਰਗਾਹਾਂ...। ਕੋਈ ਅਜਿਹਾ ਤੀਰਥ ਨਾ ਬਚਿਆ ਜਿੱਥੇ ਮੱਥਾ ਨਾ ਟੇਕਿਆ। ਸੂਰਯਾ ਜਿੱਥੇ ਵੀ ਮੱਥਾ ਟੇਕਦਾ ਆਪਣੇ ਉਜਲੇ ਭਵਿੱਖ ਲਈ ਕਾਮਨਾ ਕਰਦਾ ਸਾਥੀ ਵਿਦਿਆਰਥੀਆਂ ਨਾਲ ਜੁੜਿਆ ਰਹਿੰਦਾ। ਹਰ ਸਵੇਰ ਇਸ ਉਮੀਦ ਨਾਲ ਅਰਦਾਸ ਕਰਕੇ ਉੱਠਦਾ ਕਿ ਅੱਜ ਪੱਕਾ ਉਸ ਦਾ ਕਿਸੇ ਨਾ ਕਿਸੇ ਕਾਲਿਜ 'ਚ ਦਾਖ਼ਲਾ ਹੋ ਜਾਏਗਾ।

ਵਕਤ ਬੀਤਣ ਨਾਲ ਰਸ਼ੀਆ-ਯੂਕ੍ਰੇਨ ਜੰਗ 'ਚੋਂ ਬਚ ਕੇ ਆਇਆਂ ਦੀ ਖ਼ਬਰ ਨਿਊਜ਼ ਚੈਨਲਾਂ ਲਈ ਟੀ.ਆਰ.ਪੀ. ਘੇਰੇ ਤੋਂ ਬਾਹਰ ਹੋ ਗਈ। ਇੱਧਰ ਸਰਕਾਰ ਨੇ ਇਹ ਕਹਿ ਕੇ ਵਿਦਿਆਰਥੀਆਂ ਨੂੰ ਭਾਰਤੀ ਮੈਡੀਕਲ ਕਾਲਿਜਾਂ ਵਿਚ ਦਾਖ਼ਲੇ ਦੇਣ ਤੋਂ ਹੱਥ ਖੜ੍ਹੇ ਕਰ ਦਿੱਤੇ ਕਿ ਵਿਦਿਆਰਥੀ ਆਪਣੀ ਮਰਜ਼ੀ ਨਾਲ ਬਾਹਰ ਪੜ੍ਹਨ ਗਏ ਸਨ ਨਾ ਕਿ ਸਰਕਾਰ ਦੀ ਚੋਣ ਵਜੋਂ। ਸਰਕਾਰ ਨੇ ਆਪਣੇ ਨਾਗਰਿਕਾਂ ਦੇ ਜੀਵਨ ਨੂੰ ਸੁਰੱਖਿਆ ਪ੍ਰਦਾਨ ਕਰਨ ਦਾ ਫ਼ਰਜ਼ ਨਿਭਾਅ ਦਿੱਤਾ ਹੈ, ਅੱਗੇ ਵਿਦਿਆਰਥੀਆਂ ਦੇ ਦਾਖ਼ਲੇ ਉਨ੍ਹਾਂ ਦੀ ਕਾਬਲੀਅਤ ਮੁਤਾਬਿਕ ਸਿੱਖਿਆ ਸੰਸਥਾਵਾਂ ਵੱਲੋਂ ਨਿਰਧਾਰਤ ਸ਼ਰਤਾਂ ਅਧੀਨ ਹੀ ਕੀਤੇ ਜਾਣਗੇ। ਸਰਕਾਰ ਦਾ ਫਰਜ਼ ਮੁਸੀਬਤ 'ਚ ਫਸੇ ਆਪਣੇ ਨਾਗਰਿਕਾਂ ਨੂੰ ਸੁਰੱਖਿਅਤ ਵਤਨ ਵਾਪਸ ਲੈ ਕੇ ਆਉਣਾ ਸੀ ਜੋ ਸਫਲਤਾ ਨਾਲ ਨਿਭਾਇਆ ਗਿਆ ਹੈ।

ਖੂਹ 'ਚ ਲਹਿੰਦੇ ਭਵਿੱਖ ਨੇ ਸੂਰਯਾ ਦੀਆਂ ਅੱਖਾਂ ਅੱਗੇ ਹਨੇਰਾ ਲਿਆ ਦਿੱਤਾ। ਵੇਖਦੇ-ਵੇਖਦੇ ਉਸ ਦੀ ਹਾਲਤ ਵਿਗੜਨ ਲੱਗੀ। ਭੁੱਖ, ਪਿਆਸ ਮਰ ਗਈ। ਗੁੰਮ-ਸੁੰਮ ਜਿੱਥੇ ਬੈਠਦਾ ਬੈਠਾ ਰਹਿ ਜਾਂਦਾ। ਦਸ ਵਾਰੀ ਬੁਲਾਇਆਂ ਤੋਂ ਮਸਾਂ ਹੂੰ, ਹਾਂ 'ਚ ਜਵਾਬ ਦਿੰਦਾ। ਫ਼ੋਨ 'ਤੇ ਵੀ ਕਿਸੇ ਨਾਲ ਗੱਲ ਨਾ ਕਰਦਾ। ਪੁੱਤਰ ਦੀ ਇਸ ਹਾਲਤ ਨੇ ਮਾਪਿਆਂ ਨੂੰ ਚਿੰਤਾ 'ਚ ਪਾ ਦਿੱਤਾ। ਸਮਝ ਨਾ ਆਉਂਦੀ ਉਸ ਦੀ ਇਸ ਹਾਲਤ ਦਾ ਕੀ ਇਲਾਜ ਕਰਨ। ਸੋਚਿਆ ਕਿਸੇ ਬਹਾਨੇ ਘਰੋਂ ਬਾਹਰ

ਕੱਢਣ ਤਾਂ ਸ਼ਾਇਦ ਸੂਰਯਾ ਦਾ ਮਨ ਬਦਲ ਜਾਵੇ।

"ਸ੍ਰਿਸ਼ਟੀ ਸਾਰੇ ਤੀਰਥ ਹੋ ਲਏ। ਮੈਂ ਕਹਿੰਦਾ ਸੀ ਸੂਰਯਾ ਨੂੰ ਚਿੰਤਪੂ... ।" ਗੱਲ ਹਿੰਮਤ ਦੇ ਮੂੰਹ 'ਚ ਸੀ ਕਿ ਸੂਰਯਾ ਇਕੋ ਸਾਹ ਬੋਲਣ ਲੱਗਿਆ,

"ਮੈਂ ਨਹੀਂ ਜਾਣਾ ਕਿਸੇ ਤੀਰਥ...ਤੂਰਥ 'ਤੇ। ਭੇਜ'ਤਾ ਮੈਨੂੰ ਮਰਨ ਲਈ ਯੂਕ੍ਰੇਨ। ਪਤਾ ਹੈ, ਬੰਕਰ ਅੰਦਰ ਸਾਹਮਣੇ ਖੜ੍ਹੀ ਮੌਤ ਹੁਸ਼-ਹੁਸ਼ ਕਰਦੀ ਕਿਵੇਂ ਦੁਬਕਾਉਂਦੀ ਏ? ਅਠਾਰਾਂ ਕਿਲੋਮੀਟਰ ਮੌਤ ਨੂੰ ਸਿਰ 'ਤੇ ਚੁੱਕ ਕੇ ਭੱਜਣ ਦਾ ਭਾਰ ਕਿੰਨਾ ਹੁੰਦੈ...? ਤਿੰਨ ਦਿਨ ਮੂੰਹ 'ਚ ਪਾਣੀ ਦਾ ਘੁੱਟ ਨਹੀਂ ਪਾਇਆ। ਭੁੱਖਾ,ਪਿਆਸਾ, ਬੁਖ਼ਾਰ ਨਾਲ ਠੰਡ 'ਚ ਸੜਕ 'ਤੇ ਲੋਟਣੀਆਂ ਲੈਂਦਾ ਰਿਹਾ ਮੈਂ। ਪਤਾ ਹੈ ਕਿਉਂ...? ਸਿਰਫ਼ ਇਕ ਪੇਡ ਸੀਟ ਨਾ ਖਰੀਦਣ ਕਰਕੇ...। ਅਖੇ ਸਾਰੇ ਤੀਰਥ ਹੋ ਲਏ...। ਆਖਰੀ ਤੀਰਥ ਹਰਿਦੁਆਰ ਹੋ ਆਇਓ ਮੇਰੇ ਫੁੱਲ ਤਾਰਨ ਲਈ...।" ਬੋਲਦਾ-ਬੋਲਦਾ ਉਹ ਕਮਰੇ ਅੰਦਰ ਜਾ ਵੜਿਆ। ਦਰਵਾਜ਼ਾ ਬੰਦ ਕੀਤਾ ਤੇ ਚਿਟਕਣੀ ਚੜ੍ਹਾ ਲਈ।

"ਡਰਾਮੇ ਵੇਖੋ ਲਾਟ ਸਾਹਬ ਦੇ। ਕੀ ਨਹੀਂ ਕੀਤਾ ਮੈਂ ਇਹਦੇ ਲਈ। ਕਰਜ਼ੇ ਨਾਲ ਥੱਲਾ ਬੱਝ ਗਿਆ ਮੇਰਾ। ਇਹ ਕਿਹੜੀ ਮੌਤ ਵੇਖ ਕੇ ਆਇਐ, ਮੌਤ ਤੇ ਅਸੀਂ ਵੇਖੀ ਏ...। " ਅੰਦਰ ਦੀ ਭੜਾਸ ਕੱਢਦਾ ਲੋਹਾ ਲਾਖਾ ਹੋਇਆ ਹਿੰਮਤ ਚੁੱਪ ਹੋਣ 'ਚ ਨਾ ਆਵੇ।

"ਮੈਂ ਕਿਹਾ, ਚੁੱਪ ਕਰੋ। ਸਿਆਣੇ-ਬਿਆਣੇ ਹੋ ਕੇ ਕੀ ਬੋਲੀ ਜਾਂਦੇ ਓ। ਜਵਾਨ ਖ਼ੂਨ ਏ... ਹੋਰ ਮੁੰਡੇ ਨੇ ਕੁਝ ਕਰ ਕਰਾ ਲਿਆ, ਸਾਰੀ ਉਮਰਾਂ ਰਹਿ ਜਾਂਗੇ ਕਿਸਮਤ ਦਾ ਰੋਣਾ ਰੋਣ ਲਈ। ਸੂਰਯਾ, ਸਰੂ ਪੁੱਤਰ ਦਰਵਾਜ਼ਾ ਖੋਲ੍ਹ ਦੇ। ਨਹੀਂ ਜਾਂਦੇ ਕਿਧਰੇ, ਪਰ ਇੰਝ ਕਮਰੇ 'ਚ ਬੰਦ ਹੋ ਕੇ ਵੀ ਤਾਂ ਕੋਈ ਹੱਲ ਨਹੀਂ ਨਾ ਹੋਣਾ।"

ਸ੍ਰਿਸ਼ਟੀ ਦਰਵਾਜ਼ਾ ਖੜਕਾਉਂਦੀ ਪੁੱਤਰ ਦੀਆਂ ਲੇਲ੍ਹੜੀਆਂ ਕੱਢਣ ਲੱਗੀ।

"ਪਾਪਾ ਆਈ ਥਿੰਕ ਸਾਨੂੰ ਕਿਸੇ ਡਾਕਟਰ ਨਾਲ ਕੰਸਲਟ ਕਰਨਾ ਚਾਹੀਦਾ ਏ। ਮੇਰੀ ਸਟੱਡੀ ਚਾਹੇ ਅਧੂਰੀ ਏ ਪਰ ਜਿੰਨਾ ਪੜ੍ਹਿਐ, ਉਸ ਮੁਤਾਬਿਕ ਸੂਰਯਾ ਡਿਪਰੈਸ਼ਨ 'ਚ ਜਾ ਰਿਹੈ। ਸਮਾਂ ਰਹਿੰਦੇ ਇਲਾਜ ਨਾ ਹੋਇਆ ਤਾਂ ਸੂਰਯਾ ਦਾ ਦਿਮਾਗ਼ੀ ਸੰਤੁਲਨ ਵਿਗੜ ਸਕਦੈ ਜਾਂ ਫਿਰ... "

"ਜਾਂ ਫਿਰ ਕੀ... ?" ਬੋਲਦਿਆਂ ਹਿੰਮਤ ਨੂੰ ਹੱਥਾਂ ਪੈਰਾਂ ਦੀ ਪੈ ਗਈ।

"ਉਹ ਆਤਮ-ਹੱਤਿਆ ਵੀ...।" ਧੀ ਦੀ ਅਧੂਰੀ ਜ਼ੁਬਾਨ ਨੇ ਹਿੰਮਤ ਨੂੰ ਅਧਮੋਇਆ ਕਰ ਦਿੱਤਾ।

"ਨਹੀਂ...। ਸੂਰਯਾ...। ਸੂਰਯਾ। ਦਰਵਾਜ਼ਾ ਖੋਲ੍ਹ ਪੁੱਤਰ। ਸਾਨੂੰ ਮਰਿਆਂ ਨੂੰ ਨਾ ਮਾਰ...।"

ਤਿੰਨੇਂ ਜਣੇ ਸੂਰਯਾ ਨੂੰ ਆਵਾਜ਼ਾਂ ਮਾਰਦੇ ਦਰਵਾਜ਼ਾ ਖੜਕਾਉਣ ਲੱਗੇ। ਕੋਈ ਹੁੰਗਾਰਾ ਨਾ ਮਿਲਿਆ। ਹਾਰ ਕੇ ਤਿੰਨਾਂ ਨੇ ਦਰਵਾਜ਼ੇ ਨੂੰ ਜ਼ੋਰ ਨਾਲ ਧੱਕਾ ਮਾਰਿਆ। ਤੜਾਕ ਦੇਣੀਂ ਚਿਟਕਣੀ ਟੁੱਟ ਗਈ। ਤਿੰਨੇ ਜਣੇ ਧੜਾਮ ਦੇਣੀ ਸਿੱਧਾ ਬੈੱਡ 'ਤੇ ਜਾ ਡਿੱਗੇ। ਪੱਖੇ ਨਾਲ ਬੰਨ੍ਹੀ ਚਾਦਰ 'ਚ ਸਿਰ ਦਿੱਤੀ ਸਟੱਡੀ ਟੇਬਲ 'ਤੇ ਖੜ੍ਹਾ ਸੂਰਯਾ...। ਇਸ ਤੋਂ ਪਹਿਲਾਂ ਉਹ ਫਾਂਸੀ ਨਾਲ ਝੂਲ ਜਾਂਦਾ, ਹਿੰਮਤ ਨੇ ਸੂਰਯਾ ਦੇ ਪੈਰਾਂ ਨੂੰ ਮੋਢਾ ਦੇ ਕੇ ਚਾਦਰ ਦੀ ਗੰਢ ਢਿੱਲੀ ਕੀਤੀ ਤੇ ਬਾਹਾਂ 'ਚ ਬੋਚ ਕੇ ਝੋਲੀ 'ਚ ਲੈ ਛਾਤੀ ਨਾਲ ਘੁੱਟ ਲਿਆ।

ਡਾਕਟਰਾਂ ਨੇ ਜਿੰਨਾ ਹੋ ਸਕੇ ਸੂਰਯਾ ਨੂੰ ਖ਼ੁਸ਼ ਤੇ ਤਣਾਅਮੁਕਤ ਰੱਖਣ ਦੀ ਸਲਾਹ ਦਿੱਤੀ ਹੈ। ਨਵੇਂ ਸਿਰੇ ਤੋਂ ਜ਼ਿੰਦਗੀ ਦੇ ਪੰਨੇ ਉਲੀਕਣ ਲਈ ਬੰਬੇ ਗੋਆ ਦਾ ਫੈਮਿਲੀ ਟਰਿੱਪ ਬੁੱਕ ਕਰ ਲਿਆ ਗਿਆ। ਆਰਤੀ ਦਾ ਬੀ.ਐੱਸਸੀ. ਸਾਇਕਾਲੋਜੀ ਫ਼ਾਈਨਲ ਦਾ ਨਤੀਜਾ ਆਉਣ ਵਾਲਾ ਸੀ। ਸੂਰਯਾ ਦੀ ਢਹਿੰਦੀ ਕਲਾ ਨੂੰ ਧਿਆਨ 'ਚ ਰੱਖਦਿਆਂ ਉਹ ਆਪਣੀਆਂ ਸਫਲਤਾਵਾਂ ਦਾ ਉਸ ਸਾਹਮਣੇ ਜ਼ਿਕਰ ਨਾ ਕਰ ਕੇ ਜਿੰਨਾ ਹੋ ਸਕਦਾ ਭਰਾ ਨੂੰ ਜ਼ਿੰਦਗੀ ਵੱਲ ਮੁਹਾਰ ਮੋੜਨ ਲਈ ਯਤਨਸ਼ੀਲ ਰਹਿੰਦੀ। ਸੂਰਯਾ ਕਿੰਨੀ-ਕਿੰਨੀ ਦੇਰ ਸਮੁੰਦਰ ਦੀਆਂ ਆਉਂਦੀਆਂ-ਜਾਂਦੀਆਂ ਲਹਿਰਾਂ ਨੂੰ ਟਿਕਟਿਕੀ ਲਾਈ ਵੇਖਦਾ ਰਹਿੰਦਾ। ਆਰਤੀ ਉਸ ਨੂੰ ਲਹਿਰਾਂ ਨਾਲ ਖਹਿ ਕੇ ਕਿਨਾਰਾ ਛੋਹਣ ਲਈ ਖਿੱਚ ਕੇ ਸਮੁੰਦਰ 'ਚ ਲਿਜਾਣ ਦੀ ਕੋਸ਼ਿਸ਼ ਕਰਦੀ। ਉਹ ਉੱਠਦਾ, ਫਿਰ ਮਨ ਮਸੋਸ ਕੇ ਬਹਿ ਜਾਂਦਾ।

ਟਰਿੱਪ ਦਾ ਪੰਜਵਾਂ ਦਿਨ ਸੀ। ਸਮੁੰਦਰ ਦੀਆਂ ਛੱਲਾਂ ਨਾਲ ਖਹਿੰਦੀ ਆਰਤੀ ਨੇ ਆਪਣਾ ਆਨਲਾਈਨ ਨਤੀਜਾ ਵੇਖਿਆ। ਪੂਰੇ ਕਾਲਿਜ 'ਚੋਂ ਪਹਿਲੀ ਪੁਜ਼ੀਸ਼ਨ ਵੇਖ ਆਪਾ ਭੁੱਲ ਗਈ। ਲਹਿਰਾਂ 'ਤੇ ਸਵਾਰ ਹੋਈ ਨੇ ਕੰਢੇ 'ਤੇ ਬੈਠੇ ਭਰਾ ਨੂੰ ਜਾ ਗਲਵੱਕੜੀ ਪਾਈ।

"ਆਈ ਟੌਪ ਦਾ ਕਾਲੇਜ ਸੂਰਯਾ। ਆਈ ਫਿਨਿਸ਼ਡ ਮਾਈ ਬੀ.ਐੱਸਸੀ. ਸਾਇਕਾਲੋਜੀ।"

ਸੁਣ ਕੇ ਖ਼ੁਸ਼ੀ 'ਚ ਪੱਬਾਂ ਭਾਰ ਹੁੰਦੇ ਹਿੰਮਤ ਤੇ ਸ੍ਰਿਸ਼ਟੀ ਨੇ ਆਰਤੀ ਦਾ ਮੱਥਾ ਚੁੰਮ ਲਿਆ।

"ਕੌਂਗਰੇਟਸ ਆਰਤੀ। ਆਈ ਐਮ ਰਿਅਲੀ ਹੈਪੀ ਫਾਰ ਯੂ। ਮੈਂ ਹੀ ਪਾਪਾ ਦਾ ਨਲਾਇਕ ਬੱਚਾ ਨਿਕਲਿਆ। ਸਭ ਬਰਬਾਦ ਕਰ ਦਿੱਤਾ।"

"ਕੌਣ ਕਹਿੰਦੈ ਮੇਰਾ ਪੁੱਤਰ ਨਲਾਇਕ ਏ ਤੇ ਮੇਰਾ ਸਭ ਕੁਝ ਉਜਾੜ ਦਿੱਤਾ। ਤੂੰ ਹੈਂ ਤਾਂ ਮੇਰੀ ਦੁਨੀਆਂ ਆਬਾਦ ਏ ਮੇਰੇ ਬੱਚੇ। ਬੁਰਾ ਵਕਤ ਹੀ ਨਵੇਂ ਰਾਹਾਂ ਦੀ ਤਲਾਸ਼ ਬਣਦੈ...ਟਰਿੱਪ ਖ਼ਤਮ ਕਰ ਕੇ ਘਰ ਚੱਲਦੇ ਆਂ ਤੇ ਸੋਚਦੇ ਆਂ ਨਵੀਂ ਸ਼ੁਰੂਆਤ ਕਿੱਥੋਂ ਤੇ ਕਿਵੇਂ ਕੀਤੀ ਜਾ ਸਕਦੀ ਏ। ਅੱਛਾ ਇਹ ਦੱਸ, ਤੇਰੇ ਨਾਲ ਦੇ ਬੱਚਿਆਂ ਨੇ ਅੱਗੇ ਕੀ ਸੋਚਿਐ?"

"ਪਤਾ ਨਹੀਂ।"

"ਤਾਂ ਪਤਾ ਕਰ ਪੁੱਤਰ। ਇਕ ਦੂਜੇ ਨਾਲ ਗੱਲ ਕੀਤਿਆਂ ਹੀ ਕੋਈ ਹੱਲ ਮਿਲੇਗਾ ਨਾ।"

ਕਈ ਦਿਨਾਂ ਬਾਅਦ ਪੁੱਤਰ ਨੂੰ ਸਹਿਜ ਹੋ ਗੱਲਾਂ ਕਰਦਾ ਵੇਖ ਹਿੰਮਤ ਨੇ ਡਾਕਟਰਾਂ ਨਾਲ ਫ਼ੋਨ 'ਤੇ ਗੱਲ ਕੀਤੀ। ਸੂਰਯਾ ਦੀ ਹਾਲਤ 'ਚ ਸੁਧਾਰ ਦੱਸਿਆ ਗਿਆ। ਹਿੰਮਤ ਤੇ ਸ੍ਰਿਸ਼ਟੀ ਖ਼ੁਸ਼ ਸਨ ਕਿ ਆਰਤੀ ਦੇ ਨਤੀਜੇ ਨੇ ਸੂਰਯਾ 'ਤੇ ਨੈਗੇਟਿਵ ਅਸਰ ਨਹੀਂ ਸੀ ਪਾਇਆ। ਟਰਿੱਪ ਦੇ ਬਾਕੀ ਦਿਨ ਮੋਰ ਦੇ ਖੰਭਾਂ 'ਤੇ ਪੈਲ਼ਾਂ ਪਾਉਂਦੇ ਲੰਘੇ।

ਨਵੀਂ ਊਰਜਾ ਸ਼ਕਤੀ ਨਾਲ ਸੰਚਾਰਤ ਹੋ ਘਰ ਪਰਤਿਆ ਸੂਰਯਾ ਫਿਰ ਤੋਂ ਚੱਕਰਵਿਊ ਤੋੜਨ ਲਈ ਜੱਦੋ-ਜਹਿਦ ਕਰਨ ਲੱਗਿਆ। ਸਾਥੀ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ। ਪਤਾ ਲੱਗਿਆ ਭਾਰਤੀ ਕਾਲਿਜਾਂ 'ਚ ਦਾਖ਼ਲੇ ਦਿੱਤੇ ਜਾਣ ਲਈ ਵਿਦਿਆਰਥੀਆਂ ਵੱਲੋਂ ਸੁਪਰੀਮ ਕੋਰਟ 'ਚ ਅਰਜ਼ੀ ਲਗਾਈ ਗਈ ਹੈ। ਆਸ ਦੀ ਕਿਰਨ ਜਿਵੇਂ ਚਮਕੀ ਉਵੇਂ ਹੀ ਟੁੱਟੇ ਤਾਰੇ ਦੀ ਲਿਸ਼ਕੋਰ ਬਣ ਬੁਝ ਗਈ। ਕੋਰਟ ਵੱਲੋਂ ਫ਼ੈਸਲਾ ਭਾਰਤ ਸਰਕਾਰ ਦੇ ਹੱਕ 'ਚ ਸੁਣਾਇਆ ਗਿਆ। ਸਰਕਾਰ ਦਾ ਤਰਕ ਸੀ ਘੱਟ ਮੈਰਿਟ ਵਾਲੇ ਵਿਦਿਆਰਥੀ ਡਾਕਟਰੀ ਦੀ ਪੜ੍ਹਾਈ ਕਰਨ ਯੂਕ੍ਰੇਨ ਗਏ ਸਨ। ਜੇ ਹੁਣ ਉਨ੍ਹਾਂ ਨੂੰ ਦਾਖ਼ਲੇ ਦਿੱਤੇ ਜਾਂਦੇ ਹਨ ਤਾਂ ਉਨ੍ਹਾਂ ਤੋਂ ਵੱਧ ਮੈਰਿਟ ਵਾਲੇ ਦਾਖ਼ਲੇ ਤੋਂ ਵਾਂਝੇ ਰਹੇ ਵਿਦਿਆਰਥੀਆਂ ਵੱਲੋਂ ਕੇਸ ਦਾਇਰ ਹੋ ਜਾਣਗੇ। ਅਜਿਹੇ ਵਿਚ ਜੋ ਉਥਲ-ਪੁਥਲ ਮੱਚੇਗੀ ਸਰਕਾਰ ਲਈ ਉਸ ਸਥਿਤੀ ਨਾਲ ਨਜਿੱਠਣਾ ਔਖਾ ਹੋ ਜਾਏਗਾ। ਦੂਸਰਾ ਯੂਕ੍ਰੇਨ ਤੇ ਭਾਰਤੀ ਕਾਲਿਜਾਂ ਦੇ ਫੀਸ ਸਟਰਕਚਰ ਵਿਚ ਭਾਰੀ ਅੰਤਰ ਹੋਣ ਕਰਕੇ ਉਨ੍ਹਾਂ ਵਿਦਿਆਰਥੀਆਂ ਨੂੰ ਅਡਜਸਟ ਨਹੀਂ ਕੀਤਾ ਜਾ ਸਕਦਾ। ਆਖਰੀ ਉਮੀਦ ਕੀ ਟੁੱਟੀ ਸੂਰਯਾ ਇਕ ਵਾਰ ਫਿਰ ਤੋਂ ਡਿਪਰੈਸ਼ਨ ਦੇ ਹੱਲੇ ਹੇਠ ਆ ਗਿਆ। ਉੱਠਦੇ ਬੈਠਦੇ ਇਕੋ ਰਟ,

"ਚਾਰ ਸਾਲ ਵੇਸਟ ਹੋ ਗਏ। ਮੈਥੋਂ ਸਾਲ ਛੋਟੀ ਆਰਤੀ ਬੀ.ਐੱਸਸੀ. ਸਾਈਕਾਲੋਜੀ ਕੰਪਲੀਟ ਕਰਕੇ ਐਮ.ਐੱਸਸੀ. ਸਾਈਕਾਲੋਜੀ ਫ਼ੈਲੋਸ਼ਿਪ ਲਈ ਸਿਲੈਕਟ ਹੋ ਗਈ...ਮੈਂ ਉੱਥੇ ਦਾ ਉੱਥੇ...। ਉੱਥੇ ਦਾ ਉੱਥੇ ਕੀ, ਮੈਂ ਤਾਂ ਕਿਸੇ ਥਾਂ ਦਾ ਨਹੀਂ। ਮੰਮੀ-ਪਾਪਾ ਲਈ ਆਰਤੀ ਹੀ ਸਭ ਕੁਝ ਹੋਣੀ ਏ...ਮੈਂ, ਮੈਂ ਤਾਂ ਕੁਝ ਵੀ ਨਹੀਂ। ਜੇ ਪੇਡ ਸੀਟ ਖਰੀਦੀ ਹੁੰਦੀ, ਅੱਜ ਮੇਰੀ ਵੀ ਐੱਮ.ਬੀ.ਬੀ.ਐੱਸ. ਪੂਰੀ ਹੋਣ ਵਾਲੀ ਹੁੰਦੀ। ਇਹਦੇ ਨਾਲੋਂ ਜੰਮਦਿਆਂ ਮੇਰਾ ਗਲ਼ਾ ... ।"

ਸੁਣ ਕੇ ਹਿੰਮਤ ਸਿਰ ਫੜ ਕੇ ਬੈਠ ਗਿਆ। ਮਾਂ-ਬਾਪ ਦੀ ਧਰਤੀਓਂ ਲਹਿੰਦੀ ਹਾਲਤ ਵੇਖ ਆਰਤੀ ਸੂਰਯਾ ਨੂੰ ਸਮਝਾਉਂਦੀ,

"ਸੂਰਯਾ ਮੰਮੀ-ਪਾਪਾ ਨੇ ਤੇਰੇ ਲਈ ਉਹ ਸਭ ਕੀਤਾ, ਜੋ ਕਰ ਪਾਏ। ਜਦੋਂ ਨੀਟ ਕਰੈਕ ਨਹੀਂ ਸੀ ਹੋਇਆ, ਮੈਂ ਤੇਰੀ ਓਵਰਆਲ ਸਕਰੀਨਿੰਗ ਦੇਖਦਿਆਂ ਤੈਨੂੰ ਸਮਝਾਇਆ ਸੀ, ਬੀ.ਐੱਸਸੀ. ਫਿਜ਼ਿਕਸ ਕਰ ਲੈ। ਹੁਣ ਤਕ ਐੱਮ.ਐੱਸਸੀ. ਹੋ ਜਾਣੀ ਸੀ। ਦੋ ਸਾਲ ਐਂਟਰੈਂਸ

ਕਲੀਅਰ ਕਰਨ ਦੇ ਚੱਕਰ 'ਚ ਖਰਾਬ ਕੀਤੇ। ਚੰਡੀਗੜ੍ਹ ਕੋਚਿੰਗ ਲੈਣ ਲਈ ਲੱਖਾਂ ਰੁਪਏ ਲਗਾਏ। ਤੈਨੂੰ ਡਾਕਟਰ ਬਣਾਉਣ ਦੇ ਚੱਕਰ 'ਚ ਪਾਪਾ ਦਾ ਪੀ.ਐੱਫ. ਅਕਾਊਂਟ ਨਿੱਲ ਹੋ ਗਿਆ। ਚੰਗਾ ਭਲਾ ਬੀ.ਡੀ.ਐੱਸ. 'ਚ ਤੇਰਾ ਦਾਖ਼ਲਾ ਹੋ ਰਿਹਾ ਸੀ, ਪਰ ਤੂੰ ਐੱਮ.ਬੀ.ਬੀ.ਐੱਸ. ਬਣਨ ਦੀ ਇਕੋ ਰਟ ਫੜ ਲਈ। ਇੰਡੀਆ ਸੀਟ ਨਾ ਮਿਲੀ, ਤਾਂ ਵੀ ਮੰਮੀ, ਪਾਪਾ ਨੇ ਤੇਰੀ ਜ਼ਿੱਦ ਅੱਗੇ ਸਿਰ ਝੁਕਾਅ ਤੈਨੂੰ ਯੂਕ੍ਰੇਨ ਭੇਜ ਦਿੱਤਾ। ਹੁਣ ਜੇ ਯੂਕ੍ਰੇਨ ਆਪ ਹੀ ਜੰਗ ਦੀ ਮਾਰ ਹੇਠ ਆ ਗਿਐ ਤਾਂ ਮੰਮੀ-ਪਾਪਾ ਦਾ ਕੀ ਦੋਸ਼?"

"ਅੱਛਾ ਤੇਰਾ ਮਤਲਬ ਸਾਰਾ ਦੋਸ਼ ਮੇਰਾ ਏ। ਮੈਂ ਹੀ ਕੁਝ ਕਰ ਨਹੀਂ ਸਕਦਾ। ਅੱਜ ਮੇਰੀ ਮਾਂ ਬਣ ਕੇ ਮੈਨੂੰ ਮੱਤਾਂ ਦਿੰਦੀ ਏਂ? ਤੈਨੂੰ ਪਤਾ ਵੀ ਹੈ ਐੱਮ.ਬੀ.ਬੀ.ਐੱਸ. ਦਾ ਮਤਲਬ ਕੀ ਹੁੰਦੈ? ਚੱਲ ਐੱਮ.ਬੀ.ਬੀ.ਐੱਸ. ਦੀ ਫੁੱਲ ਫੌਮ ਦੱਸ? ਆਈ ਵੱਡੀ ਮੈਨੂੰ ਸਮਝਾਉਣ ਵਾਲੀ। ਗੋ ਟੂ ਹੈੱਲ, ਮੈਂ ਤੇਰੀ ਸ਼ਕਲ ਨਹੀਂ ਦੇਖਣਾ ਚਾਹੁੰਦਾ।"

ਵੇਖਦੇ-ਵੇਖਦੇ ਉਸ ਨੇ ਕੋਲ਼ ਪਿਆ ਸਟੀਲ ਦਾ ਜੱਗ ਚੁੱਕਿਆ ਤੇ ਆਰਤੀ 'ਤੇ ਉਲਾਰ ਲਿਆ। ਹਿੰਮਤ ਨੇ ਅੱਗੇ ਹੋ ਧੀ ਨੂੰ ਕੱਛ 'ਚ ਲੈ ਲਿਆ, ਨਹੀਂ ਤਾਂ ਸਿਰ ਦੇ ਲੰਗਾਰ ਲਹਿ ਜਾਂਦੇ। ਬੇਕਾਬੂ ਹੁੰਦਾ ਸੂਰਯਾ ਜੋ ਹੱਥ ਆਉਂਦਾ ਵਗਾਹ-ਵਗਾਹ ਆਰਤੀ ਵੱਲ ਸੁੱਟਣ ਲੱਗਿਆ। ਉਸ ਦੀ ਹਾਲਤ ਹੱਥੋਂ ਨਿਕਲਦੀ ਵੇਖ ਆਰਤੀ ਭੱਜ ਕੇ ਦੂਸਰੇ ਕਮਰੇ ਅੰਦਰ ਚਲੀ ਗਈ। ਉਹ ਤਦ ਤਕ ਬਾਹਰ ਨਾ ਨਿਕਲੀ ਜਦੋਂ ਤਕ ਸ੍ਰਿਸ਼ਟੀ ਤੇ ਹਿੰਮਤ ਸੂਰਯਾ ਨੂੰ ਲੈ ਕੇ ਹਸਪਤਾਲ ਨਾ ਚਲੇ ਗਏ।

* * *

"ਰਸ਼ੀਆ ਨੇ ਹਮਲਾ ਕਰ'ਤਾ। ਭੱਜੋ, ਭੱਜੋ ਬੰਕਰਾਂ ਅੰਦਰ ਵੜੋ। ਮਿਜ਼ਾਇਲ ਆ ਗਈ...। ਡਿਗ'ਪੀ, ਡਿਗ'ਪੀ। ਪਾਪਾ...ਮੰਮੀ...। ਮੈਂ ਮਰ ਗਿਆ...ਹਾਏ ਮੇਰੇ ਮੰਮੀ-ਪਾਪਾ ਦਾ ਕੀ ਬਣੇਗਾ? ਨਹੀਂ, ਮੈਂ ਨਹੀਂ ਮਰਨਾ...ਭੱਜੋ, ਭੱਜੋ ਗੱਡੀਆਂ ਫੜ ਲੋ। ਮੇਰੀ ਟ੍ਰੇਨ ਛੁਟ'ਗੀ...। ਮੈਨੂੰ ਗੱਡੀ ਚੜ੍ਹਨ ਦੋ...ਮੈਂ ਇੰਡੀਆ ਜਾਣੈ, ਪਾਪਾ ਕੋਲ਼...ਮੰਮੀ ਕੋਲ਼.. । ਮਰ ਗਏ ਉਏ...ਗੋਲ਼ੀਆਂ ਚਲਾ'ਤੀਆਂ ਪੁਲਿਸ ਨੇ...ਭੱਜ ਲੋ, ਭੱਜ ਲੋ...ਅਠਾਰਾਂ ਕਿਲੋਮੀਟਰ। ਓ ਯਾਰ ਸੂਰਯਾ...ਤੂੰ ਬਿਨਾਂ ਰੁਕੇ ਅਮਰਨਾਥ ਦੀ ਯਾਤਰਾ ਕਰ ਸਕਦੈਂ ਤਾਂ ਇਹ ਅਠਾਰਾਂ ਕਿਲੋਮੀਟਰ ਦਾ ਰਾਹ ਕੀ ਏ ਤੇਰੇ ਲਈ...ਬੋਲੇ ਤੋ ਮੌਤ, ਬੋਲੇ ਤੋ ਜ਼ਿੰਦਗੀ। ਭੱਜ ਲੈ ਸੂਰਯਾ। ਮੰਮੀ...ਪਾਪਾ...ਆ ਗਿਆ ਮੈਂ... ਸ਼ੂ...। ਆਹ ਵੇਖੋ...ਜਹਾਜ਼ ਚੜ੍ਹ ਗਿਆ ਮੈਂ। ਐੱਮ.ਬੀ.ਬੀ.ਐੱਸ...! ਮੇਰੀ ਤਾਂ ਇੰਟਰਨਸ਼ਿਪ ਵੀ ਹੋ'ਗੀ ਪੂਰੀ...ਡਾਕਟਰ ਬਣ ਗਿਆ ਮੈਂ। ਲਾਇਨਾਂ ਲੱਗੀਆਂ ਮਰੀਜ਼ਾਂ ਦੀਆਂ...। ਪਿੱਛੇ ਹਟੋ... ਐਮਰਜੈਂਸੀ ਕੇਸ ਦੇਖਣ ਦਿਓ ਮੈਨੂੰ। ਕੁਝ ਨਹੀਂ ਹੋਣ ਦਿੰਦਾ ਤੁਹਾਨੂੰ...। ਡਾਕਟਰ ਸੂਰਯਾ ਕੋਲ ਪਹੁੰਚ ਗਏ, ਸਮਝੋ ਯਮਰਾਜ ਹਾਰ ਗਏ...ਹੁਣ ਨਹੀਂ ਹੁੰਦਾ ਕੁੱਝ...ਆਹ ਦਵਾਈ ਲਉ...ਠੀਕ ਹੋ ਜਾਣਾ ਤੁਸੀਂ।"

ਪਾਗਲਾਂ ਹਾਲ ਬੋਲੀ ਜਾਂਦਾ ਸੂਰਯਾ ਉਸ ਨੂੰ ਚੈੱਕ ਕਰਨ ਆਏ ਡਾਕਟਰ, ਨਰਸਾਂ ਨੂੰ ਆਪ ਡਾਕਟਰ ਬਣ ਚੈੱਕ ਕਰਨ ਲੱਗਦਾ। ਦਵਾਈ ਦੇ ਨਸ਼ੇ ਨਾਲ ਜਾਂ ਫਿਰ ਲਗਾਤਾਰ ਜਾਗਦਿਆਂ ਅੱਖ ਲੱਗ ਜਾਂਦੀ ਤਾਂ ਬੁੜਬੁੜਾਉਣ ਲੱਗਦਾ,

"ਬੰਬ ਫਟ ਗਿਆ...ਮਿਜ਼ਾਇਲ ਆ ਗਈ। ਦੋ ਦਿਨ ਹੋ'ਗੇ ਰੋਟੀ ਨਹੀਂ ਖਾਧੀ। ਭੁੱਖ ਲੱਗੀ ਏ...। ਮੈਂ ਨਹੀਂ ਮਰਨਾ...ਪਾਪਾ...ਮੰਮੀ...ਮੈਂ ਡਾਕਟਰ ਬਣਨੈ...।"

ਨਿਆਣਿਆਂ ਵਾਂਗ ਰ੍ਰਿਆੜ ਕਰਦਾ ਨੀਂਦ 'ਚ ਰੋਣ ਲੱਗਦਾ। ਕਦੀ ਹੜਬੜਾ ਕੇ ਬੈੱਡ ਤੋਂ ਫੁੱਟ-ਫੁੱਟ ਉੱਚਾ ਉਛਲਣ ਲੱਗਦਾ। ਉਸ ਦੀ ਇਹ ਹਾਲਤ ਘਰ ਦਿਆਂ ਕੋਲੋਂ ਤੇ ਕੀ ਆਸ-ਪਾਸ ਦੇ ਮਰੀਜ਼ਾਂ ਤੇ ਡਾਕਟਰਾਂ ਕੋਲ਼ੋਂ ਵੀ ਵੇਖੀ ਨਾ ਜਾਂਦੀ।

ਹਾਰ ਕੇ ਡਾਕਟਰਾਂ ਦੀ ਹਿਦਾਇਤ ਅਨੁਸਾਰ ਸੂਰਯਾ ਨੂੰ ਮੈਡੀਟੇਸ਼ਨ ਕੈਂਪ ਲਈ ਭੇਜ ਦਿੱਤਾ ਗਿਆ।ਆਪਣੇ-ਆਪ ਨਾਲ ਜੁੜਨ ਲਈ ਉਸ ਦਾ ਮੁਬਾਇਲ ਤਕ ਬੰਦ ਕਰਵਾ ਦਿੱਤਾ ਗਿਆ। ਆਰਤੀ ਨੂੰ ਅੱਗੇ ਦੀ ਪੜ੍ਹਾਈ ਲਈ ਰਵਾਨਾ ਕਰ ਕੇ ਹਿੰਮਤ ਤੇ ਸ੍ਰਿਸ਼ਟੀ ਹਰ ਪਲ਼ ਸੂਰਯਾ ਦੀ ਸਿਹਤਯਾਬੀ ਲਈ ਪ੍ਰਾਰਥਨਾਵਾਂ ਕਰਨ ਲੱਗੇ। ਕੈਂਪ ਦੇ ਨਿਯਮਾਂਨੁਸਾਰ ਹਫ਼ਤੇ ਬਾਅਦ ਉਨ੍ਹਾਂ ਦੀ

ਸੂਰਯਾ ਨਾਲ ਵੀਡੀਓ ਕਾਲ 'ਤੇ ਗੱਲ ਕਰਵਾਈ ਗਈ। ਸੂਰਯਾ ਨੂੰ ਨਾਰਮਲ ਗੱਲਬਾਤ ਕਰਦਾ ਵੇਖ ਉਹਨਾਂ ਦੇ ਅੱਥਰੂ ਛਲਕ ਗਏ।

"ਰੋਣਾ ਕਿਉਂ? ਜੋ ਹੋ ਰਿਹੈ, ਸਭ ਪ੍ਰਭੂ ਦੀ ਇੱਛਾ ਨਾਲ ਹੋ ਰਿਹੈ। ਹੰਝੂ ਕਮਜ਼ੋਰ ਬਣਾਉਂਦੇ ਨੇ ਜਿਸ ਨਾਲ ਆਤਮਬਲ ਡਗਮਗਾ ਜਾਂਦਾ ਏ। ਹੁਣ ਵਿਚ ਜੀਉ, ਇਕ ਪਲ਼ ਹੀ ਸੱਚ ਹੈ। ਸੌ ਸਾਲ ਦੀ ਜ਼ਿੰਦਗੀ ਕਿਸ ਨੇ ਵੇਖੀ ਹੈ। ਇਕ ਪਲ਼ ਹੀ ਸੌ ਸਾਲ ਹੈ ਤੇ ਇਕ ਪਲ਼ ਹੀ ਸ਼ੂਨਯ। ਓਮ ਸ਼ਾਂਤੀ ਓਮ...।" ਆਖ ਕੇ ਸੂਰਯਾ ਨੇ ਕਾਲ ਕੱਟ ਦਿੱਤੀ ਹੈ।

"ਇਹ ਸਭ ਕੀ ਹੋ ਰਿਹੈ? ਸੂਰਯਾ ਦੀ ਜ਼ਿੰਦਗੀ ਕਿਸ ਕਰਵਟ ਬੈਠ ਰਹੀ ਏ?" ਹੁਬਕੀਂ ਰੋਂਦੀ ਸ੍ਰਿਸ਼ਟੀ ਹਿੰਮਤ ਦੇ ਗਲ ਲੱਗ ਗਈ ਹੈ।

"ਸਬਰ ਰੱਖ ਹਫ਼ਤੇ ਦਾ ਕੈਂਪ ਹੋਰ ਏ। ਮੈਨੂੰ ਪੱਕਾ ਭਰੋਸਾ ਏ...ਸੂਰਯਾ ਪੂਰੀ ਤਰ੍ਹਾਂ ਠੀਕ ਹੋ ਕੇ ਘਰ ਪਰਤੇਗਾ।"

ਕੈਂਪ ਦੀ ਸਮਾਪਤੀ ਦਾ ਦਿਨ ਹੈ। ਸ੍ਰਿਸ਼ਟੀ ਤੇ ਹਿੰਮਤ ਪੁੱਤਰ ਨੂੰ ਲੈਣ ਪਹੁੰਚੇ ਹਨ। ਭੈਣ ਨੂੰ ਨਾਲ ਆਈ ਨਾ ਵੇਖ ਸੂਰਯਾ ਨੇ ਪੁੱਛਿਆ ਹੈ,

"ਆਰਤੀ ਕਿੱਥੇ ਏ, ਦਿਖਦੀ ਨਹੀਂ?"

"ਉਹਦੀਆਂ ਕਲਾਸਾਂ...।" ਹਿੰਮਤ ਦੱਸਣ ਲੱਗਿਆ ਹੈ ਕਿ ਸੂਰਯਾ ਵਿਚੋਂ ਬੋਲ ਪਿਆ,

"ਸ਼ੁਕਰ ਪ੍ਰਭੂ ਦਾ। ਦਾਤਾ ਉਸ ਨੂੰ ਸਫਲਤਾ ਦੇਵੇ।"

ਉਸ ਦਾ ਇਹ ਵਤੀਰਾ ਹਿੰਮਤ ਤੇ ਸ੍ਰਿਸ਼ਟੀ ਲਈ ਇਕ ਨਵਾਂ ਅਚੰਭਾ ਬਣ ਗਿਆ ਹੈ। ਘਰ ਵਾਪਸ ਆਇਆ ਸੂਰਯਾ ਬਦਲਿਆ-ਬਦਲਿਆ ਹੈ। ਬੇਹੱਦ ਸ਼ਾਂਤ। ਮੰਨੋ ਕੋਈ ਅੱਥਰਾ ਤੂਫ਼ਾਨ ਦਿਲ 'ਤੇ ਚੁੱਕੀ ਫਿਰਦਾ ਹੋਵੇ। ਭਵਿੱਖ ਦੀਆਂ ਤਜਵੀਜ਼ਾਂ ਉਲੀਕਦੇ ਸੂਰਯਾ ਦੇ ਸਾਥੀ ਵਿਦਿਆਰਥੀਆਂ ਦਾ ਘਰ ਆਉਣਾ-ਜਾਣਾ ਸ਼ੁਰੂ ਹੋ ਗਿਆ ਹੈ। ਯੂਕ੍ਰੇਨ ਦੀ ਜੰਗ ਨੂੰ ਵਿਰਾਮ ਲੱਗਦਾ ਨਾ ਵੇਖ ਯੂਕ੍ਰੇਨ ਦੇ ਨਾਲ ਲੱਗਦੇ ਦੇਸ਼ਾਂ ਨੇ ਸਮੂਹ ਵਿਦਿਆਰਥੀਆਂ ਨੂੰ ਆਪਣੇ ਕਾਲਿਜਾਂ ਵਿਚ ਦਾਖ਼ਲਾ ਦੇ ਕੇ ਆਨਲਾਈਨ ਡਿਗਰੀ ਕਰਵਾਉਣ ਦਾ ਪ੍ਰਸਤਾਵ ਪੇਸ਼ ਕੀਤਾ ਹੈ। ਆਨਲਾਇਨ ਐੱਮ.ਬੀ.ਬੀ.ਐੱਸ. ਡਿਗਰੀ ਦੀ ਫ਼ਟੇ ਲਿਫ਼ਾਫ਼ੇ ਵਾਂਗ ਕਿਧਰੇ ਕੋਈ ਮਾਨਤਾ ਨਾ ਹੋਣ 'ਤੇ ਸੂਰਯਾ ਨੇ ਯੂਕ੍ਰੇਨ ਦੇ ਸਹਿਯੋਗੀ ਦੇਸ਼ ਜਾ ਕੇ ਡਿਗਰੀ ਪੂਰੀ ਕਰਨ ਦੀ ਜ਼ਿੱਦ ਫੜ ਲਈ ਹੈ।

"ਕੰਨ ਖੋਲ੍ਹ ਕੇ ਸੁਣ ਲੈ, ਮੈਂ ਤੈਨੂੰ ਦੁਬਾਰਾ ਮੌਤ ਦੇ ਮੂੰਹ 'ਚ ਨਹੀਂ ਘੱਲ ਸਕਦਾ। ਦਿਮਾਗ਼ ਖ਼ਰਾਬ ਹੋਇਐ ਤੇਰਾ, ਨਾਲ ਮੇਰਾ ਵੀ ਕਰਨ ਲੱਗਿਐਂ। ਸੋਚ ਜ਼ਰਾ ਜੇ ਰਸ਼ੀਆ ਤੇ ਯੂਕ੍ਰੇਨ ਦੀ ਇਸ ਜੰਗ 'ਚ ਸਹਿਯੋਗੀ ਦੇਸ਼ ਵੀ ਨਿੱਤਰ ਪਏ ਤਾਂ ਕੀ ਰਸ਼ੀਆ ਉਹਨਾਂ 'ਤੇ ਅਟੈਕ ਨਹੀਂ ਕਰੇਗਾ? ਮੈਂ ਹੀ ਨਹੀਂ ਅੰਤਰਾਸ਼ਟਰੀ ਯੁੱਧ ਨੀਤੀਆਂ ਦੇ ਮਾਹਿਰ ਵੀ ਇਹੀ ਚਰਚਾਵਾਂ ਕਰ ਰਹੇ ਨੇ। ਬਹਿ ਜਾ ਚੁੱਪ ਕਰਕੇ...।" ਹਿੰਮਤ ਨੇ ਬਾਪ ਹੋਣ ਦਾ ਦਬਕਾ ਮਾਰਿਆ ਹੈ।

"ਕਾਸ਼! ਰਸ਼ੀਆ ਦੀ ਕੋਈ ਮਿਜ਼ਾਇਲ ਮੇਰੇ ਉੱਤੇ ਡਿੱਗੀ ਹੁੰਦੀ। ਅੱਜ ਇਤਿਹਾਸ 'ਚ ਮੇਰਾ ਨਾਮ ਦਰਜ ਹੋਇਆ ਹੁੰਦਾ। 'ਡਾਕਟਰ ਬਣਨ ਗਿਆ ਸੂਰਯਾ ਮਲਹੋਤਰਾ ਯੂਕ੍ਰੇਨ ਜੰਗ 'ਚ ਮਾਰਿਆ ਗਿਆ।' ਕਿੰਨੀ ਸੋਹਣੀ ਮੌਤ ਹੁੰਦੀ ਮੇਰੀ! ਹੁਣ ਨਾ ਜੀਉਂਦਿਆਂ 'ਚ ਨਾ ਮੋਇਆਂ 'ਚ। ਵਾਹ ਸੂਰਯਾ ਤੇਰੀ ਤਾਂ ਖਿਡੌਣਾ ਸੈੱਟ ਜਿੰਨੀ ਵੀ ਵੁੱਕਤ ਨਾ ਪਈ।"

ਉਹ ਡਾਕਟਰੀ ਖਿਡੌਣਾ ਸੈੱਟ ਵੱਲ ਟਿਕਟਿਕੀ ਲਾ ਹੱਸਿਆ ਹੈ। ਉਸ ਦੀਆਂ ਪਰਲ-ਪਰਲ ਵਹਿੰਦੀਆਂ ਪਥਰਾਈਆਂ ਅੱਖਾਂ ਵੇਖ ਹਿੰਮਤ ਦੀਆਂ ਨਸਾਂ 'ਚੋਂ ਸਾਰਾ ਖ਼ੂਨ ਚੂਸਿਆ ਗਿਆ ਹੈ। ਦੋਹਾਂ ਦੀ ਹਾਲਤ ਵੇਖ ਘਬਰਾਈ ਸ੍ਰਿਸ਼ਟੀ ਨੇ ਆਰਤੀ ਨੂੰ ਫ਼ੋਨ ਮਿਲਾਇਆ ਹੈ। ਆਰਤੀ ਦੀ ਗੱਲ ਸੁਣਦੀ ਉਹ ਸ਼ੋਅਕੇਸ ਕੋਲ਼ ਪਹੁੰਚੀ ਹੈ। ਉਸ ਡਾਕਟਰੀ ਖਿਡੌਣਾ ਸੈੱਟ ਚੁੱਕਿਆ ਹੈ। ਇਕਦਮ ਸੂਰਯਾ ਮਾਂ ਵੱਲ ਦੌੜਿਆ ਹੈ। ਉਸ ਤੋਂ ਅੱਗੇ ਹੁੰਦਿਆਂ ਹਿੰਮਤ ਨੇ ਸ੍ਰਿਸ਼ਟੀ ਹੱਥੋਂ ਖਿਡੌਣਾ ਡਾਕਟਰੀ ਸੈੱਟ ਫੜਿਆ ਤੇ ਡਸਟਬਿਨ 'ਚ ਪਾ ਸੂਰਯਾ ਨੂੰ ਬਾਹਾਂ 'ਚ ਬੋਚ ਲਿਆ ਹੈ। 000

***(ਫ਼ੋਨ: +91-98146-70707)***

# ਤੁਬਕੇ: ਕਹਾਣੀ: ਤੌਕੀਰ ਚੁਗਤਾਈ

ਠੰਡਾ ਪਾਣੀ ਲਿਆ ਕੇ ਦੇ!

ਉਹਨੇ ਪਾਣੀ ਦਾ ਗਲਾਸ ਲਿਆਂਦਾ ਪਰ ਹਾਲ਼ੀ ਮੈਂ ਹੱਥ ਵਿਚ ਫੜਿਆ ਵੀ ਨਹੀਂ ਸੀ ਕਿ ਤਿਲਕ ਕੇ ਟੇਬਲ ਤੇ ਡਿੱਗਿਆ ਤੇ ਫ਼ਿਰ ਗੋਡਿਆਂ ਤੋਂ ਹੁੰਦਾ ਸਿੱਧਾ ਫ਼ਰਸ਼ ਤੇ ਜਾ ਲੱਗਿਆ। ਠਾਹ ਦੀ ਵਾਜ ਆਈ ਤੇ ਹਰ ਪਾਸੇ ਕੱਚ ਖਿਲਰ ਗਏ।

ਇਹ ਕਿਵੇਂ ਹੋ ਗਿਆ ! ਆਖ ਕੇ ਮੈਂ ਕੱਪੜੇ ਛੰਡੇ ਤੇ ਓਹ ਸੋਰੀ ਕਰ ਕੇ ਗਲਾਸ ਦੇ ਟੋਟੇ ਚੁੱਕਣ ਲੱਗ ਪਿਆ।

ਕਾਊਂਟਰ ਤੇ ਬੈਠਾ ਬੰਦਾ ਜੋ ਹੋਟਲ ਦਾ ਮਾਲਿਕ ਜਾਪਦਾ ਸੀ, ਭੱਜ ਕੇ ਮੇਰੇ ਕੋਲ਼ ਆਇਆ ਤੇ ਕਹਿਣ ਲੱਗਾ, ਮੈਂ ਉਹਦੇ ਵੱਲੋਂ ਤੁਹਾਡੇ ਕੋਲੋਂ ਮਾਫ਼ੀ ਮੰਗਦਾਂ, ਦਰਅਸਲ ਇਨ੍ਹਾਂ ਗ਼ਲਤੀਆਂ ਕਾਰਨ ਈ ਮੈਂ ਇਹਨੂੰ ਦੋ ਵਾਰ ਕੰਮ ਤੋਂ ਕੱਢ ਚੁੱਕੀਆਂ, ਪਰ ਕਦੇ ਗ਼ਰੀਬੀ, ਕਦੇ ਭੁੱਕ ਨੰਗ ਤੇ ਕਦੇ ਬੇਰੋਜ਼ਗਾਰੀ ਦਾ ਰੋਣਾ ਰੋਂਦਾ ਫ਼ਿਰ ਆ ਜਾਂਦਾ ਏ।

ਪਰ ਮੈਨੂੰ ਤਾਂ ਕੁਝ ਨਹੀਂ ਹੋਇਆ। ਉਹਦੀ ਕੋਈ ਗ਼ਲਤੀ ਨਹੀਂ ਸੀ, ਮੈਨੂੰ ਏਸ ਗੱਲ ਦਾ ਪੱਕ ਨਹੀਂ ਕਿ ਗਲਾਸ ਉਹਦੇ ਹੱਥੋਂ ਛੁੱਟਿਆ ਸੀ ਜਾਂ ਮੇਰੇ ਕੋਲੋਂ, ਨਾਲੇ ਮੇਰੇ ਕੱਪੜਿਆਂ ਤੇ ਕੋਈ ਦਾਗ਼ ਵੀ ਤਾਂ ਨਹੀਂ ਲੱਗਿਆ। ਪਾਣੀ ਦਾ ਤਾਂ ਕੋਈ ਦਾਗ਼ ਈ ਨਹੀਂ ਹੁੰਦਾ, ਜਿਵੇਂ ਅੱਥਰੂਆਂ ਦਾ ਕੋਈ ਦਾਗ ਨਹੀਂ ਹੁੰਦਾ।

ਮੈਂ ਵੇਖ ਰਿਹਾ ਸਾਂ ਉਹ ਵੇਟਰ ਦਾ ਹੱਥ ਫੜਕੇ ਉਹਨੂੰ ਕਮਰੇ ਚ ਲੈ ਗਿਆ ਸੀ, ਤੇ ਚੰਗੀ ਤਰ੍ਹਾਂ ਜਾਣਦਾ ਸਾਂ ਕਿ ਉਹਦੇ ਨਾਲ਼ ਕੀ ਸਲੋਕ ਹੋਇਆ ਹੋਣਾ, ਏਸ ਲਈ ਕਿ ਜਦੋਂ ਮੈਂ ਯਤੀਮ ਹੋਇਆ ਸਾਂ ਤਾਂ ਸਿਰਫ਼ ਅੱਠ ਸਾਲ ਦੀ ਉਮਰੇ ਮੈਂ ਵੀ ਹੋਟਲ ਚੇ ਭਾਂਡੇ ਧੋਣ ਦਾ ਕੰਮ ਕੀਤਾ ਸੀ।

ਤੁਸੀਂ ਰੋ ਰਹੇ ਓ?

ਉਹਨੇ ਮੇਰੇ ਖੱਬੇ ਪਾਸੇ ਖੱਲ ਕੇ ਮੈਨੂੰ ਪੁੱਛਿਆ।

ਮੈਂ ਉਹਦੇ ਮੂੰਹ ਵੱਲ ਵੇਖਿਆ ਜਿਥੇ ਨਾ ਤੇ ਕੋਈ ਉਦਾਸੀ ਸੀ ਤੇ ਨਾ ਈ ਕਿਸੇ ਦੁੱਖ ਦਾ ਪ੍ਰਛਾਂਵਾਂ ਦਿਸ ਰਿਹਾ ਸੀ। ਸ਼ੇਤ ਉਹਦੇ ਘਰ ਵਿਚ ਉਹਦੇ ਨਾਲ਼ ਹੋਏ ਏਸ ਭੈੜੇ ਸਲੋਕ ਤੋਂ ਵੀ ਵੱਡੇ ਦੁੱਖ ਪਲ ਰਹੇ ਸਨ।

ਨਹੀਂ ! ਮੈਂ ਬਿਨਾਂ ਸਿਰ ਚੁੱਕੀਆਂ ਉਹਨੂੰ ਆਖਿਆ।

ਇਹ ਕੋਈ ਏਡਾ ਵੱਡਾ ਹੋਟਲ ਨਹੀਂ ਸੀ ਤੇ ਨਾ ਈ ਦਰਮਿਆਨਾ ਜਿਹਾ, ਪਰ ਢਾਬਾ ਵੀ ਨਹੀਂ ਸੀ। ਆਮ ਜਿਹੀਆਂ ਕੁਰਸੀਆਂ ਤੇ ਟੇਬਲਾਂ ਤੇ ਬੈਠੇ ਦੋ ਚਾਰ ਬੁੱਢੇ, ਤਿੰਨ ਚਾਰ ਜਵਾਨ, ਇਕ ਦੋ ਜੋੜੇ ਤੇ ਦੋ ਬੰਦੇ ਟੁੱਕਰ ਖਾ ਕੇ ਚਾ ਪੀ ਰਹੇ ਸਨ।

ਸਿਰ ਨੀਵਾਂ ਕੀਤਾ ਤਾਂ ਪਲੇਟ ਵਿਚ ਸਾਲਣ ਦੇ ਇੱਕ ਪਾਸੇ ਦੋ ਤਿਨ ਤੁਬਕੇ ਜਿਹੇ ਨਜ਼ਰ ਆਏ। ਮੈਨੂੰ ਕੁਝ ਸਮਝ ਨਹੀਂ ਆ ਰਹੀ ਸੀ। ਕਿਉਂ ਜੋ ਪਾਣੀ ਪੀਣ ਲੱਗੀਆਂ ਨਾ ਤੇ ਮੇਰੀਆਂ ਮੁੱਛਾਂ ਤੋਂ ਪਾਣੀ ਦੇ ਫੋਏ ਢੱਠੇ ਸਨ ਤੇ ਨਾ ਈ ਹੁਣ ਮੈਂ ਓਥੇ ਬੈਠਾ ਹੋਇਆ ਸਾਂ ਜਿਥੇ ਗਲਾਸ ਟੁੱਟਿਆ ਸੀ,ਸਗੋਂ ਮੈਂ ਉਸ ਟੇਬਲ ਤੋਂ ਉੱਠ ਕੇ ਦੂਜੀ ਟੇਬਲ ਤੇ ਜਾ ਬੈਠਾ ਸਾਂ।

ਰੱਬ ਜਾਂਦਾ ਏ ਇਹ ਮੇਰੇ ਅੱਥਰੂ ਨਹੀਂ ਸਨ। ਜੇ ਮੇਰੇ ਹੁੰਦੇ ਤਾਂ ਮੈਨੂੰ ਰੋਂਣ ਲੱਗੀਆਂ ਪਤਾ ਤਾਂ ਲਗਦਾ। ਮੈਂ ਤੇ ਅੱਜ ਰੋਇਆ ਈ ਨਹੀਂ ਸਾਂ, ਸਗੋਂ ਚੋਖੇ ਦਿਨਾਂ ਤੋਂ ਨਹੀਂ ਸੀ ਰੋਇਆ ਖ਼ੋਰੇ ਕਿੰਨੇ

ਦਿਨਾਂ ਤੋਂ ਮੈਂ ਖ਼ੁਸ਼ ਬਾਸ਼ ਸਾਂ। ਸਾਡੇ ਟੱਬਰ ਵਿਚ ਕੋਈ ਮਰਿਆ ਵੀ ਨਹੀਂ ਸੀ,ਕਿਸੇ ਨੇ ਮੈਨੂੰ ਮੰਦਾ ਚੰਗਾ ਵੀ ਨਹੀਂ ਸੀ ਆਖਿਆ ਤੇ ਨਾ ਈ ਮੇਰੀ ਕਿਸੇ ਨਾਲ਼ ਲੜਾਈ ਹੋਈ ਸੀ,ਪਰ ਮੈਂ ਝੂਟ ਵੀ ਨਹੀਂ ਬੋਲਾਂਗਾ। ਮੈਨੂੰ ਇਹ ਗੱਲ ਦੱਸਣ ਵਿਚ ਕੋਈ ਵੀ ਡਰ ਝਾਕਾ ਨਹੀਂ ਕਿ ਮੇਰਾ ਦਿਲ ਕਿੰਨੀ ਈ ਵਾਰੀ ਰੋਵਣ ਨੂੰ ਕਰਦਾ ਸੀ, ਇਕ ਦੋ ਵਾਰ ਤਾਂ ਮੇਰਾ ਬੂਥਾ ਵੀ ਲਮਕਿਆ ਸੀ ਤੇ ਮੈਂ ਡੁਸਕਿਆ ਵੀ ਸਾਂ, ਹੋ ਸਕਦਾ ਏ ਮੇਰੇ ਅੱਥਰੂ ਵੀ ਡਿੱਗੇ ਹੋਵਣ,ਪਰ ਮੈਂ ਅੱਜ ਤੀਕਰ ਕਿਸੇ ਨੂੰ ਆਪਣੇ ਅੱਥਰੂ ਨਹੀਂ ਸੀ ਵੇਖਣ ਦਿੱਤੇ।

ਜਿਥੇ ਤੀਕਰ ਮੈਨੂੰ ਯਾਦ ਆਂਦਾ ਏ ਅੱਠ ਫ਼ਰਵਰੀ ਨੂੰ ਵੀ ਮੇਰੇ ਨਾਲ਼ ਇੰਜ ਈ ਹੋਇਆ ਸੀ ਜਦੋਂ ਹੜ ਵਿਚ ਪਿੰਡ ਦੇ ਦਰਿਆ ਨੂੰ ਪਾਰ ਕਰਦਿਆਂ ਇੱਕ ਬੁੱਢੀ ਅੰਮਾਂ ਰੁੜ੍ਹ ਪਈ ਸੀ। ਮੈਂ ਉਦੋਂ ਦਰਿਆ ਤੋਂ ਚੋਖਾ ਦੂਰ ਸਾਂ ਇੱਕ ਦੋ ਬੰਦਿਆਂ ਨੇ ਅੱਗੇ ਵੱਧ ਕੇ ਉਹਨੂੰ ਫੜਨ ਦਾ ਜੱਤਨ ਤਾਂ ਕੀਤਾ ਸੀ ਪਰ ਉਹਦਾ ਹੱਥ ਉਨ੍ਹਾਂ ਦੇ ਹੱਥ ਵਿਚ ਨਹੀਂ ਆ ਰਿਹਾ ਸੀ।

ਕਿਸੇ ਤੇ ਸ਼ੱਕ ਕਰਣਾ ਕੋਈ ਚੰਗੀ ਗੱਲ ਨਹੀਂ ਹੁੰਦੀ ਪਰ ਮੈਨੂੰ ਫ਼ਿਰ ਵੀ ਸ਼ੱਕ ਸੀ ਕਿ ਉਹ ਦੋਈਂ ਬੰਦੇ ਬੁੱਢੀ ਨੂੰ ਬਚਾਣ ਦਾ ਪੂਰਾ ਟਿਲ ਨਹੀਂ ਲਾ ਰਹੇ। ਜਦੋਂ ਮੈਂ ਭੱਜ ਕੇ ਕੰਢੇ ਤੇ ਅਪੜਿਆ ਤਾਂ ਬੁੱਢੀ ਗੋਤੇ ਖਾਂਦੀ ਕਦੀ ਉਤੇ ਆਂਦੀ ਕਦੀ ਫ਼ਿਰ ਡੁੱਬ ਜਾਂਦੀ। ਉਹਦੇ ਇਕ ਹੱਥ ਵਿਚ ਪੰਡੂਕੜੀ ਸੀ ਤੇ ਦੂਜਾ ਹੱਥ ਆਪਣੇ ਆਪ ਨੇ ਬਚਾਣ ਲਈ ਪਾਣੀ ਵਿਚ ਮਾਰੀ ਜਾ ਰਹੀ ਸੀ।

ਅੰਮਾਂ ਪੰਡੂਕੜੀ ਨੂੰ ਛੱਡ ਦੇ ਤਾਂ ਜੋ ਤੇਰਾ ਹੱਥ ਵਿਹਲਾ ਹੋ ਜਾਏ।

ਕੰਢੇ ਖਲੋ ਕੇ ਬੁੱਢੜੀ ਨੂੰ ਬਚਾਣ ਆਲੇ ਬੰਦਿਆਂ ਚੋਂ ਇਕ ਬੰਦੇ ਨੇ ਆਖਿਆ ਵੀ ਸੀ ਪਰ ਉਹਨੇ ਪੰਡੂਕੜੀ ਨੂੰ ਨਹੀਂ ਛੱਡਿਆ ਸੀ।

ਏਨੇ ਚਿਰ ਨੂੰ ਮੈਂ ਵੀ ਨਦੀ ਦੇ ਕੰਢੇ ਤੇ ਅੱਪੜ ਗਿਆ ਸਾਂ ਪਰ ਤਦ ਤੀਕਰ ਕੰਢੇ ਦੇ ਨਾਲ਼ ਨਾਲ਼ ਰੁੜਧੀ ਬੁੱਢੀ ਬੇ ਜਾਨ ਜਿਹੀ ਹੋ ਕੇ ਹੱਥ ਪੈਰ ਮਾਰਨੇ ਛੱਡ ਦਿੱਤੇ ਸਨ। ਫ਼ਿਰ ਵੀ ਇਕ ਮਾੜੀ ਜਿਹੀ ਆਸ ਦਾ ਸਹਾਰਾ ਲੈ ਕੇ ਮੈਂ ਉਹਦਾ ਹੱਥ ਫੜਨ ਦਾ ਜਤਨ ਕੀਤਾ ਪਰ ਹੁਣ ਉਹ ਕੰਢੇ ਤੋਂ ਚੋਖੀ ਅਗਾਂਹ ਹੋ ਗਈ ਸੀ। ਉਹਨੇ ਗੋਤੇ ਖਾਂਦੀ ਨੇ ਇੱਕ ਵਾਰ ਫ਼ਿਰ ਹੱਥ ਉਤਾਂਹ ਨੂੰ ਚੁੱਕਿਆ ਤੇ ਮੇਰੇ ਵੱਲ ਇੰਜ ਝਾਤੀ ਮਾਰੀ ਜਿਵੇਂ ਕੰਢੇ ਤੇ ਮੇਰੇ ਬਿਨਾਂ ਉਹਨੂੰ ਹੋਰ ਕੋਈ ਵੀ ਬਚਾਣ ਆਲ਼ਾ ਨਾ ਹੋਵੇ। ਉਹਦੀ ਵੇਖਣੀ ਇੰਜ ਦੀ ਸੀ ਜਿਵੇਂ ਮੈਂ ਈ ਉਹਨੂੰ ਪਾਣੀ ਵਿਚ ਸੁੱਟਿਆ ਹੋਵੇ ਜਾਂ ਜਾਣ ਬੁੱਝ ਕੇ ਉਹਨੂੰ ਬਾਹਰ ਨਾ ਕੱਢ ਰਿਹਾ ਹੋਵਾਂ।

ਮੈਨੂੰ ਪਾਣੀ ਵਿਚ ਤਰਣਾ ਚੰਗੀ ਤਰ੍ਹਾਂ ਆਉਂਦਾ ਸੀ, ਸੋਚਿਆ ਛਾਲ ਮਾਰਾਂ ਗਾ ਤੇ ਬੁੱਢੀ ਨੂੰ ਕੰਢੇ ਲੈ ਆਵਾਂਗਾ।

ਵੇਲ਼ਾ ਬੜਾ ਘੱਟ ਸੀ ਪਰ ਮੇਰੇ ਝੱਗੇ ਦੇ ਬੋਝੇ ਵਿਚ ਕੁਝ ਜ਼ਰੂਰੀ ਕਾਗਤ, ਕੁਝ ਪੈਸੇ, ਇਕ ਸਿਗਰੇਟ ਦੀ ਡੱਬੀ, ਇਕ ਮਾਚਿਸ ਤੇ ਕੁਝ ਹੋਰ ਸ਼ੈਵਾਂ ਦੇ ਨਾਲ਼ ਉਹ ਲੈਂਟਰ ਵੀ ਸੀ ਜੋ ਮੈਨੂੰ ਇਕ ਕਾਰਖ਼ਾਨੇ ਦੀ ਇੰਤਜ਼ਾਮੀਆ ਵੱਲੋਂ ਆਇਆ ਸੀ ਕਿ ਕੱਲ੍ਹ ਆ ਕੇ ਨੌਕਰੀ ਜੁਆਇਨ ਕਰ ਲਵਾਂ।

ਦੋ ਬੀੜੇ ਘੁਲ ਗਏ ਸਨ ਪਰ ਤੀਜਾ ਖੁਲਦੀਆਂ ਖੁਲਦੀਆਂ ਵੀ ਬਾਕੀ ਦੇ ਦੋ ਬੀੜਿਆਂ ਤੋਂ ਚੋਖਾ ਵੇਲ਼ਾ ਲੈ ਗਿਆ ਸੀ ਤੇ ਮੈਨੂੰ ਪਹਿਲੀ ਵਾਰ ਪਤਾ ਚਲਿਆ ਸੀ ਕਿ ਵੇਲ਼ਾ ਕਿੰਨੀ ਛੇਤੀ ਲੰਘਦਾ ਏ। ਮੈਂ ਝੱਗੇ ਨੂੰ ਲਾਹ ਕੇ ਪਰਾਂਹ ਵਾਹਿਆ ਤੇ ਸੁੱਥਣ ਸਣੇ ਨਦੀ ਵਿਚ ਛਾਲ ਮਾਰ ਦਿੱਤੀ।

ਏਡਾ ਵੇਲ਼ਾ ਤਾਂ ਨਹੀਂ ਸੀ ਲੰਘਿਆ ਪਰ ਬੁੱਢੜੀ ਨੇ ਗੋਤੇ ਖਾਂਦੀਆਂ ਅਖ਼ੀਰਲੀ ਵਾਰ ਜਿਸ ਬੇਵਸੀ ਨਾਲ਼ ਹੱਥ ਉਤਾਂਹ ਨੂੰ ਕੀਤਾ ਸੀ ਉਹਨੂੰ ਯਾਦ ਕਰ ਕੇ ਮੇਰਾ ਦਿਲ ਡੁੱਬ ਰਿਹਾ ਸੀ। ਹੁਣ ਮੈਨੂੰ ਉਹ ਕਿਤੇ ਵੀ ਨਹੀਂ ਦਿਸ ਰਹੀ ਸੀ, ਮੈਂ ਆਲ ਦੁਆਲੇ ਚੋਖੀਆਂ ਟੁਬੀਆਂ ਮਾਰੀਆਂ, ਬਾਹਰ ਆ ਕੇ ਫ਼ਿਰ ਉਸ ਥਾਂ ਤੇ ਛਾਲਾਂ ਵੀ ਮਾਰੀਆਂ ਜਿਥੇ ਬੁੜ੍ਹੀ ਦੇ ਮਿਲਣ ਦੀ ਕੋਈ ਆਸ ਜਿਹੀ ਸੀ

ਪਰ ਉਹਦਾ ਕੁਛ ਪਤਾ ਨਾ ਚਲਿਆ।

ਦੋਵੇਂ ਬੰਦੇ ਕੰਢੇ ਤੋਂ ਉੱਠ ਕੇ ਤੁਰ ਗਏ ਸਨ, ਮੈਂ ਵੀ ਝੱਗਾ ਪਾ ਕੇ ਹੌਲੀ ਹੌਲੀ ਤੁਰਦਾ ਕੰਢੇ ਦੇ ਲਾਗੇ ਪਏ ਇਕ ਵੱਡੇ ਸਾਰੇ ਵੱਟੇ ਤੇ ਬੈਠਾ ਸੋਚਣ ਲੱਗਿਆ ਜੇ ਮੈਂ ਝੱਗੇ ਦੇ ਬੀੜੇ ਖੁੱਲੇ ਬਿਨਾਂ ਈ ਪਾਣੀ ਵਿਚ ਛਾਲ ਮਾਰ ਦਿੰਦਾ ਤਾਂ ਬੁੱਢੀ ਦੀ ਜਾਨ ਬਚ ਸਕਦੀ ਸੀ।

ਹਾਂ ਬਿਲਕੁਲ ਬਚ ਸਕਦੀ ਸੀ। ਦੂਜੇ ਦੋ ਬੰਦਿਆਂ ਨੂੰ ਭਾਂਵੇਂ ਤਰਨਾ ਨਾ ਈ ਆਂਦਾ ਹੋਵੇ, ਜਾਂ ਆਂਦਾ ਵੀ ਹੋਵੇ ਤੇ ਉਨ੍ਹਾਂ ਦੀ ਵੀ ਕੋਈ ਮਜਬੂਰੀ ਹੋਵੇ। ਹੋ ਸਕਦਾ ਏ ਉਨ੍ਹਾਂ ਦੇ ਬੋਝੇ ਵਿਚ ਮੇਰੇ ਬੋਝੇ ਦੀਆਂ ਸ਼ੈਵਾਂ ਤੋਂ ਵੀ ਜ਼ਰੂਰੀ ਚੀਜ਼ਾਂ ਹੋਵਣ, ਸੱਚੀ ਗੱਲ ਤਾਂ ਇਹ ਹੈ ਕਿ ਮੇਰੇ ਬੋਝੇ ਵਿਚ ਰੱਖੀਆਂ ਸ਼ੈਵਾਂ ਏਡੀਆਂ ਜ਼ਰੂਰੀ ਨਹੀਂ ਸਨ। ਸਿਗਰਿਟਾਂ ਦੀ ਡੱਬੀ, ਰੁਮਾਲ ਤੀਲੀਆਂ ਦੀ ਡੱਬੀ ਤੇ ਭਾਨ ਤਾਂ ਫ਼ਿਰ ਵੀ ਮਿਲ ਸਕਦਾ ਸੀ। ਅਪੋਇੰਟਮਿੰਟ ਲੈਟਰ ਨਾ ਮਿਲਦਾ ਤਾਂ ਕੀ ਹੁੰਦਾ ਪਹਿਲਾਂ ਵੀ ਤਾਂ ਚਿਰਾਂ ਤੋਂ ਬੇ ਰੋਜ਼ਗਾਰੀ ਈ ਚੱਲ ਰਹੀ ਸੀ।

ਉਸ ਦਿਨ ਗਰਮੀ ਵੀ ਨਹੀਂ ਸੀ ਤੇ ਨਾ ਈ ਅੰਬਰਾਂ ਤੇ ਬਦਲ ਦੀ ਕੋਈ ਟਾਕੀ ਨਜ਼ਰ ਆ ਰਹੀ ਸੀ, ਰਾਤ ਵੀ ਨਹੀਂ ਸੀ ਜੋ ਤ੍ਰੇਲ ਪੈਂਦੀ, ਪਰ ਨਦੀ ਦੇ ਕੰਢੇ ਜਿਸ ਵੱਟੇ ਤੇ ਮੈਂ ਬੈਠਾ ਹੋਇਆ ਸਾਂ ਉਸ ਤੇ ਇਕ ਦੋ ਨਹੀਂ ਸਗੋਂ ਚੋਖੇ ਤੁਬਕੇ ਚਮਕ ਰਹੇ ਸਨ।000

***(LS 6, Block 14, Tulip Street***
***Gulistan E Johar, KARACHI- 43 Pakistan***
***Phone: +92 300 8948593)***

## *ਸਿਰਜਣਾ ਦੇ ਪੁਰਾਣੇ ਅੰਕ*

### *SIRJANA ARCHIVES ON INTERNET*

***ਕੈਨੇਡਾ ਵਸਦੇ ਪੰਜਾਬੀ ਚਿੰਤਕ-ਲੇਖਕ ਸੁਖਵੰਤ ਹੁੰਦਲ ਨੇ 'ਸਿਰਜਣਾ' ਦੀਆਂ ਫਾਈਲਾਂ ਨੂੰ ਡਿਜੀਟਲ ਰੂਪ ਵਿਚ ਇੰਟਰਨੈੱਟ 'ਤੇ ਪਾਉਣ ਦਾ ਵੱਡਾ ਕੰਮ ਕੀਤਾ ਹੈ। ਯੂਨੀਵਰਸਿਟੀ ਔਫ ਬ੍ਰਿਟਿਸ਼ ਕੋਲੰਬੀਆ ਵਿਚ ਅਧਿਆਪਕ ਵਜੋਂ ਆਪਣੀ ਸੇਵਾ-ਮੁਕਤੀ ਤੋਂ ਪਿੱਛੋਂ ਉਸਨੇ ਕਾਫੀ ਸਮਾਂ ਨਿੱਠ ਕੇ ਕੰਮ ਕਰਦਿਆਂ ਇਹ ਕਾਰਜ ਨਿਪਟਾਇਆ ਹੈ। ਬਹੁਤ ਸਾਰੀਆਂ ਪੁਰਾਣੀਆਂ ਫਾਈਲਾਂ ਸੁਖਵੰਤ ਹੁੰਦਲ ਨੂੰ ਉਪਲਭਦ ਕਰਾਉਣ ਵਿਚ ਸਾਧੂ ਬਿਨਿੰਗ ਨੇ ਵੀ ਯੋਗਦਾਨ ਪਾਇਆ ਹੈ। ਸੁਖਵੰਤ ਦੀ ਤਿਆਰ ਕੀਤੀ 'ਸਿਰਜਣਾ' ਦੀ ਵੈੱਬਸਾਈਟ ਦਾ ਪਤਾ ਹੈ:***

***https://sirjanaarchives.wordpress.com/***

***ਇਸ ਸਾਈਟ ਉੱਤੇ 'ਸਿਰਜਣਾ' ਦੀਆਂ ਪੀਡੀਐੱਫ ਫਾਈਲਾਂ ਦੇ ਨਾਲ ਨਾਲ 'ਸਿਰਜਣਾ' ਵਿਚ ਛਪੀਆਂ ਲਿਖਤਾਂ ਦੀ ਸੂਚੀ ਵੀ ਹੈ। ਪਿਛਲੇ ਕੁਝ ਅੰਕ ਜੋ ਹਾਲੇ ਇਸ ਵੈੱਬਸਾਈਟ ਉੱਤੇ ਪਾਏ ਨਹੀਂ ਗਏ, ਉਹ ਵੀ ਛੇਤੀ ਹੀ ਪਾ ਦਿੱਤੇ ਜਾਣਗੇ। -ਸੰਪਾਦਕ***

# ਕੁਛ ਨੀਂ ਹੁੰਦਾ: ਕਹਾਣੀ: ਦਰਸ਼ਨ ਜੋਗਾ

'ਕੁਛ ਨੀਂ ਹੁੰਦਾ... ...' ਇਸ ਫਿਕਰੇ ਨੇ ਮੇਰਾ ਅੰਦਰ ਮੱਚਣ ਲਾਤਾ। ਤਿੰਨ ਸ਼ਬਦਾਂ ਦਾ ਫਿਕਰਾ ਕਾਹਦਾ, ਇਹ ਤਾਂ ਬੰਬ ਬਣ ਕੇ ਫਟ ਗਿਆ। ਕਹਿ ਕੇ ਤੁਰਗੀ ਇਹ ਤਾਂ। ਮੇਰਾ ਜੋ ਹਾਲ ਹੋਇਆ ਪਿਐ, ਮੈਨੂੰ ਈ ਪਤੈ। ਮੇਰੇ ਅੰਦਰੋਂ ਤਾਂ ਚਿੰਗਾੜੇ ਨਿਕਲੀ ਜਾਂਦੇ ਨੇ। ਨਾ ਪਿਆ ਜਾਂਦੈ ਨਾ ਬੈਠਿਆ ਜਾਂਦੈ। ਬੈੱਡ ਤੋਂ ਉੱਠ ਵ੍ਹੀਲ-ਚੇਅਰ ਆਪਣੇ ਵੱਲ ਖਿੱਚ, ਉਸ 'ਚ ਸਵਾਰ ਹੋ ਗਿਆਂ। ਦੋਵੇਂ ਹੱਥਾਂ ਦੇ ਸਹਾਰੇ ਨਾਲ ਵ੍ਹੀਲਜ਼ ਨੂੰ ਅਗਾਂਹ ਪਿਛਾਂਹ ਤੋਰਨ ਲੱਗਾਂ। ਕਮਰੇ ਦੇ ਅੰਦਰ ਕਦੇ ਬਰਾਂਡੇ 'ਚ ਬਾਹਰ ਘੁਮਾਈਂ ਫਿਰਦਾਂ। ਇਹਨੂੰ ਆਵਾਜ਼ ਨੀਂ ਮਾਰੀ। ਇਹ ਤਾਂ ਸਮਝਦੀ ਐ ਇਹਨੂੰ ਕੀ ਪਤਾ ਲੱਗਦੈ। ਮੈਂ ਜੇ ਮੰਜੇ 'ਚ ਪਿਆਂ, ਮੇਰਾ ਦਿਮਾਗ਼ ਤਾਂ ਚੱਲਦੈ, ਕੰਮ ਕਰਦੈ। ਨਾਲੇ ਇਹੋ ਜੇ ਤਾਂ ਮੈਂ ਹਜ਼ਾਰਾਂ ਚਾਰੇ ਨੇ। ਇਹਦੇ ਭਾਅ ਦੀ ਇਹ ਕਿਹੜਾ ਵੇਖਦੈ। ਨਾ ਬਾਹਰ ਨਿਕਲਦੈ। ਜੋ ਕਰੀਂ ਜਾਨੇ ਆਂ ਸਹੀ ਐ। ਬਾਹਰਲੀਆਂ ਘਤਿੱਤਾਂ ਦਾ ਤਾਂ ਸਾਨੂੰ ਈ ਪਤੈ। ਮੇਰੇ ਮੂਹਰੇ ਭੋਲ਼ਾ ਜਾ ਮੂੰਹ ਬਣਾ ਕੇ ਮਿੱਠੀ-ਮਿੱਠੀ ਬਣ ਕੇ ਗੱਲਾਂ ਕਰਦੀ ਐ। ਮੈਂ ਤਾਂ ਮੂੰਹ ਵੇਖਕੇ ਪਛਾਣ ਜਾਨਾਂ ਬੰਦਾ ਕਿਸ ਰੌਂਸ ਦੈ, ਕੀ ਚਾਹੁੰਦੈ। ਨਾਲੇ ਇਹ ਤਾਂ ਹੈਣ ਈ ਮੇਰੇ ਤਲਾਅ ਦੀਆਂ ਮੱਛੀਆਂ। ਇਹਨਾਂ ਦੇ ਤਿੱਪ-ਤਿੱਪ ਪਾਣੀ ਨੂੰ ਮੇਰੀ ਅੱਖ ਜਾਣਦੀ ਐ। ਇਹਦੀਆਂ ਨਬਜ਼ਾਂ ਪਛਾਣਦਾ ਤਾਂ ਕੀ ਨਬਜ਼ ਰਹੀ ਮੇਰੇ ਹੱਥ 'ਚ ਐ। ਹੁਣ ਪੂਛ ਜੀ ਮਾਰਦੀ ਫਿਰਦੀ ਐ। ਵੇਖੀਂ ਤਾਂ ਸਹੀ ਜਦੋਂ ਪੁਣਕੇ ਰੱਖਤਾ ਪਾਣੀ। ਲੋਕ ਐਵੇਂ ਥੋੜ੍ਹੋ ਕਹਿੰਦੇ ਨੇ ਮੱਛੀ ਪੱਥਰ ਚੱਟਕੇ ਮੁੜਦੀ ਐ। ਇਹੋ ਜੀਆਂ ਨੂੰ ਬੂਕ੍ਰਦੀਆਂ ਵੇਖ ਕੋਈ ਵਰਾਉਂਦਾ ਨੀਂ ਸਗੋਂ ਮਸ਼ਕਰੀਆਂ ਕਰਦੇ ਨੇ। ਜਿੰਨੀਆਂ ਮਰਜ਼ੀ ਕਾਗਜ਼ ਦੀਆਂ ਭੰਬੀਰੀਆਂ ਘੁੰਮਾਈ ਜਾਵੇ। ਮੈਂ ਇਕ ਨੀਂ ਸਿਰੇ ਲੱਗਣ ਦਿੰਦਾ। ਕਾਗਜ਼ੀ ਭੰਬੀਰੀਆਂ ਜਵਾਕਾਂ ਦਾ ਮਨ ਪਰਚਾਵਾ ਕਰ, ਉਹਨਾਂ ਨੂੰ ਖੇਡ ਤਾਂ ਲਾ ਸਕਦੀਐਂ। ਮੈਂ ਤਾਂ ਬੰਦਾ ਆਂ ਯਾਰ! ਇਹ ਮੇਰੇ ਮੂਹਰੇ ਵੀ ਡੌਰੂ ਖੜਕਾਈਂ ਜਾਂਦੀ ਐ। ਇਹ ਟਸਰ-ਮਸਰੀਆਂ ਇੱਥੇ ਥੋੜ੍ਹੋ ਚੱਲਣ ਦਿਊਂ। ਉਰੀ ਵਾਂਗੂੰ ਘੁੰਮਾਅ ਦਿਊਂ। ਚੜ੍ਹ ਜਾਣ ਦੇ ਮੇਰੇ ਦਾਅ 'ਤੇ। ਮੈਂ ਕਹਿਨਾਂ ਦੇਹਲ਼ੀ ਨਾ ਚੜ੍ਹ, ਇਹ ਆਖਦੀ ਐ ਪੂਰਾ ਤੋਲੀਂ। ਅਹਿਜਾ ਤੋਲੂੰ ਪਤਾ ਉਦੋਂ ਲੱਗੂ, ਜਦੋਂ ਇਹਦੀਆਂ ਇਹਦੇ ਪੱਲੇ ਪਾਤੀਆਂ। ਮੇਰੇ ਪਾਏ ਵੱਟਿਆਂ ਨੇ ਤਾਂ ਵੱਡੇ-ਵੱਡੇ ਸ਼ੈਤਾਨਾਂ ਦੇ ਤਰਾਜੂ ਹਿਲਾ ਕੇ ਰੱਖਤੇ। ਇਹ ਕਿਹੜੇ ਬਾਗ਼ ਦੀ ਮੂਲੀ ਐ। ਓਹ ਹੋਰ ਹੁੰਦੇ ਨੇ ਜਿਹੜੇ ਹੀਰੇ ਨੂੰ ਗਧੇ ਦੇ ਗਲ਼ 'ਚ ਪਾਈਂ ਤੁਰੇ ਫਿਰਦੇ ਨੇ । ਮੈਂ ਓਹੋ ਜਾ ਕਮਲਾ ਘੁਮਿਆਰ ਥੋੜ੍ਹੋ ਆਂ, ਜੀਹਨੂੰ ਹੀਰੇ 'ਤੇ ਪੱਥਰ ਦੀ ਪਰਖ ਦਾ ਵੀ ਪਤਾ ਨੀਂ। ਹਰੇਕ ਚੀਜ਼ ਦਾ ਮੁੱਲ ਹੁੰਦੈ। ਇਹ ਲਾਣਾ ਹੀਰੇ ਨੂੰ ਪੱਥਰ ਦੇ ਭਾਅ ਤੋਲਣ ਨੂੰ ਫਿਰਦੈ। ਲੋਕ ਤਾਂ ਮੇਰੇ ਕੋਲ਼ੋਂ ਸਲਾਹਾਂ ਲੈ-ਲੈ ਜਾਂਦੇ ਨੇ। ਇਹਦੇ ਮਨ 'ਚ ਐ, ਇਹਨੂੰ ਕੀ ਪਤਾ ਲੱਗਦੈ।

'ਕੁਛ ਨੀ ਹੁੰਦਾ... ...' 'ਕੁਛ ਨੀ ਹੁੰਦਾ... ...' ਦੀ ਰਟ ਲਾ ਕੇ ਇਹ ਥੋੜ੍ਹੋ ਐ ਵੀ ਕੁਛ ਹੁੰਦਾ ਈ ਨੀਂ। ਮੇਰਾ ਸਰੀਰ ਫਾਲ਼ੇ ਵਾਂਗੂੰ ਤਪੀਂ ਜਾਂਦੈ। ਜਦੋਂ ਦੀ ਚਿੰਗਾੜੀ ਲਾ ਕੇ ਗਈ ਐ। ਸਰੀਰ ਅਕੜਾਅ ਮੰਨ ਗਿਐ। ਵ੍ਹੀਲ-ਚੇਅਰ ਬੈੱਡ ਨਾਲ ਲਾ ਕੇ ਦੋਵੇਂ ਹੱਥਾਂ ਦੇ ਭਾਰ ਹੋ ਬੈੱਡ 'ਤੇ ਫੇਰ ਲੇਟ ਗਿਆਂ। ਮਨ 'ਚ ਆਉਂਦੈ ਮੇਰੀਆਂ ਸਿੱਟੀਆਂ ਗੋਟੀਆਂ ਦਾ ਉਦੋਂ ਪਤਾ ਲੱਗੂ ਜਦੋਂ ਸਾਰੀ ਸ਼ਤਰੰਜ ਉਲਟਗੀ। ਪਿਟਦੀ ਫਿਰੂਗੀ। ਫੇਰ ਪੁੱਛੂਗੀ ਕੀ ਕਰੀਏ। ਮੇਰੇ ਮੰਤਰਾਂ ਦਾ ਕੋਈ ਜਾਪ ਇਲਾਜ ਕੀ ਥਿਉਣਾ। ਫਿਰੂਗੀ ਥਾਉਲੇ ਪਵਾਉਂਦੀ, ਜੁੰਡੇ ਖੋਲ੍ਹੀਂ। ਸਨਮੁੱਖ ਭੁੱਲਰ ਆਂ ਮੈਂ। ਐਮੇਂ ਨੀਂ ਇਲਾਕੇ 'ਚ ਧੁੰਮਾਂ ਪੈਂਦੀਆਂ। ਇਹੋ ਜਿਹੀਆਂ ਕੋਹੜ-ਕਿਰਲੀਆਂ ਜੇ ਛਤੀਰਾਂ ਨੂੰ ਜੱਫੇ ਮਾਰਨ ਲੱਗਪੀਆਂ, ਫੇਰ ਮੈਂ ਕਾਹਦੇ ਵਾਸਤੇ ਬੈਠਾਂ ਢਾਠੇ ਬੰਨ੍ਹੀਂ।

ਸਾਡੇ ਨਿਸ਼ਾਨੇ ਕਦੇ ਆਲ੍ਹੇ ਨਹੀਂ ਗਏ। ਇਹਨੂੰ ਵੀ ਪਤੈ। ਸਭ ਜਾਣੀਂ ਜਾਣ ਐ। ਫੇਰ ਵੀ ਸ਼ੇਰ ਦੀ ਮੁੱਛ ਨੂੰ ਹੱਥ ਲਾਉਂਦੀ ਐ। ਵੇਖਲੀਂ ਫੇਰ ਪੰਜੀ ਦਾ ਭੌਣ ਜੇ ਨਹੀਂ ਟਿਕਦੀ। ਐਹੀ ਜੀ ਮਸਤਾਊਂ, ਜਦੋਂ ਸ਼ਿਕੰਜਾ ਕਸਤਾ ਯਾਦ ਰੱਖੂ। ਸਾਡੇ ਮਾਰੇ ਸ਼ਿਕਾਰ ਬੰਨੀਂ ਤਾਂ ਜੰਗਲ 'ਚ ਨੀਂ ਕਿਸੇ ਦੀ ਹਿੰਮਤ ਪੈਂਦੀ ਸੀ ਝਾਕਣ ਦੀ। ਚੁੱਕਣਾ, ਲਿਜਾਣਾ ਤਾਂ ਦੂਰ ਦੀ ਗੱਲ। ਪਿਆ ਬੇਸ਼ਕ ਸੜਜੇ। ਮੋਹਰ ਲੱਗ ਜਾਂਦੀ ਸੀ, ਸਨਮੁੱਖ ਸਰਦਾਰ ਦੀ ਗੋਲ਼ੀ ਦੀ। ਨਾਲੇ ਇਹੋ ਜੇ ਨਿਸ਼ਾਨੇ ਲਾਉਂਦਿਆਂ ਤਾਂ ਪੀੜ੍ਹੀਆਂ ਬੀਤਗੀਆਂ ਸਾਡੀਆਂ। ਇਹਦੇ ਭਾਅ ਦੀ ਐਵੇਂ ਮਾਰੀ ਜਾਂਦੈ।ਪਿੰਡਾਂ ਦੀਆਂ ਸੱਥਾਂ 'ਚ ਹੁਣ ਤਾਈਂ ਗੱਲਾਂ ਹੁੰਦੀਆਂ ਨੇ, ਭੁੱਲਰਾਂ ਦੇ ਕਾਰਨਾਮਿਆਂ ਦੀਆਂ।

ਮੇਰਾ ਪਿਛੋਕੜ ਫੌਜੀ ਐ। ਪੜਦਾਦਾ ਮੇਰਾ ਕਰਨਲ ਸੀ ਮਹਾਰਾਜੇ ਦੀ ਫੌਜ ਦਾ। ਪਹਿਲੀ ਵਰਡ ਵਾਰ ਵੇਲੇ ਉਹ ਬਰਗੇਡੀਅਰ ਸੀ। ਇੰਗਲੈਂਡ 'ਚ ਕੁਈਨ ਵਿਕਟੋਰੀਆਂ ਦੀ ਹੋਈ ਡਾਇਮੰਡ ਜੁਬਲੀ ਉਸੇ ਦੀ ਕਮਾਂਡ ਹੇਠ ਹੋਈ ਸੀ। ਰਾਜਾ ਪੂਰਾ ਮਾਣ ਦਿੰਦਾ। ਯੂਨੀਅਨ ਜੈਕ ਉਦੋਂ ਦੋ ਤਿਹਾਈ ਧਰਤੀ 'ਤੇ ਝੂਲਦਾ ਸੀ। ਜਦੋਂ ਸ਼ਿਕਾਰ ਖੇਡਣ ਨਿਕਲਣਾ ਹੁੰਦਾ ਮਹਾਰਾਜੇ ਦੀ ਬੱਘੀ ਤੇ ਗਾਰਦ ਮਹਿਲ 'ਚੋਂ ਤੁਰਦੀ ਨਾ, ਜਿੰਨਾ ਚਿਰ ਮੇਰਾ ਪੜਦਾਦਾ ਨਾ ਪਹੁੰਚਦਾ। ਮਾਲਵੇ ਦਾ ਦੂਰ ਤਕ ਰੋਹੀ ਦਾ ਇਲਾਕਾ। ਕਈ-ਕਈ ਦਿਨ ਪਿੰਡਾਂ 'ਚ ਰਹਿੰਦੇ। ਸਾਰਾ ਲਾਮ-ਲਸ਼ਕਰ ਨਾਲ ਹੁੰਦਾ। ਆਥਣ ਤਾਈਂ ਰੋਹੀਆਂ 'ਚ ਤੜਾ-ਤੜ ਹੁੰਦੀ। ਸ਼ਿਕਾਰ ਵਾਲੀ ਗੱਡੀ ਭਰੀ ਲੰਘਦੀ ਰੋਹੀਆਂ ਦੇ ਜਾਨਵਰਾਂ ਦੀ। ਮਜਾਲ ਐ ਨਿਸ਼ਾਨਾ ਉੱਕਜੇ ਛੇ ਫੁੱਟੇ ਸਰਦਾਰ ਦਾ। ਦਿਨ ਢਲ਼ਦੇ ਪਿੰਡਾਂ 'ਚੋਂ ਦੀ ਲੰਘਦੇ ਕਿਲ੍ਹੇ 'ਚ ਜਾਣ ਨੂੰ। ਖੂਹਾਂ ਕੋਲੋ ਲੰਘਦੀਆ ਰੱਥ-ਬੱਘੀਆਂ 'ਚੋਂ ਨੈਣਾਂ ਦੇ ਤੀਰ ਗੋਰੀਆਂ ਨਸ਼ੋਹ ਪਰੀਆਂ 'ਤੇ ਨਿਸ਼ਾਨੇ ਲਾਉਂਦੇ। ਹੁਸਨ ਦੀਆਂ ਮਾਲਕਣਾਂ ਮੋਤੀ ਮਹਿਲ ਦੀਆਂ ਰਾਣੀਆਂ ਬਣੀਆਂ। ਪੜਦਾਦੇ ਦਾ ਝੁਕਾਅ ਤੋਪਖਾਨੇ ਦੇ ਤੋਪਚੀਆਂ ਵੱਲ ਵੱਧ ਰਿਹਾ। ਹਰ ਵੇਲ਼ੇ 'ਟਾਰਗੈੱਟ-ਟਾਰਗੈੱਟ ' ਲਫ਼ਜ ਜੁਬਾਨ 'ਤੇ ਰਹਿੰਦਾ, ਓਹਦਾ ਤਕੀਆ ਕਲਾਮ ਬਣ ਗਿਆ ਸੀ।

ਆਹ ਨਵੇਂ ਵਰੋਲ਼ੇ ਵਾਂਗ ਚੜ੍ਹੇ ਗਾਇਕ ਸਿੱਧੂ ਮੂਸੇਵਾਲੇ ਦੇ ਗੀਤ ਵਾਂਗੂੰ ਧੱਕਾ ਚਲਦਾ ਸੀ ਬਾਬੇ ਦੇ ਨਿਸ਼ਾਨਿਆਂ ਦਾ। ਮਹਾਰਾਜਾ ਪੂਰਾ ਆਦਰ ਕਰਦਾ। ਅੰਗਰੇਜ ਅਫ਼ਸਰ ਵੀ ਇਨਾਮ-ਸਨਮਾਨ ਦਿੰਦੇ। ਬੇਸ਼ੱਕ ਫ਼ੌਜ ਦਾ ਕੰਮ ਹੁੰਦਾ ਜਾਂ ਘਰੇਲੂ ਸ਼ਗਨ ਵਿਹਾਰ 'ਤੇ ਘਰੋਂ ਤੁਰਨਾ ਹੁੰਦਾ, ਓਹਦੇ 'ਟਾਰਗੈੱਟ' ਦਾਦੀ ਕੋਲ਼ੋਂ ਪੂਰੇ ਨਾ ਹੁੰਦੇ, ਵਥੇਰਾ ਜ਼ੋਰ ਲਾਉਂਦੀ ਬਿਚਾਰੀ।

ਇਸੇ ਕਰਕੇ ਅੰਦਰ ਲੂਹਰੀਆਂ ਉਠਦੀਆਂ ਨੇ। ਹੁਣ ਆਹ ਜਿਹੜੀ ਕਾਲ਼ੀ ਨੇਰ੍ਹੀ ਆਈ ਖੜ੍ਹੀ ਐ, ਪਤਾ ਨੀਂ ਲੱਗਦਾ ਕਿਸ ਪਾਸਿਓਂ ਉੱਠੀ ਐ। ਪਰ ਟਿਕਾਊਂ ਜ਼ਰੂਰ। ਪੜਦਾਦੇ ਦੇ ਟਾਰਗੈੱਟ ਵਾਲੀ ਗੱਲ, ਮੈਂ ਆਪਣਾ ਟਾਰਗੈੱਟ ਕਰੂੰ ਪੂਰਾ।

ਸਾਹਮਣੇ ਡਰਾਇੰਗ-ਰੂਮ 'ਚ ਬਾਰਾਂ ਸਿੰਗੇ ਦੇ ਮੂੰਹ ਬੰਨੀਂ ਨਿਗਾਹ ਜਾਂਦੀ ਐ। ਵੱਡਿਆਂ ਨੇ ਇਹ ਜੰਗਲ਼ੀ ਦੋੜਾਕ ਘਰ ਦੀਆਂ ਕੰਧਾਂ 'ਤੇ ਲਿਆ ਲਟਕਾਏ ਨੇ। ਮੈਂ ਵੀ, ਸੋਮਾ ਨੂੰ ਕੰਧ ਨਾਲ ਬੱਕਰੀ ਬਣਾ ਕੇ ਨਾ ਖੜ੍ਹਾਇਆ, ਇਹ ਕੀ ਯਾਦ ਰੱਖੂ। ਆਵਦਾ ਜੰਮਿਆ ਨੀ ਸੂਤ ਆਉਂਦਾ। ਹੋਰ ਕਿਸੇ ਨੂੰ ਕੀ ਕਹਾਂ। ਪਰ ਮੈਨੂੰ ਲੋਟ ਕਰਨਾ ਆਉਂਦੈ।

ਬਾਰਾਂ ਸਿੰਗੇ ਤੋਂ ਉਤਾਂਹ ਦਾਦੇ ਦੀ ਫੋਟੋ ਪੂਰੀ ਫ਼ੌਜੀ ਵਰਦੀ 'ਚ ਘੋੜੇ 'ਤੇ ਸਵਾਰ ਹੱਥ 'ਚ ਨੇਜਾ ਦਿਸਦੈ। ਦਾਦਾ ਰਸਾਲਦਾਰ ਰਿਹੈ ਰਾਜੇ ਦੀ ਘੋੜ ਸਵਾਰ ਫੌਜ ਦਾ। ਨੇਜੇ ਦਾ ਪੂਰਾ ਮਾਹਰ। ਨੇਜੇ ਦਾ ਵਾਰ ਕਰਕੇ ਦੂਜੇ ਹੱਥ ਨਾਲ ਕਿਰਚ ਵਾਹ ਦਿੰਦਾ। ਰਫਲਾਂ, ਬੰਦੂਕਾਂ ਵਾਲੇ ਤਾ ਬਹਿ ਖੜ੍ਹ ਕੇ ਸ਼ਿਸ਼ਤ ਬੰਨ੍ਹਦੇ। ਦਾਦਾ ਤਾਂ ਹਵਾ ਵਾਂਗ ਉੱਡਦੇ ਘੋੜੇ 'ਤੇ ਸਵਾਰ ਅੱਖ ਦੇ ਫੋਰ 'ਚ ਐਸਾ ਵਾਰ ਕਰਦਾ। ਦੁਸ਼ਮਣ ਚਿੱਤ ਹੋਇਆ ਦਿਸਦਾ।

ਅਫਗਾਨ ਯੁੱਧ 'ਚ ਦਾਦੇ ਦੀ ਸੂਰਮਗਤੀ ਦੂਰ ਤਕ ਫੈਲੀ। ਰਾਜੇ ਨੇ ਆਪ ਮੈਡਲ ਗਲ਼ 'ਚ ਪਾਏ ਦਾਦੇ ਦੇ। ਨੇਜੇ ਦਾ ਵਾਰ ਸਿੱਧਾ ਹਿੱਕ 'ਚ ਕਰਦਾ। ਆਪਣੇ ਜੌਹਰ ਵਿਖਾਉਂਦਾ ਜਾਨ 'ਤੇ ਖੇਡ

ਗਿਆ। ਪਿੱਛੇ ਨੀਂ ਹਟਿਆ। ਇੱਜਤ ਵੱਡੀ ਸੀ ਹਰੇਕ ਗੱਲ ਤੋਂ। ਇਹਨਾਂ ਵਰਦੀਆਂ ਦੀ ਲਾਜ ਰੱਖਦੇ ਜਵਾਨੀਆਂ ਵਾਰਗੇ ਬਾਬੇ। ਮੈ ਕਿਮੇਂ ਪਿੱਛੇ ਹਟਜੂੰ ਮਾੜੀ ਜੀ ਗੱਲ 'ਤੇ। ਓਹੀ ਖ਼ੂਨ ਮੇਰੀਆਂ ਰਗਾਂ 'ਚ ਵਗਦੈ। ਉਸੇ ਇੱਜਤ ਖ਼ਾਤਰ ਤਾਂ ਮਰੋੜੇ ਖਾਈਂ ਜਾਨਾਂ। ਇਹ ਸਮਝਦੀ ਐ ਇਹਨੂੰ ਕੀ ਪਤੈ। ਪਤਾ ਤਾਂ ਸਭ ਕੁਛ ਐ। ਮੈਂ ਜੰਮਿਆਂ-ਪਲ਼ਿਆਂ ਈ ਨਿਸ਼ਾਨੇਬਾਜਾਂ ਦੇ ਹੱਥਾਂ 'ਚ ਆਂ। ਮਜਾਲ ਐ ਵਾਲ਼ ਜਿੰਨਾਂ ਫ਼ਰਕ ਰਹਿਜੇ ਕਿਸੇ ਗੱਲ 'ਚ।

ਸੈਨਿਕ ਸਕੂਲ ਦੀ ਗੱਡੀ ਸਰਕਾਰੀ ਕੋਠੀ ਦੇ ਮੂਹਰੇ ਆ ਹਾਰਨ ਮਾਰਦੀ। ਪਰੈੱਸ ਕੀਤੀ ਸਕੂਲ ਦੀ ਵਰਦੀ ਜਾਂ ਤਿੱਖੀ ਟੋਅ ਵਾਲੇ ਪਾਲਿਸ਼ ਕੀਤੇ ਬੂਟਾਂ ਦੀ ਲਿਸ਼ਕ 'ਚ ਜਾਂ ਕਰੀਜ਼ 'ਚ ਕਿਤੇ ਵੀ ਮਾੜਾ ਜਿਹਾ ਫ਼ਰਕ ਦਿਸ ਜਾਂਦਾ, ਸੇਵਾਦਾਰ ਨੂੰ ਬਾਪੂ ਜੀ ਭੱਜਕੇ ਪੈਂਦੇ- 'ਵੱਡਾ ਹੋ ਕੇ ਇਹਨਾਂ ਛਾਉਣੀਆਂ ਦੀ ਕਮਾਂਡ ਇਸੇ ਨੇ ਸੰਭਾਲਣੀ ਐ। ਜ਼ਰਾ ਜਿੰਨੀ ਵੀ ਢਿੱਲ ਨਾ ਨਜ਼ਰ ਆਵੇ ਤਿਆਰੀ 'ਚ।'

ਸਫੈਦ ਕਮੀਜ਼ ਨਾਲ ਲੱਗੀ ਟਾਈ ਦੀ ਗੰਢ ਨੂੰ ਕਈ ਵਾਰ ਆਪ ਫੜ ਕੇ ਠੀਕ ਕਰਨ ਲੱਗ ਜਾਂਦੇ। ਪੱਗ ਦੇ ਲੜਾਂ ਬਾਰੇ ਤਾਂ ਵਾਰ-ਵਾਰ ਹਦਾਇਤ-ਨਾਮਾ ਹੁੰਦਾ ਕਿ ਸਾਫ਼ ਦਿਸਣੇ ਚਾਹੀਦੇ ਨੇ ਪੇਚ ਲੱਗੇ। ਬੇਸ਼ੱਕ ਗਿਣਲੋ। ਤੁਰਨ ਵੇਲੇ ਦੇ ਸਟੈਂਡਿੰਗ ਆਰਡਰ ਕਿ ਬਾਪੂ ਜੀ ਜੇ ਵਰਦੀ 'ਚ ਹੋਣ ਤਾ ਸਲੂਟ ਕਰਨੈ। ਨਹੀਂ ਰੁਟੀਨ 'ਚ ਸਤਿ ਸ੍ਰੀ ਅਕਾਲ। ਫੌਜੀ ਡਸਿਪਲਿਨ 'ਚ ਪਲ਼ਿਆ ਸਨਮੁੱਖ ਸਿੰਘ ਹੁਣ ਕਿਵੇਂ ਅਸੂਲ ਭੰਗ ਕਰ ਦਿਊ।

ਬਊਂ...ਬਊਂ...ਬਊਂ...

ਯੂਵੀ ਦੇ ਭੌਂਕਣ ਦੀ ਆਵਾਜ਼ ਨੇ ਮੇਰੀਆਂ ਯਾਦਾਂ ਦੀ ਲੜੀ ਤੋੜ ਦਿੱਤੀ ਐ। ਭੋਰਾ ਕੁ ਖੜਕਾ ਹੋਊ, ਭੱਜ ਕੇ ਗੇਟ ਬੰਨੀਂ ਜਾਊ। ਪਿਛਲੇ ਲਾਅਨ 'ਚ ਦਰਖਤਾਂ 'ਤੇ ਚਿੜੀਆਂ ਜਨੌਰ ਬੋਲਦੇ ਸੁਣ ਜਾਣ। ਸੰਘ ਸੁਕਾਅ ਲੈਂਦੈ, ਜਿੰਨਾਂ ਚਿਰ ਚੂਕਣੋ ਹਟ ਉੱਡ ਨਾ ਜਾਣ। ਮੈਂ ਬਥੇਰਾ ਆਖੂੰ- 'ਨਾ ਯੂਵੀ...ਨਾ...' ਕੋਈ ਪ੍ਰਵਾਹ ਨੀ ਮੰਨਦਾ। ਜਰਮਨ ਦੀ ਡਸਡ ਨਸਲ ਦੈ। ਬੱਚਿਆਂ ਵਰਗਾ ਪਲੇਅ ਡੌਗ। ਕਈ ਵਾਰੀ ਬੁਲਬੁਲ ਬੋਲਦੀ ਬੰਨੀਂ ਟਿਕ-ਟਿਕੀ ਲਾ ਕੇ ਵੇਖਦਾ ਰਹਿੰਦੈ। ਜੰਮੂ ਤੋਂ ਆਉਂਦਾ ਮਿੱਤਰ ਮਾਨਖੇੜਾ ਆਪਣੇ ਫਾਰਮ ਹਾਊਸ 'ਤੇ ਰੱਖਣ ਲਈ ਲਿਆਇਆ ਸੀ ਦੋ ਪੱਪ। ਇਕ ਬਲੈਕ ਤੇ ਦੂਸਰਾ ਬਰਾਊਨ। ਕਹਿੰਦਾ- 'ਇਕ ਤੇਰੇ ਲਈ ਐ, ਜਿਹੜਾ ਮਰਜ਼ੀ ਰੱਖ ਲੈ।' ਰਾਣੋ ਨੂੰ ਬਰਾਊਨ ਰੰਗ ਪਸੰਦ ਸੀ, ਇਹੀ ਰੱਖ ਲਿਆ। ਇਹਦਾ ਨਾਂ ਯੂਵੀ ਵੀ ਰਾਣੋ ਦਾ ਰੱਖਿਐ। ਪਹਿਲਾਂ ਤਾਂ ਸੈਰ 'ਤੇ ਜਾਂਦੇ ਦੇ ਨਾਲ ਜਾਂਦਾ। ਹੁਣ ਸਾਰਾ ਦਿਨ ਮੇਰੇ ਬੈੱਡ ਕੋਲ਼ ਪਿਆ ਰਹਿੰਦੈ। ਮੇਰੇ ਜਿਊਣ ਦਾ ਸਹਾਰੈ।

ਜੰਮੂ ਦੀਆਂ ਗੱਲਾਂ ਚੇਤੇ ਆਉਦਿਆਂ ਬਾਪੂ ਜੀ ਦਾ ਚਿਹਰਾ ਸਾਹਮਣੇ ਆ ਗਿਐ।

ਬਾਪੂ ਜੀ ਆਜ਼ਾਦ ਭਾਰਤ ਦੇ ਕਮਿਸ਼ਨਡ ਅਫ਼ਸਰ ਬਣੇ। ਹੱਥ ਦਾ ਨਿਸ਼ਾਨਾ ਉਹਨਾਂ ਦਾ ਵੀ ਵੱਡਿਆਂ ਵਾਲਾ ਸੀ। ਜੰਮੂ-ਕਸ਼ਮੀਰ 'ਚ ਪੋਸਟਿੰਗ ਵਕਤ ਜਦ ਕਦੇ ਵਿਹਲ 'ਚ ਹੁੰਦੇ, ਮੈਨੂੰ ਵੀ ਆਪਣੀ ਜੀਪ 'ਚ ਲੈ ਤੁਰਦੇ। ਬੀਬੀ ਜੀ ਵਥੇਰਾ ਕਲਪਦੇ, 'ਪਹਾੜੀ ਇਲਾਕੈ, ਰੋਜ ਮਾਰਧਾੜ ਹੁੰਦੀ ਐ। ਵੇਲ਼ਾ ਹੱਥ ਨੀਂ ਆਉਂਦਾ। ਕੱਲੇ ਤੁਰ ਪੈਨੇ ਓਂ ਜਵਾਕ ਨੂੰ ਲੈ ਕੇ।'

ਡਰ ਤਾਂ ਖ਼ਾਨਦਾਨ ਦੇ ਖ਼ੂਨ 'ਚ ਪਹਿਲੇ ਦਿਨੋਂ ਈ ਨੀਂ। ਪਹਾੜੀ ਕੋਲ਼ੋਂ ਲੰਘਦੇ ਜੀਪ ਦਾ ਇੰਜਣ ਬੰਦ ਕਰ ਕੇ ਇਕ ਹੱਥ ਸਟੇਰਿੰਗ ਤੇ ਦੂਸਰੇ ਨਾਲ ਦਰਖਤਾਂ 'ਤੇ ਬੈਠੇ ਪੰਛੀਆਂ ਬੰਨੀਂ ਨਿਸ਼ਾਨਾ ਸੇਧਦੇ। ਝੱਟ ਖੰਭ ਖਿੰਡੇ ਨਜ਼ਰ ਆਉਂਦੇ।ਹਰੀਅਲ ਜਾਂ ਜੰਗਲ਼ੀ ਘੁੱਗੀ ਗੱਡੀ ਦੇ ਬੋਨਟ ਅੱਗੇ ਜਾਨ ਤੋੜਦੇ ਦਿਸਦੇ। ਰਾਇਫਲ ਮੈਨੂੰ ਫੜਾਅ, ਚੁੱਕ ਕੇ ਜੀਪ 'ਚ ਪਿੱਛੇ ਰੱਖ ਲੈਂਦੇ। ਕਦੇ-ਕਦੇ ਮੂਡ ਬਣੇ 'ਚ ਆਪਣੇ ਹੱਥੀਂ ਫੁੰਡੇ ਸ਼ਿਕਾਰ ਨੂੰ ਰਾਮ ਕਰਨ, ਰਸੋਈਏ ਨਾਲ ਆਪ ਮਿਰਚ-ਮਸਾਲੇ ਚੈੱਕ ਕਰਨ ਲੱਗ ਜਾਂਦੇ। ਬੀਬੀ ਜੀ ਇਧਰ-ਉਧਰ ਰਹਿੰਦੇ। ਡਾਇਨਿੰਗ-ਟੇਬਲ 'ਤੇ

ਇਕੱਲੇ ਨਾ ਬੈਠਦੇ। ਬੀਬੀ ਨੂੰ ਹੋਕਰੇ ਮਾਰੀਂ ਜਾਂਦੇ। ਉਹਨੂੰ ਆਪ ਪਰੋਸ ਕੇ ਪਲੇਟ 'ਚ ਦਿੰਦੇ। ਪਿਛਲੇ ਖੁੱਲ੍ਹੇ ਲਾਅਨ 'ਚ ਪਾਲਿਸ਼ ਵਾਲੀ ਡੱਬੀ 'ਚ ਨਿਸ਼ਾਨੇ ਲਾਉਂਦੇ ਮੈਂ ਵੇਖਦਾ। ਬੀਬੀ ਉਹਨਾਂ ਸਾਹਮਣੇ ਕੁਝ ਨਾ ਬੋਲਦੀ, ਅੰਦਰ ਆ ਕੇ ਕੁੜ੍ਹਦੀ, 'ਕੀ ਕਹੇ ਕੋਈ ਹੋਰ ਨਵਾਂ ਚੰਦ ਨਾ ਚੜ੍ਹਾ ਦੇ, ਘਰਾਂ 'ਚ ਇਹ ਕੰਮ ਥੋੜ੍ਹੋ ਹੁੰਦੇ ਨੇ। ਤੁਸੀਂ ਚੌਵੀ ਘੰਟੇ ਸ਼ੂਟਿੰਗ ਰੇਂਜਾਂ 'ਚ ਰਹਿੰਦੇ ਓਂ।' ਪਰ ਬਿੱਲੀ ਦੇ ਗਲ਼ ਟੱਲੀ ਕੌਣ ਪਾਵੇ। ਸ਼ਿਕਾਰ 'ਤੇ ਗੰਨ ਕਲਚਰ ਤਾਂ ਮੇਰੇ ਖ਼ੂਨ 'ਚ ਜੰਮਦੇ ਦੇ ਈ ਐ। ਇਹਨੂੰ ਕੀ ਪਤੈ ਮੇਰੇ ਜਮਾਂਦਰੂ ਨਿਸ਼ਾਨਿਆਂ ਦਾ। ਨਿਸ਼ਾਨਿਆਂ ਕਰਕੇ ਤਾਂ ਖ਼ੂਨ ਉਬਾਲ਼ੇ ਮਾਰੀਂ ਜਾਂਦੈ। ਐਡੇ ਨਿਸ਼ਾਨੇਬਾਜ਼ਾਂ ਦੇ ਟੱਬਰ ਨੂੰ ਇਹ ਘਚੋਨੀ ਦੇਗੀ, ਫੇਰਤਾਂ ਸਭ ਪਾਣੀ ਫਿਰਜੂ ਵੱਡਿਆਂ ਦੀ ਕਰੀ ਕੱਤਰੀ 'ਤੇ। ਜਿੰਦ ਲਾਦੂੰ, ਪੁਗਾਊਂ ਆਵਦੀ, ਇਹ ਕਿਹੜੀ ਹਵਾ 'ਚ ਫਿਰਦੀ ਐ।

ਅੱਜ ਓਹੀ ਦਿਨ ਮੇਰੀਆਂ ਅੱਖਾਂ ਮੂਹਰੇ ਰ੍ਹੀਲ ਬਣ ਭੱਜੇ ਫਿਰਦੇ ਨੇ।

ਵੱਡਿਆਂ ਦੀ ਪੈੜ 'ਚ ਪੈਰ ਧਰਨ ਦੀ ਜਦ ਪੱਕੀ ਧਾਰਲੀ। ਕਾਲਜ ਦੀ ਚੜ੍ਹਦੀ ਉਮਰ ਦੀ ਹਵਾ। ਮਹਾਰਾਜਾ ਕਰਨੀ ਸਿੰਘ, ਮਹਾਰਾਜਾ ਬੀਕਾਨੇਰ ਦੀ ਫੋਟੋ ਪੜਦਾਦਾ ਜੀ ਨਾਲ ਡਰਾਇੰਗ-ਰੂਮ 'ਚ ਲੱਗੀ ਵੇਖਕੇ ਮੇਰੇ ਵੀ ਮਨ 'ਚ ਰਿਵਾਲਵਰ, ਰਾਇਫਲ ਚਲਾਉਣ ਦੀ ਰੀਝ ਉੱਠੀ। ਸਕੂਲ ਵਕਤ ਈ ਬਾਪੂ ਜੀ ਨੇ ਮੈਨੂੰ ਐੱਨ.ਸੀ.ਸੀ. ਦਿਵਾਤੀ ਸੀ। ਸਕੂਲ ਪੱਧਰ ਦੇ ਸ਼ੂਟਿੰਗ ਮੁਕਾਬਲੇ ਵੀ ਜਿੱਤੇ। ਹੁਣ ਕਾਲਜ ਆ ਹੋਰ ਗੇਮਾਂ ਨੂੰ ਛੱਡ ਸ਼ੂਟਿੰਗ ਨੂੰ ਪਹਿਲ ਦੇ ਅਧਾਰ 'ਤੇ ਚੁਣਿਆ। ਪੈਨਸ਼ਨ ਆ ਕੇ ਆਪ ਹੁਣ ਘਰ ਹੀ ਰਹਿੰਦੇ। ਬਾਪੂ ਜੀ ਨੂੰ ਪੁੱਛਿਆ ਫੁੱਲ ਵਾਂਗ ਖਿੜਗੇ- 'ਵੇਖ ਪੜ੍ਹਾਈ ਜਿਹੜੀ ਮਰਜ਼ੀ ਐ ਕਰ। ਨਿਸ਼ਾਨਾ ਬੰਨ੍ਹਣ ਦੀ ਜੇ ਇੱਛਾ ਕੀਤੀ ਐ। ਦਿਨ-ਰਾਤ ਇਕ ਕਰਦੇ। ਕਿਸੇ ਤੋਂ ਪਿੱਛੇ ਨਾ ਰਹੀਂ। ਕਾਲਜਾਂ ਦੇ ਮੁਕਾਬਲੇ ਤਾਂ ਆਵਦੀ ਥਾਂ ਹੁੰਦੇ ਨੇ। ਅਗਲੀ ਗੱਲ ਸ਼ਿਕਾਰ ਖੇਡਣ ਵਕਤ ਬੈਠੇ ਤਿੱਤਰ 'ਤੇ ਸ਼ਿਸ਼ਤ ਨਾ ਬੰਨ੍ਹੀਂ। ਉੱਡਦੇ 'ਤੇ ਫਾਇਰ ਮਾਰਨੈ। ਮਹਿੰਗੇ ਸ਼ੌਕ ਦੇ ਮਹਿੰਗੇ ਨੁਕਸਾਨ ਤੋਂ ਬਚੀਂ। ਪਿਓ-ਦਾਦਿਆਂ ਦੀ ਇੱਜਤ ਇਹਨਾਂ ਨਿਸ਼ਾਨਿਆਂ ਨੇ ਹੀ ਬੰਨ੍ਹੀਂ ਐ। ਨਹੀਂ ਤਾਂ ਫ਼ੌਜ ਦੀਆਂ ਪੈਨਸ਼ਨਾਂ ਤਾਂ ਵਥੇਰੇ ਲਈ ਬੈਠੇ ਖਾਈਂ ਜਾਂਦੇ ਐ।'

ਬਾਪੂ ਦੀਆਂ ਸਖ਼ਤ ਟਿੱਪਣੀਆਂ ਨੇ ਅੰਦਰਲੇ ਨੂੰ ਲਲਕਾਰਾ ਮਾਰਤਾ। ਓਸੇ ਦਿਨ ਤੋਂ ਮਰਜ਼ੀ ਨਾਲ ਫੜੇ ਬੱਟ ਨਾਲ ਜਿੰਨਾ ਚਿਰ ਸਰੀਰ ਚੱਲਿਐ ਸ਼ਾਨ ਨਾਲ ਨਿਭਿਐ ਸਨਮੁੱਖ। ਵਥੇਰੇ ਕੰਪੀਟੀਸ਼ਨ ਜਿੱਤੇ। ਓਪਨ 'ਚ ਵੀ ਨੈਸ਼ਨਲ ਤਕ ਗਿਆ। ਬਾਪੂ ਜੀ ਦੀਆਂ ਕਹੀਆਂ ਵੀ ਪੁਗਾਈਆਂ। ਕਦੇ ਨਿਸ਼ਾਨਾ ਉੱਕਿਆ ਚੁੱਕਿਆ ਨੀਂ। ਇਹਨਾਂ ਨਿਸ਼ਾਨਿਆਂ ਨੇ ਅੰਬਰ ਦੇ ਧਰੂ ਤਾਰੇ ਝੋਲ਼ੀ 'ਚ ਪਾਏ। ਸ਼ੂਟਿੰਗ ਰੇਂਜ 'ਤੇ ਏਅਰ ਪਿਸਟਲ ਦਾ ਫਾਇਨਲ ਚੱਲ ਰਿਹਾ ਸੀ। ਆਪਣੇ ਪਹਿਲੇ ਰਾਊਂਡ ਦਾ ਨਿਸ਼ਾਨਾ ਲਾ ਅਗਲੀ ਫਾਇਰ ਕਾਲ ਦੀ ਉਡੀਕ 'ਚ ਨੇੜੇ ਹੀ ਟਹਿਲਣ ਲੱਗਾ।

'ਸਨਮੁੱਖ ਅੱਜ ਤੈਨੂੰ ਵਿਕਟਰੀ ਸਟੈਂਡ ਦੇ ਵਿਚਕਾਰ ਸਭ ਤੋਂ ਉੱਚਾ ਖੜ੍ਹਾ ਵੇਖਣੈ। ਅਗਲੇ ਸ਼ੂਟ 'ਚ ਅੱਖ ਨਾ ਝਪਕੇ।' ਆਵਾਜ਼ ਸੁਣਦੇ ਪਿਛਾਂਹ ਮੂੰਹ ਭੰਵਾਇਆ, ਕੁੜੀਆਂ ਦੇ ਪਿਸਟਲ ਮੁਕਾਬਲੇ ਦੇ ਫਾਇਨਲ ਨੂੰ ਆਪਣੇ ਨਾਂਅ ਕਰ ਚੁੱਕੀ ਰਮਨਜੀਤ ਰਾਣੋ ਆਪਣੀ ਮੁੱਠੀ ਬੰਦ ਕਰ ਕੇ ਉੱਪਰ ਚੁੱਕੇ ਅੰਗੂਠੇ ਦਾ ਇਸ਼ਾਰਾ ਕਰਦੀ ਮੁਸਕਰਾ ਰਹੀ ਐ। ਮੈਂ ਵੀ ਮੁਸਕਰਾਇਆ। ਹੈਰਾਨ ਵੀ ਸਾਂ। ਰਾਣੋ ਤਾਂ ਬਹੁਤ ਘੱਟ ਮੁੱਲ ਦਾ ਬੋਲਦੀ ਐ। ਅੰਦਰ ਖੁਸ਼ੀ 'ਤੇ ਚੈਲੰਜ ਦੀ ਧੁਨ ਵੱਜਣੀ ਸ਼ੁਰੂ ਹੋਗੀ। ਟਾਰਗੈੱਟ ਸ਼ੀਟ ਸਖ਼ਤ ਡੋਰ ਵਿਚ ਬੱਝੀ ਮਸ਼ੀਨ ਨੇ ਦਸ ਮੀਟਰ ਦੀ ਦੂਰੀ 'ਤੇ ਸਾਹਮਣੇ ਖੜ੍ਹਾਅ ਦਿੱਤੀ।ਸਾਹ ਰੁਕਿਆ। ਅੰਗੂਠੇ, ਉਂਗਲੀ ਦੀ ਜੁਗਲਬੰਦੀ ਨਾਲ ਟਾਰਗੈੱਟ ਦੇ ਬਿਲਕੁਲ ਅੰਦਰਲੇ ਰਿੰਗ 'ਚ ਕਾਲ਼ੇ ਬਿੰਦੂ ਵਿਚੋਂ ਦੀ ਰਾਊਂਡ ਆਰ-ਪਾਰ ਹੋ ਗਿਆ।

ਤਾੜੀਆਂ ਦੀ ਗੜਗੜਾਹਟ ਨਾਲ ਇਨਡੋਰ ਸਟੇਡੀਅਮ ਗੂੰਜ ਉੱਠਿਆ। ਰਾਣੋ ਤੇ ਮੇਰੇ ਨਿਸ਼ਾਨੇ ਇਕੋ ਪਾਸੇ ਵੱਜਣ ਲੱਗੇ। ਹੋਰ ਕਿੰਨੇ ਕੰਪੀਟੀਸ਼ਨਾਂ 'ਚ ਅਸੀਂ ਇਕੱਠੇ ਵਿਚਰੇ। ਅਖ਼ੀਰ ਇਹਨਾਂ ਨਿਸ਼ਾਨਿਆਂ ਦਾ ਵੱਡਾ ਐਵਾਰਡ ਰਾਣੋ ਦੇ ਰੂਪ 'ਚ ਮੇਰੀ ਝੋਲ਼ੀ 'ਚ ਆ ਪਿਆ। ਘਰ

ਦੀਆਂ ਬਰੂਹਾਂ ਅੰਦਰ ਲੈ ਆਉਣ ਦੀ ਗੱਲ ਬਾਪੂ ਨਾਲ ਕੀਤੀ। ਆਪਣੇ ਸੁਭਾਅ ਮੁਤਾਬਿਕ ਪਹਿਲਾਂ ਤਾਂ ਫੌਜੀ ਅਫ਼ਸਰ ਬੁੜ੍ਹਕਿਆ। ਜਦੋਂ ਸਾਰੀ ਗੱਲ ਸੁਣੀ, ਹੱਥ 'ਤੇ ਹੱਥ ਮਾਰ ਕੇ ਉੱਚੀ-ਉੱਚੀ ਹੱਸਿਆ, 'ਓ ਵੈਰੀ ਗੁੱਡ, ਏਹੀ ਸਿੱਧੂ ਰੇਤਗੜ੍ਹੀਆਂ ਨੂੰ ਜਦ ਪਤਾ ਲੱਗਿਆ ਕਿ ਭੁੱਲਰਾਂ ਦਾ ਮੁੰਡਾ ਕਮਿਸ਼ਨ ਲੈ ਕੇ ਫ਼ੌਜ ਦਾ ਅਫ਼ਸਰ ਬਣਿਐ, ਮੇਰੇ ਮਗਰ ਵੀ ਲੱਗੇ ਸੀ। ਪਰ ਤੇਰੀ ਮਾਂ ਦਾ ਸਿਤਾਰਾ ਉੱਚਾ ਚੜ੍ਹ ਗਿਆ। ਬਿਊਟੀਫੁੱਲ-ਬਿਊਟੀਫੁੱਲ, ਇਹ ਵੀ ਉਸੇ ਹੱਥੋਂ ਨਿੱਕਲੀ ਕੂੰਜ ਦੀ ਧੀ ਐ।'

ਬੀਬੀ ਦੇ ਮੂੰਹੋਂ ਨਿਕਲਿਆ 'ਹੂੰਅ...ਜੇ ਕਸਰ ਰਹਿੰਦੀ ਐ ਮੁੰਡੇ ਦੇ ਨਾਲ ਈ ਫੇਰ ਵਗ ਜਿਓ ਲੈਣ।'

'ਲੈ ਪੁੱਤ ਨੇ ਫੜਲੀ ਗੁਰਜ, ਕਸਰ ਹਾਲੇ ਪਿੱਛੇ ਰਹਿਗੀ।' ਬਾਪੂ ਬੀਬੀ ਦੀ ਨੋਕ ਝੋਕ 'ਚ ਡਰਾਇੰਗ ਰੂਮ ਹਾਸਿਆਂ ਨਾਲ ਮਹਿਕ ਉੱਠਿਆ।

ਨਿਸ਼ਾਨੇ ਕਦੇ ਇਧਰ-ਉਧਰ ਹੋਣ ਨੀਂ ਦਿੱਤੇ। ਸਾਰੀ ਜ਼ਿੰਦਗੀ ਧੂੜਾਂ ਪੱਟਦਾ ਰਿਹਾਂ। ਇਕ ਰੌਂਦ ਖਾਲੀ ਨਿਕਲ ਧੋਖਾ ਦੇ ਗਿਆ। ਅੱਜ ਯਾਦ ਕਰ ਕੇ ਮਨ ਭਰਦੈ। ਜੇ ਕਿਤੇ ਓਹ ਹੁੰਦੀ ਆਹ ਗੱਲਾਂ ਥੋੜ੍ਹੋ ਸੁਣਨ ਨੂੰ ਮਿਲਦੀਆਂ। ਲੱਖ ਯਤਨ ਕਰ ਕੇ ਵੀ ਰਾਣੋ ਦੇ ਹਾਰਟ-ਅਟੈਕ ਨੂੰ ਜ਼ਿੰਦਗੀ 'ਚ ਬਦਲ ਨਾ ਸਕਿਆ। ਸਾਰੀ ਜ਼ਿੰਦਗੀ ਉਸਦੀਆਂ ਆਖੀਆਂ ਗੱਲਾਂ 'ਤੇ ਫੁੱਲ ਚੜ੍ਹਾਏ। ਰਾਣੋ ਫੁੱਲੀ ਨਾ ਸਮਾਏ ਜਦੋਂ ਅਸੀਂ ਦੋਵਾਂ ਨੇ ਸਪੋਰਟਸ ਵਿਭਾਗ 'ਚ ਇਕੋ ਦਿਨ, ਇਕੋ ਸ਼ਟੇਸ਼ਨ 'ਤੇ ਸ਼ੂਟਿੰਗ ਕੋਚ ਵਜੋਂ ਜੁਆਇਨ ਕੀਤਾ।

ਮਿੱਤਰਾਂ ਨੇ ਮਹਿਫ਼ਲ ਸਜਾਈ। 'ਭੁੱਲਰਾ ਵੇਖਲੈ ਫਾਇਰ ਨਾਲ ਤਾਂ ਬੰਦਾ ਬਚਦਾ ਨੀਂ। ਤੇਰੇ ਆਹ ਨਿਸ਼ਾਨਿਆਂ ਨੇ ਤਾਂ ਲਗਰ ਵਰਗੀ ਰਾਣੋ ਤੋੜ ਲਿਆਂਦੀ।'

'ਮੈਂ ਕਿਹੜਾ ਕੱਲੇ ਨੇ ਤੋੜੀ ਐ। ਰਾਣੋ ਦਾ ਪਿਸਟਲ ਵੀ ਹਿੱਕ 'ਚ ਵੱਜਿਐ, ਓਸੇ ਦੇ ਫੱਟੜ ਕੀਤੇ ਫਿਰਦੇ ਆਂ।' ਠਹਾਕਿਆਂ ਨੇ ਪਤਾ ਨਾ ਲੱਗਣ ਦਿੱਤਾ ਕਿਹੜੇ ਵੇਲ਼ੇ ਸ਼ਾਮ ਤੋਂ ਰਾਤ ਹੋਗੀ।

ਇਕੋ ਦਫ਼ਤਰ। ਇਕੋ ਸ਼ਹਿਰ। ਨੌਕਰੀ ਦਾ ਨਸ਼ਾ ਪਤਾ ਨਾ ਲੱਗਦਾ ਕਦੋਂ ਦਿਨ ਚੜ੍ਹਿਆ ਕਦੋਂ ਛਿਪਿਆ। ਰਾਣੋ ਸਾਰੇ ਘਰ ਕਬੀਲਦਾਰੀ ਦਾ ਅੱਗਾ-ਤੱਗਾ ਲੈਂਦੀ। ਆਪਾਂ ਸੁਰਖ਼ਰੂ ਸੀ ਸਾਰੇ ਝਮੇਲਿਆਂ ਤੋਂ। ਵਿਸ਼ਵ ਦੇ ਜਨਮ ਵੇਲੇ ਵੀ ਨੈਸ਼ਨਲ ਚੈਂਪੀਅਨਸ਼ਿਪ ਵਾਸਤੇ ਬੱਚਿਆਂ ਨੂੰ ਲੈ ਕੇ ਜੈਪੁਰ ਗਿਆ ਹੋਇਆ ਸੀ। ਤਿੰਨ ਦਿਨਾਂ ਮਗਰੋਂ ਹਸਪਤਾਲ 'ਚ ਸਿੱਧੇ ਪਹੁੰਚਕੇ ਮੁੱਖੜਾ ਵੇਖਿਆ ਸੀ ਲਾਲ ਦਾ। ਰਾਣੋ ਨੇ ਵੀ ਮੇਰੀ ਬੇਪਰਵਾਹੀ ਨੂੰ ਪਰੇ ਕਰਕੇ ਪੁੱਛਿਆ,'ਕਿਵੇਂ ਰਹੀਆਂ ਪੰਜਾਬ ਦੇ ਬੱਚਿਆਂ ਦੀਆਂ ਪੁਜ਼ੀਸ਼ਨਾਂ। ਨਿੱਤਰਿਆ ਕੋਈ ਸ਼ੂਟਰ।' ਆਪਣੇ ਨਵਜੰਮੇ ਬੱਚੇ ਦੀ ਖੁਸ਼ੀ ਦੇ ਨਾਲ-ਨਾਲ ਸ਼ਗਿਰਦਾਂ ਦਾ ਫ਼ਿਕਰ ਸੀ ਉਹਨੂੰ।

ਚੰਦਰੀ ਲੈਗੀ ਸਭ ਫ਼ਿਕਰ-ਫਾਕੇ ਨਾਲ। ਮੈਨੂੰ ਆਹ ਭੱਠੀ 'ਚ ਸਿੱਟਗੀ ਮੱਚਣ ਨੂੰ। ਓਹਦੀਆਂ ਗੱਲਾਂ ਨੂੰ ਯਾਦ ਕਰ ਕੇ ਸਭ ਕੁਝ ਫਾਲਤੂ ਲੱਗਣ ਲੱਗ ਜਾਂਦੈ। ਦਿਲ ਘਟਦੈ। ਓਹਦੀ ਦਲੇਰੀ ਤੇ ਫ਼ਰਾਖ ਦਿਲੀ ਢਾਰਸ ਦਿੰਦੀਆਂ ਨੇ। ਦਲੇਰੀ ਦੇ ਨਾਲ ਰਹਿਮ ਦਿਲ ਵੀ ਬਹੁਤ ਸੀ।

ਉਹਨਾਂ ਦਿਨਾਂ 'ਚ ਤਨਖਾਹ ਬੈਂਕ ਜਮ੍ਹਾਂ ਹੋ ਜਾਂਦੀ। ਏ.ਟੀ.ਐੱਮ. ਨਹੀਂ ਆਇਆ ਸੀ। ਜਾਣ ਲੱਗੀ ਮੇਰੇ ਵੀ ਚੈੱਕ 'ਤੇ ਦਸਤਖ਼ਤ ਕਰਵਾ ਕੇ ਲੈ ਜਾਂਦੀ। ਉੱਚੇ-ਲੰਮੇ ਕੱਦ ਖ਼ੂਬਸੂਰਤ ਦਿੱਖ ਦੀ ਮਾਲਕ ਆਪਣੇ ਕੋਚ ਦੇ ਅਹੁਦੇ ਦਾ ਪ੍ਰਭਾਵ ਛੱਡਦੀ ਸਿੱਧੀ ਮੈਨੇਜਰ ਦੇ ਦਫ਼ਤਰ 'ਚ ਬੈਠਦੀ। ਬੈਂਕ ਦੀ ਸੇਵਾਦਾਰ ਪਾਣੀ ਦਾ ਗਲਾਸ ਲੈ ਹਾਜ਼ਰ ਹੁੰਦੀ। ਮੈਨੇਜਰ ਨੇਹਾ ਸਿੰਘ ਮਿਲਕੇ ਖੁਸ਼ ਹੁੰਦੀ, ਮਾਣ ਦਿੰਦੀ। ਉਹ ਬਿਹਾਰ ਦੀ ਸੀ। ਰਾਣੋ ਦੀ ਖੁੱਲ੍ਹੀ-ਡੁੱਲ੍ਹੀ ਪੰਜਾਬੀ ਸੁਣਕੇ ਖੁਸ਼ ਹੁੰਦੀ। ਕਈ ਵਾਰੀ ਸ਼ੂਟਿੰਗ ਬਾਰੇ ਦਿਲਚਸਪ ਗੱਲਾਂ ਪੁੱਛਦੀ।

ਆਹ ਸੋਮਾ ਦਾ ਘਰ ਵਾਲਾ ਵੀ ਏਸੇ ਬੈਂਕ 'ਚ ਕਲਰਕ ਸੀ। ਸਾਇਕਲ 'ਤੇ ਜਾਂਦੇ ਨੂੰ ਟਰੱਕ ਫੇਟ ਮਾਰ ਗਿਆ। ਉਸਦੀ ਥਾਂ 'ਤੇ ਸੇਵਾਦਾਰ ਲੱਗੀ ਐ। ਹਿਮਾਚਲ ਦਾ ਪਿੱਛੈ। ਸਿਰਫ਼ ਬੈਂਕ

ਸਟਾਫ ਹੀ ਹਮਦਰਦ ਤਾਂ ਕੀ ਜਾਣੂ ਐ। ਬੇਗਾਨੀ ਧਰਤੀ, ਬੇਗਾਨੇ ਲੋਕ, ਕੌਣ ਖੜ੍ਹਦੈ ਵਕਤ ਪਏ ਤੋਂ। ਸ਼ਾਮਲਾਟ ਦੀ ਟਾਹਲੀ ਵਾਂਗੂੰ ਵੇਖਦੈ ਹਰ ਕੋਈ ਕੱਲੀ ਔਰਤ ਨੂੰ। ਰਾਣੋ ਜਦੋਂ ਜਾਂਦੀ ਸੋਮਾ ਦਾ ਦੁੱਖ-ਸੁਖ ਪੁੱਛਦੀ। ਉਸਦੀ ਧੀ ਸ਼ਿਵਾਨੀ ਦੀ ਪੜ੍ਹਾਈ ਬਾਰੇ ਪੁੱਛਦੀ। ਜੇ ਕਦੇ ਸਕੂਲੋਂ ਆ ਮਾਂ ਕੋਲ ਬੈਂਕ 'ਚ ਮਿਲ ਜਾਂਦੀ। ਉਸਨੂੰ ਖ਼ੁਸ਼ ਕਰਨ ਲਈ ਰਾਣੋ ਦਾ ਪੱਕਾ ਦਿਲਾਸਾ ਹੁੰਦਾ, 'ਸ਼ਿਵਾਨੀ ਉਦਾਸ ਮੱਤ ਹੋਣਾ, ਤੈਨੂੰ ਮੈਂ ਸ਼ੂਟਰ ਬਣਾਵਾਂਗੀ।'

'ਆਪਦਾ ਅਸ਼ੀਰਵਾਦ ਐ ਮੈਡਮ ਭਗਵਾਨ ਜਰੂਰ ਕਾਮਯਾਬ ਕਰੂ।'

ਮੈਂ ਤਾਂ ਸਟੇਡੀਅਮ ਦਾ ਈ ਹੋ ਕੇ ਰਹਿ ਗਿਆ ਸਾਂ। ਰਾਣੋ ਹੀ ਲੋਕ ਸੰਪਰਕ ਸੀ ਮੇਰਾ। ਹੁਣ ਸਭ ਸੰਪਰਕ ਟੁੱਟ ਗਏ। ਇਸੇ ਕਰ ਕੇ 'ਕੱਲੇ ਨੂੰ ਬਣੀਆਂ ਪਈਆਂ ਨੇ। ਕਿੰਨੀਆਂ ਰ੍ਹੀਲਾਂ ਘੁੰਮੀਂ ਜਾਂਦੀਐਂ ਮੈਨੂੰ ਪਤਾ ਈ ਨੀਂ ਸੀ। ਸ਼ਾਮ ਨੂੰ ਦਫ਼ਤਰੋਂ ਘਰ ਆਇਆ। ਸੋਮਾਂ ਪਿਛਲੇ ਲਾਅਨ 'ਚ ਬਣੇ ਸਰਵੈਂਟ ਕੁਆਟਰ ਨੂੰ ਸਾਫ਼ ਕਰਵਾਈ ਜਾਵੇ। ਮੈਨੂੰ ਵੇਖਕੇ ਰਾਣੋ ਕਹਿਣ ਲੱਗੀ। ਬਿਚਾਰੀ ਔਖੀ ਐ। ਜਿਹੜੇ ਘਰ 'ਚ ਰਹਿੰਦੀ ਸੀ ਵਿਕ ਗਿਆ। ਮਾਲਕ ਖਾਲੀ ਕਰਨ ਵਾਸਤੇ ਪੁੱਠਾ-ਸਿੱਧਾ ਬੋਲਦੈ। ਕੁੜੀ ਮੁਟਿਆਰ ਐ, ਨੌਵੀਂ 'ਚ ਪੜ੍ਹਦੀ ਐ। ਮਖਿਆ, 'ਮੇਰੇ ਕੋਲ਼ ਆਜਾ। ਰਹੀ ਜਾਊ। ਨਾਲੇ ਬੰਦਾ ਕਿਸ ਭਾਅ ਮਾੜਾ ਹੁੰਦੈ। ਮੇਰਾ ਵੀ ਹੱਥ ਵਟਾਊ। ਪਰਦੇਸਣ ਐ ਬਿਚਾਰੀ। ਪੁੱਛਦੀ ਸੀ ਕਿਰਾਇਆ, ਮਖਿਆ, 'ਦੇਦੀਂ ਜਿੰਨਾ ਕੁ ਸੌਖਾ ਦੇ ਸਕੇਂ। ਨਾਲੇ 12ਵੀਂ ਮਗਰੋਂ ਵਿਸ਼ਵ ਨੇ ਵੀ ਬਾਹਰਲੇ ਸ਼ਹਿਰ ਪੜ੍ਹਨ ਚਲੇ ਜਾਣੈ। ਰੌਲ-ਗੌਲ ਰਹੂ ਘਰ 'ਚ।'

ਮੈਨੂੰ ਸੱਤ ਸੀ ਸਾਰੀਆਂ ਰਾਣੋ ਦੀਆਂ। ਪਰ ਕੀ ਪਤਾ ਸੀ ਸਾਰੇ ਧੰਦਾਲ ਮੇਰੇ ਈ ਗਲ਼ ਪਾਜੂ। ਜਲੰਧਰ ਲਾਤਾ ਪੜ੍ਹਨ ਇਸੇ ਕਰ ਕੇ ਕਿ ਸਪੋਰਟਸ ਦੀ ਹੱਬ ਐ। ਮਾਹੌਲ ਮਿਲੂ। ਪੜ੍ਹਨ ਦੇ ਨਾਲ ਨਾਲ ਕਿਸੇ ਗੇਮ 'ਚ ਪੈਜੂ। ਦੂਜੇ ਸਾਲ ਈ ਰੰਗ ਵਿਖਾਤੇ। ਹੋਰ ਈ ਸਿਤਾਰ ਜੀ ਚੱਕੀ ਆਵੇ। ਮੈਨੂੰ ਬਹੁਤ ਚੀਹ ਚੜ੍ਹੀ। 'ਓਹ ਆਪਣੇ ਘਰ ਹੈ ਅਹੀ ਜੀ ਗੱਲ ਕਿਤੇ ਢੋਲਕੀ ਵਾਜਿਆਂ ਆਲੀ। ਤੂੰ ਕੋਈ ਗੰਨ ਪਿਸਟਲ ਮੰਗਦਾ। ਹੋਰ ਨੀਂ ਤਾਂ ਹਾਕੀ, ਗੋਲ਼ੇ ਬੰਨੀਂ ਹੱਥ ਕੱਢਦਾ। ਸਕੂਲ ਵੇਲ਼ੇ ਵਧੀਆ ਬਾਸਕਟਬਾਲ ਖੇਡਦਾ ਸੀ। ਸਾਰੇ ਕਹਿੰਦੇ ਵੀ ਸੀ, 'ਲੰਮਾ ਕੱਦ ਐ, ਨਿਖ਼ਰਜੂ।' ਬੋਲਦੈ, 'ਵੈਸਟਰਨ ਲੋਕ ਇਹੋ ਕਲਾਸੀਕਲ ਨਾਲ ਜਿਉਂਦੇਂ ਐ। ਸਾਡੇ ਉਸਤਾਦ ਸਰ ਦੱਸਦੇ ਐ ਗੁਰਬਾਣੀ ਵੀ ਇਨ੍ਹਾਂ ਸਾਜਾਂ ਨਾਲ ਰਾਗਾਂ 'ਚ ਗਾਈ ਜਾਂਦੀ ਐ। ਮੈਨੂੰ ਤਾਂ ਇਹੀ ਚੰਗਾ ਲੱਗਦੈ। ਸ਼ਾਂਤ ਚਿੱਤ ਬੈਠ ਕੇ ਰਿਆਜ਼ ਕਰ ਲਈਂਦੈ। ਮੇਰਾ ਰੂਮਮੇਟ ਵੀ ਸੰਗੀਤ ਦਾ ਵਿਦਿਆਰਥੀ ਐ।'

ਗੱਲਾਂ ਦੇਖ ਕਰਦਾ, 'ਗੁਟਕਾ ਸਾਹਿਬ ਨੂੰ ਕਦੇ ਹੱਥ ਨਹੀਂ ਲਾਇਆ।' ਮਖਿਆ ਤੂੰ ਤਾਂ ਸ਼ਾਂਤ ਚਿੱਤ ਹੋ ਗਿਆ। ਮੇਰੇ ਅੰਦਰ ਤਾਂ ਭੁਚਾਲ ਲਿਆਤੇ ਤੇਰੀ ਅਕਲ ਨੇ। ਮੇਰਾ ਤਾਂ ਤਵਾਜ਼ਨ ਹਿਲਾ ਕੇ ਰੱਖਤਾ ਤੇਰੀਆਂ ਬੇਹੂਦੀਆਂ ਨੇ। ਉੱਚੇ ਬੋਲਾਂ ਨੂੰ ਸੁਣਕੇ ਰਸੋਈ 'ਚੋਂ ਆ ਸੋਮਾ ਕਹਿਣ ਲੱਗੀ, 'ਸਰਦਾਰ ਜੀ ਕੋਈ ਨੀਂ। ਸਭ ਠੀਕ ਹੋਜੂ ਬਹੁਤਾ ਨਾ ਝਿੜਕੋ।' ਰਾਣੋ ਤੋਂ ਮਗਰੋਂ ਮੈਂ ਕੰਮ ਵਾਲੀ ਰੱਖਲੀ ਸੀ। ਐਡੇ ਘਰ ਨੂੰ ਸੰਭਾਲਣਾ ਵੀ ਔਖਾ ਹੋਇਆ ਪਿਆ ਸੀ। ਆਥਣੇ ਬੈਂਕ 'ਚੋਂ ਆ ਕੇ ਸੋਮਾ ਮੇਰੇ ਗਲ਼ ਪੈਗੀ, 'ਮੈਂ ਹੈਗੀ ਆਂ। ਤੁਸੀਂ ਆਵਦਾ ਨੀਂ ਸਮਝਦੇ। ਮੇਰਾ ਵਕਤ ਮੈਡਮ ਨੇ ਕੱਢਾਇਐ। ਮੈਂ ਕਰੂੰ ਸਭ।' ਮੈਂ ਵੀ ਚੁੱਪ ਕਰ ਗਿਆ। ਇਹ ਕੰਮ ਧੰਦਾ ਕਰ ਦਿੰਦੀ ਐ। ਖਾਣਾ ਬਣਾ ਕੇ ਰੱਖ ਜਾਂਦੀ ਐ। ਮੈਨੂੰ ਇਸ ਦਾ ਆਹ ਦਖ਼ਲ ਕਦਾਚਿੱਤ ਨਾ ਭਾਇਆ। ਇਹਨੂੰ ਕੀ ਪਤੈ ਸਾਡੇ ਖ਼ਾਨਦਾਨ ਦੇ ਕਾਰਨਾਮਿਆਂ ਦਾ।

ਮੈਨੂੰ ਹੁਣ ਪਤਾ ਲਗਦੈ ਇਸ ਮੀਣੇ ਦਾ ਵੀ ਪਿਛਲੀਆਂ ਯਾਦ ਕਰ ਕੇ। ਰਾਣੋ ਰੋਜ਼ਾਨਾ ਦੇ ਰੁਟੀਨ ਮੁਤਾਬਿਕ ਪਿਛਲੇ ਲਾਅਨ 'ਚ ਸੁਬਾਹ ਘਾਹ ਉਪਰ ਚੱਕਰ ਲਾ ਕਸਰਤ ਕਰ ਰਹੀ ਸੀ। ਪਰ ਸੋਮਾ ਆਪਦੇ ਸੁਭਾਅ ਮੁਤਾਬਿਕ ਵਿਸ਼ ਕਰਨ ਵਾਸਤੇ ਬਾਹਰ ਨਾ ਆਈ। ਤਾਂ ਰਾਣੋ ਨੇ ਆਵਾਜ਼ ਮਾਰੀ, 'ਸੋਮਾ ਠੀਕ ਐ, ਸਿਹਤ ਕਿਵੇਂ ਐ।'

‘ਮੈਡਮ ਜੀ ਠੀਕ ਐ, ਸ਼ਿਵਾਨੀ ਦਾ ਜਨਮ ਦਿਨ ਐ ਆਪਣੇ ਪਾਪਾ ਨੂੰ ਯਾਦ ਕਰਕੇ ਉਠਣ ਸਾਰ ਅੱਖਾਂ ਭਰੀ ਬੈਠੀ ਐ। ਮੇਰਾ ਵੀ ਵੇਖ ਕੇ ਮਨ ਖਰਾਬ ਹੋ ਗਿਆ।’ ਸ਼ਿਵਾਨੀ ਨੂੰ ਬੁੱਕਲ ’ਚ ਲੈ ਰਾਣੋ ਪਿਆਰ ਕਰਨ ਲੱਗੀ, ‘ਉਦਾਸ ਨਹੀਂ ਹੋਣਾ। ਸ਼ਾਮ ਨੂੰ ਤੇਰਾ ਬਰਥ-ਡੇ ਆਪਾਂ ਸੈਲੀਬਰੇਟ ਕਰਾਂਗੇ। ਆਪਣੀ ਪਸੰਦ ਦਾ ਬਣਵਾ ਲਿਆਇਓ ਕੇਕ ਚਾਕਲੇਟ ਵਾਲਾ। ਕਹਿੰਦੀ ਸ਼ਾਮ ਨੂੰ ਤੁਸੀਂ ਵੀ ਮੇਰੇ ਨਾਲ ਆਜਿਓ। ਬੱਚਿਆਂ ਨੂੰ ਖ਼ੁਸ਼ੀ ਮਿਲੂ।’

ਪੂਰਾ ਕਮਰਾ ਮਹਿਕ ਰਿਹਾ ਸੀ। ਕੇਕ ਵਾਲਾ ਡੱਬਾ ਖੋਲ੍ਹਿਆ, ਚਿੱਟੇ ਅੱਖਰਾਂ ’ਚ ਲਿਖਿਆ ਪੜ੍ਹਿਆ ਹੈਪੀ ਬਰਥ-ਡੇ ਸ਼ਿਵਾਨੀ ਸ਼ੂਟਰ। ਰਾਣੋ ਹਾਸੇ ਤੇ ਝਿੜਕ ਵਾਲੇ ਰੌਂਅ ’ਚ ਬੋਲੀ, ‘ਵੇ ਆਹ ਕੀ ਵਿਸ਼ਵ’।

‘ਮੰਮੀ ਇਹ ਤਾਂ ਥੋੜਾ ਦਿੱਤਾ ਤਖ਼ੱਲਸ ਐ। ਅਸੀਂ ਤਾਂ ਲਿਖਾ ਤਾ। ਇਹਨੂੰ ਬਣਾਓ ਸ਼ੂਟਰ।’

ਹੱਸਦੇ-ਹੱਸਦੇ ਬੱਚੇ ਮੋਮਬੱਤੀਆਂ ਜਗਾਉਣ ਲੱਗੇ। ਅੱਜ ਓਹੀ ਮੋਮਬੱਤੀਆਂ ਮੇਰੀ ਹਿੱਕ ‘ਤੇ ਬਲ਼ਦੀਆਂ ਨੇ। ਇਹਦੀਆਂ ਜਿੱਦਾਂ ਕਰਕੇ।

ਦੋ ਛੁੱਟੀਆਂ ਰਿਹਾ ਵਿਸ਼ਵ ਘਰੇ। ਮੇਰੀ ਰੂਹ ਨੀਂ ਕੀਤੀ ਹੋਰ ਗੱਲ ਕਰਨ ਦੀ। ਇਹਨੂੰ ਕੀ ਪਤੈ ਬੇਗਾਨੀ ਤੀਵੀਂ ਨੂੰ ਕਿ ਕੁਛ ਹੁੰਦੈ ਕਿ ਨਹੀਂ ਹੁੰਦਾ। ਮੇਰੇ ਹੁਣ ਵੱਜਦੀ ਐ ਤੀਰ ਵਾਂਗੂੰ ਗੱਲ। ਇਸੇ ਤਰ੍ਹਾਂ ਦੀ ਟੁੱਟੀ ਜੀ ਵੀਣਾ ਸੋਮਾ ਦੇ ਕਮਰੇ ’ਚ ਪਈ ਹੁੰਦੀ। ਦੋਵੇਂ ਜਵਾਕ ਦੁਪਹਿਰੇ ਓਹਦੇ ਨਾਲ ਚਿੰਬੜੇ ਰਹਿੰਦੇ। ਮੈਨੂੰ ਵੀ ਐਂ ਸੀ ਖੇਡ ਲੱਗਿਐ। ਪਤਾ ਈ ਨੀਂ ਸੀ ਆਹ ਰੰਗ ਚੜ੍ਹਜੂ। ਪੜ੍ਹਾਈ ਤਾਂ ਕਰਵਾਉਣੀ ਸੀ। ਇਹਨੇ ਆਵਦੀ ਅੜੀ ਨਾ ਛੱਡੀ। ਮੈਂ ਵੀ ਬਹੁਤਾ ਕਲਪਣਾ ਛੱਡਤਾ। ਘਰੇ ਆਉਂਦਾ ਸਾਰਾ ਦਿਨ ਘੂੰਅ-ਘੂੰਅ ਸੁਣਦੀ ਰਹਿੰਦੀ ਓਹਦੇ ਕਮਰੇ ’ਚੋਂ। ਕਮਰੇ ਦੀਆਂ ਕੁਰਸੀਆਂ ਪਾਸੇ ਕਰ ਕੇ ਲਾਤੀਆਂ। ਗਲੀਚੇ ਤੇ ਸਿਰਾਹਣੇ ਸਿੱਟ ਕੇ ਸਾਰਾ ਦਿਨ ਲੱਗਿਆ ਰਹਿੰਦਾ। ਜੇ ਬਾਹਰ ਹੁੰਦਾ ਦਿਵਾਨ ’ਤੇ ਪਿਆ ਹੁੰਦਾ ਤੂੰਬਾ ਜਾਹ। ਮੈਂ ਵੇਖਕੇ ਮੂੰਹ ਪਰ੍ਹੇ ਕਰ ਲੈਂਦਾ। ਕੰਨਾਂ ’ਚ ਰੂੰਅ ਦੇਣ ਆਲ਼ਾ ਕੰਮ ਹੋ ਗਿਆ। ਸੋਮਾ ਕੰਮ-ਧੰਦਾ ਕਰਦੀ ਮੇਰੀਆਂ ਅੱਖਾਂ ਦੀ ਲਾਲੀ ਵੇਖਕੇ ਚੁੱਪ-ਚਾਪ ਬਾਹਰ ਨਿੱਕਲ ਜਾਂਦੀ। ਅੰਦਰਲਾ ਜਵਾਲਾਮੁਖੀ ਅੰਦਰੇ ਮੱਚਦਾ ਰਹਿੰਦਾ।

ਹੁਣ ਵਿਸ਼ਵ ਦੀਆਂ ਬਹਿਬਤਾਂ ਨੇ ਲਾਵਾ ਬਾਹਰ ਮੱਚਣ ਲਾਤਾ। ਦਸੰਬਰ ’ਚ ਧੁੰਦ ਪਵੇ ਅੰਤਾਂ ਦੀ। ਟੀ.ਵੀ. ਵੇਖ ਰਿਹਾਂ। ਸ਼ਾਮ ਨੂੰ ਅੱਠ ਕੁ ਵਜੇ ਲਾਇਵ ਪਰੋਗਰਾਮ ਚੱਲਿਆ। ਸੰਗੀਤ ਸੰਮੇਲਨ ਚੱਲ ਰਿਹੈ। ਕਿੰਨੇ ਜਣੇ ਸਰਦ ਰਾਤ ’ਚ ਗਰਮ ਕੱਪੜਿਆਂ ਦੀ ਨਿੱਘ ’ਚ ਬੈਠੇ ਨੇ। ਇਕ ਜਣਾ ਸਿਤਾਰ ਦੀਆਂ ਤਾਰਾਂ ਨੂੰ ਉਂਗਲੀਆਂ ਦੇ ਪੋਟਿਆਂ ਨਾਲ ਦਬਾਉਂਦਾ ਦੋਵੇਂ ਹੱਥਾਂ ਨੂੰ ਤੇਜ਼ੀ ਨਾਲ ਏਧਰ ਓਧਰ ਭਜਾਈ ਫਿਰਦੈ। ਤਾਰਾਂ ਨਾਲੋਂ ਆਪਣੇ ਸਿਰ ਤੇ ਗਰਦਣ ਨੂੰ ਵੱਧ ਘੁੰਮਾਅ ਰਿਹੈ। ਓਹਦੇ ਕੋਲ਼ ਬੈਠਾ ਹੀ ਇਕ ਹੋਰ ਜਣਾ ਤਬਲਿਆਂ ’ਤੇ ਉਂਗਲੀਆਂ, ਹਥੇਲ਼ੀਆਂ ਮਾਰਦਾ, ਦਗਾ-ਦਗ ਦਗਾ-ਦਗ ਕਰੀ ਜਾਂਦੈ। ਮੈਨੂੰ ਸਮਝ ਤਾਂ ਕੀ ਆਉਣੀ ਸੀ, ਸਿਰਫ਼ ਟਾਇਮ ਪਾਸ ਕਰ ਰਿਹਾਂ। ਬਾਅਦ ’ਚ ਖ਼ਬਰਾਂ ਸੁਣਨੀਐਂ। ਕੈਮਰਾ ਘੁੰਮਿਆ, ਇਹ ਬੈਠਾ ਜੂੜਾ ਖੋਲ੍ਹਕੇ ਵਾਲ਼ ਪਿਛਾਂਹ ਨੂੰ ਸਿੱਟੇ ਹੋਏ। ਮੇਰੇ ਤਾਂ ਵੇਖਣ ਸਾਰ ਅੱਗ ਲੱਗਗੀ। ਸਹਾਰਿਆ ਨਾ ਗਿਆ। ਉਸੇ ਵਕਤ ਫੋਨ ਮਿਲਾਅ ਲਿਆ, ‘ਊਂ ਨਾ ਚੋਲ਼ਾ ਪਾਲੇਂ, ਸਾਧ ਬਣਜਾ। ਤੂੰ ਸੁਧਰਜਾ ਸਿੱਧਾ ਹੋ ਕੇ ਪੜ੍ਹਲਾ। ਆਹੀ ਕੁਛ ਕਰਨ ਨਾਲੋਂ ਘਰੇ ਆਜਾ।’ ਵੀਕ ਐਂਡ ’ਤੇ ਘਰੇ ਆਇਆ ਵਥੇਰੀ ਝੰਡ ਕੀਤੀ। ਟੱਸ ਤੋਂ ਮੱਸ ਨੀਂ ਹੋਇਆ। ਚੁੱਪ ਕਰਕੇ ਉੱਠਕੇ ਤੁਰ ਗਿਆ ਬਾਹਰ ਨੂੰ। ਚਿੱਤ ਮੇਰਾ ਵੀ ਖਰਾਬ, ਬਣੀ ਕੀ ਜਾਂਦੈ। ਮੈਂ ਬਾਹਰ ਬਾਰੀ ਵਿਚਦੀ ਨਿਗਾਹ ਮਾਰੀ। ਸਾਹਮਣੇ ਦੂਸਰੀ ਛੱਤ ’ਤੇ ਕੱਪੜੇ ਧੋਂਦੀ ਸ਼ਿਵਾਨੀ ਦੇ ਮੋਢਿਆਂ ‘ਤੇ ਚੜ੍ਹਿਆ ਖੜ੍ਹਾ ਤੂੰਬਾ ਵਜਾਉਣ ਵਾਲਿਆਂ ਵਾਂਗ ਹੱਥ, ਬਾਹਾਂ ਖਿਲਾਰ ਕੇ ਗੱਲਾਂ ਮਾਰੀ ਜਾਵੇ। ਜਿੰਨੇ ਦਿਨ ਰਹੂ ਘਰੇ ਨੀਂ ਟਿਕਦਾ। ਜੇ ਬੈਠੂ ਮਾਂ-ਧੀ ਨੂੰ ਰਾਗ ਮਾਲਾ ਸੁਣਾਉਣ ਬਹਿਜੂ। ਮੇਰੇ ਕੋਲ਼ ਆ ਕੇ ਮੂੰਹ ’ਚ ਘੁੰਗਣੀਆਂ ਪਾਲੂ।

ਸੋਚਾਂ 'ਚ ਘੁੰਮਦੀ ਬਿਰਤੀ ਮੂਹਰੇ ਅਭਿਨਵ ਬਿੰਦਰਾ ਤੇ ਪਿੱਛੇ ਜੇ ਮਾਰੂਕਾ ਮਾਰ ਕੇ ਤਗਮਾਂ ਜਿੱਤਣ ਵਾਲੇ ਸ਼ੂਟਰ ਅਰਜਨ ਬਬੂਟਾ ਦੇ ਚਿਹਰੇ ਅੱਖਾਂ ਅੱਗੇ ਘੁੰਮਗੇ। ਮਨ ਉਛਾਲ਼ੇ ਮਾਰੇ। ਕੰਟਰੋਲ ਕੀਤਾ। ਐਨੇ ਨੂੰ ਇਹ ਆ ਖੜ੍ਹਿਆ। ਮਖ਼ਿਆ, 'ਵੇਖ ਓਏ ਇਹ ਵੀ ਕਿਸੇ ਦੇ ਪੁੱਤ ਨੇ। ਜਿਨ੍ਹਾਂ ਨੇ ਦੇਸ਼ ਤੇ ਮਾਪਿਆਂ ਦਾ ਨਾਂ ਚਮਕਾਇਐ।' ਤੂੰ ਓਧਰ ਪੈਂਦਾ ਆਪਣੇ ਘਰ ਦੀ ਚੌਥੀ ਪੁਸ਼ਤ ਹੋਰ ਵੀ ਲਿਸ਼ਕਦੀ।'

'ਡੈਡੀ ਉਹ ਆਪਣੀ ਥਾਂ ਠੀਕ ਨੇ। ਭਾਵੇਂ ਕਿਸੇ ਵੀ ਸੀ ਮਾਲਵੇ ਦਾ ਨੌਜਵਾਨ ਗਾਇਕ ਸ਼ੂਟਰਾਂ ਨੇ ਪਲਾਂ 'ਚ ਗਰਦ ਕਰਤਾ। ਬਣਨਾ ਤਾਂ ਕੀ ਮੈਨੂੰ ਤਾਂ ਇਹ ਨਾਂ ਵੀ ਹੁਣ ਚੰਗਾ ਲੱਗਣੋ ਹਟ ਗਿਐ। ਧੁੜਧੜੀ ਆਉਂਦੀ ਐ ਸੁਣਕੇ।'

'ਇਹਨਾਂ ਨੂੰ ਉਹਨਾਂ ਨਾਲ ਰਲਾਓਣੈ।'

'ਕੁਛ ਵੀ ਐ।' ਮੈਥੋਂ ਹੋਸਟਲ ਤੇ ਹੋਰ ਖ਼ਰਚੇ ਫੜ ਕੇ ਤੁਰ ਗਿਆ।

ਦਿਨੋਂ ਦਿਨ ਵਧਦਾ ਕੀ ਵਿਗੜਦਾ ਈ ਤੁਰਿਆ ਗਿਆ।

ਪੰਜ ਦਿਨ ਹੋ ਗਏ ਸੋਲਨ ਗਏ ਨੂੰ। ਕਹਿੰਦਾ ਸੀ, 'ਸੰਮੇਲਨ ਐ।' ਨਾ ਫੋਨ ਚੱਕਦੈ। ਜਦੋਂ ਕੋਈ ਗੱਲ ਕਰਦਾਂ। ਸੋਮਾ ਆਖਦੀ ਐ, 'ਸਰਦਾਰ ਜੀ ਆਪਣੀ ਸਿਹਤ ਦਾ ਖਿਆਲ ਰੱਖੋ। ਪਹਿਲਾਂ ਈ ਕਿੰਨੇ ਤੰਗ ਓਂ। ਆਜੂਗਾ। ਕੁਛ ਨੀਂ ਹੁੰਦਾ। ਪੜ੍ਹਿਆ ਲਿਖਿਐ। ਸਮਝਦਾਰ ਐ। ਬੱਚੇ ਸਭ ਦੇ ਐਸੇ ਈ ਨੇ ਅੱਜ ਕੱਲ੍ਹ।' ਇਹਦੀ ਸਮਝਦਾਰੀ ਨੇ ਤਾਂ ਮੈਨੂੰ ਸੁੱਕਣੇ ਪਾਇਆ ਪਿਐ। ਸੋਮਾ ਦੀ ਅੱਡ ਸਮਝ ਨੀਂ ਲੱਗਦੀ। ਇਹ ਵੀ ਓਹਦੀ ਵਕਾਲਤ ਕਰਦੀ ਉਸੇ ਦੀ ਜਾੜ੍ਹ 'ਚ ਬੋਲਦੀ ਐ। ਮੁੰਡਾ ਤੇਰੈ ਕਿ ਮੇਰਾ। ਤੂੰ ਘਰਦਾ ਕੰਮ ਕਰ 'ਤੇ ਆਵਦੇ ਕੰਮ 'ਤੇ ਜਾਹ।

ਮੈਂ ਤਾਂ ਬਾਹਰਲਾ ਕੋਈ ਫੜਕਣ ਨੀਂ ਦਿੱਤਾ ਸੀ ਕਦੇ। ਸਰੀਰ ਤੇ ਬਿਮਾਰੀ ਨੇ ਮਜਬੂਰ ਕਰਤਾ। ਐਵੇਂ ਬਿੜਕਾਂ ਜੀਆਂ ਭੰਨੀ ਜਾਊ। ਮੈਨੂੰ ਤਾਂ ਇਕੋ ਗੱਲ ਮਾਰਦੀ ਐ, ਰਾਣੋ ਬਿਠਾ ਕੇ ਗਈ ਐ। ਓਹਦੀ ਆਤਮਾ ਦੁਖੀ ਹੋਊ। ਨਹੀਂ ਇਹਦਾ ਵੀ ਵੱਢਾਂ ਜੂੜ, ਬੋਰੀਆ ਬਿਸਤਰਾ ਚੁਕਵਾ ਦਿਆਂ। ਪਰ ਰਾਣੋ ਦੀ ਸੂਰਤ ਦਿਨ ਰਾਤ ਅੱਖਾਂ ਮੂਹਰੇ ਰਹਿੰਦੀ ਐ। ਉਸੇ ਦੇ ਸੁਫ਼ਨੇ ਵੇਖਦਾ ਰਾਣੋ ਦਾ ਕੱਪ ਬੋਰਡ ਫਰੋਲਣ ਖੜ੍ਹ ਗਿਆ। ਭਰਿਆ ਪਿਆ ਸੂਟਾਂ, ਕੋਟਾਂ ਦਾ, ਹੇਠਲੇ ਖ਼ਾਨੇ 'ਚ ਭਾਂਤ-ਭਾਂਤ ਦੇ ਬੂਟ, ਜੁੱਤੀਆਂ ਪਏ। ਮਨ ਭਰ ਉੱਠਿਆ। ਦੋ ਲਾਂਗ ਕਮੀਜ਼ਾਂ, ਪੈਂਟ-ਪਲਾਜ਼ੋ ਤੇ ਕਢਾਈ ਵਾਲੀ ਜੁੱਤੀ ਦੇ ਨਾਲ ਜੋੜਾ ਸਕੈਚਰ ਦੇ ਬੂਟਾਂ ਦਾ ਸੋਮਾ ਨੂੰ ਕੱਢ ਕੇ ਫੜਾਤੇ। ਇਸੇ ਬਹਾਨੇ ਰਾਣੋ ਦੇ ਕੱਪੜੇ ਵੇਖ ਘਰ 'ਚ ਫਿਰਦੀ ਦਾ ਅਹਿਸਾਸ ਹੋਊ ਮੈਨੂੰ। ਇਹਦਾ ਕੱਦ ਵੀ ਓਸੇ ਵਰਗੈ, ਫਿੱਟ ਆਗੇ। ਪਰ ਮੈਨੂੰ ਇਹਦੀਆਂ ਗੱਲਾਂ ਫਿਟ ਨੀਂ ਆ ਰਹੀਆਂ। ਉੱਤੋਂ-ਉੱਤੋਂ ਮਾਰਦੀ ਫਿਰਦੀ ਐ। ਦੂਜਾ ਮਨ 'ਤੇ ਬੋਝ ਐ ਕੁੜੀ ਦੀ ਬਾਂਹ ਫੜਾਗੀ। ਕਹਿੰਦੀ ਧੀ ਬਣਾ ਕੇ ਰੱਖੀਂ। ਦੁਨੀਆਂਦਾਰੀ ਵੀ ਨਿਭਾਉਣੀ ਐ। ਕਾਲਜ ਦੀ ਫੀਸ ਭਰ ਦਿੰਨਾਂ। ਫਾਇਨ ਆਰਟ ਦੀ ਐੱਮ. ਏ. ਦੇ ਪਹਿਲੇ ਸਾਲ 'ਚ ਐ। ਬਹੁਤ ਸੋਹਣੀਆਂ ਪੇਂਟਿੰਗਜ਼ ਬਣਾਉਂਦੀ ਐ। ਔਹ ਸਾਹਮਣੇ ਲੈਂਡਸਕੇਪ ਵਾਲੀ ਬਰਾਂਡੇ 'ਚ ਲੱਗੀ ਉਸੇ ਦੀ ਬਣਾਈ ਐ ਪੇਂਟਿੰਗ। ਮੇਰੇ ਨਾਲ ਗੱਲਾਂ ਕਰਨ ਲੱਗੀ। ਮਖਿਆਂ, 'ਕੀ ਪਹਾੜ ਜੇ ਬਣਾਈ ਜਾਨੀ ਐਂ। ਸੋਭਾ ਸਿੰਘ ਵਾਂਗੂੰ ਗੁਰੂਆਂ ਦੀਆਂ ਹੋਰ ਪੇਂਟਿੰਗਜ਼ ਬਣਾਅ। ਕਮੇਟੀ ਵਾਲਿਆਂ ਨੂੰ ਕਹਿ ਕੇ ਲਾਇਬਰੇਰੀ, ਜ਼ਿਲ੍ਹਾ ਮੀਟਿੰਗ ਹਾਲ 'ਚ ਲਗਵਾ ਦਿਊਂ। ਪੈਸੇ ਵੀ ਦੇਣਗੇ।' ਜਵਾਕ ਅੱਜ ਕੱਲ਼ ਦੇ ਤੇਜ਼ ਤਰਾਰ ਨੇ।

'ਅੰਕਲ ਜੀ ਕੀ ਸੋਭਾ ਸਿੰਘ ਦੀ ਗੱਲ ਕਰਦੇ ਓਂ, ਤੁਸੀਂ ਬੈਠੋ ਤੁਹਾਡਾ ਪੋਰਟਰੇਟ ਬਣਾਵਾਂ।' ਕੁਰਸੀ 'ਤੇ ਬੈਠੇ ਦੀ ਚੰਦ ਮਿੰਟਾਂ 'ਚ ਮੇਰੀ ਵੱਡੀ ਫੋਟੋ ਬਣਾ ਕੇ ਮੇਰੇ ਸਾਹਮਣੇ ਰੱਖਤੀ। ਜਮ੍ਹਾਂ ਅਸਲ ਸੂਰਤ। ਮੈਂ ਤਾਂ ਹੈਰਾਨ ਹੋ ਗਿਆ। 'ਇਹਨੂੰ ਫਰੇਮ 'ਚ ਜੜਵਾਅ ਲਿਆਓ, ਸਾਹਮਣੇ ਡਰਾਇੰਗ-ਰੂਮ 'ਚ ਬਾਬਿਆਂ ਦੀਆਂ ਫੋਟੋਆਂ 'ਚ ਲਾਵਾਂਗੇ।' ਜਾਣ ਲੱਗੇ ਸ਼ਿਵਾਨੀ ਬੋਲੀ।

ਅਗਲੇ ਦਿਨ ਆਥਣੇ ਸੋਮਾ ਫਰੇਮ 'ਚ ਜੜਾਈਂ ਹੱਥ 'ਚ ਚੱਕੀ ਆਵੇ। ਆਹ ਤੇਜ਼-ਤਰਾਰ ਤੇ ਮਰਜ਼ੀ ਆਲ਼ੀ ਗੱਲ ਤੋਂ ਪਿਛਲੇ ਸਾਲ ਆਲ਼ਾ ਸੁਫ਼ਨਾ ਫੇਰ ਅੱਖਾਂ ਮੂਹਰੇ ਤੈਰ ਰਿਹੈ। ਜਦੋਂ ਬਹੁਤਾ ਈ ਅੜਵਾਈ ਕਰੀਂ ਜਾਂਦਾ ਸੀ। ਮੈਂ ਜੂੜੇ ਤੋਂ ਫੜ ਲਿਆ। ਰਾਣੋ ਕਹਿੰਦੀ, 'ਆਹੀ ਕਸਰ ਰਹਿੰਦੀ ਸੀ ਮੇਰੇ ਜਾਣ ਮਗਰੋਂ। ਇਹੀ ਫਾਂਕ ਐ ਮੇਰੀ ਤੇਰੇ ਕੋਲ਼ੇ। ਇਹਨੂੰ ਨੀਂ ਸੰਭਾਲ਼ ਸਕਦਾ।' ਮੇਰੇ ਹੱਥ ਢਿੱਲੇ ਪੈਗੇ। ਭੜੱਕ ਦੇਣੇ ਅੱਖ ਖੁੱਲ੍ਹਗੀ। ਅੰਮ੍ਰਿਤ ਵੇਲੇ ਐਸਾ ਭੈੜਾ ਸੁਫਨਾ ਆਇਆ। ਸਰੀਰ ਕੰਬਣ ਲੱਗ ਪਿਆ। ਓਹਤੋਂ ਅਗਲੇ ਦਿਨ ਈ ਅਧਰੰਗ ਦਾ ਅਟੈਕ ਹੋਇਆ। ਮੰਜੇ ਜੋਗਰਾ ਰਹਿ ਗਿਆ। ਕ੍ਰਿਆ ਸੋਧਣੀ ਔਖੀ ਹੋਈ ਪਈ ਐ। ਸੁਬਾਹ-ਸ਼ਾਮ ਬਿੱਲੂ ਆ ਜਾਂਦੈ। ਸਰੀਰ ਦੀ ਸਫ਼ਾਈ ਕਰ ਜਾਂਦੈ। ਡਾਇਪਰ ਬਦਲ, ਪਿਸ਼ਾਬ ਵਾਲਾ ਬੈਗ ਖਾਲੀ ਕਰ ਦਿੰਦੈ। ਕੇਸੀ ਇਸ਼ਨਾਨ ਕਰਵਾ ਕੇ ਕੱਪੜੇ ਚੇਂਜ ਕਰ ਜਾਂਦੈ। ਕੰਘੀ ਮੈਂ ਆਪ ਕਰਦਾਂ। ਬਾਪੂ ਜੀ ਨੇ ਏਹੀ ਸਿਖਾਇਐ, ਆਪਣਾ ਕਾਰਜ ਆਪ ਸੰਵਾਰੀਏ। ਜਿੰਨਾ ਹੋਇਆ ਆਪਣਾ ਆਪ ਈ ਸਾਂਭੂੰ। ਜ਼ਿੰਦਗੀ ਦਾ ਨਿਸ਼ਾਨਾ ਸਿੱਧਾ ਰਹੇ। ਜਿਵੇਂ ਵੱਡਿਆਂ ਨੇ ਰੱਖਿਐ। ਕੁਦਰਤ ਦੀ ਮਿਹਰ ਗਿਣਦਾਂ ਪੈਨਸ਼ਨ ਅਕਾਊਂਟ 'ਚ ਪੈ ਜਾਂਦੀ ਐ। ਇਹਨਾਂ ਦੇ ਖਰਚੇ ਦੇ ਦਿੰਨਾ। ਨਾ ਬਹੁਤਾ ਬੋਲਿਆ ਜਾਂਦੈ ਨਾ ਤੁਰਿਆ ਜਾਂਦੈ।

ਰਸੋਈ 'ਚ ਫੋਨ ਦੀ ਘੰਟੀ ਵਜਦੀ ਸੁਣ, ਧਿਆਨ ਓਧਰ ਹੋ ਜਾਂਦੈ। ਵੇਖਦਾ, ਸੋਮਾ ਕਿਸੇ ਨਾਲ ਗੱਲਾਂ ਕਰੀ ਜਾਂਦੀ ਐ। ਪਤਾ ਨੀਂ ਕੀ ਘੁਸਰ-ਮੁਸਰ ਜੀ ਕਰਦੀ ਰਹਿੰਦੀ ਐ। ਕਿਸੇ ਵੇਲੇ ਫੋਨ ਕੰਨ ਤੋਂ ਪਰੇ ਨੀਂ ਕਰਦੀ। ਐਨੇ ਤਾਂ ਕਿਸੇ ਬਿਜ਼ਨਸਮੈਨ ਜਾਂ ਲੀਡਰ ਦੇ ਫੋਨ ਨੀਂ ਆਉਂਦੇ, ਜਿੰਨੇ ਇਹਨੂੰ ਪਿਛਲੇ ਦਿਨਾਂ ਤੋਂ ਆ ਰਹੇ ਨੇ। ਸਾਰਾ ਦਿਨ ਕੰਨਾਂ 'ਚ ਘੰਟੀਆਂ ਵਜਦੀਆਂ ਰਹਿੰਦੀਆਂ ਨੇ। ਕਮਲਾ ਕੀਤਾ ਪਿਆਂ। ਇਹ ਗੱਲ ਵੀ ਨੀਂ ਪਾਣੀ ਜਮ੍ਹਾਂ ਈ ਸਿਰੋਂ ਉੱਤੇ ਵਗਜੇ। ਮੰਜੇ 'ਚ ਈ ਪਿਆ ਰਹਾਂ। ਆਉਣ ਦੇ ਨਬੇੜਾ ਤਾਂ ਕਰੂੰ। ਵਥੇਰਾ ਘਰ ਲੁਟਾਅਤਾ। ਫਜ਼ੂਲ ਦੀਆਂ ਗੱਲਾਂ 'ਤੇ। ਖੱਜਲ਼ ਹੋਇਆ ਪਿਆਂ। ਹਰੇਕ ਹੱਸਦੈ, ਆਹ ਕਿਹੜੇ ਕੰਮ 'ਚ ਲੱਗਿਐ ਮੁੰਡਾ। ਕੋਈ ਸੂਰਮਗਤੀ ਦਾ ਕੰਮ ਕਰਦਾ। ਆਪਣੀ ਭੁੱਲਰਾਂ ਦੀ ਤਾਂ ਵਿਰਾਸਤ ਘੋੜਿਆਂ ਦੀਆਂ ਕਾਠੀਆਂ, ਤਲਵਾਰ, ਢਾਲ ਦੀ ਰਹੀ ਐ।

'ਟਰਨ....ਟਰਨ......ਟਰਨ....' ਡੋਰ ਬੈੱਲ ਦੀ ਆਵਾਜ਼ ਨੇ ਬਿਰਤੀ ਤੋੜ ਦਿੱਤੀ ਐ, ਵੇਖਦਾਂ, ਸੋਮਾ ਭੰਬੀਰੀ ਵਾਂਗੂੰ ਗੇਟ ਬੰਨੀਂ ਗਈ ਐ।

"ਆਗੇ ਨੇ, ਐਵੇਂ ਫ਼ਿਕਰ ਕਰੀਂ ਜਾਂਦਾ ਸੀ।" ਪਹਾੜਨ ਮੇਰੇ ਬੈੱਡ ਕੋਲ਼ ਆ ਕੇ ਬੋਲੀ ਐ।

"ਕੌਣ ਆਗੇ? " ਚਿੰਤਾ 'ਚ ਡੁੱਬ ਗਿਆਂ।

ਸੋਮਾ ਕੇਰਾਂ ਬੂਹੇ ਵੱਲ ਮੁੜ ਗਈ ਐ।

ਵੇਖਦਾਂ, ਵਿਸ਼ਵ ਦਾ ਹੱਥ ਫੜੀਂ ਦੁਬਾਰਾ ਮੁੜ ਆਈ ਐ, ਦੂਜੇ ਹੱਥ ਮਿਠਾਈ ਦਾ ਡੱਬੈ।

"ਲੈ ਕਰ ਮੂੰਹ ਮਿੱਠਾ।" ਬਰਫ਼ੀ ਦਾ ਟੁੱਕੜਾ ਮੇਰੇ ਮੂੰਹ ਵੱਲ ਵਧਾਅ ਕੇ ਬੋਲਦੀ ਐ।

ਮੈਂ ਵੇਖਦਾਂ ਵਿਸ਼ਵ ਦੇ ਪਿੱਛੇ ਗੁਲਾਬੀ ਸੂਟ 'ਚ ਲਾਲ ਚੂੜਾ ਪਾਈਂ ਸ਼ਿਵਾਨੀ ਖੜ੍ਹੀ ਐ।

ਲਾਲ-ਪੀਲ਼ਾ ਹੋ ਓਹਦਾ ਹੱਥ ਪਿੱਛੇ ਨੂੰ ਧੱਕਦਾ ਬੋਲਿਆਂ, " ਮੈਨੂੰ ਨੀਂ ਮਨਜ਼ੂਰ।"

"ਕਿਓਂ ਨੀਂ ਮਨਜੂਰ, ਤੂੰ ਇਹਨਾਂ ਬੰਨੀਂ ਨਾ ਵੇਖ, ਮੇਰੇ ਬੰਨੀਂ ਝਾਕ, ਜਦੋਂ ਹਾਬੜਿਆ ਹੋਇਆ ਕਹਿੰਦਾ ਹੁੰਦਾ ਸੀ 'ਕੁਛ ਨੀਂ ਹੁੰਦਾ ...' 'ਕੁਛ ਨੀਂ ਹੁੰਦਾ...' ਹੁਣ ਵੀ ਆਫ਼ਤ ਨੀਂ ਆਗੀ, ਤੇਰੇ ਨਿਸ਼ਾਨਿਆਂ ਨਾਲ ਤਾਂ ਬੰਦੇ ਮਰਦੇ ਰਹੇ ਐ, ਮੇਰੇ ਨਿਸ਼ਾਨੇ ਜਿਊਣ ਦੇ ਨੇ।"

ਤਿੰਨਾਂ ਦੇ ਹੱਸਦੇ ਚਿਹਰੇ ਵੇਖ ਮੇਰੀ ਜ਼ੁਬਾਨ ਠਾਕੀ ਗਈ। 000

***(ਗਲੀ ਨੰ: 5, ਲਿੰਕ ਰੋਡ, ਮਾਨਸਾ***
***ਫੋਨ: +91-98720-01856)***

## ਛੇਕ: ਕਹਾਣੀ: ਸੁਰਿੰਦਰ ਰਾਮਪੁਰੀ

ਉਹ ਫਲੈਟ ਦੀ ਬੈੱਲ ਵਜਾਉਂਦਾ ਅਤੇ ਆਵਾਜ਼ ਦਿੰਦਾ, "ਕੂੜਾ"।

ਫਲੈਟ ਅੰਦਰ ਹਿਲਜੁਲ ਹੁੰਦੀ।

ਪਰਿਵਾਰ ਦਾ ਕੋਈ ਜੀਅ ਬਾਹਰ ਨਿਕਲਦਾ ਅਤੇ ਕੂੜੇ ਵਾਲਾ ਲਿਫਾਫਾ, ਉਹਦੇ ਢੋਲ ਵਿਚ ਪਾ ਦਿੰਦਾ।

ਦਰਵਾਜ਼ਾ ਬੰਦ ਹੋ ਜਾਂਦਾ। ਉਹ ਅੱਗੇ ਤੁਰ ਪੈਂਦਾ।

ਇਹ ਉਹਦਾ ਨਿੱਤ ਕਰਮ ਹੈ। ਰੁਟੀਨ।

ਅੱਜ ਕੱਲ੍ਹ ਉਹ, 'ਕ੍ਰਿਸ਼ਨਾ ਅਪਾਰਟਮੈਂਟਸ' ਵਿਚ ਸਫ਼ਾਈ ਅਤੇ ਕੂੜਾ ਇਕੱਠਾ ਕਰਦਾ ਹੈ। ਉਹ ਤਿੰਨ ਜਣੇ ਹਨ। ਪੀਤੂ, ਗਾਮਾ ਅੰਕਲ ਅਤੇ ਉਹ ਆਪ। ਤਿੰਨੇ ਠੇਕੇਦਾਰ ਦੇ ਕਰਿੰਦੇ ਹਨ।

ਕੂੜਾ ਇਕੱਠਾ ਕਰਦਾ ਉਹ ਕਿਸੇ ਨਾਲ ਬਹੁਤਾ ਬੋਲਦਾ ਨਹੀਂ। ਬੱਸ ਸੁੰਨੀਆਂ ਜਿਹੀਆਂ ਨਜ਼ਰਾਂ ਨਾਲ, ਬਾਹਰ ਆਏ ਨਿਆਣੇ-ਸਿਆਣੇ ਵੱਲ ਦੇਖਦਾ ਰਹਿੰਦੈ। ਕੂੜੇ ਦਾ ਲਿਫਾਫਾ ਫੜ ਢੋਲ ਵਿਚ ਸੁੱਟ ਲੈਂਦੈ। ਕਈ ਵਾਰ ਤਾਂ ਲਿਫਾਫਾ ਦਰਵਾਜ਼ੇ ਦੇ ਬਾਹਰ ਹੀ ਪਿਆ ਹੁੰਦੈ।

ਕਦੇ ਕਦੇ ਕੋਈ ਬੱਚਾ ਆਖਦਾ ਹੈ, "ਅੰਕਲ ਜੀ, ਕੂੜਾ।" ਕੋਈ ਤ੍ਰੀਮਤ ਆਖਦੀ ਹੈ, "ਭਾਅ ਜੀ, ਲਓ।" ਇਹ ਆਵਾਜ਼ਾਂ ਉਹਨੂੰ ਚੰਗੀਆਂ ਲੱਗਦੀਆਂ ਹਨ। ਮਨ ਨੂੰ ਧਰਵਾਸ ਦੇ ਦਿੰਦੀਆਂ ਹਨ। ਇਕ ਨਜ਼ਰ ਉਹ ਆਵਾਜ਼ ਦੇਣ ਵਾਲੇ ਵਲ ਤੱਕਦਾ ਹੈ, ਜਿਵੇਂ ਸ਼ੁਕਰੀਆ ਅਦਾ ਕਰ ਰਿਹਾ ਹੋਵੇ। ਮੂੰਹੋਂ ਕੁਝ ਨਹੀਂ ਬੋਲਦਾ।

ਕਈ ਰੁੱਖੇ ਬੋਲ ਵੀ ਸੁਣਦੇ ਹਨ। ਬੋਲਦਾ ਉਹ ਫਿਰ ਵੀ ਨਹੀਂ। ਬੱਸ ਮੱਥੇ 'ਤੇ ਬਰੀਕ ਜਿਹੀ ਤਿਊੜੀ ਉੱਭਰ ਆਵੇ। ਜੇ ਕਿਸੇ ਗੱਲ ਦਾ ਜਵਾਬ ਦੇਣਾ ਪੈ ਵੀ ਜਾਵੇ ਤਾਂ ਹੂੰਅ-ਹਾਂਅ ਕਰ ਛੱਡਦਾ ਹੈ। ਜੀ! ਕਹਿ ਦਿੰਦਾ ਹੈ।

ਹਰ ਫਲੈਟ ਵਿਚ ਲੱਗੀ ਕਾਲ-ਬੈੱਲ ਦੀ ਆਪਣੀ ਹੀ ਆਵਾਜ਼ ਹੁੰਦੀ ਹੈ। ਕੋਈ ਸਿਰਫ਼ ਸ਼ੋਰ ਹੀ ਪਾਉਂਦੀ ਹੈ, ਜਿਵੇਂ ਕਹਿ ਰਹੀ ਹੋਵੇ, 'ਕਿਹੜੈਂ?' ਕਈ ਜੀ-ਆਇਆਂ ਨੂੰ ਕਹਿ ਰਹੀਆਂ ਜਾਪਦੀਆਂ ਹਨ। ਕਿਸੇ ਘੰਟੀ ਦੀ ਆਵਾਜ਼ ਸੁਣ ਉਹਨੂੰ ਲੱਗਦਾ ਹੈ, ਜਿਵੇਂ ਆਖ ਰਹੀ ਹੋਵੇ, 'ਆਉਂਨੇ ਆਂ ਜੀ'। ਕਿਸੇ ਕਿਸੇ ਬੈੱਲ ਦੀ ਆਵਾਜ਼ ਵਿਚੋਂ ਨਿਕਲਦੀਆਂ ਸੰਗੀਤ ਦੀਆਂ ਸੁਰਾਂ ਨਾਲ ਉਹਦਾ ਮਨ ਸਰੂਰਿਆ ਜਾਂਦੈ। ਸੰਗੀਤ ਉਹਦੇ ਮਨ ਨੂੰ ਮੋਹ ਲੈਂਦੈ। ਕਈ ਵਾਰ ਉਹਦਾ ਜੀਅ ਕਰਦੈ, ਇਹ ਘੰਟੀ ਦੁਬਾਰਾ ਵਜਾਵੇ। ਪਰ ਉਹ ਦੁਬਾਰਾ ਵਜਾਉਂਦਾ ਨਹੀਂ। ਠੇਕੇਦਾਰ ਨੇ ਤਾਕੀਦ ਕੀਤੀ ਹੋਈ ਐ, "ਕੂੜਾ 'ਕੱਠਾ ਕਰਦਿਆਂ, ਕਿਸੇ ਵੀ ਫਲੈਟ ਦੀ ਘੰਟੀ ਦੁਬਾਰਾ ਨਹੀਂ ਵਜਾਉਣੀ। ਇਹ ਲੋਕ ਛੇਤੀ ਹੀ 'ਡਿਸਟਰਬ' ਹੋ ਜਾਂਦੇ ਨੇ। ਬੈੱਲ ਦਬਾਓ, ਆਵਾਜ਼ ਲਗਾਓ, ਅੱਗੇ ਹੋ ਜਾਓ।"

ਇਕ ਵਾਰ ਉਹਨੇ ਘੰਟੀ ਵਜਾਈ। ਸੰਗੀਤ ਦੀਆਂ ਸੁਰਾਂ ਉੱਭਰੀਆਂ। ਉਹ ਅਜੇ ਘੰਟੀ ਦੇ ਸੰਗੀਤ ਦੇ ਅਸਰ ਵਿਚੋਂ ਨਿਕਲਿਆ ਹੀ ਨਹੀਂ ਸੀ, ਅੰਦਰੋਂ ਨਿਕਲਦਾ ਇਕ ਅੰਕਲ ਉੱਚੀ ਆਵਾਜ਼ ਵਿਚ ਬੋਲਿਆ, "ਕਿੱਧਰ ਝਾਕੀ ਜਾਨੈਂ। ਤੇਰੀ ਸੁਰਤ ਕਿੱਥੇ ਐ। ਅਜੇ ਤਾਂ ਸਾਝਰਾ ਈ ਐ। ਲਿਫਾਫਾ ਫੜ ਵੀ ਲੈ। ਏਥੇ ਈ ਨਾ ਖਿੰਡਾ ਦਈਂ।" ਉਹਨੇ ਮਨ ਹੀ ਮਨ ਸੋਚਿਆ, ਕਿਹੋ ਜਿਹਾ ਉਲਟ ਫੇਰ ਐ। ਬਾਹਰ ਸੰਗੀਤ, ਅੰਦਰ ਗ਼ੁੱਸਾ ਅਤੇ ਰੁੱਖਾਪਣ। ਮਨ ਵਿਚ ਗ਼ਰੂਰ ਅਤੇ ਨਫ਼ਰਤ ਭਰੀ ਹੋਈ। ਉਹਨੇ ਕਹਿਣਾ ਤਾਂ ਚਾਹਿਆ ਸੀ, ਅੱਗੇ ਕਦੇ ਖਿੰਡਿਆ ਦੇਖਿਐ। ਜੇ ਖਿੰਡ ਵੀ ਗਿਆ, ਤਾਂ 'ਕੱਠਾ ਵੀ ਮੈਂ ਹੀ ਕਰਨੈਂ। ਪਰ ਉਹ ਚੁੱਪ ਹੀ ਰਿਹਾ। ਠੇਕੇਦਾਰ ਨੇ ਗੁਰ ਸਮਝਾਇਆ ਸੀ, "ਹਰ ਗੱਲ ਦਾ ਜਵਾਬ ਨਹੀਂ ਦਈਦਾ। ਕਈ ਵਾਰ ਚੁੱਪ ਵੀ ਜਵਾਬ ਹੁੰਦੀ

ਐ"। ਉਹ, ਅੰਦਰ ਵੜਦੇ ਦੀ ਪਿੱਠ ਵੱਲ ਝਾਕਿਆ ਤੇ ਅੱਗੇ ਤੁਰ ਪਿਆ।

ਜਦੋਂ ਕਦੇ ਘਰਾਂ ਵਿਚ 'ਕੰਮ ਕਰਨ ਵਾਲੀ' ਕੋਈ 'ਬੁਈਆ ਜੀ', ਕੋਈ 'ਬੇਟਾ' ਕਹਿ ਲਿਫਾਫਾ ਢੋਲ ਵਿਚ ਸਿੱਟਦੀ, ਤਾਂ ਉਹਦੇ ਮਨ ਵਿਚ ਆਪਣੇਪਣ ਦਾ ਅਹਿਸਾਸ ਜਾਗਦਾ ਹੈ। ਉਹ ਉਸ ਵੱਲ ਝਾਕਦਾ ਹੈ। ਉਸ ਵੇਲ਼ੇ ਉਹਨੂੰ ਖ਼ੁਦ ਵੀ ਪਤਾ ਨਹੀਂ ਹੁੰਦਾ ਕਿ ਉਸ ਝਾਕਣੀ ਵਿਚ ਪਿਆਰ ਹੁੰਦਾ ਹੈ, ਸਤਿਕਾਰ ਹੁੰਦਾ ਹੈ ਜਾਂ ਬਰਾਬਰੀ ਦਾ ਅਹਿਸਾਸ। ਆਪਣੇਪਣ ਦੀ ਭਾਵਨਾ ਜ਼ਰੂਰ ਹੁੰਦੀ ਹੈ।

ਘਰ-ਘਰ ਤੋਂ ਕੂੜਾ ਇਕੱਠਾ ਕਰਦਿਆਂ ਵੀ ਸੰਗੀਤ, ਉਹਦੇ ਮਨ ਵਿਚ ਵਸਿਆ ਹੋਇਆ ਹੈ। ਸੰਗੀਤ ਸੁਣ ਉਹ ਤਰੋ-ਤਾਜ਼ਾ ਹੋ ਜਾਂਦੈ। ਸੰਗੀਤ ਉਹਦਾ ਥਕੇਵਾਂ ਲਾਹ ਦਿੰਦੈ। ਮਨ ਦਾ ਬੋਝ ਲਹਿ ਜਾਂਦੈ। ਨੀਰਸ ਜਾਪਦੀ ਜ਼ਿੰਦਗੀ ਵਿਚ ਰਸ ਭਰ ਜਾਂਦੈ। ਉਹਦੇ ਫੋਨ ਦੀ ਰਿੰਗ-ਟੋਨ ਵੀ 'ਕੌਣ ਬਜਾਏ ਬੰਸਰੀਆ' ਪੁਕਾਰਦੀ ਹੈ।

ਛੇ ਸੌ ਤਿੰਨ ਵਾਲੇ ਮਾਤਾ ਜੀ ਨੂੰ ਬਾਹਰ ਆਉਂਦਿਆਂ ਦੇਖ ਉਹ ਨਮਸਤੇ ਬੁਲਾਉਂਦਾ ਹੈ। ਅੱਗੇ ਹੋ ਉਹਨਾਂ ਦੇ ਹੱਥੋਂ ਲਿਫਾਫਾ ਫੜਦਾ ਹੈ।

"ਕਰਮੇ ਪਾਣੀ ਪੀਏਂਗਾ?" ਉਹ ਪੁੱਛਦੇ ਨੇ।

"ਨਹੀਂ ਮਾਤਾ ਜੀ।"

"ਅੱਛਾ ਰੁਕ ਕਰਮੇ, ਮੈਂ ਚਾਹ ਲਿਆਉਂਨੀ ਹਾਂ।"

ਮਾਤਾ ਜੀ ਦੀ ਆਦਤ ਹੈ, ਉਹ ਚਾਹ ਬਣਾ ਥਰਮਸ ਵਿਚ ਪਾ ਰੱਖਦੇ ਨੇ। ਕੰਮ ਕਰਨ ਵਾਲਿਆਂ ਨੂੰ ਪਿਲ਼ਾ ਦਿੰਦੇ ਨੇ।

"ਲੈ ਫੜ।"

ਉਹ ਚਾਹ ਦਾ ਗਲਾਸ ਅਤੇ ਬਿਸਕੁਟ ਫੜ ਪੌੜੀਆਂ 'ਤੇ ਬਹਿ ਜਾਂਦੈ। ਚਾਹ ਪੀਂਦਿਆਂ ਉਹ, ਮਾਤਾ ਜੀ ਦੇ ਫਲੈਟ ਅੱਗੇ ਰੱਖੇ ਗਮਲਿਆਂ ਵੱਲ ਦੇਖਣ ਲੱਗਦੈ। ਖਿੜੇ ਹੋਏ ਫੁੱਲਾਂ ਨੂੰ ਦੇਖਦੈ। ਉਹਨੇ ਮਾਤਾ ਜੀ ਨੂੰ ਕਈ ਵਾਰ ਕਿਹੈ, "ਗਮਲਿਆਂ ਨੂੰ ਪਾਣੀ, ਮੈਂ ਪਾ ਦਿਆ ਕਰਾਂਗਾ।" ਪਰ ਉਹਦੇ ਆਉਣ ਤੋਂ ਪਹਿਲਾਂ ਹੀ , ਗਮਲਿਆ ਵਿਚ ਪਾਣੀ ਪਾਇਆ ਹੁੰਦੈ। ਮਾਤਾ ਜੀ ਆਪ ਪਾਉਂਦੇ ਨੇ। ਮਾਲੀ ਨੇ ਉਹਨੂੰ ਦੱਸਿਆ ਸੀ, ਮਾਤਾ ਜੀ ਨੇ ਅੰਦਰ ਬਾਲਕੋਨੀ ਵਿਚ ਵੀ ਫੁੱਲਾਂ ਦੇ ਗਮਲੇ ਰੱਖੇ ਹੋਏ ਨੇ। ਤੁਲਸੀ ਅਤੇ ਪੁਦੀਨਾ ਵੀ ਲਗਾਇਆ ਹੋਇਐ। ਉਹ ਹੀ ਮੌਸਮ ਅਨੁਸਾਰ ਗਮਲਿਆਂ ਦੇ ਬੂਟੇ ਬਦਲਦਾ ਰਹਿੰਦੈ।

"ਕੱਲ੍ਹ ਨੂੰ ਮੈਂ ਰੂੜੀ ਦੀ ਖਾਦ ਲਿਆਵਾਂਗਾ ਮਾਤਾ ਜੀ।"

"ਲੈ ਆਈਂ, ਪਾ ਦਿਆਂਗੇ", ਮਾਤਾ ਜੀ ਉਹਦੇ ਹੱਥੋਂ ਗਲਾਸ ਅਤੇ ਪਲੇਟ ਫੜਦੇ ਬੋਲੇ।

ਛੇ ਸੌ ਪੰਜ 'ਚੋਂ ਨਿਕਲਦੀ ਇਕ ਇਸਤਰੀ ਨੇ ਆਵਾਜ਼ ਮਾਰੀ, "ਉਹ ਕੂੜਾ ਮਾਸਟਰ।" ਸਵਾਦ-ਸਵਾਦ ਹੋਇਆ, ਉਹਦਾ ਮੂੰਹ ਕੌੜਾ ਹੋ ਗਿਆ। ਮਾਤਾ ਜੀ ਦੇ ਮੱਥੇ 'ਤੇ ਵਲ਼ ਪੈ ਗਏ।

"ਏਥੇ ਰੱਖ ਦਿਓ। ਮੈਂ ਚੱਕ ਲੈਨਾਂ।"

"ਗੇਟ ਮੂਹਰਿਓਂ ਸੰਵਾਰ ਕੇ ਸੁੰਭਰਿਆ ਕਰ। ਕੱਲ੍ਹ ਸਾਰੀ ਦਿਹਾੜੀ ਮਿੱਟੀ ਪਈ ਰਹੀ", ਕਹਿੰਦਿਆਂ ਉਹਨੇ ਲਿਫਾਫਾ ਰੱਖ ਦਰਵਾਜ਼ਾ ਬੰਦ ਕਰ ਲਿਆ।

"ਦੇਖ ਲਓ ਮਾਤਾ ਜੀ, ਕੂੜਾ 'ਕੱਠਾ ਕਰਦਾ ਕਰਦਾ ਮੈਂ 'ਕੂੜਾ ਮਾਸਟਰ' ਹੀ ਬਣ ਗਿਆ।" ਉਹ ਮਨ ਦੀ ਕੁੜੱਤਣ ਨੂੰ ਅੰਦਰੇ-ਅੰਦਰੀ ਪੀਂਦਾ ਬੋਲਿਆ, "ਇਸੇ ਤਰ੍ਹਾਂ ਬੰਦਿਆਂ ਦੇ ਨਾਂਅ ਤੋਂ ਕੁਨਾਂਅ ਪੈ ਜਾਂਦੇ ਨੇ।"

"ਆਪਣੀ ਆਪਣੀ ਸਮਝ ਹੁੰਦੀ ਐ ਕਰਮੇ। ਆਪਣਾ ਆਪਣਾ ਸੁਭਾਅ ਹੁੰਦੈ।"

ਮਾਤਾ ਜੀ ਦੀ ਗੱਲ ਸੁਣ, ਉਹਦੇ ਮਨ ਦੀ ਕੁੜੱਤਣ ਕੁਝ ਘਟ ਗਈ।

ਕੂੜੇ ਦਾ ਢੋਲ ਲੈ ਉਹ ਗਰਾਊਂਡ ਫਲੋਰ 'ਤੇ ਆਇਆ , ਗਾਮਾ ਅੰਕਲ ਪੁੱਛਣ ਲੱਗਿਆ, "ਕਿੰਨਾ ਕੁ ਕੰਮ ਰਹਿ ਗਿਆ?"

"ਬੱਸ ਹੋ ਗਿਆ ਅੰਕਲ। ਫਸਟ ਅਤੇ ਗਰਾਊਂਡ ਫਲੋਰ ਦੇ ਫਲੈਟ ਰਹਿੰਦੇ ਨੇ। ਹੁਣੇ ਲੈ

ਆਇਆ।"
"ਬਹਿ ਜਾ, ਲੈ ਆਵਾਂਗੇ। ਆ ਜਾ ਤੈਨੂੰ ਚਾਹ ਪਿਲਾਉਨਾਂ।"
"ਅੰਕਲ, ਚਾਹ ਤਾਂ ਮੈਂ ਪੀ ਆਇਆਂ। ਛੇ ਸੌ ਤਿੰਨ ਵਾਲੇ ਮਾਤਾ ਜੀ ਨੇ ਪਿਲ਼ਾ ਦਿੱਤੀ, ਉਹਨਾਂ ਦੀ ਚਾਹ ਬਹੁਤ ਸੁਆਦ ਹੁੰਦੀ ਹੈ। ਪਤਾ ਨਹੀਂ ਕੀ ਪਾਉਂਦੇ ਨੇ।"
ਪਾਉਣਾ ਤਾਂ ਕੀ ਹੁੰਦੈ ਕਰਮਿਆ, ਪ੍ਰੇਮ ਨਾਲ ਖਲ਼ਾਏ-ਪਲ਼ਾਏ ਦਾ ਆਪਣਾ ਹੀ ਸੁਆਦ ਹੁੰਦੈ। ਪੰਜ ਸੌ ਸੱਤ ਵਾਲਿਆਂ ਨੇ ਮਠਿਆਈ ਦਿੱਤੀ ਐ। ਨਾਲੇ ਚਾਹ ਲਈ ਪੈਸੇ ਦਿੱਤੇ ਨੇ।"
"ਗਾਮੇ ਅੰਕਲ, ਪੈਸੇ ਤੂੰ ਰੱਖ ਲੈਂਦਾ। ਆਥਣ ਨੂੰ ਤੇਰੇ ਕੰਮ ਆ ਜਾਂਦੇ।"
"ਕਰਮੇ ਚਾਹ ਦੇ ਪੈਸਿਆਂ ਦੀ ਚਾਹ ਹੀ ਪੀਆਂਗੇ। ਆਥਣ ਨੂੰ, ਆਥਣ ਦਾ ਕੋਈ ਜੁਗਾੜ ਬਣ ਜੂ," ਉਹ ਹੱਸਿਆ।
"ਫਿਰ ਪੀ ਲਵਾਂਗੇ ਅੰਕਲ।"
"ਗਾਮੇ ਅੰਕਲ ਸਾਨੂੰ ਵੀ ਪੁੱਛ ਲਿਆ ਕਰ ਚਾਹ ਦੀ ਘੁੱਟ, ਇਹਨਾਂ ਭੁੱਖੜਾਂ ਨੂੰ ਈ ਪਲ਼ਾਈ ਜਾਨੈਂ।" ਕੋਲ਼ੋਂ ਲੰਘਦੀਆਂ ਘਰਾਂ ਵਿਚ ਕੰਮ ਕਰਨ ਵਾਲੀਆਂ ਕੁੜੀਆਂ 'ਚੋਂ ਇਕ ਬੋਲੀ।
"ਪਿੰਕੀ ਬੇਟੇ, ਮੈਨੂੰ ਪਤੈ ਤੁਹਾਨੂੰ ਅੰਦਰ ਫਲੈਟਾਂ 'ਚ ਚਾਹ ਦਾ ਕੋਈ ਘਾਟਾ ਨਹੀਂ।"
"ਗੱਲ ਤਾਂ ਤੇਰੀ ਠੀਕ ਐ ਅੰਕਲ," ਉਹ ਮੁਸਕਰਾਉਂਦੀਆਂ ਹੋਈਆਂ ਅੱਗੇ ਲੰਘ ਗਈਆਂ।
ਅੰਕਲ, ਇਹ ਗੱਲਾਂ ਤਾਂ ਐਂ ਕਰਦੀਆਂ ਨੇ ਜਿਵੇਂ ਆਪ ਬਹੁਤੀਆਂ ਹੀ ਰੱਜੀਆਂ ਹੋਣ", ਪੀਤੂ ਬੋਲਿਆ।
"ਪੀਤੂ, ਇਹ ਤਾਂ ਘੜੀ ਬਿੰਦ ਮਨ ਖੁਸ਼ ਕਰਦੀਆਂ ਨੇ, ਕਰ ਲੈਣ ਦੇ ਪੁੱਤਰਾ।"
ਚਾਹ ਪੀਂਦਿਆਂ ਕਰਮਾ ਦੱਸਣ ਲੱਗਿਆ, "ਗਾਮੇ ਅੰਕਲ, ਛੇ ਸੌ ਪੰਜ ਵਾਲੀ ਆਂਟੀ ਮੈਨੂੰ ਕੂੜਾ ਮਾਸਟਰ ਕਹਿ ਕੇ ਬੁਲਾਉਂਦੀ ਐ।"
"ਕੋਈ ਨਾ। ਬੁਲਾਈ ਜਾਣ ਦੇ। ਤੇਰਾ ਕੀ ਘਟ ਜਾਂਦੈ।"
"ਮੈਨੂੰ ਤਾਂ ਗ਼ੁੱਸਾ ਚੜ੍ਹ ਜਾਂਦੈ। ਕਿਸੇ ਦਿਨ ਉਹਨੇ ਮੈਥੋਂ ਸੁਣ ਹੀ ਲੈਣੀਆਂ ਨੇ।"
"ਨਾ ਨਾ। ਐਵੇਂ ਕਲਪੀਦਾ ਨਹੀਂ। ਆਪਣਾ ਕੰਮ ਕਰੋ। ਆਪਣੀ ਕੀ ਸਾਂਝ ਐ ਇਹਨਾਂ ਨਾਲ। ਅੱਜ ਇੱਥੇ, ਕੱਲ੍ਹ ਉੱਥੇ। ਕਿਹੜਾ ਉਮਰ-ਵੱਟਾ ਐ। ਆਪਣਾ ਵਕਤ ਕੱਟੋ। ਕਰਮਿਆ, ਤੂੰ ਤਾਂ ਸ਼ਾਮੂ ਬਾਜੇ ਵਾਲੇ ਦਾ ਪੁੱਤ ਐਂ। ਤੇਰਾ ਭਾਪਾ ਸ਼ਾਮੂ ਗਟਰ ਦਾ ਹੀ ਮਾਹਰ ਨਹੀਂ ਸੀ, ਬੀਨ-ਬਾਜੇ ਦਾ ਵੀ ਉਸਤਾਦ ਸੀ। ਜਦੋਂ ਸਾਈ 'ਤੇ ਜਾਂਦੇ, ਸ਼ਾਮੂ ਦੀ ਅੱਡ ਹੀ ਪਛਾਣ ਹੁੰਦੀ। ਮੁੰਡੇ ਉਹਦੀ ਬੀਨ 'ਤੇ ਸੱਪ ਵਾਂਗੂੰ ਮੇ੍ਲਦੇ। ਕੁੜੀਆਂ ਖੁਸ਼ੀ 'ਚ ਖੀਵੀਆਂ ਹੋ ਹੋ ਨੱਚਦੀਆਂ।
"ਅੰਕਲ ਮੈਨੂੰ ਬੰਸਰੀ ਭਾਪੇ ਨੇ ਹੀ ਸਿਖਾਈ ਐ।"
"ਮੈਨੂੰ ਸਭ ਪਤੈ। ਤੇਰੀ ਬੰਸਰੀ ਸੁਣ ਤਾਂ ਭਟਕਦਾ ਮਨ ਵੀ ਸ਼ਾਂਤ ਹੋ ਜਾਂਦੈ। ਤਾਂ ਹੀ ਤਾਂ ਕਹਿਨਾਂ ਦੜ ਵੱਟ ਜਮਾਨਾ ਕੱਟ ਭਲੇ ਦਿਨ ਆਉਣਗੇ।"
ਉਹ ਕਹਿਣਾ ਤਾਂ ਚਾਹੁੰਦਾ ਸੀ, ਵਕਤ ਹੀ ਤਾਂ ਕੱਟ ਰਹੇ ਆਂ ਅੰਕਲ। ਭਲੇ ਦਿਨ ਪਤਾ ਨਹੀਂ ਕਦੋਂ ਆਉਣਗੇ, ਪਰ ਮੂਹੋਂ ਕੁਝ ਨਾ ਬੋਲਿਆ। ਚੁੱਪ ਕੀਤਾ ਦੂਰ ਦਿਸਹੱਦੇ ਵੱਲ ਝਾਕਦਾ ਰਿਹਾ। ਉਹਦੀਆਂ ਅੱਖਾਂ ਮੂਹਰੇ ਬਿੰਦੀ ਦਾ ਚਿਹਰਾ ਘੁੰਮ ਗਿਆ। ਉਹਦੀ ਬੰਸਰੀ ਦੀ ਤਾਨ ਸੁਣ ਝੂੰਮਦੀ ਬਿੰਦੀ ਦਾ ਚਿਹਰਾ। ਉਹਦੇ ਮਨ ਵਿਚ ਤਰੰਗਾਂ ਛਿੜ ਗਈਆ।
"ਮੇਰੀ ਗੱਲ ਸੁਣ ਕਰਮੇ, ਆਪਾਂ ਤਾਂ ਕੂੜਾ 'ਕੱਠਾ ਕਰ ਡੰਪ 'ਤੇ ਸੁੱਟ ਦਿੰਨੇ ਆਂ। ਕਈਆਂ ਦੇ ਤਾਂ ਅੰਦਰ ਹੀ ਕੂੜਾ-ਕਬਾੜ ਜਮ੍ਹਾਂ ਹੁੰਦਾ ਰਹਿੰਦੈ। ਜਦੋਂ ਮੌਕਾ ਮਿਲਦੈ, ਬਾਹਰ ਖਿਲਾਰ ਦਿੰਦੇ ਨੇ।" ਗਾਮੇ ਅੰਕਲ ਦੀ ਗੱਲ ਸੁਣ ਉਹ ਆਪੇ 'ਚ ਆਇਆ।
"ਪੀਤੂ, ਕਬਾੜ ਕਰ ਲਿਆ ਇਕ ਪਾਸੇ?" ਉਹ ਢੋਲ ਦੇ ਕੂੜੇ ਨੂੰ ਰੇਹੜੀ 'ਚ ਉਲ਼ੱਦਦਾ ਬੋਲਿਆ।
"ਅਸੀਂ ਕਰਦੇ ਆਂ, ਤੂੰ ਆਪਣਾ ਕੰਮ ਨਿਬੇੜ ਲੈ।" ਗਾਮਾ ਅੰਕਲ ਬੋਲਿਆ।

ਪੀਤੂ ਨੇ ਇਕ ਲਿਫਾਫੇ ਵਿਚੋ ਸ਼ਰਾਬ ਦੀ ਬੋਤਲ ਦਾ ਡੱਬਾ ਕੱਢਿਆ। ਖੋਲ੍ਹ ਕੇ ਦੇਖਿਆ, ਅੱਧ ਕੁ ਪਾ ਬਚਦੀ ਸੀ।

"ਲੈ ਅੰਕਲ, ਇਹਨੂੰ ਸਾਂਭ ਲੈ। ਆਥਣੇ ਲਾ ਲਈਂ।"

"ਇਹਨੂੰ ਕਿਹੜਾ ਸਾਂਭੀ ਫਿਰੂ ਆਥਣ ਤਕ। ਤੂੰ ਚਾਹ ਆਲ਼ੇ ਗਲਾਸ ਧੋ ਲਿਆ। ਇਕ ਗਲਾਸ 'ਚ ਪਾਣੀ ਪਾ ਲਿਆਈਂ। ਇਕ-ਇਕ ਘੁੱਟ ਦੋਵੇਂ ਪੀ ਲਮਾਂਗੇ।"

"ਲੈ ਅੰਕਲ, ਇਹਨੂੰ ਦੋਵੇਂ ਕਿਵੇਂ ਪੀ ਲਵਾਂਗੇ।" ਉਹ ਗਲਾਸ ਚੁੱਕ ਟੂਟੀ ਵੱਲ ਤੁਰ ਪਿਆ।

"ਦਾਰੂ ਤਾਂ ਇਹਨਾਂ ਦੀ ਵਧੀਆ ਤੋਂ ਵਧੀਆ ਹੁੰਦੀ ਹੈ", ਗਾਮੇ ਅੰਕਲ ਨੇ ਖਾਲੀ ਗਲਾਸ ਰੱਖਦਿਆਂ ਕਿਹਾ।

"ਅੰਕਲ, ਔਹ ਦੇਖ ਰਾਮ ਨਾਥ ਗੇਟ ਮੈਨ ਕਿਵੇਂ ਝਾਕਦੈ।"

"ਝਾਕੀ ਜਾਣ ਦੇ। ਆਪਣਾ ਕੀ ਲੈਂਦੈ। ਜਦੋਂ ਵਾਫਰ ਹੋਵੇ, ਪਲ਼ਾ ਵੀ ਦਈਦੀ ਐ। ਹੁਣ ਇਹਦੇ 'ਚੋਂ ਕੀ ਦੇ ਦਿੰਦੇ ਉਹਨੂੰ।"

ਉਹ ਬੋਤਲਾਂ, ਡੱਬੇ, ਲੋਹਾ, ਇਕ ਥੈਲੇ ਵਿਚ ਪਾਉਣ ਲੱਗੇ। ਜਾਂਦੇ ਹੋਏ, ਕਬਾੜੀਏ ਨੂੰ ਦੇ ਜਾਣਗੇ।

"ਸੁਣਾ ਬਈ ਕਰਮੇ, ਸੁਣਾ ਤੇਰੀ ਬਿੰਦੀ ਕਿਵੇਂ ਐਂ।" ਉਹਦੇ ਆਉਂਦਿਆਂ ਹੀ ਗਾਮਾ ਪੁੱਛਣ ਲੱਗਿਆ।

"ਗਾਮਾ ਅੰਕਲ ਸਰੂਰ 'ਚ ਲੱਗਦੈ?" ਉਹ ਪੀਤੂ ਵੱਲ ਝਾਕਦਾ ਬੋਲਿਆ, "ਅੰਕਲ ਨੇ ਪੀਤੀ ਤਾਂ ਚਾਹ ਸੀ।"

"ਸਾਨੂੰ ਤਾਂ ਚਾਹ ਹੀ ਚੜ੍ਹ ਜਾਂਦੀ ਹੈ ਪੁੱਤਰਾ।"

"ਕੋਈ ਨਾ ਅੰਕਲ, ਦਾਰੂ ਵੀ ਪਲ਼ਾ ਦਿਆਂਗੇ। ਸ਼ਾਮ ਨੂੰ ਕਸ਼ਮੀਰੇ ਦੀ ਸ਼ਾਪ 'ਤੇ ਆ ਜਾਈਂ।"

"ਜੇ ਤੂੰ ਸੱਦਦੈਂ ਤਾਂ ਜ਼ਰੂਰ ਆਊਂਗਾ। ਪਹਿਲਾਂ ਮੇਰੀ ਗੱਲ ਦਾ ਜਵਾਬ ਤਾਂ ਦੇਹ।"

"ਕਿਹੜੀ ਗੱਲ ਦਾ?"

"ਭੁੱਲ ਵੀ ਗਿਆ? ਮੈਂ ਤਾਂ ਸਾਡੀ ਬਣਨ ਵਾਲੀ ਨੂੰਹ ਬਾਰੇ ਪੁੱਛਿਆ ਸੀ।"

"ਨੋਂਹ-ਨੂੰਹ ਦੀ ਗੱਲ ਛੱਡ ਅੰਕਲ। ਇਹ ਤਾਂ ਦੂਰ ਦੀਆਂ ਗੱਲਾਂ ਨੇ। ਉਹ ਤਾਂ ਲੜਦੀ ਈ ਬਹੁਤ ਐ।"

"ਇਹਨਾਂ ਗੱਲਾਂ ਦਾ ਫਿਕਰ ਨਹੀਂ ਕਰੀਦਾ ਕਰਮੇ। ਤੇਰੀ ਆਂਟੀ ਸਾਡੇ ਨਾਲ ਹੁਣ ਤਕ ਲੜੀ ਜਾਂਦੀ ਐ। ਪੰਜ ਨਿਆਣੇ ਹੋ ਗਏ।"

"ਉਹ ਤਾਂ ਬੋਲਦੀ ਹੀ ਨਹੀਂ ਮੇਰੇ ਨਾਲ। ਅੰਕਲ ਮੈਨੂੰ ਲੜਾਈ ਤੋਂ ਬਹੁਤ ਡਰ ਲੱਗਦੈ।"

"ਕਰਮੇ ਤੂੰ ਮੇਰੀ ਗੱਲ ਸੁਣ, ਇਹ ਲੜਾਈਆਂ ਨਹੀਂ ਹੁੰਦੀਆਂ। ਇਹ ਤਾਂ ਨੋਕ-ਝੋਕ ਹੁੰਦੀ ਐ। ਪਿਆਰ ਦੀ ਨੋਕ-ਝੋਕ। ਲੜਾਈ ਤਾਂ ਉਹ ਸੀ, ਜਿਹੜੀ ਥੋਡੀ ਉਸ ਸ਼ਰਾਬੀ ਨਾਲ ਹੋਈ ਸੀ।"

ਗਾਮੇ ਦੀ ਗੱਲ ਸੁਣ, ਕਰਮੇ ਦਾ ਮਨ ਵਲੂੰਧਰਿਆ ਗਿਆ। ਲੂੰ ਕੰਡੇ ਖੜੇ ਹੋ ਗਏ। ਗਾਮੇ ਅੰਕਲ ਨੇ ਤਾਂ ਉਹਦੇ ਪੁਰਾਣੇ ਜ਼ਖਮ ਹੀ ਉਚੇੜ ਦਿੱਤੇ ਸਨ। ਉਹਨੂੰ ਯਾਦ ਆਇਆ, ਕਸ਼ਮੀਰੇ ਦੀ ਦੁਕਾਨ ਤੋਂ ਮੀਟ ਲੈਣ ਆਇਆ ਇਕ ਸ਼ਰਾਬੀ ਉਹਦੇ ਨਾਲ ਖਹਿਬੜ ਪਿਆ ਸੀ। ਨੇੜਲੀ ਕਾਲੋਨੀ ਵਿਚ ਹੀ ਰਹਿੰਦਾ ਸੀ। ਮੁੜ ਕੇ ਤਾਂ ਕਦੇ ਦੇਖਿਆ ਹੀ ਨਹੀਂ। ਇਹੋ-ਜਿਹੇ ਨੂੰ ਦੇਖ ਕੇ ਲੈਣਾ ਵੀ ਕੀ ਹੈ। ਬਿਨਾਂ ਗੱਲ ਤੋਂ ਹੀ ਲੜ ਪਿਆ। ਪਤਾ ਨਹੀਂ ਉਹਨੂੰ ਕਿਹੜੀ ਗੱਲ ਦੀ ਰੰਜਿਸ਼ ਸੀ ਕਸ਼ਮੀਰੇ ਨਾਲ। ਉਹਦਾ ਪੁਰਾਣਾ ਗਾਹਕ ਸੀ।

ਕਹਿੰਦਾ, "ਤੂੰ ਮੀਟ ਘੱਟ ਤੋਲਿਆ, ਪੈਸੇ ਵੱਧ ਲੈ ਲਏ।"

ਕਸ਼ਮੀਰੇ ਨੇ ਮੀਟ ਵਾਲਾ ਲਿਫਾਫਾ ਫੜ, ਮੁੜ ਕੰਡੇ 'ਤੇ ਰੱਖਦਿਆਂ ਕਿਹਾ, "ਲੈ ਦੇਖ ਲੈ,

ਭੋਰਾ ਵੱਧ ਈ ਐ।"

"ਮੈਂ ਜਾਣਦਾਂ ਤੈਨੂੰ ਵੱਧ ਦੇਣ ਵਾਲੇ ਨੂੰ। ਥੋਡੀ ਜਾਤ ਈ ਇਹੋ-ਜਿਹੀ ਹੈ। ਮੈਂ ਭੁੱਲਿਆ ਨਹੀਂ ਹੋਇਆ।"

ਕਸ਼ਮੀਰੇ ਨੇ ਹੱਥ ਜੋੜਦਿਆਂ ਕਿਹਾ, "ਜਾਹ ਹੁਣ ਚਲਿਆ ਵੀ ਜਾਹ। ਕਾਹਨੂੰ ਜਾਤਾਂ ਪਰਖੀ ਜਾਨੈਂ। ਜਾਹ ਜਾ ਕੇ ਧਰ ਲੈ। ਕੁਵੇਲ਼ਾ ਹੁੰਦੈ। ਸਾਡਾ ਵੀ ਕੰਮ ਦਾ ਵੇਲ਼ਾ ਐ।"

"ਕੰਮ ਨੂੰ ਤੂੰ ਡੀਸੀ ਲੱਗਿਐਂ। ਲੋਕਾਂ ਨੂੰ ਲੁੱਟਣ 'ਤੇ ਲੱਕ ਬੰਨ੍ਹਿਐ।"

"ਹੁਣ ਤੁਰਦਾ ਵੀ ਬਣ", ਕਹਿ ਕਸ਼ਮੀਰਾ ਦੂਸਰੇ ਗਾਹਕ ਦਾ ਸਮਾਨ ਤੋਲਣ ਲੱਗਿਆ। ਕਰਮਾ ਉਹਨੂੰ ਫੜ, ਬਾਹਰ ਨੂੰ ਲੈ ਤੁਰਿਆ। ਚਾਰ ਕਦਮ ਤੁਰ ਉਹਨੇ ਕਰਮੇ ਦੇ ਗਲਹਥਾ ਮਾਰਿਆ। ਕਰਮਾ ਸੜਕ 'ਤੇ ਡਿੱਗ ਪਿਆ। ਉਹ ਭੱਜ ਕੇ ਫਿਰ ਦੁਕਾਨ ਵਿਚ ਜਾ ਵੜਿਆ। ਜਦੋਂ ਉਹਨੇ ਫਿਰ ਘਰੋੜ ਕੇ ਭੈਣ ਦੀ ਗਾਲ੍ਹ ਕੱਢੀ, ਕਸ਼ਮੀਰੇ ਨੂੰ ਵੀ ਰੋਹ ਚੜ੍ਹ ਗਿਆ। ਕਰਮੇ ਦੇ ਰੋਕਦਿਆਂ ਰੋਕਦਿਆਂ ਵੀ ਕਸ਼ਮੀਰੇ ਨੇ ਹੱਥ 'ਚ ਫੜੀ ਛੁਰੀ, ਉਹਦੇ ਸਿਰ ਵਿਚ ਮਾਰ ਦਿੱਤੀ। ਲਹੂ ਦਾ ਛੱਪੜ ਲੱਗ ਗਿਆ। ਕਸ਼ਮੀਰਾ ਤੇ ਉਹ ਭੱਜ ਗਏ। ਦੁਕਾਨ ਦਾ ਜਿੰਦਾ ਵੀ ਗੁਆਂਢੀਆਂ ਨੇ ਹੀ ਲਾਇਆ।

ਕਾਰ ਦੀ ਆਵਾਜ਼ ਨੇ ਉਹਦੀ ਬਿਰਤੀ ਤੋੜੀ।

ਸੋਸਾਇਟੀ ਦੇ ਪ੍ਰਧਾਨ ਦੀ ਕਾਰ ਸੀ। "ਗਾਮਿਆ, ਅਜੇ ਰੇੜ੍ਹੀ ਲੈ ਕੇ ਗਏ ਨਹੀਂ।"

"ਬੱਸ ਚੱਲੇ ਆਂ ਸਾਹਿਬ।"

ਕਰਮਾ ਫਿਰ ਸੋਚਾਂ ਵਿਚ ਡੁੱਬ ਗਿਆ। ਉਹਨੂੰ ਯਾਦ ਆਇਆ, ਕਿੰਨੇ ਦਸ਼ੌਂਟਿਆਂ ਨਾਲ ਸਮਝੌਤਾ ਹੋਇਆ ਸੀ। ਪੁਲਿਸ ਦੀ ਕੁੱਟ ਵੀ ਖਾਧੀ। ਥਾਣੇ 'ਚ ਰਾਤਾਂ ਵੀ ਕੱਟੀਆਂ। ਠੇਕੇਦਾਰ ਨੇ ਤਿੰਨ ਮਹੀਨਿਆਂ ਦੀ ਤਨਖਾਹ ਨਹੀਂ ਦਿੱਤੀ। ਅਹਿਸਾਨ ਵਾਧੂ ਦਾ। ਅਖੇ, "ਪੈਸੇ ਤਾਂ ਬਹੁਤ ਲੱਗ ਗਏ, ਪਰ ਤੈਥੋਂ ਹੋਰ ਨਹੀਂ ਲੈਣੇਂ। ਸਾਡਾ ਵੀ ਫ਼ਰਜ਼ ਬਣਦੈ।" ਠੇਕੇਦਾਰ ਨੇ ਭੱਜ-ਨੱਠ ਤਾਂ ਬਹੁਤ ਕੀਤੀ। ਹੌਸਲਾ ਵੀ ਦਿੰਦਾ ਰਿਹਾ। ਸਫ਼ਾਈ ਸੇਵਕਾਂ ਦੀ ਜੱਥੇਬੰਦੀ ਵੀ ਮੱਦਦ 'ਤੇ ਆਈ। ਮੀਟ ਦੀਆਂ ਦੁਕਾਨਾਂ ਆਲ਼ੇ ਸਾਥੀ ਵੀ ਡਟ ਕੇ ਨਾਲ ਖੜ੍ਹੇ ਰਹੇ। ਪੈਸੇ ਤਾਂ ਕਸ਼ਮੀਰੇ ਦੇ ਹੀ ਲੱਗਦੇ ਰਹੇ। ਉਹਦੀ ਦੁਕਾਨ ਵੀ ਬੰਦ ਰਹੀ।

"ਕਰਮਿਆ, ਮੈਂ ਪੀਤੂ ਨੂੰ ਭੇਜਦਾਂ, ਦੋਨਾਂ ਗੇਟਾਂ ਦਾ ਰਾਹ ਸੁੰਭਰ ਦਿਓ।"

ਕਰਮਾ ਕੁਝ ਨਾ ਬੋਲਿਆ, ਉੱਠ ਕੇ ਬੈਂਚ 'ਤੇ ਬੈਠ ਗਿਆ। ਉਹਦੇ ਖ਼ਿਆਲਾਂ ਵਿਚ ਬਿੰਦੀ ਘੁੰਮਣ ਲੱਗੀ। ਉਸ ਦਿਨ ਉਹ ਡੁਸਕਣ ਤੋਂ ਹੀ ਨਹੀਂ ਸੀ ਹਟਦੀ। ਉਹਨੇ ਮਸਾਂ ਵਰਾਈ। ਅੱਥਰੂ ਪੂੰਝੇ। ਕਹਿੰਦੀ, "ਮੈਂ ਤਾਂ ਤੜਫ਼ਦੀ ਫਿਰਦੀ ਸੀ। ਝਟਕਈਆਂ ਦੀਆਂ ਛੁਰੀਆਂ ਵੀ ਬਹੁਤ ਤਿੱਖੀਆਂ ਹੁੰਦੀਆਂ ਨੇ। ਜੇ ਭੋਰਾ ਵੱਧ ਲੱਗ ਜਾਂਦੀ, ਉਹਨੇ ਮਰ ਜਾਣਾ ਸੀ। ਉਹ ਮਰ ਜਾਂਦਾ, ਤੂੰ ਬੰਨ੍ਹਿਆਂ ਜਾਂਦਾ। ਮੈਂ ਕੀ ਕਰਦੀ। ਕਰਮ ਮੈਂ ਕੀ ਕਰਦੀ। ਉਹ ਹਉਕੇ ਭਰਨ ਲੱਗੀ।"

"ਹੁਣ ਤਾਂ ਸਭ ਠੀਕ ਹੋ ਗਿਆ।"

"ਠੀਕ ਤਾਂ ਉਦੋਂ ਹੋਊ, ਜਦੋਂ ਤੂੰ ਇਹ ਕੰਮ ਛੱਡ ਦਏਂਗਾ।"

"ਬਿੰਦੀਏ, ਮੈਂ ਕਿਹੜਾ ਅੱਜ ਕਰਨ ਲੱਗਿਆਂ। ਦਾਦੇ ਪੜਦਾਦੇ ਕਰਦੇ ਆਏ ਨੇ।"

ਬਿੰਦੀ ਉਹਦੇ ਵੱਲ ਇੰਝ ਝਾਕੀ ਜਿਵੇਂ ਕੁਝ ਕਹਿਣਾ ਚਾਹੁੰਦੀ ਹੋਵੇ। ਉਹਦੇ ਬੁੱਲ੍ਹ ਮੀਚੇ ਰਹੇ।

"ਬਿੰਦੀਏ ਕੰਮ ਬਿਨਾਂ ਕਿਤੇ ਸਰਦੈ।"

"ਮੈਂ ਕਦੋਂ ਕਹਿੰਨੀ ਆਂ। ਮੈਂ ਕਿਹੜਾ ਕਰਦੀ ਨੀ। ਤੈਨੂੰ ਪਤਾ ਈ ਐ, ਕਿੰਨੇ ਘਰਾਂ ਦੀ ਰੋਟੀ ਪਕਾਉਂਦੀ ਆਂ।"

"ਕਰਮਿਆ ਸੌਂ ਗਿਆ। ਉੱਠ ਯਾਰ ਕੰਮ ਮੁਕਾਈਏ।" ਪੀਤੂ ਦੀ ਆਵਾਜ਼ ਸੁਣ ਉਹਨੇ ਉੱਠ ਕੇ ਝਾੜੂ ਚੁੱਕ ਲਿਆ।

ਆਪਣਾ ਕੰਮ ਮੁਕਾ ਉਹ ਪਾਰਕ ਵਿਚ ਜਾ ਬੈਠੇ। ਆਪਣੇ ਝੋਲ਼ਿਆਂ 'ਚੋਂ ਟਿਫ਼ਨ ਕੱਢੇ। ਰੋਟੀ ਖਾ ਉੱਥੇ ਹੀ ਟੇਢੇ ਹੋ ਗਏ।

ਪੀਤੂ ਨੇ ਗੱਲ ਤੋਰੀ, "ਬਿੰਦੀ ਕਿਹੜੀ ਗੱਲੋਂ ਰੁੱਸ ਗਈ ਤੇਰੇ ਨਾਲ।"

"ਉਹ ਤਾਂ ਇਸੇ ਗੱਲ 'ਤੇ ਅੜੀ ਹੋਈ ਹੈ, ਕਹਿੰਦੀ ਇਹ ਕੰਮ ਛੱਡ ਦੇ। ਕਸ਼ਮੀਰੇ ਦੀ ਦੁਕਾਨ 'ਤੇ ਵੀ ਨਾ ਜਾਇਆ ਕਰ। ਹੁਣ ਕੋਈ ਕੰਮ ਤਾਂ ਕਰਨਾ ਈ ਐ। ਕਸ਼ਮੀਰਾ ਮੇਰਾ ਭਰਾ ਐ। ਉਹਦੀ ਦੁਕਾਨ 'ਤੇ ਕਿਵੇਂ ਨਾ ਜਾਵਾਂ। ਅੜਦੇ-ਥੁੜਦੇ ਕੰਮ ਆਉਂਦੈ। ਜਦੋਂ ਜੀਅ ਕਰੇ, ਮੀਟ ਲੈ ਆਈਦੈ, ਕਦੇ ਪੈਸਾ ਨਹੀਂ ਲਿਆ ਉਹਨੇ। ਮਾੜਾ ਮੋਟਾ ਕੰਮ ਕਰ ਦਈਦੈ। ਮੇਰਾ ਕੀ ਘਸਦੈ।"

"ਤੇਰਾ ਸਕਾ ਭਰਾ ਐ ਕਸ਼ਮੀਰਾ?"

"ਮੇਰੇ ਤਾਏ ਦਾ ਮੁੰਡੈ। ਸਭ ਤੋਂ ਬੜਾ ਐ। ਸਕਿਆਂ ਦੇ ਕੀ ਸੱਕ ਲਾਹੁਣੇ ਨੇ। ਮੇਰਾ ਆਪਣਾ ਤਾਂ ਤੀਵੀਂ ਨੂੰ ਲੈ ਕੇ ਅੱਡ ਹੋ ਗਿਆ ਸੀ। ਵਿਆਹ ਤੋਂ ਬਾਅਦ ਸਾਲ ਨਹੀਂ ਸੀ ਕੱਟਿਆ। ਕਦੇ ਸਾਡੀ ਬਾਤ ਨਹੀਂ ਪੁੱਛੀ। ਬੀਬੀ ਪਕਾ ਕੇ ਖਲ਼ਾਉਂਦੀ ਐ। ਉਹਦੀ ਤੀਵੀਂ ਨੂੰ ਤਾਂ ਸਾਡੇ 'ਚੋਂ ਮੁਸ਼ਕ ਆਉਂਦੀ ਸੀ। ਬੀਬੀ ਨੇ ਬਥੇਰਾ ਕਿਹਾ, ਤੂੰ ਕੰਮ ਨਹੀਂ ਕਰਨਾ ਨਾ ਕਰ। ਸਾਡਾ ਤਾਂ ਰਿਜ਼ਕ ਐ।"

ਉਹ ਰਤਾ ਕੁ ਸਾਹ ਲੈ ਬੋਲਿਆ, ਉਹ ਅੱਗਿਓਂ ਉੱਖੜੀ ਕੁਹਾੜੀ ਵਾਂਗ ਪਈ, "ਕਾਹਦਾ ਰਿਜ਼ਕ ਐ ਇਹ। ਸਾਰੀ ਦਿਹਾੜੀ ਲੋਕਾਂ ਦਾ ਗੰਦ 'ਕੱਠਾ ਕਰੀ ਜਾਓ।"

"ਗੱਲ ਤਾਂ ਉਹਦੀ ਠੀਕ ਐ ਕਰਮਿਆ। ਪਰ ਇਕੋ ਦਿਨ ਤਾਂ ਨਹੀਂ ਛੱਡ ਹੁੰਦੇ ਕੰਮ। ਰੋਟੀ ਤਾਂ ਕਮਾ ਕੇ ਈ ਖਾਣੀ ਐ। ਆਪਾਂ ਤਾਂ ਫੇਰ ਸੌਖੇ ਆਂ। ਆਪਣੇ ਬਜੁਰਗ ਤਾਂ ਸਿਰਾਂ 'ਤੇ ਗੰਦ ਢੋਂਹਦੇ ਰਹੇ ਨੇ।"

"ਪੀਤੂ, ਕੰਮ ਦੀ ਮਜ਼ਦੂਰੀ ਵੀ ਸਹੀ ਮਿਲਣੀ ਚਾਹੀਦੀ ਐ। ਤੈਨੂੰ ਪਤਾ ਈ ਐ, ਆਪਾਂ ਨੂੰ ਕੀ ਮਿਲਦੈ।"

"ਆਪਣੇ ਕੰਮ ਦੇ ਪੈਸੇ ਤਾਂ ਦੁੱਗਣੇ-ਤਿੱਗਣੇ ਚਾਹੀਦੇ ਨੇ। ਇਹ ਕੰਮ ਕਿਤੇ ਸੌਖੇ ਨੇ।" ਰਤਾ ਕੁ ਚੁੱਪ ਹੋ, ਉਹ ਫਿਰ ਬੋਲਿਆ, "ਹੁਣ ਕੀ ਕਰਦੈ ਤੇਰਾ ਭਰਾ?"

"ਵਰਕਸ਼ਾਪ 'ਚ ਲੱਗਿਐ। ਕਿਰਾਏ 'ਤੇ ਰਹਿੰਦੈ। ਸਾਡਾ ਆਪਣਾ ਘਰ ਤਾਂ ਹੈਗਾ। ਮੇਰੀ ਭਰਜਾਈ ਤਾਂ ਕਹਿੰਦੀ ਸੀ, ਘਰ ਇਹੋ ਜਿਹੇ ਹੁੰਦੇ ਨੇ। ਜਿਵੇਂ ਆਪ ਰਾਜ-ਮਹਿਲ 'ਚ ਰਹਿੰਦੀ ਆਈ ਹੋਵੇ।"

"ਕਰਮਿਆ ਗਾਮਾ ਅੰਕਲ ਕਹਿੰਦਾ ਸੀ, ਤੇਰਾ ਭਾਪਾ ਗਟਰ ਦਾ ਮਾਹਰ ਸੀ।"

"ਕਾਹਦਾ ਮਾਹਰ ਸੀ। ਕੰਮ ਕਰਾਉਣ ਦੇ ਮਾਰੇ ਠੇਕੇਦਾਰ, ਫੂਕ ਦਈ ਜਾਂਦੇ ਸੀ। ਪੈਸਿਆਂ ਦੀ ਥਾਂ ਫੂਕ ਦੇ ਕੇ ਸਾਰ ਲੈਂਦੇ। ਇਕ ਦਿਨ ਗਟਰ 'ਚ ਵੜਿਆ, ਉੱਥੇ ਈ ਰਹਿ ਗਿਆ। ਗੈਸ ਚੜ੍ਹ ਗਈ। ਲੋਥ ਹੀ ਬਾਹਰ ਆਈ।" ਕਰਮੇ ਦਾ ਹਉਕਾ ਨਿਕਲ ਗਿਆ। "ਇਹ ਛੇਕ ਤਾਂ ਦੀਂਹਦੇ ਨੀ ਕਿਸੇ ਨੂੰ। ਕਿਸੇ ਨੂੰ ਵੀ ਨਹੀਂ ਦੀਂਹਦੇ।" ਉਹਨੇ ਝੋਲ਼ੇ 'ਚੋਂ ਬੰਸਰੀ ਕੱਢ ਬੁੱਲ੍ਹਾਂ ਨੂੰ ਛੁਹਾਈ। ਵਾਤਾਵਰਣ ਵਿਚ ਸੰਗੀਤ ਘੁਲ਼ ਗਿਆ।

ਉਹਨੂੰ ਬੰਸਰੀ ਝੋਲ਼ੇ 'ਚ ਪਾਉਂਦਿਆਂ ਵੇਖ ਪੀਤੂ ਫਿਰ ਬੋਲ ਪਿਆ, "ਕਿੰਨੇ ਕੁ ਦਿਨ ਹੋ ਗਏ ਤੈਨੂੰ ਮਿਲੀ ਨੂੰ।"

"ਹੁਣ ਦਿਨਾਂ ਦਾ ਕੀ ਗਿਣਨੈ। ਹੁਣ ਨਹੀਂ ਆਉਣਾ ਉਹਨੇ। ਮੈਨੂੰ ਉਹਦੇ ਸੁਭਾਅ ਦਾ ਪਤੈ।" ਉਹਦੀ ਆਵਾਜ਼ ਸਿੱਲ੍ਹੀ ਹੋ ਗਈ। "ਉੱਦਣ ਤਾਂ ਕਹਿੰਦੀ ਸੀ, 'ਤੂੰ ਮੇਰੀ ਧਰਤੀ ਐਂ ਕਰਮ। ਤੂੰ ਮੇਰਾ ਆਕਾਸ਼ ਐਂ ਕਰਮ। ਤੇਰੇ ਕਰਕੇ ਈ ਤੁਰੀ ਫਿਰਦੀ ਆਂ। ਤੇਰੇ ਈ ਸੁਪਨੇ ਵੇਖਦੀ ਆਂ। ਹੈਂ ਕਿ ਨਾ।' ਪਤਾ ਨਹੀਂ ਇਹੋ ਜਿਹੀਆਂ ਗੱਲਾਂ ਕਿੱਥੋਂ ਸਿੱਖ ਲੈਂਦੀ ਐ ਮੋਮੋਠਗਣੀ। ਹੁਣ ਬੋਲਦੀ ਵੀ ਨਹੀਂ। ਦੂਰੋਂ ਈ ਪਾਸਾ ਵੱਟ ਜਾਂਦੀ ਐ। ਮੱਥੇ ਵੀ ਨਹੀਂ ਲੱਗਦੀ। ਜਿਵੇਂ ਜਾਣਦੀ ਹੀ ਨਾ ਹੋਵੇ।" ਉਹਨੇ ਲੰਮਾ ਸਾਹ ਲਿਆ, "ਚੱਲ ਉਹਦੀ ਮਰਜ਼ੀ। ਜੋ ਮਰਜ਼ੀ ਕਰੇ। ਕਿਸੇ ਮਾਲੀ ਨਾਲ ਲਾ ਲਵੇ।"

– – – –

"ਕੀ ਕਹਿੰਦਾ ਸੀ ਤੂੰ। ਕੀ ਕਿਹਾ ਸੀ ਪੀਤੂ ਨੂੰ, ਕਿਸੇ ਮਾਲੀ ਨਾਲ ਲਾ ਲਵੇ।" ਇਕ ਦਿਨ

ਭਰੀ ਪੀਤੀ ਬਿੰਦੀ, ਪਾਰਕ ਵਿਚ ਪਿੱਪਲ ਹੇਠ ਪਏ ਕਰਮੇ ਨੂੰ ਹਲੂਣ ਹਲੂਣ ਕਹਿ ਰਹੀ ਸੀ। "ਤੈਂ ਕਹਿ ਕਿਵੇਂ ਦਿੱਤਾ। ਹੁਣ ਕਹਿ ਮੇਰੇ ਮੂੰਹ 'ਤੇ। ਤੇਰੇ ਸਾਹਮਣੇ ਕੁਛ ਖਾ ਕੇ ਮਰ ਜੂੰ।" ਉਹਦਾ ਗਲ਼ਾ ਭਰਿਆ ਹੋਇਆ ਸੀ।

"ਗੁੱਸੇ 'ਚ ਮੂੰਹੋਂ ਨਿਕਲ ਗਿਆ ਸੀ। ਮੈਂ ਕਿਹੜਾ ਮਨੋਂ ਕਿਹਾ ਸੀ।"

"ਏਡੀ ਗੱਲ ਕਹਿੰਦੇ ਦੀ ਤੇਰੀ ਜੀਭ ਨੀਂ ਸੜੀ। ਤੇਰਾ ਦਿਲ ਨੀਂ ਫਟਿਆ। ਲਾਜ ਨੀਂ ਆਈ ਤੈਨੂੰ।" ਉਹਦੇ ਅੱਥਰੂ ਨਿਕਲ ਆਏ।

"ਚੱਲ ਹੁਣ ਛੱਡ ਵੀ ਦੇਹ।"

"ਐਂ ਨਹੀਂ ਲਗਦੀਆਂ ਹੁੰਦੀਆਂ ਕਰਮਿਆ। ਐਂ ਨਹੀਂ ਲਗਦੀਆਂ ਹੁੰਦੀਆਂ। ਮੈਂ ਤੈਨੂੰ ਕਿਹਾ ਸੀ ਨਾ, ਮੈਂ ਤੇਰੇ ਹੀ ਸੁਪਨੇ ਦੇਖਦੀ ਆਂ।"

"ਤੂੰ ਤਾਂ ਮੈਨੂੰ ਭੁੱਲ ਹੀ ਗਈ ਸੀ, ਮੇਰੇ ਕੋਲ਼ੋਂ ਵੀ ਨਹੀਂ ਸੀ ਲੰਘਦੀ।" ਕਰਮੇ ਦਾ ਹਉਕਾ ਨਿਕਲ ਗਿਆ।

"ਤੇਰੇ ਕੋਲ਼ੋ ਲੰਘ ਹੀ ਨਹੀਂ ਸੀ ਹੁੰਦਾ ਕਰਮ। ਹੁਣ ਤੂੰ ਮੇਰੀ ਮੰਨ ਹੀ ਲਈ। ਇਹ ਵੀ ਮੈਨੂੰ ਪਤੈ, ਤੂੰ ਕਸ਼ਮੀਰੇ ਦੇ ਜਾਣੋਂ ਨਹੀਂ ਹਟਿਆ। ਮੈਂ ਸਭ ਜਾਣਦੀ ਆਂ।"

"ਉਹ ਤਾਂ ਮੈਂ ਹਟਣਾ ਵੀ ਨਹੀਂ। ਜੇ ਮੈਂ ਉਹਦਾ ਕੰਮ ਕਰ ਦਿੰਨਾਂ, ਉਹ ਵੀ ਬਥੇਰੀ ਮੱਦਦ ਕਰਦੈ। ਆਟੋ ਉਹਨੇ ਹੀ ਦਿਵਾਇਐ।"

"ਮੈਨੂੰ ਪਤੈ, ਕਿਰਾਏ 'ਤੇ ਲੈ ਕੇ ਦਿੱਤੈ।"

"ਹੌਲ਼ੀ ਹੌਲ਼ੀ ਸਭ ਕੁਝ ਹੋ ਜਾਊ ਬਿੰਦੀਏ। ਜਦੋਂ ਮਨ 'ਚ ਹੀ ਧਾਰ ਲਈ।"

ਬਿੰਦੀ ਉਹਦੇ ਮੂੰਹ ਵੱਲ ਝਾਕਦੀ ਰਹੀ, ਫਿਰ ਹੌਲ਼ੀ ਹੌਲ਼ੀ ਬੋਲੀ, "ਕਰਮਿਆ, ਤੂੰ ਨਾਲ ਹੋਵੇਂ, ਮੈਨੂੰ ਕੂੜੇ ਦੇ ਢੇਰ ਤੇ ਫੁੱਲਾਂ ਦੀ ਕਿਆਰੀ ਦਾ ਕੋਈ ਫਰਕ ਨਹੀਂ। ਮੈਂ ਕਿਸੇ ਮਾਲੀ ਤੋਂ ਕੀ ਲੈਣੈਂ। ਤੇਰੇ ਨਾਲ ਤਾਂ ਮੈਂ ਨਰਕ 'ਚ ਵੀ ਰਹਿ ਲਵਾਂਗੀ। ਮੈਨੂੰ ਤਾਂ ਅਗਲੀ ਪੀੜ੍ਹੀ ਦਾ ਫਿਕਰ ਐ। ਉਹ ਵੀ ਇਸੇ ਜਿੱਲ੍ਹਣ 'ਚ ਨਾ ਫਸੀ ਰਹੇ। ਉਹ ਵੀ ਨਰਕ ਨਾ ਭੋਗਦੀ ਰਹੇ।"

ਕਰਮਾ ਮੂੰਹੋਂ ਕੁਝ ਨਾ ਬੋਲਿਆ। ਝੋਲੇ 'ਚੋਂ ਬੰਸਰੀ ਕੱਢ, ਉਸ 'ਤੇ ਹੱਥ ਫੇਰਨ ਲੱਗਿਆ।

"ਦੇਖ ਬੰਸਰੀ 'ਚ ਕਿੰਨੇ ਛੇਕ ਨੇ। ਹੈ ਕਿ ਨਾ।" ਪੀਤੂ ਨੇ ਉਹਨੂੰ ਸਾਰੀਆਂ ਗੱਲਾਂ ਦੱਸ ਦਿੱਤੀਆਂ ਸਨ।

"ਬੰਸਰੀ 'ਚ ਤਾਂ ਸੱਤ ਹੀ ਛੇਕ ਹੁੰਦੇ ਨੇ ਬਿੰਦੀਏ। ਮੇਰੇ ਮਨ ਵਿਚਲਿਆਂ ਦੀ ਤਾਂ ਗਿਣਤੀ ਹੀ ਨਹੀਂ। ਮੈਂ ਤਾਂ ਭਰਿਆ ਪਿਆਂ।"

"ਸੱਤ ਨਹੀਂ ਕਰਮ। ਸੱਤ ਨਹੀ। ਬੰਸਰੀ ਦੇ ਛੇਕ ਤਾਂ ਛੇ ਹੀ ਹੁੰਦੇ ਨੇ। ਸੱਤਵਾਂ ਤਾਂ ਉਹਨਾਂ ਦੇ ਦੁੱਖ ਦੂਰ ਕਰਨ ਵਾਲਾ ਹੁੰਦੈ। ਸੁਰਾਂ ਛੇੜਣ ਵਾਲਾ। ਸੁਪਨੇ ਦਿਖਾਉਣ ਵਾਲਾ।"

"ਤੂੰ ਏਨੀ ਸਿਆਣੀ ਕਦੋਂ ਦੀ ਹੋ ਗਈ?"

ਉਹਦਾ ਜੀਅ ਕੀਤਾ ਕਹਿ ਦੇਵੇ, ਪਿਆਰ ਤੇ ਵਿਛੋੜਾ ਬਹੁਤ ਕੁਝ ਸਿਖਾ ਦਿੰਦੈ। ਪਰ ਏਨਾ ਹੀ ਬੋਲੀ, "ਤੂੰ ਹੀ ਸਿਖਾਇਆ ਕਰਮ। ਤੈਥੋਂ ਹੀ ਸਿੱਖਿਐ ਸਭ ਕੁਝ।"

ਕਰਮਾ ਦੋਹਾਂ ਹੱਥਾਂ ਵਿਚ ਬੰਸਰੀ ਫੜੀ ਮੁਸਕਰਾ ਰਿਹਾ ਸੀ।

ਬਿੰਦੀ, ਉਹਦੇ ਚਿਹਰੇ ਨੂੰ ਨਿਹਾਰਦੀ ਰਹੀ। ਉਹਨੂੰ ਲੱਗ ਰਿਹਾ ਸੀ, ਜਿਵੇਂ ਕੂੜੇ ਦੇ ਢੇਰ 'ਤੇ ਗੁਲਾਬ ਉੱਗ ਆਇਆ ਹੋਵੇ। ਫੁੱਲ ਮਹਿਕਾਂ ਛੱਡ ਰਹੇ ਹੋਣ। ਉਸਦਾ ਮਨ ਝੂਮ ਉੱਠਿਆ। ਉਹ ਬੋਲੀ, "ਕਰਮ, ਚੱਲ ਹੁਣ ਵਜਾ ਬੰਸਰੀ। ਛੇੜ ਕੋਈ ਧੁਨ। ਛੇਕ ਆਪਣਾ ਦਰਦ ਭੁੱਲ ਜਾਣ। ਹੈਂ ਕਿ ਨਾ।" 000

***(ਪਿੰਡ ਤੇ ਡਾਕਘਰ ਰਾਮਪੁਰ, ਰਾਹੀਂ ਦੋਰਾਹਾ, ਜ਼ਿਲ੍ਹਾ ਲੁਧਿਆਣਾ- 141 418***
***ਫੋਨ: +1-99156-34722***
***Email: surinderrampuri@gmail.com)***

# ਮੇਰਾ ਨਾਨਕ ਇਕੱਲਾ ਰਹਿ ਗਿਆ ਹੈ! ਵਰਿਆਮ ਸਿੰਘ ਸੰਧੂ

ਸਾਡੇ ਕਥਾ-ਵਾਚਕ ਤੇ ਸਾਖੀਕਾਰ ਬਾਬੇ ਨਾਨਕ ਦੀ ਵਡਿਆਈ ਇਸ ਗੱਲ ਵਿਚ ਦਰਸਾਉਂਦੇ ਨੇ ਕਿ ਉਹਨਾਂ ਨੇ ਮਰਦਾਨੇ ਨੂੰ ਨੀਵੀਂ ਜਾਤ ਦਾ ਡੂੰਮ, ਮਰਾਸੀ ਜਾਂ ਮੰਗ-ਖਾਣੀ ਜਾਤ ਦਾ ਹੋਣ ਦੇ ਬਾਵਜੂਦ ਆਪਣੇ ਨਾਲ ਜੋੜ ਕੇ ਜਾਤ-ਪਾਤ ਤੇ ਊਚ-ਨੀਚ ਦੇ ਬੰਧਨ ਤੋੜ ਦਿੱਤੇ ਸਨ। ਉਹਨਾਂ 'ਏਕ ਪਿਤਾ ਏਕਸੁ ਕੇ ਹਮ ਬਾਰਕੁ' ਦੇ ਕਥਨ ਨੂੰ ਅਮਲ ਵਿਚ ਪ੍ਰਗਟਾਅ ਦਿੱਤਾ ਸੀ। ਇਹ ਗੱਲ ਵੀ ਠੀਕ ਹੈ, ਤੇ, ਇਸਦਾ ਪ੍ਰਤੀਕਾਤਮਕ ਮਹੱਤਵ ਵੀ ਬਣਦਾ ਹੈ, ਪਰ, ਗੱਲ ਸਿਰਫ ਏਨੀ ਹੀ ਨਹੀਂ ਸੀ। ਜਦ ਕੋਈ ਯਾਰ ਜਾਂ ਭਰਾ (ਭਾਈ) ਬਣ ਜਾਂਦਾ ਹੈ ਤਾਂ ਜਾਤ-ਪਾਤ ਜਾਂ ਊਚ-ਨੀਚ ਰਹਿੰਦੀ ਕਿੱਥੇ ਹੈ! ਗੁਰੂ ਸਾਹਿਬ ਨੇ ਮਰਦਾਨੇ ਨੂੰ 'ਭਾਈ' ਦਾ ਰੁਤਬਾ ਦੇ ਕੇ ਹਿੱਕ ਨਾਲ ਲਾਇਆ ਸੀ। ਭਾਈ ਮਰਦਾਨੇ ਦੇ ਨਾਲ 'ਭਾਈ' ਦਾ ਇਹ ਰੁਤਬਾ ਵੀ ਸਿੱਖ-ਪੰਥ ਵਿਚ ਅਮਰ-ਪਦ ਪ੍ਰਾਪਤ ਕਰ ਗਿਆ। ਉਹਨਾਂ ਦੀ ਸਾਂਝ ਦੋ ਸਰੀਰਾਂ ਦੀ ਨਹੀਂ, ਦੋ ਰੂਹਾਂ ਦੀ ਸਾਂਝ ਸੀ। ਦੋਵੇਂ ਇਕ-ਦੂਜੇ ਦੇ ਪੂਰਕ ਸਨ। ਗੁਰੂ ਸਾਹਿਬ ਨੇ ਭਾਈ ਮਰਦਾਨੇ ਨੂੰ ਗਲ਼ ਨਾਲ ਲਾ ਕੇ, ਜਿਵੇਂ ਕਥਾਕਾਰ ਆਖਦੇ ਜਾਂ ਸਮਝਦੇ ਹਨ, ਉਸ ਉੱਤੇ ਅਹਿਸਾਨ ਨਹੀਂ ਸੀ ਕੀਤਾ। ਮਰਦਾਨਾ ਗੁਰੂ ਦੀ ਅਪਣੱਤ ਸੀ, ਗੁਰੂ ਦੀ ਮੁਹੱਬਤ ਸੀ, ਗੁਰੂ ਦੀ ਲੋੜ ਵੀ ਸੀ। ਗੁਰੂ ਸਾਹਿਬ ਜਦ ਵੀ ਸ਼ਬਦ ਉਚਾਰਨ ਕਰਦੇ ਤਾਂ ਸਦਾ ਏਹੋ ਆਖਦੇ, "ਭਾਈ ਮਰਦਾਨਿਆ! ਰਬਾਬ ਛੇੜ, ਬਾਣੀ ਆਈ ਹੈ।" ਅਸਲ ਵਿਚ ਇਹ ਰਿਸ਼ਤਾ ਮਾਨਵੀ ਸਾਂਝ ਦਾ ਸਿਖਰ ਵੀ ਸੀ ਤੇ ਸੰਗੀਤ ਅਤੇ ਸ਼ਬਦ ਦੀ ਪੀਚਵੀਂ ਸਾਂਝ ਦੇ ਹਕੀਕੀ ਜਲੌਅ ਦਾ ਪ੍ਰਗਟਾਅ ਵੀ।

ਕਦੀ ਮਰਦਾਨੇ ਨੂੰ ਇਸ ਨਜ਼ਰ ਨਾਲ ਵੀ ਵੇਖਣ ਦਾ ਸੋਚੀਏ ਕਿ ਸਭ ਨੂੰ ਬਖਸ਼ਿਸ਼ਾਂ ਕਰਨ ਵਾਲੇ, ਸਭਨਾਂ ਦੀਆਂ ਮੰਗਾਂ ਪੂਰੀਆਂ ਕਰਨ ਵਾਲੇ ਗੁਰੂ ਪਾਤਸ਼ਾਹ ਦੀ 'ਮੰਗ' ਪੂਰੀ ਕਰਨ ਵਾਲਾ ਭਾਈ ਮਰਦਾਨਾ ਹੀ ਹੈ। ਉਹ ਓਸੇ ਵੇਲ਼ੇ ਸੁਰਤੀ-ਬਿਰਤੀ ਨੂੰ ਜੋੜ ਕੇ ਰਬਾਬ ਨੂੰ ਸੁਰ ਕਰ ਕੇ ਰਬਾਬ ਛੇੜਦਾ ਹੈ ਤੇ ਬਾਬਾ ਜੀ ਅਲਾਪ ਲੈਂਦੇ ਹਨ। ਹਵਾਵਾਂ ਵਿਚ, ਮਨਾਂ ਵਿਚ ਸ਼ਬਦ ਦੇ ਅਰਥ ਗੂੰਜਣ ਲੱਗਦੇ ਹਨ। ਮਰਦਾਨਾ ਬਾਬੇ ਦੇ ਸ਼ਬਦ ਦੀ ਅਮਰਤਾ ਨੂੰ ਮਿਠਾਸ ਨਾਲ ਭਰ ਦਿੰਦਾ ਹੈ। ਸੰਗੀਤ ਮਨਾਂ ਨੂੰ ਸੁਰ 'ਤੇ ਸ਼ਾਂਤ ਕਰਦਾ। ਮਨ-ਮਾਹੌਲ ਸੁਣਨ-ਯੋਗ ਬਣ ਜਾਂਦਾ। ਰਾਗ ਦਿਲਾਂ ਵਿਚ ਸਿਆੜ ਕੱਢਦਾ ਤੇ ਬਾਬਾ ਵਗਦੇ ਦਰਿਆਵਾਂ ਵਿਚ ਸ਼ਬਦ ਦਾ ਬੀਜ, ਨਾਮ ਦਾ ਬੀਜ ਬੀਜਣ ਲੱਗਦਾ।

ਤਲਵੰਡੀ ਵਿਚ ਇਕ ਦਿਨ ਕਿਸੇ ਬਿਰਖ ਹੇਠਾਂ ਆਰਾਮ ਕਰ ਰਹੇ ਗੁਰੂ ਨਾਨਕ ਨੂੰ ਨੇੜੇ ਹੀ ਕਿਧਰੇ ਰਬਾਬ ਦੀ ਵੱਜਦੀ ਧੁਨ ਸੁਣਾਈ ਦਿੱਤੀ। ਸੰਗੀਤ ਦੀ ਖਿੱਚ ਨੇ ਆਵਾਜ਼ ਵੱਲ ਤੋਰ ਲਿਆ। ਭਾਈ ਮਰਦਾਨਾ ਅੱਖਾਂ ਮੁੰਦੀ ਰਬਾਬ ਵਜਾ ਰਹੇ ਸਨ। ਗੁਰੂ ਜੀ ਨੇ ਕੋਲ਼ ਜਾ ਕੇ ਪੁੱਛਿਆ, "ਭਾਈ ਤੇਰਾ ਨਾਉਂ ਕਿਆ ਹੈ?" ਤਾਂ ਅੱਗੋਂ ਰਬਾਬ ਵਜਾਉਣ ਵਾਲੇ ਨੇ ਜਵਾਬ ਦਿੱਤਾ, " ਜੀ ਮੇਰਾ ਨਾਉਂ ਦਾਨਾ ਹੈ, ਲੋਕ ਮਰਾਸੀ ਕਹਿੰਦੇ ਹਨ।" ਗੁਰੂ ਜੀ ਨੇ ਕਿਹਾ, " ਤੂੰ ਰਬਾਬ ਭਲਾ ਵਜਾਇੰਦਾ ਹੈਂ, ਤੇ ਤੈਨੂੰ ਰਾਗ ਦੀ ਭਲੀ ਸੋਝੀ ਹੈ, ਪਰ ਜੇ ਤੂੰ ਅਸਾਡੀ ਸੰਗਤ ਕਰੇਂ ਤੇ ਇਹ ਰਾਗ ਸ਼ਬਦ ਪਾਇਕੈ ਗਾਵੈਂ ਤਾਂ ਤੇਰਾ ਦੀਨ ਦੁਨੀਆਂ ਵਿਚ ਉਧਾਰ ਕਰੀਏ।"

ਭਾਈ ਮਰਦਾਨੇ ਦੇ ਕੁਝ ਸਵਾਲ ਸਨ।

"ਅਸੀਂ ਤਾਂ ਧਨੀ ਲੋਕਾਂ ਨੂੰ ਰਾਗ ਸੁਣਾਇਕੈ ਚਾਰ ਪੈਸੇ ਲਿਆਂਦੇ ਹਾਂ, ਆਪਣੇ ਧੀਆਂ-ਪੁੱਤਰਾਂ ਦਾ ਦੁਨੀਆਂ ਵਿਚ ਗੁਜ਼ਰਾਨ ਕਰਦੇ ਹਾਂ। ਅਸੀਂ ਜੋ ਤੇਰੇ ਨਾਲ ਲੱਗਾਂਗੇ ਤਾਂ ਜੋ ਕੁਟੰਬੀ ਹੈਨਿ, ਸੋ ਸਭੁ ਭੁੱਖ ਨਾਲ ਮਰ ਜਾਣਗੇ। ਤੁਸੀਂ ਉਧਾਰ ਕਿਸ ਤਰ੍ਹਾਂ ਕਰੋਗੇ?"

ਇਹ ਸੁਣ ਕੇ ਗੁਰੂ ਸਾਹਿਬ ਨੇ ਬਚਨ ਕੀਤਾ, "ਦਾਨਿਆਂ! ਤੂੰ ਦੀਵਾਨਾ ਹੋਇਆ ਹੈਂ। ਸਭ ਦੀ ਪ੍ਰਤਿਪਾਲਣਾ ਈਸ਼ਵਰ ਕਰਦਾ ਹੈ। ਨਮਾਜ਼ ਅਤੇ ਰੋਜ਼ਾ ਖੁਦਾ ਦੇ ਘਰੋਂ ਬਖਸ਼ਿਸ਼ ਹੈ। ਖੁਦਾ ਦਾ ਘਰ ਮਹਾਂਪੁਰਸ਼ਾਂ ਦਾ ਰਿਦਾ ਹੈ। ਜਦ ਲੇਖਾ ਹੋਵੇਗਾ ਤਾਂ ਕਿਸੇ ਨੇ ਹਾਮੀ ਨਹੀਂ ਭਰਨੀ।"

ਫਿਰ ਗੁਰੂ ਜੀ ਨੇ ਅੰਤਮ ਬਾਤ ਆਖ ਦਿੱਤੀ, "ਦਾਨਿਆਂ! ਜੇ ਹੁਣ ਤੂੰ ਮਰਦਾਨਾ (ਸੂਰਮਾ) ਹੋਵੇਂ, ਸ਼ਬਦ ਪਾਇਕੈ ਰਾਗ ਨੂੰ ਗਾਵੇਂ ਤਾਂ ਤੇਰਾ ਦੋਹਾਂ ਜਹਾਨਾਂ ਦਾ ਕਾਰਜ ਹੋਵੇਗਾ।"

ਜ਼ਾਹਰ ਹੈ ਸਾਖੀ ਵਿਚ ਪੇਸ਼ ਇਹ ਵਾਰਤਾਲਾਪ ਲੰਮੀ ਪ੍ਰਕਿਰਿਆ ਦਾ ਸਾਰ-ਸੰਖੇਪ ਹੈ। ਇਕੋ ਮਿਲਣੀ ਵਿਚ ਸ਼ਾਇਦ ਇੰਝ ਨਾ ਹੋਇਆ ਹੋਵੇ। ਦੋਵਾਂ ਵਿਚ ਕਈ ਦਿਨ ਲੰਮੀ ਚਰਚਾ ਹੁੰਦੀ ਰਹੀ ਹੋਵੇਗੀ। ਕਦੀ-ਕਦੀ ਮਰਦਾਨੇ ਨੇ ਬਾਬੇ ਕਹਿਣ 'ਤੇ, ਅਭਿਆਸ ਵਜੋਂ, ਸ਼ਬਦ ਨਾਲ ਰਬਾਬ ਦੀ ਸੁਰ ਮਿਲਾ ਕੇ ਵੀ ਵੇਖੀ ਹੋਵੇਗੀ। ਅਜਿਹਾ ਕਰਦਿਆਂ ਵੱਜਦ ਵਿਚ ਵੀ ਆਇਆ ਹੋਵੇਗਾ। ਰੂਹ ਵਿਚ ਕੁਝ ਜਗਦਾ ਹੋਇਆ ਵੀ ਦਿਸਣ ਲੱਗਾ ਹੋਵੇਗਾ। ਇੰਝ ਕਰਦਿਆਂ ਗੁਰੂ ਜੀ ਦੇ ਬਚਨ ਸੁਣ ਕੇ ਮਰਦਾਨੇ ਦੇ ਸਭ ਸ਼ੰਕੇ ਨਵਿੱਰਤ ਹੋ ਗਏ ਹੋਣਗੇ। ਉਸ ਨੇ ਸਿਰ ਝੁਕਾਅ ਕੇ ਗੁਰੂ ਜੀ ਦੀ ਪੇਸ਼ਕਸ਼ ਪ੍ਰਵਾਨ ਕਰ ਲਈ ਹੋਵੇਗੀ।

ਭਾਈ ਦਾਨਾ ਹੁਣ 'ਮਰਦਾਨਾ' ਹੋ ਗਿਆ। 'ਸੂਰਮਾ' ਹੋ ਗਿਆ। ਘਰ ਪਰਿਵਾਰ ਨੂੰ ਤਿਆਗ ਕੇ ਸਾਰੀ ਉਮਰ ਗੁਰੂ ਦੇ ਲੇਖੇ ਲਾ ਦੇਣੀ ਸੂਰਮਗਤੀ ਹੀ ਤਾਂ ਸੀ। ਪਹਿਲਾਂ-ਪਹਿਲਾਂ ਤਲਵੰਡੀ ਦੀਆਂ ਜੂਹਾਂ ਵਿਚ ਮਰਦਾਨੇ ਦੀ ਰਬਾਬ ਤੇ ਗੁਰੂ ਦਾ ਸ਼ਬਦ ਗੂੰਜਣ ਲੱਗੇ। ਬਾਅਦ ਵਿਚ ਤਲਵੰਡੀ ਤੋਂ ਤੁਰਦੀ ਸ਼ਬਦ ਅਤੇ ਸੰਗੀਤ ਦੀ ਇਹ ਜੁਗਲ-ਬੰਦੀ ਕੁਲ ਸੰਸਾਰ ਦੀਆਂ ਹਵਾਵਾਂ ਵਿਚ ਘੁਲ਼ ਗਈ।

ਭਾਈ ਮਰਦਾਨਾ ਉਮਰ ਵਿਚ ਗੁਰੂ ਨਾਨਕ ਦੇਵ ਜੀ ਤੋਂ 10 ਸਾਲ ਵੱਡਾ ਸੀ। ਉਸ ਨੇ ਲਗਪਗ 54 ਸਾਲ ਗੁਰੂ ਜੀ ਦੀ ਸੰਗਤ ਕੀਤੀ। ਏਨਾ ਮਾਣ ਇਤਿਹਾਸ ਵਿਚ ਭਲਾ ਹੋਰ ਕਿਸ ਨੂੰ ਮਿਲਿਆ ਸੀ! ਗੁਰੂ ਜੀ ਦੀ ਸੰਗਤ ਵਿਚ ਰਹਿ ਕੇ ਮਰਦਾਨਾ ਕੀ ਤੋਂ ਕੀ ਹੋ ਗਿਆ ਹੋਵੇਗਾ! ਭਗਤ ਕਬੀਰ ਜੀ ਕਹਿੰਦੇ ਹਨ:

ਕਬੀਰ ਚੰਦਨ ਕਾ ਬਿਰਵਾ ਭਲਾ, ਬੇੜ੍ਹੀਓ ਢਾਕ ਪਲਾਸ॥
ਓਇ ਭੀ ਚੰਦਨ ਹੋਇ ਰਹੇ, ਬਸੇ ਜੁ ਚੰਦਨ ਪਾਸ॥

ਜਿਵੇਂ ਚੰਦਨ ਰੁੱਖ ਦੀ ਸੰਗਤ ਕਰ ਕੇ ਆਸ ਪਾਸ ਦੇ ਬੂਟਿਆਂ ਤੋਂ ਵੀ ਚੰਦਨ ਦੀ ਮਹਿਕ ਆਉਣ ਲੱਗਦੀ ਹੈ। ਉਹ ਬੂਟੇ ਚੰਦਨ ਨਾਲ ਰਹਿ ਕੇ ਚੰਦਨ ਵਰਗੇ ਬਣ ਜਾਂਦੇ ਹਨ। ਇਸ ਤਰ੍ਹਾਂ ਸੰਤ ਦੀ ਸੰਗਤ ਕਰਨ ਵਾਲਾ ਮਨੁੱਖ ਵੀ ਸੰਤ ਵਰਗਾ ਗਿਆਨਵਾਨ ਹੋ ਜਾਂਦਾ ਹੈ।

ਮਰਦਾਨਾ ਵੀ ਚੰਦਨ ਨਾਲ ਰਹਿ ਕੇ ਚੰਦਨ ਹੋ ਗਿਆ ਸੀ। ਐਵੇਂ ਤਾਂ ਨਹੀਂ ਭਾਈ ਗੁਰਦਾਸ ਨੇ ਜੇ ਗੁਰੂ ਨਾਨਕ ਪਾਤਸ਼ਾਹ ਨੂੰ 'ਇਕ' ਕਿਹਾ ਹੈ ਤਾਂ ਮਰਦਾਨੇ ਨੂੰ ਉਸ ਤੋਂ ਬਾਅਦ 'ਦੂਜਾ' ਕਹਿ ਕੇ ਸਨਮਾਨ ਦਿੱਤਾ ਹੈ:

ਇਕ ਬਾਬਾ ਅਕਾਲ ਰੂਪ, ਦੂਜਾ ਰਬਾਬੀ ਮਰਦਾਨਾ।

ਸਿੱਖ ਇਤਿਹਾਸ ਵਿਚ ਗੁਰੂ ਨਾਨਕ ਤੋਂ ਬਾਅਦ ਦੂਜਾ ਨਾਂ ਭਾਈ ਮਰਦਾਨੇ ਦਾ ਆਉਣਾ, ਭਾਈ ਮਰਦਾਨੇ ਦੀ ਅਜ਼ਮਤ ਦਾ ਲਖਾਇਕ ਹੈ। ਗੁਰੂ ਨਾਨਕ ਨਾਲ 'ਦੂਜਾ ਗੁਰੂ ਅੰਗਦ' ਤਾਂ ਬਾਅਦ ਵਿਚ ਆਉਂਦਾ ਹੈ; ਬਾਅਦ ਵਿਚ ਜੁੜਦਾ ਹੈ, ਪਰ 'ਦੂਜਾ ਰਬਾਬੀ ਮਰਦਾਨਾ' ਪਹਿਲਾਂ ਆਉਂਦਾ ਹੈ।

ਗੁਰੂ ਜੀ ਦੀ ਪਾਰਖੂ ਅੱਖ ਨੇ ਭਾਈ ਮਰਦਾਨੇ ਨੂੰ ਐਵੇਂ ਨਹੀਂ ਸੀ ਚੁਣਿਆ। ਉਹਨਾਂ ਜਾਣ ਲਿਆ ਸੀ, ਸੰਗੀਤ ਭਾਈ ਮਰਦਾਨੇ ਦੀ ਆਤਮਾ ਸੀ। ਉਹ ਗਾਇਕ ਤੇ ਸੰਗੀਤਕਾਰ ਵੀ ਕੋਈ ਛੋਟਾ-ਮੋਟਾ ਨਹੀਂ ਸੀ। ਅਕਬਰ ਦੇ ਨੌਂ ਰਤਨਾਂ ਵਿਚ ਇਕ ਰਤਨ ਤਾਨਸੈਨ, ਜੋ ਸੰਸਾਰ- ਪ੍ਰਸਿੱਧ ਗਾਇਕ ਸੀ, ਉਹਦੇ ਗੁਰੂ ਦਾ ਨਾਂ ਹਰਿਦਾਸ ਸੀ। ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਉਹ ਭਾਈ ਮਰਦਾਨੇ ਦਾ ਸ਼ਾਗਿਰਦ ਸੀ।

ਭਾਈ ਗੁਰਦਾਸ ਆਪਣੀ ਗਿਆਰ੍ਹਵੀਂ ਵਾਰ ਵਿਚ ਲਿਖਦੇ ਹਨ:

'ਭਲਾ ਰਬਾਬ ਵਜਾਇੰਦਾ, ਮਜਲਸ ਮਰਦਾਨਾ ਮੀਰਾਸੀ।'

ਮਜਲਸ ਵਿਚ ਕੋਈ ਭਾਈ ਮਰਦਾਨਾ ਜੀ ਵਰਗੀ ਰਬਾਬ ਨਹੀਂ ਸੀ ਵਜਾ ਸਕਦਾ।

ਏਸੇ ਕਰਕੇ ਤਾਂ 'ਸਭਨਾਂ ਦੇ ਦਾਤੇ' ਗੁਰੂ ਸਾਹਿਬ ਨੇ ਮਰਦਾਨੇ ਕੋਲ਼ੋਂ ਆਪਣੇ ਸ਼ਬਦ ਵਾਸਤੇ ਸੰਗੀਤ ਦੀ 'ਦਾਤ' ਦੀ ਮੰਗ ਕੀਤੀ ਸੀ। ਮਰਦਾਨਾ ਇਹ ਸੁਣ ਕੇ ਧੰਨ ਹੋ ਗਿਆ। ਫਿਰ ਸਾਰੀ ਉਮਰ ਗੁਰੂ ਦਾ ਸਾਥ ਨਹੀਂ ਛੱਡਿਆ। ਨਾਨਕ ਉਹਦੇ ਹਰ ਸਾਹ ਵਿਚ ਵੱਸ ਗਿਆ ਸੀ।

ਤਾਰੀਖਿ-ਪੰਜਾਬ ਦਾ ਲੇਖਕ ਲਿਖਦਾ ਹੈ ਕਿ ਮਰਦਾਨੇ ਦੀ ਰਬਾਬ ਦੀ ਹਰ ਤਾਰ ਵਿਚੋਂ 'ਨਿਰੰਕਾਰ ਨਾਨਕ ਬੰਦਾ ਤੇਰਾ ਹੈ' ਦੀ ਧੁਨੀ ਨਿਕਲਦੀ ਰਹਿੰਦੀ ਸੀ ਤੇ ਬਾਬਾ ਨਾਨਕ ਜੀ 'ਕਰਤਾਰ- ਕਰਤਾਰ' ਬੋਲਦੇ।

ਗੁਰੂ ਗ੍ਰੰਥ ਸਾਹਿਬ ਵਿਚ ਬਾਕੀ ਗੁਰੂ ਸਾਹਿਬਾਨ ਤੋਂ ਇਲਾਵਾ ਆਪਣੀ ਰਚਨਾ ਪਿੱਛੇ 'ਨਾਨਕ' ਦਾ ਨਾਂ ਦਰਜ ਕਰਨ ਦਾ ਹੱਕ ਭਾਈ ਮਰਦਾਨੇ ਨੂੰ ਹੀ ਮਿਲਿਆ। 'ਨਾਨਕ! ਨਾਨਕ' ਕਰਦਿਆਂ ਉਹ 'ਨਾਨਕ ਰੂਪ' ਹੋ ਗਿਆ ਸੀ।

ਭਾਈ ਕਾਨ੍ਹ ਸਿੰਘ ਨਾਭਾ ਜੀ ਨੇ 'ਮਹਾਨ ਕੋਸ਼' 'ਚ ਗੁਰੂ ਗ੍ਰੰਥ ਸਾਹਿਬ ਜੀ ਵਿਚ ਰਾਗ ਵਿਹਾਗੜਾ ਵਿਚ ਭਾਈ ਮਰਦਾਨਾ ਜੀ ਦੇ ਤਿੰਨ ਸਲੋਕਾਂ ਬਾਰੇ ਵੇਰਵਾ ਦਿੱਤਾ ਹੈ:

-ਇਕੋ ਨਾਉ ਤਕੜਾ ਕੀਉਨ,  
ਹੋਰ ਨਾਂਵ ਸਭ ਕੀਅਨ ਖਰਾਬਾ।  
ਨੇੜੇ ਨਜੀਕ ਖੁਦਾਇ ਦੇ ਬਾਬਾ।

*** ***

ਕਲਿ ਕਲਵਾਲੀ ਕਾਮੁ ਮਦੁ ਮਨੂਆ ਪੀਵਣਹਾਰ।  
ਕ੍ਰੋਧ ਕਟੋਰੀ ਮੋਹਿ ਭਰੀ ਪੀਲਾਵਾ ਅਹੰਕਾਰ।  
ਮਜਲਸ ਕੂੜੈ ਲਬ ਕੀ ਪੀ ਪੀ ਹੋਇ ਖੁਆਰੁ।  
ਕਰਣੀ ਲਾਹਣਿ ਸਤੁ ਗੁੜੁ ਸਚੁ ਸਰਾ ਕਰਿ ਸਾਰੁ।  
ਗੁਣ ਮੰਡੇ ਕਰਿ ਸੀਲੁ ਘਿਉ ਸਰਮੁ ਮਾਸੁ ਅਹਾਰੁ।  
ਗੁਰਮੁਖਿ ਪਾਈਐ ਨਾਨਕਾ ਖਾਧੈ ਜਾਹਿ ਬਿਕਾਰੁ।

*** ***

ਕਾਇਆ ਲਾਹਣਿ ਆਪੁ ਮਦੁ ਮਜਲਸ ਤ੍ਰਿਸਨਾ ਧਾਤੁ।  
ਮਨਸਾ ਕਟੋਰੀ ਕੂੜਿ ਭਰੀ ਪੀਲਾਇ ਜਮਕਾਲੁ।  
ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰੁ।  
ਗਿਆਨ ਗੁੜੁ ਸਲਾਹ ਮੰਡੇ ਭਉ ਮਾਸੁ ਅਹਾਰੁ।  
ਨਾਨਕ ਇਹ ਭੋਜਨੁ ਸਚੁ ਹੈ ਸਚੁ ਨਾਮੁ ਅਧਾਰੁ।  
ਕਾਯਾ ਲਾਹਣਿ ਆਪੁ ਮਦੁ ਅੰਮ੍ਰਿਤ ਤਿਸ ਕੀ ਧਾਰ।  
ਸਤਿਸੰਗਤਿ ਸਿਉ ਮੇਲਾਪੁ ਹੋਇ ਲਿਵ  
ਕਟੋਰੀ ਅੰਮ੍ਰਿਤ ਭਰੀ ਪੀ ਪੀ ਕਟਿਹ ਬਿਕਾਰੁ।

ਓਸ਼ੋ ਨੇ ਗੁਰੂ ਨਾਨਕ ਸਾਹਿਬ ਬਾਰੇ ਕਿਹਾ ਹੈ, "ਯੋਗ ਨਹੀਂ, ਤਪੱਸਿਆ ਨਹੀਂ.. ਧਿਆਨ ਨਹੀਂ, ਉਹਨਾਂ ਸਿਰਫ ਗਾਇਆ ਤੇ ਗਾ ਕੇ ਪਾ ਲਿਆ। ਪਰ, ਗਾਇਆ ਪੂਰੇ ਪ੍ਰਾਣਾਂ ਨਾਲ, ਕਿ, ਗੀਤ ਹੀ ਯੋਗ ਹੋ ਗਿਆ। ਗੀਤ ਹੀ ਤਪ ਹੋ ਗਿਆ। ਪਰਮਾਤਮਾ ਦੇ ਰਾਹ 'ਤੇ ਨਾਨਕ ਲਈ ਗੀਤ ਤੇ ਫੁੱਲ ਹੀ ਵਿਛੇ ਹਨ। ਉਹਨਾਂ ਦਾ ਰਾਹ ਬਹੁਤ ਹੀ ਮਧੁਰ ਅਤੇ ਰਸ-ਭਰਿਆ ਹੈ।"

ਹੁਣ ਕੌਣ ਨਹੀਂ ਜਾਣਦਾ ਕਿ ਗਾਇਨ ਲਈ ਸ਼ਬਦ ਦੇ ਨਾਲ ਸੁਰ ਦਾ ਕੈਸਾ ਜੁੜਵਾਂ ਤੇ ਅਟੁੱਟ

ਰਿਸ਼ਤਾ ਹੈ।

ਬੁਰਿਆਈ-ਚੰਗਿਆਈ ਦਾ ਸਦੀਵੀ ਯੁੱਧ ਲੜਨ ਲਈ ਗੁਰੂ ਸਾਹਿਬ ਗਿਆਨ ਨੂੰ ਖੜਗ ਕਹਿੰਦੇ ਨੇ। ਗਿਆਨ ਸ਼ਬਦ ਵਿਚ ਹੈ ਤੇ ਸ਼ਬਦ ਤੇ ਸੰਗੀਤ ਜੁੜਵੇਂ ਹਥਿਆਰ ਹਨ। ਢਾਲ਼ ਅਤੇ ਤਲਵਾਰ। ਧਰਮ-ਯੁੱਧ ਵਿਚ ਜਿੱਤ ਹਾਸਲ ਕਰਨ ਲਈ ਦੋਵਾਂ ਦਾ ਸੰਗਮ-ਸਾਥ ਲਾਜ਼ਮ ਹੈ। ਸ਼ਬਦ ਅਤੇ ਸੰਗੀਤ ਮਿਲ ਕੇ ਮਨੁੱਖ ਦਾ ਕਾਇਆ ਕਲਪ ਕਰ ਦਿੰਦੇ ਹਨ। ਉਹਨੂੰ 'ਜੱਟੀਉਂ ਹੀਰ' ਬਣਾ ਦਿੰਦੇ ਹਨ। ਰਾਂਝਾ ਐਵੇਂ ਨਹੀਂ ਸੀ ਹੱਥਾਂ ਵਿਚ ਵੰਝਲੀ ਲਈ ਫਿਰਦਾ। ਉਹਦੀ ਵੰਝਲੀ ਦੀ ਹੂਕ ਸੁਣ ਕੇ ਹੀਰ ਤਾਂ ਕੀ ਮੱਝਾਂ ਵੀ ਉਹਦੀ ਸੁਰ ਨਾਲ ਇਕ-ਸੁਰ ਹੋ ਜਾਂਦੀਆਂ ਸਨ। ਸ਼ਾਂਤਮਈ ਅੰਦੋਲਨਾਂ ਦੇ ਹੱਕ ਵਿਚ ਵਿਦਰੋਹੀ ਗੀਤ ਲਿਖਣ ਵਾਲੀ ਤੇ ਉਹੋ ਗੀਤ ਆਪਣੀ ਗਿਟਾਰ 'ਤੇ ਵਜਾਉਣ ਵਾਲੀ ਵੀਹਵੀਂ ਸਦੀ ਦੀ ਮਹਾਨ ਗਾਇਕਾ ਜੌਨ ਬਾਇਸ ਨੇ ਸੰਗੀਤ ਦੀ ਤਾਕਤ ਬਾਰੇ ਕਿਹਾ ਸੀ, "ਜੰਗਬਾਜ਼ਾਂ ਦੇ ਖਿਲਾਫ ਲੜਨ ਵਾਸਤੇ ਮੇਰੇ ਕੋਲ਼ ਕੇਵਲ ਇਕੋ ਹਥਿਆਰ ਹੈ ਤੇ ਉਹ ਹੈ ਛੇ ਤਾਰਾਂ ਵਾਲਾ ਸਾਜ਼, ਮੇਰਾ ਗਿਟਾਰ!"

ਜਿਵੇਂ ਸੂਰਮੇ ਪਿੱਠ ਨਾਲ ਪਿੱਠ ਜੋੜ ਕੇ ਮੈਦਾਨ-ਏ-ਜੰਗ ਵਿਚ ਲੜਦੇ ਹਨ, ਗੁਰੂ ਸਾਹਿਬ ਅਤੇ ਮਰਦਾਨਾ ਗੋਡੇ ਨਾਲ ਗੋਡਾ ਜੋੜ ਕੇ ਸ਼ਬਦ-ਗਾਇਨ ਕਰਦੇ ਹੋਏ ਇਹ ਯੁੱਧ ਲੜਦੇ ਸਨ। ਗਿਆਨ ਦੀ ਖੜਗ ਸੰਗੀਤ ਦੀ ਧਾਰ ਨਾਲ ਹੋਰ ਤਿੱਖੀ ਹੋ ਕੇ ਚੱਲਦੀ। ਹਨੇਰਿਆਂ ਨੂੰ ਚੀਰਦੀ ਜਾਂਦੀ। ਮਨ-ਮਸਤਕ ਰੌਸ਼ਨ ਹੁੰਦੇ ਜਾਂਦੇ। ਵਲੀਆਂ ਦੇ ਵਲ਼ ਨਿਕਲਦੇ ਜਾਂਦੇ। ਕੌਡੇ ਵਰਗੇ ਰਾਖਸ਼ਾਂ ਵਿਚ ਬੰਦਿਆਈ ਪ੍ਰਵੇਸ਼ ਕਰਦੀ ਜਾਂਦੀ। ਸੱਜਣ ਵਰਗੇ ਠੱਗਾਂ ਦੇ ਮਨ ਦੀ ਮੈਲ਼ ਧੋਤੀ ਜਾਂਦੀ।

ਗੁਰੂ ਨਾਨਕ ਦੇ ਸਫਰ ਵਿਚ ਮਰਦਾਨਾ ਉਹਨਾਂ ਦਾ ਪੱਕਾ ਸਾਥੀ ਰਿਹਾ।

ਸੁਰਜੀਤ ਪਾਤਰ ਨੇ ਕਿਤੇ ਜਿਹਾ ਸੀ, " ਕਾਲ਼ੀਆਂ ਰਾਤਾਂ ਨਾਲ ਲੜਨ ਲਈ ਮੈਂ ਵੀ ਆ ਪਹੁੰਚਾ ਹਾਂ ਆਪਣਾ ਸਾਜ਼ ਲਈ। "

ਭਾਈ ਮਰਦਾਨੇ ਨੇ ਵੀ ਗੁਰੂ ਸਾਹਿਬ ਨੂੰ ਸ਼ਾਇਦ ਇੰਝ ਹੀ ਕਿਹਾ ਹੋਵੇਗਾ।

ਅਸੀਂ ਤਾਂ ਐਵੇਂ ਗੁਰੂ ਦੇ ਸਿੱਖ ਹੋਣ ਦਾ ਦਾਅਵਾ ਕਰਦੇ ਫਿਰਦੇ ਹਾਂ। ਭਾਈ ਮਰਦਾਨੇ ਤੋਂ ਵੱਡਾ ਸਿੱਖ ਕੌਣ ਹੋ ਸਕਦਾ ਹੈ, ਜਿਸ ਨੇ ਗੁਰੂ ਸਾਹਿਬ ਦੇ ਨਾਲ ਹੀ ਆਪਣਾ ਘਰ-ਘਾਟ ਤਿਆਗ ਕੇ ਜੀਵਨ ਦੇ ਅਤਿ ਬਿਖਮ ਰਾਹ 'ਤੇ ਤੁਰਨ ਦਾ ਜੇਰਾ ਕੀਤਾ। ਇਹ ਉਹ ਦੌਰ ਸੀ ਜਦੋਂ ਹਕੂਮਤ ਦੇ ਦਾਬੇ ਤੋਂ ਡਰਦੇ ਖੱਤਰੀ ਵੀ ਧਰਮ ਛੱਡਦੇ ਜਾ ਰਹੇ ਸਨ (ਖੱਤਰੀਆਂ ਤਾਂ ਧਰਮ ਛੋੜਿਆ) ਪਰ ਇਹ ਭਾਈ ਮਰਦਾਨਾ ਹੀ ਸੀ ਜਿਸ ਨੇ ਮੁਸਲਮਾਨ ਹੁੰਦੇ ਹੋਏ ਵੀ ਹਿੰਦੂ ਖੱਤਰੀ ਗੁਰੂ ਦਾ ਸੇਵਕ ਬਣ ਕੇ ਉਹਨੂੰ ਆਪਣਾ ਆਪ ਸਮਰਪਿਤ ਕਰ ਦਿੱਤਾ।

ਨਹੀਂ, ਮੈਨੂੰ ਸ਼ਾਇਦ ਇੰਝ ਨਹੀਂ ਕਹਿਣਾ ਚਾਹੀਦਾ। ਅਸਲ ਵਿਚ ਉਹ ਹਿੰਦੂ-ਮੁਸਲਮਾਨ ਰਹਿ ਹੀ ਕਿੱਥੇ ਗਏ ਸਨ! ਉਹ ਜਾਤਾਂ-ਪਾਤਾਂ ਦੀਆਂ ਹੱਦਾਂ ਤੋੜ ਕੇ, ਸਭ ਟੋਏ-ਟਿੱਬੇ ਪੱਧਰੇ ਕਰ ਕੇ ਬਰਾਬਰ ਹੋ ਗਏ ਸਨ। ਇਕ ਦੇਹ-ਇਕ ਜਾਨ ਹੋ ਗਏ ਸਨ। ਗੁਰੂ ਸਾਹਿਬ ਦੇ ਸੰਗ-ਸਾਥ ਵਿਚ ਰਹਿ ਕੇ ਕੋਈ ਨੀਚ ਕਿਵੇਂ ਰਹਿ ਸਕਦਾ ਏ! ਗੁਰੂ ਨਾਨਕ ਪਾਤਸ਼ਾਹ ਨੇ ਉਹਨੂੰ ਹਿੱਕ ਨਾਲ ਲਾ ਕੇ 'ਸੋਨਾ' ਕਰ ਲਿਆ ਸੀ।

ਵੇਖਣ ਵਾਲੀ ਗੱਲ ਹੈ ਕਿ ਗੁਰੂ ਸਾਹਿਬ ਓਨਾ ਚਿਰ ਉਦਾਸੀ 'ਤੇ ਨਹੀਂ ਤੁਰਦੇ, ਜਿੰਨਾ ਚਿਰ ਮਰਦਾਨਾ ਉਹਨਾਂ ਨਾਲ ਜਾਣ ਲਈ ਰਾਜ਼ੀ ਨਹੀਂ ਹੁੰਦਾ। ਗੁਰੂ ਜੀ ਨੇ ਮਰਦਾਨੇ ਨੂੰ ਕਿਹਾ, "ਭਾਈ ਮਰਦਾਨਿਆਂ! ਆਪਣਾ ਪਰਿਵਾਰ ਬਹੁਤ ਵੱਡਾ ਹੈ, ਆਪਾਂ ਦੂਰ-ਦੂਰ ਤਕ ਆਪਣੇ ਜੀਆਂ ਨੂੰ ਮਿਲਣ ਜਾਣਾ ਹੈ। ਤੁਸੀਂ ਨਾਲ ਚੱਲੋ। ਇਕੱਠੇ ਚੱਲਾਂਗੇ ਤਾਂ ਬੜੀ ਖੁਸ਼ੀ ਮਿਲੇਗੀ।"

ਮਰਦਾਨੇ ਨੇ ਸਵਾਲ ਕੀਤਾ, "ਬਾਬਾ! ਚਲੋ ਤਾਂ ਚਲਦੇ ਹਾਂ, ਪਰ ਸਫਰ ਵਿਚ ਖਾਵਾਂਗੇ ਕੀ ਤੇ ਕਿੱਥੋਂ ਖਾਵਾਂਗੇ?" ਬਾਬਾ ਜੀ ਨੇ ਕਿਹਾ, "ਜੋ ਦੌਲਤ ਤੁਸਾਂ ਪਾਸ ਹੈ, ਹੋਰ ਕਿਸੇ ਪਾਸ ਨਹੀਂ। ਤੁਹਾਡੇ ਸਦਕਾ ਕਈਆਂ ਹੋਰਨਾਂ ਨੂੰ ਰਿਜ਼ਕ ਮਿਲੇਗਾ।"

ਅੱਜ ਹਜ਼ਾਰਾਂ ਰਾਗੀ-ਢਾਡੀ ਕੀਰਤਨ ਕਰ ਕੇ ਗੁਜ਼ਰਾਨ ਕਰ ਰਹੇ ਹਨ। ਉਹਨਾਂ ਦਾ ਰਿਜ਼ਕ-ਦਾਤਾ ਵਡੇਰਾ ਗੁਰੂ ਹੀ ਨਹੀਂ, ਭਾਈ ਮਰਦਾਨਾ ਵੀ ਹੈ।

ਮਰਦਾਨਾ ਗੁਰੂ ਦਾ ਆਪਣਾ ਸੀ। ਮਰਦਾਨਾ ਹੀ ਗੁਰੂ ਦੀ ਨਹੀਂ ਸੀ ਸੁਣਦਾ-ਮੰਨਦਾ। ਗੁਰੂ ਸਾਹਿਬ ਵੀ ਉਹਦੀ ਸੁਣਦੇ-ਮੰਨਦੇ ਸਨ। ਜਦੋਂ ਉਦਾਸੀ 'ਤੇ ਤੁਰਨ ਲੱਗੇ ਤਾਂ ਵਿਛੜਨ ਵੇਲੇ ਵੱਜਣ ਵਾਲੇ ਮੋਹ ਦੇ ਉਛਾਲ਼ਿਆਂ ਦਾ ਸੋਚ ਕੇ ਗੁਰੂ ਸਾਹਿਬ ਆਪਣੇ ਪਰਿਵਾਰ ਨੂੰ ਮਿਲਣ ਤਲਵੰਡੀ ਨਹੀਂ ਗਏ। ਪਰ ਜਦ ਬੇਬੇ ਨਾਨਕੀ ਨੂੰ ਮਿਲ਼ੇ ਬਗ਼ੈਰ ਜਾਣ ਲੱਗੇ ਤਾਂ ਭਾਈ ਮਰਦਾਨੇ ਨੇ ਸੌ ਦੀ ਇਕ ਸੁਣਾ ਦਿੱਤੀ, "ਬੇਬੇ ਨੂੰ ਮਿਲ਼ੇ ਬਗ਼ੈਰ ਨਹੀਂ ਜਾਣਾ!"

ਗੁਰੂ ਬਾਬੇ ਨੇ ਨੀਵੀਂ ਪਾ ਕੇ ਕਿਹਾ, "ਤੇਰਾ ਆਖਾ ਮੋੜਨਾ ਨਹੀਂ ਭਾਈ!"

ਜਿਸ ਮਰਦਾਨੇ ਦਾ ਆਖਿਆ ਬਾਬਾ ਨਹੀਂ ਮੋੜ ਸਕਦਾ, ਉਹ ਮਰਦਾਨਾ 'ਕੇਵਲ ਮਾਂਗਤ' ਹੀ ਕਿਵੇਂ ਹੋ ਸਕਦਾ ਹੈ?

ਮਰਦਾਨੇ ਕੋਲ਼ ਜਿਹੜੀ ਸੰਗੀਤ ਦੀ ਦੌਲਤ ਸੀ, ਗੁਰੂ ਜੀ ਉਸ ਕੀਮਤ ਨੂੰ ਜਾਣਦੇ ਸਨ। ਜਿਸ ਗੁਰੂ ਨੂੰ ਮਰਦਾਨੇ ਕੋਲ਼ ਦੌਲ਼ਤਾਂ ਨਜ਼ਰ ਆਉਂਦੀਆਂ ਸਨ, ਉਹ ਮਰਦਾਨਾ ਮੰਗ-ਖਾਣਾ ਕਿਵੇਂ ਹੋ ਸਕਦਾ ਹੈ! ਉਸ ਕੋਲ਼ ਰਾਗ ਦਾ ਹੁਨਰ ਸੀ। ਉਹ ਤੇ ਉਹਦੇ ਵਡੇਰੇ ਹੁਣ ਤਕ ਰਾਗ ਗਾ ਕੇ ਹੀ ਗੁਜ਼ਰਾਨ ਕਰਦੇ ਆਏ ਸਨ। ਮਰਦਾਨਾ ਗੁਰੂ ਪਾਤਸ਼ਾਹ ਨਾਲ ਨਾ ਵੀ ਤੁਰਦਾ ਤਾਂ ਆਪਣੇ ਹੁਨਰ ਨਾਲ ਗੁਜ਼ਰਾਨ ਕਰ ਸਕਦਾ ਸੀ। ਪਰ ਉਹ ਗੁਰੂ ਸਾਹਿਬ ਦੀ ਅਜ਼ਮਤ ਜਾਣਦਾ ਸੀ। ਉਹਨੂੰ ਸਮਝ ਸੀ ਕਿ ਗੁਰੂ ਪਾਤਸ਼ਾਹ ਉਹਨੂੰ ਆਪਣਾ ਸੰਗੀ-ਸਾਥੀ ਬਣਾ ਕੇ ਕੇਡਾ ਵੱਡਾ ਮਾਣ ਬਖਸ਼ ਰਹੇ ਹਨ। ਉਹਨੇ ਇਕ ਵਾਰ ਵੀ ਨਾਂਹ ਨਹੀਂ ਕੀਤੀ। ਗੁਰੂ ਸਾਹਿਬ ਦੇ ਕਹਿਣ 'ਤੇ ਨਵੀਂ ਰਬਾਬ ਖਰੀਦ ਕੇ ਉਹਨਾਂ ਨਾਲ ਲੰਮੀਆਂ ਉਦਾਸੀਆਂ 'ਤੇ ਤੁਰ ਪਿਆ। ਆਪਣਾ ਆਪ ਗੁਰੂ ਪਾਤਸ਼ਾਹ ਨੂੰ ਸਮਰਪਿਤ ਕਰ ਦਿੱਤਾ। ਜੰਗਲ਼ਾਂ-ਬੀਆਬਾਨਾਂ ਵਿਚ ਗੁਰੂ ਦੇ ਸੰਗ-ਸਾਥ ਵਿਚ ਰਿਹਾ। ਸੂਲ਼ਾਂ ਅਤੇ ਰੋੜਾਂ 'ਤੇ ਸੌਣਾ ਪ੍ਰਵਾਨ ਕਰ ਲਿਆ, ਪਰ ਗੁਰੂ ਦਾ ਸਾਥ ਨਹੀਂ ਛੱਡਿਆ। ਪਰ ਗੁਰੂ ਸਾਹਿਬ ਨੇ ਵੀ ਮਰਦਾਨੇ ਦੀ ਕਦਰ ਕਰਨ ਵਿਚ ਕੋਈ ਕਸਰ ਨਹੀਂ ਸੀ ਛੱਡੀ। ਜਦ ਵੀ ਮਰਦਾਨੇ ਦੀ ਨਮਾਜ਼ ਪੜ੍ਹਣ ਦਾ ਵਕਤ ਹੁੰਦਾ, ਗੁਰੂ ਸਾਹਿਬ ਓਸੇ ਵਕਤ ਆਪਣੇ ਪੈਰ ਰੋਕ ਲੈਂਦੇ। ਉਹਦੇ ਵਿਸ਼ਵਾਸ ਨੂੰ ਮਾਣ ਦਿੰਦੇ।

ਸਾਰੀ ਉਮਰ ਮਰਦਾਨਾ ਗੁਰੂ ਦੇ ਸੰਗ-ਸਾਥ ਵਿਚ ਰਿਹਾ, ਪਰ ਗੁਰੂ ਸਾਹਿਬ ਨੇ ਇਕ ਵਾਰ ਵੀ ਉਹਨੂੰ ਆਪਣਾ ਅਕੀਦਾ ਤਿਆਗਣ ਲਈ ਨਹੀਂ ਕਿਹਾ। ਉਹ ਜਾਣਦੇ ਸਨ ਕਿ ਮਰਦਾਨਾ 'ਜਿਹੜੀ ਨਮਾਜ਼' ਅਦਾ ਕਰ ਰਿਹਾ ਹੈ, ਉਹ ਵਿਖਾਵੇ ਦੀ ਨਮਾਜ਼ ਨਹੀਂ।ਕਪਈ ਪਾਖੰਡ ਨਹੀਂ। ਉਹ ਉਹੋ ਨਮਾਜ਼ ਹੈ ਜਿਸ ਬਾਰੇ ਉਹ ਫੁਰਮਾਉਂਦੇ ਹਨ:

ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ॥
ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ॥

ਮਰਦਾਨਾ ਅਜਿਹਾ ਮੁਸਲਮਾਨ ਹੋ ਗਿਆ ਸੀ।

ਜਿਹੜੇ ਸਾਖੀਕਾਰ ਮਰਦਾਨੇ ਨੂੰ ਭੁੱਖ ਤੋਂ ਆਤੁਰ ਹੋ ਕੇ ਵਾਰ-ਵਾਰ ਘਰ ਪਰਤਣ ਦੇ ਤਰਲੇ ਲੈਂਦਾ ਵਿਖਾਉਂਦੇ ਹਨ, ਉਹ ਮਰਦਾਨੇ ਦੇ ਸਮਰਪਣ ਨੂੰ ਕੀ ਜਾਣਣ! ਉਹ ਮਰਦਾਨੇ ਦੀ ਦੂਰ-ਦ੍ਰਿਸ਼ਟੀ ਨੂੰ ਕੀ ਸਮਝਣ! ਉਹਦਾ ਨਾਨਕ ਉਹਨੂੰ ਭੁੱਖਾ ਕਿਵੇਂ ਰੱਖ ਸਕਦਾ ਸੀ? ਨਾਨਕ ਦੇ ਸਾਥ ਵਿਚ ਉਹ ਭੁੱਖਾ ਕਿਵੇਂ ਰਹਿ ਸਕਦਾ ਸੀ? ਉਹ ਭਗੌੜਾ ਕਿਵੇਂ ਹੋ ਸਕਦਾ ਸੀ? ਉਹਦੇ ਲਈ ਤਾਂ ਉਹਦਾ ਯਾਰ, ਉਹਦਾ ਭਰਾ, ਉਹਦਾ ਰੱਬ ਉਹਦਾ ਨਾਨਕ ਹੀ ਤਾਂ ਸੀ। ਜਿਸ ਨੇ ਨਾਨਕ ਨੂੰ ਪਾ ਲਿਆ, ਉਹਨੂੰ ਹੋਰ ਲੋੜ ਕਿਸ ਚੀਜ਼ ਦੀ ਰਹਿ ਜਾਂਦੀ ਹੈ!

ਜਦ ਸ਼ਬਦ ਤੇ ਸਾਜ਼ ਇਕ ਹੋ ਕੇ ਵੱਜਦ ਵਿਚ ਗੂੰਜਦੇ ਤਾਂ ਇਹਨਾਂ ਅਮਰ-ਪਲਾਂ ਵਿਚ ਮਰਦਾਨੇ ਨੇ ਇਕ ਦਿਨ ਪੂਰੇ ਮਾਣ ਵਿਚ ਭਿੱਜ ਕੇ ਕਿਹਾ ਸੀ, "ਭਾਈ ਨਾਨਕਾ! ਤੂੰ ਤਾਂ ਰੱਬ ਦੇਖਿਆ ਹੀ ਹੈ, ਮੈਂ ਤਾਂ ਪਾਇਆ ਹੈ!"

ਜਿਹੜੇ ਮਰਦਾਨੇ ਨੇ ਨਾਨਕ ਵਿਚ ਰੱਬ ਪਾ ਲਿਆ, ਉਹਦੇ ਕੋਲ਼ ਹੋਰ ਪਾਉਣ ਲਈ ਬਚਿਆ ਹੀ ਕੀ ਸੀ? ਉਹਦੀ ਰੂਹ ਤਾਂ ਰੱਜੀ ਹੋਈ ਸੀ। ਉਹਦਾ ਰੱਬ ਤਾਂ ਚੱਤੇ-ਪਹਿਰ ਉਹਦੇ ਅੰਗ-ਸੰਗ ਰਹਿੰਦਾ ਸੀ।

ਸਾਖੀ ਆਉਂਦੀ ਹੈ ਕਿ ਜਦ ਭਾਈ ਮਰਦਾਨੇ ਦੇ ਸਰੀਰ ਤਿਆਗਣ ਦਾ ਵੇਲ਼ਾ ਆਣ ਪਹੁੰਚਾ ਤਾਂ ਗੁਰੂ ਜੀ ਨੇ ਮਰਦਾਨੇ ਦੇ ਸੀਸ ਨੂੰ ਗੋਦੀ ਵਿਚ ਲਿਆ ਹੋਇਆ ਹੈ ਤੇ ਪੁੱਛਦੇ ਹਨ, "ਮਰਦਾਨਿਆਂ! ਜੇ ਚਾਹੇਂ ਤਾਂ ਤੇਰੀ ਦੇਹੀ ਨੂੰ ਬ੍ਰਾਹਮਣ ਵਾਂਗ ਦਰਿਆ ਵਿਚ ਸੁੱਟ ਦੇਈਏ? ਮਰਦਾਨਿਆਂ! ਜੇ ਤੇਰੀ ਖਾਹਿਸ਼ ਹੋਵੇ ਤਾਂ ਖੱਤਰੀ ਵਾਂਗ ਸਾੜ ਦੇਈਏ, ਜੇ ਤੇਰੀ ਇੱਛਾ ਹੋਵੇ ਤਾਂ ਵੈਸ਼ ਵਾਂਗੂੰ ਹਵਾ ਵਿਚ ਉਛਾਲ ਦੇਈਏ, ਜੇ ਤੇਰਾ ਚਿੱਤ ਹੋਵੇ ਤਾਂ ਸ਼ੂਦਰ ਵਾਂਗ ਦਬਾ ਦੇਈਏ?"

ਭਾਈ ਮਰਦਾਨੇ ਨੇ ਕਿਹਾ, "ਵਾਹ! ਬਾਬਾ ਵਾਹ! ਅਜੇ ਵੀ ਸਰੀਰਾਂ ਦੇ ਚੱਕਰ ਵਿਚ? ਤੁਹਾਡੇ ਉਪਦੇਸ਼ ਕਰ ਤਾਂ ਦੇਹੀ ਦਾ ਖਿਆਲ ਹੀ ਮੁੱਕ ਗਿਆ ਹੈ। ਮੈਂ ਤਾਂ ਕੇਵਲ ਆਪਣੀ ਆਤਮਾ ਨੂੰ ਆਪਣੇ ਸਰੀਰ ਦਾ ਸਾਥੀ ਸਮਝਦਾ ਹਾਂ।"

ਫਿਰ ਗੁਰੂ ਸਾਹਿਬ ਨੇ ਕਿਹਾ,"ਮਰਦਾਨਿਆਂ! ਮੇਰਾ ਚਿੱਤ ਕਰਦਾ ਹੈ ਕਿ ਤੇਰੀ ਸਮਾਧ ਬਣਾ ਕੇ ਤੈਨੂੰ ਜਗਤ-ਪ੍ਰਸਿੱਧ ਕਰ ਦੇਈਏ।"

ਮਰਦਾਨੇ ਨੇ ਬੜੀ ਗੰਭੀਰ ਮੁਦਰਾ ਵਿਚ ਕਿਹਾ, "ਬਾਬਾ! ਬੜੀ ਮੁਸ਼ਕਲ ਨਾਲ ਤਾਂ ਸਰੀਰ ਰੂਪੀ ਸਮਾਧ ਵਿਚੋਂ ਨਿਕਲਣ ਲੱਗੇ ਹਾਂ, ਇਸ ਨੂੰ ਫਿਰ ਪੱਥਰ ਦੀ ਸਮਾਧ ਵਿਚ ਕਿਉਂ ਪਾਂਵਦੇ ਹੋ।"

ਗੁਰੂ ਸਾਹਿਬ ਨੇ ਮਰਦਾਨੇ ਨੂੰ ਗਲ਼ ਨਾਲ ਲਾ ਕੇ ਘੁੱਟ ਲਿਆ ਤੇ ਬਚਨ ਕੀਤਾ, " ਤੂੰ ਬ੍ਰਹਮ ਨੂੰ ਪਛਾਣ ਲਿਆ ਹੈ ਮਰਦਾਨਿਆਂ!"

ਤਾਂ ਮਰਦਾਨੇ ਨੇ ਸੌ ਗੱਲਾਂ ਦੀ ਇਕੋ ਗੱਲ ਆਖੀ, "ਬਾਬਾ! ਤੂੰ ਖੁਦਾਇ ਦਾ ਡੂੰਮ, ਮੈਂ ਤੇਰਾ ਡੂੰਮ। ਤੂੰ ਖੁਦਾਇ ਨੂੰ ਪਾਇਆ, ਮੈਂ ਤੈਨੂੰ ਪਾਇਆ। ਤੇਰਾ ਕਿਹਾ ਖੁਦਾਈ ਮੰਨਦੀ ਹੈ ਪਰ ਮੇਰਾ ਕਿਹਾ ਤੂੰ ਮੰਨਦਾ ਹੈਂ। ਤੁਸਾਂ ਅੱਗੇ ਅਸਾਂ ਦੀ ਬੇਨਤੀ ਹੈ ਅੱਜ ਇਕ। ਅਸਾਂ ਨੂੰ ਬਿਛੋੜਨਾ ਨਹੀਂ ਆਪਣੇ ਨਾਲੋਂ। ਨਾ ਹੀ ਏਥੇ, ਨਾ ਹੀ ਓਥੇ!"

ਅਸੀਂ ਆਖ ਚੁੱਕੇ ਹਾਂ ਜਿੰਨਾ ਚਿਰ ਮਰਦਾਨਾ ਨਾਲ ਨਹੀਂ ਤੁਰਿਆ, ਓਨਾ ਚਿਰ ਗੁਰੂ ਸਾਹਿਬ, ਉਦਾਸੀਆਂ 'ਤੇ ਨਹੀਂ ਤੁਰੇ। ਮਰਦਾਨਾ ਸਰੀਰ ਤੇ ਸਾਥ ਛੱਡ ਜਾਂਦਾ ਹੈ ਤਾਂ ਗੁਰੂ ਜੀ ਆਪਣੀ ਚਾਦਰ ਲਾਹ ਕੇ ਮਰਦਾਨੇ ਦੀ ਦੇਹ 'ਤੇ ਪਾਉਂਦੇ ਹਨ। ਮਰਦਾਨੇ ਦੀ ਰਬਾਬ ਗਲ਼ ਨਾਲ ਲਾਉਂਦੇ ਹਨ ਤੇ ਉਦਾਸੀਆਂ ਵਿਚੇ ਛੱਡ ਕੇ ਤਲਵੰਡੀ ਪਰਤ ਆਉਂਦੇ ਹਨ। ਸਿੱਧਾ ਮਰਦਾਨੇ ਦੇ ਘਰ ਜਾਂਦੇ ਹਨ, ਮਰਦਾਨੇ ਦਾ ਪੁੱਤਰ ਸ਼ਹਿਜ਼ਾਦ ਬਾਬੇ ਨੂੰ ਨਮਸਕਾਰ ਕਰਦਾ ਹੈ, ਪਰ, ਪਰ ਇਕੱਲਾ ਆਇਆ ਵੇਖ ਕੇ ਪੁੱਛਦਾ ਹੈ, "ਬਾਬਾ! ਅੱਬੂ ਕਿੱਥੇ ਹਈ?"

ਗੁਰੂ ਪਾਤਸ਼ਾਹ ਨੇ ਸ਼ਹਿਜ਼ਾਦ ਨੂੰ ਗਲ਼ ਨਾਲ ਲਾਇਆ। ਅਸੀਸਾਂ ਦੇਣ ਲੱਗੇ। ਸ਼ਹਿਜ਼ਾਦ ਸਮਝ ਗਿਆ ਕਿ ਉਹਦਾ ਬਾਪ ਇਸ ਦੁਨੀਆਂ ਵਿਚ ਨਹੀਂ ਰਿਹਾ। ਗੁਰੂ ਸਾਹਿਬ ਨੂੰ ਕਹਿੰਦਾ, "ਸਾਨੂ ਓਹੋ ਦਿਉ, ਜੋ ਅੱਬੂ ਨੂੰ ਦਿੱਤਾ ਸਾਈ।"

ਗੁਰੂ ਸਾਹਿਬ ਨੇ ਭਾਈ ਮਰਦਾਨੇ ਦੀ ਰਬਾਬ ਉਹਨੂੰ ਸੌਂਪ ਦਿੱਤੀ।

ਸਦੀਆਂ ਤੋਂ ਮਰਦਾਨੇ ਦੀ ਅੰਸ-ਬੰਸ ਨੇ ਬਾਬੇ ਦੀ ਦਿੱਤੀ ਬਖਸ਼ਿਸ਼ ਨੂੰ ਗਲ਼ ਨਾਲ ਲਾਈ ਰਖਿਆ। ਪੀੜ੍ਹੀ-ਦਰ-ਪੀੜ੍ਹੀ ਗੁਰੂ ਘਰਾਂ ਤੇ ਗੁਰੂ ਦਰਾਂ 'ਤੇ ਗੁਰੂ ਦੀ ਬਾਣੀ ਗਾਉਂਦੇ ਰਹੇ। ਨਨਕਾਣੇ ਵੀ ਤੇ ਅੰਬਰਸਾਰ ਦੇ ਗੁਰੂ ਘਰਾਂ ਵਿਚ ਵੀ ਉਹ ਗੁਰਬਾਣੀ ਦਾ ਗਾਇਨ ਕਰਦੇ ਰਹੇ। ਮਰਦਾਨੇ ਕੇ, ਗੁਰੂ ਦੇ ਆਪਣੇ ਸਨ, ਗੁਰੂ ਘਰਾਂ ਦੇ ਆਪਣੇ ਸਨ, ਗੁਰੂ ਕੇ ਸਿੱਖਾਂ ਦੇ ਆਪਣੇ ਸਨ। ਮਰਦਾਨੇ ਕੇ ਗੁਰੂ ਦੇ ਸਿੱਖ ਹੀ ਸਨ।

ਗੁਰੂ ਸਾਹਿਬ ਨੇ ਤਾਂ ਕਿਹਾ ਸੀ, "ਮਰਦਾਨਿਆਂ ਜਿੱਥੇ ਤੇਰਾ ਵਾਸਾ, ਤਿਥੇ ਮੇਰਾ ਵਾਸਾ।"

ਪਰ ਅਸੀਂ ਉਹਨਾਂ ਦੇ ਵਾਸੇ ਅੱਡ ਅੱਡ ਕਰ ਛੱਡੇ।

ਸ਼ਾਇਦ ਏਸੇ ਸੱਚ ਨੂੰ ਬਿਆਨ ਕਰਦਿਆਂ ਡਾ. ਹਰਿਭਜਨ ਸਿੰਘ ਆਪਣੀ ਨਜ਼ਮ ਵਿਚ ਪੁਕਾਰ ਉੱਠਿਆ ਸੀ:

*ਮੇਰਾ ਨਾਨਕ ਇਕੱਲਾ ਰਹਿ ਗਿਆ ਹੈ*
*ਬਹੁਤ ਦਿਨ ਬੀਤ ਗਏ*
*ਸੰਗਤ 'ਚ ਮਰਦਾਨਾ ਨਹੀਂ ਆਇਆ*
*ਮਰਦਾਨਾ ਗੁਰੂ ਦਾ ਯਾਰ ਸੀ*
*ਉਹਦੇ ਸਦਕਾ ਗੁਰੂ ਦੇ ਆਸੇ-ਪਾਸੇ ਦੋਸਤੀ ਦੀ ਮਹਿਕ ਸੀ*
*ਜਦੋਂ ਰਬਾਬ 'ਚੋਂ ਸਰਗਮ ਉਦੈ ਹੁੰਦੀ*
*ਗੁਰੂ ਦੇ ਬੋਲ ਸਦੀਵੀ ਪੌਣ ਵਾਂਗੂੰ ਜਾਗਦੇ ਸਨ*
*ਅੱਜ ਵੀ ਸੰਗਤ 'ਚ ਗੁਰੂ ਦੇ ਬੋਲ ਨੇ*
*ਪਰ ਸੁਰ ਨਹੀਂ ਹੈ*
*ਗੁਰੂ ਦਾ ਸ਼ਬਦ ਹੈ*
*ਪਰ ਅਰਥ ਗੁੰਮ ਹੋ ਗਿਆ ਹੈ*
*ਕੀਰਤਨ ਦੀ ਭੀੜ ਹੈ*
*ਸੰਗੀਤ ਦਾ ਚਿਹਰਾ ਨਹੀਂ ਦਿਸਦਾ*
*ਕਿਸੇ ਖੂੰਜੇ 'ਚ ਗੁੰਮ-ਸੁੰਮ ਚੁੱਪ ਪਈ ਰਬਾਬ*
*ਕਈ ਸਾਲਾਂ ਤੋਂ ਇਸਦੀ ਤਾਰ 'ਚੋਂ ਝਨਕਾਰ ਨਹੀਂ ਜਾਗੀ*
*ਕਿਸੇ ਆਸ਼ਕ ਦੀ ਮਹਿਰਮ ਛੋਹ ਬਿਨਾਂ*
*ਸਾਜ਼ 'ਚੋਂ ਸੁਰ-ਤਾਲ ਦਾ ਜਾਦੂ ਨਹੀਂ ਉਗਦਾ*
*ਕੋਈ ਜਾਵੋ ਲਿਆਵੋ ਸਾਜ਼ ਦੇ ਮਹਿਰਮ ਨੂੰ ਪਾਰੋਂ ਮੋੜ ਕੇ*
*ਕਿਸੇ ਵੀ ਸਾਜ਼ ਬਿਨ*
*ਆਵਾਜ਼ ਦਾ ਕੁਝ ਭੇਤ ਨਹੀਂ ਪਾਇਆ*
*ਬਹੁਤ ਦਿਨ ਬੀਤ ਗਏ*
*ਸੰਗਤ 'ਚ ਮਰਦਾਨਾ ਨਹੀਂ ਆਇਆ*

ਅਸੀਂ ਇਹ ਕੀ ਕੀਤਾ? ਅਸੀਂ ਅੱਜ ਮਰਦਾਨੇ-ਕਿਆਂ ਲਈ ਹਰਿਮੰਦਰ ਸਾਹਿਬ ਦੇ ਦਰਵਾਜ਼ੇ ਬੰਦ ਕਰ ਦਿੱਤੇ। ਉਹਨਾਂ ਲਈ ਦਰਬਾਰ ਸਾਹਿਬ ਵਿਚ ਕੀਰਤਨ ਕਰਨਾ ਵਰਜਿਤ ਹੋ ਗਿਆ। ਸਾਡੀ ਆਪੇ ਬਣਾਈ ਮਰਿਆਦਾ ਨੇ ਬਾਬੇ ਤੇ ਮਰਦਾਨੇ ਨੂੰ ਵਿਛੋੜ ਦਿੱਤਾ ਹੈ। ਗੁਰੂ ਸਾਹਿਬ ਨੇ ਤਾਂ ਮਰਦਾਨੇ ਨੂੰ ਭਰੋਸਾ ਦਿੱਤਾ ਸੀ, "ਮਰਦਾਨਿਆਂ! ਜਿੱਥੇ ਤੇਰਾ ਵਾਸਾ ਤਿਥੇ ਮੇਰਾ ਵਾਸਾ।"

ਪਰ ਅਸੀਂ ਉਹਨਾਂ ਦਾ ਵਸੇਬ ਵੀ ਨਿਖੇੜ ਦਿੱਤਾ ਤੇ ਉਹਨਾਂ ਦੀ ਸੋਚ ਵੀ ਤਿਆਗ ਦਿੱਤੀ।

ਅਸੀਂ ਅਜੇ ਵੀ ਮਾਣ ਨਾਲ ਕਹਿੰਦੇ ਹਾਂ, "ਅਸੀਂ ਗੁਰੂ ਨਾਨਕ ਦੇ ਸਿੱਖ ਹਾਂ।"

ਅਸੀਂ ਇਹ ਕਿਹੋ ਜਿਹੇ ਸਿੱਖ ਹੋ ਗਏ ਹਾਂ? 000

***(5 Lisa Street, Suite-505, Brampton, Ont L6T 4T4 Canada***
***Phone 1-647-535-1539***
***Email: waryamsandhu@gmail.com)***

# ਮੇਰੇ ਨਾਵਲ – ਇਕ ਪਿੰਡ, ਇਕ ਖਿੱਤਾ, ਚੌਦਾਂ ਪਾਸਾਰ

**ਬਲਬੀਰ ਪਰਵਾਨਾ**

ਹੁਣ (ਜੂਨ 2023) ਤਕ ਮੇਰੇ ਪੰਦਰਾਂ ਨਾਵਲ ਛਪੇ ਹਨ। ਪਹਿਲੇ 'ਸੁਪਨੇ ਤੇ ਪਰਛਾਵੇਂ' ਨੂੰ ਛੱਡ ਕੇ, ਬਾਕੀ ਸਾਰੇ ਇਕ ਮੰਤਵ ਰੱਖ ਕੇ ਲਿਖੇ ਹੋਏ ਹਨ; ਉਹ ਹੈ ਹਰੇ ਇਨਕਲਾਬ ਤੇ ਇਸ ਘਟਨਾਕ੍ਰਮ ਨਾਲ ਆਰਥਚਾਰੇ ਸਮੇਤ ਪੰਜਾਬੀ ਸਮਾਜ, ਸਭਿਆਚਾਰ, ਰਿਸ਼ਤਾ ਨਾਤਾ ਪ੍ਰਬੰਧ ਅਤੇ ਮਾਨਸਿਕਤਾ 'ਚ ਆਈ ਤਬਦੀਲੀ ਨੂੰ ਚਿਤਰਨਾ। ਮੁਰੱਬਾਬੰਦੀ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਸਥਾਪਨਾ, ਨਵੇਂ ਖਾਦ ਤੇ ਬੀਜ, ਆਜ਼ਾਦੀ ਤੋਂ ਪਿੱਛੋਂ ਉਭਰੇ ਢਾਂਚੇ 'ਚ ਰੁਜ਼ਗਾਰ ਦੇ ਨਵੇਂ ਮੌਕੇ, ਲਿੰਕ ਸੜਕਾਂ ਦਾ ਹੋਂਦ 'ਚ ਆਉਣਾ ਅਤੇ ਫ਼ਸਲਾਂ ਉੱਤੇ ਐੱਮ.ਐੱਸ.ਪੀ. ਮਿਲਣ ਲੱਗਣੀ; ਅਜਿਹੇ ਵਰਤਾਰੇ ਹਨ ਜਿਨ੍ਹਾਂ ਨੇ ਰਵਾਇਤੀ ਪੰਜਾਬ ਨੂੰ ਮੁਕੰਮਲ ਰੂਪ ਵਿਚ ਬਦਲ ਕੇ ਰੱਖ ਦਿੱਤਾ। ਇਕ ਪੰਜਾਬ ਹਰੇ ਇਨਕਲਾਬ ਤੋਂ ਪਹਿਲਾਂ ਦਾ ਹੈ, ਜਿਹੜਾ ਸਹਿਜ ਤੋਰੇ ਤੁਰਿਆ ਆ ਰਿਹਾ ਸੀ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੋਂ ਬਾਅਦ ਆਏ ਅੰਗਰੇਜ਼ਾਂ ਨੇ ਰੇਲਵੇ ਲਾਇਨਾਂ ਵਿਛਾਈਆਂ, ਉਹਨਾਂ ਕੰਢੇ ਨਵੀਆਂ ਮੰਡੀਆਂ ਸਥਾਪਤ ਕੀਤੀਆਂ, ਸੜਕਾਂ ਬਣਾਈਆਂ, ਨਹਿਰਾਂ ਕੱਢੀਆਂ, ਬਾਰਾਂ ਵਸਾਈਆਂ; ਪਰ ਇਹਨਾਂ ਨੇ ਆਮ ਪੰਜਾਬੀ ਜਨ-ਜੀਵਨ ਨੂੰ ਬਹੁਤਾ ਪ੍ਰਭਾਵਤ ਨਾ ਕੀਤਾ। ਕੁਝ ਪ੍ਰਭਾਵ ਪਾਇਆ ਜ਼ਰੂਰ, ਪਰ ਤੁਰੀ ਆਉਂਦੀ ਜੀਵਨ-ਜਾਚ ਦੀ ਰਵਾਇਤੀ ਤੋਰ 'ਚ ਵੱਡਾ ਵਿੱਢ ਨਾ ਮਾਰਿਆ।

ਰਵਾਇਤੀ-ਪੰਜਾਬ ਤੇ ਜੀਵਨ-ਜਾਚ ਨੂੰ ਮੈਂ ਕੁਝ ਆਪਣੇ ਅੱਖੀਂ ਦੇਖਿਆ (ਜਨਮ 1955) ਵੀ ਤੇ ਕੁਝ ਸੁਣਿਆ ਵੀ। ਨਵੀਂ ਤਬਦੀਲੀ; ਤਰੱਕੀ, ਖੁਸ਼ਹਾਲੀ, ਵਿਕਾਸ ਦੇ ਨਾਲ-ਨਾਲ ਨਵੀਂ ਜੀਵਨ-ਜਾਚ ਵੀ ਲੈ ਕੇ ਆਈ। ਸਾਹਿਤ ਸਿਰਜਣਾ ਦੇ ਰਾਹ ਤੁਰਿਆ ਤਾਂ ਇਸ ਦੇਖੀ/ਸੁਣੀ ਤਬਦੀਲੀ ਨੂੰ ਚਿਤਰਨ ਦੇ ਮਨ 'ਚ ਉਸਲਵੱਟੇ ਆਉਂਦੇ ਰਹਿੰਦੇ। ਕਦੀ ਕਵਿਤਾਵਾਂ, ਕਦੀ ਕਹਾਣੀਆਂ 'ਚ ਇਸਨੂੰ ਫੜਨ ਦਾ ਯਤਨ ਕਰਦਾ, ਪਰ ਉਹਨਾਂ ਵਿਧਾਵਾਂ ਦੀਆਂ ਸੀਮਤਾਈਆਂ ਕਰਕੇ ਝਲਕਾਂ ਤੋਂ ਅਗਾਂਹ ਗੱਲ ਨਾ ਤੁਰਦੀ। ਵਰਤਾਰੇ ਦੇ ਰੂਪ 'ਚ ਨਾ ਆਉਂਦੀ, ਜਿਵੇਂ ਸਹਿਜ ਰੂਪ 'ਚ ਦੇਖੇ/ਘਟੇ ਸਨ। ਦਹਾਕਿਆਂ ਤਕ ਇਹ ਮਨ 'ਚ ਪੱਕਦਾ ਰਿਹਾ, ਖਾਸ ਕਰਕੇ 1990 ਤੋਂ ਬਾਅਦ ਇਹ ਚਾਹਤ ਸਿਰਜਣਾ 'ਤੇ ਭਾਰੂ ਹੀ ਹੋਣ ਲੱਗ ਪਈ। ਕਹਾਣੀਆਂ 'ਚ ਨਾਵਲੀ-ਅੰਸ਼ ਭਾਰੂ ਹੋਣ ਲੱਗੇ, ਕਵਿਤਾ 'ਚ ਦ੍ਰਿਸ਼ਕਾਰੀ ਤੇ ਕਥਾ-ਸੁਰ।

2006 ਦੀ ਗੱਲ ਹੈ। ਮੈਂ ਇਕ ਕਹਾਣੀ ਲਿਖੀ 'ਦੀਨ ਕੇ ਹੇਤ'। ਇਸ ਬਾਰੇ ਮੈਂ ਨਾਵਲੀ-ਪ੍ਰੋਜੈਕਟ ਦੇ ਪਹਿਲੇ ਨਾਵਲ 'ਨਿੱਕੇ-ਨਿੱਕੇ ਯੁੱਧ' ਦੀ ਭੂਮਿਕਾ 'ਚ ਇੰਝ ਲਿਖਿਆ, "ਛਪਣ ਤੋਂ ਪਹਿਲਾਂ ਇਹ ਡਾਕਟਰ ਰਜਨੀਸ਼ ਬਹਾਦਰ ਸਿੰਘ ਨੂੰ ਪੜ੍ਹਾਈ ਤਾਂ ਉਸਦਾ ਫੌਰੀ ਪ੍ਰਤੀਕਰਮ ਸੀ, 'ਤੂੰ ਇਸਨੂੰ ਵਿਸਥਾਰ ਦੇ ਕੇ ਲਹਿਰ ਬਾਰੇ ਨਾਵਲ ਕਿਉਂ ਨਹੀਂ ਬਣਾਉਂਦਾ।' ਮੈਂ ਕੁਝ ਦਿਨ ਉਸਦੇ ਇਸ ਸੁਝਾਅ ਬਾਰੇ ਕਹਾਣੀ ਦੇ ਸੰਦਰਭ 'ਚ ਸੋਚਦਾ ਰਿਹਾ, ਪਰ ਲੱਗਿਆ, ਇਸ 'ਚ ਨਾਵਲੀ-ਵਿਸਥਾਰ ਦੀ ਸੰਭਾਵਨਾ ਨਹੀਂ; ਪਰ ਨਾਲ ਹੀ ਮਨ 'ਚ ਚਿਰਾਂ ਤੋਂ ਵਸੇ ਪਲਾਟ ਨੇ ਸਿਰ ਚੁੱਕਣਾ ਸ਼ੁਰੂ ਕਰ ਦਿੱਤਾ।" ਕਾਫ਼ੀ ਸੋਚਣ/ਵਿਚਾਰਨ ਤੋਂ ਬਾਅਦ 29 ਅਗਸਤ 2007 ਨੂੰ ਨਾਵਲ ਲਿਖਣ ਲਈ ਪੈੱਨ ਚੁੱਕ ਲਿਆ। ਹਰੇ ਇਨਕਲਾਬ ਨਾਲ ਬਦਲੇ ਪਿੰਡ ਤੇ ਜੀਵਨ-ਜਾਚ ਨੂੰ ਚਿਤਰਣ ਲਈ ਕਲਪਣਾ 'ਚ ਇਕ ਪਿੰਡ ਘੜਿਆ ਦੌਲਤਪੁਰ, ਜਿਹੜਾ ਮੇਰੇ ਆਪਣੇ ਪਿੰਡ ਨਾਲ ਰਲਦਾ-ਮਿਲਦਾ ਹੈ। ਪਿੰਡ ਦੇ ਰਾਹ-ਗਲੀਆਂ ਪੱਕੇ ਹੋਣ, ਨਵੀਆਂ ਫ਼ਸਲਾਂ-ਖਾਦਾਂ, ਨਵੀਆਂ ਨੌਕਰੀਆਂ ਤੇ ਆਵਾਜਾਈ

ਸਾਧਨਾਂ ਦੇ ਸੌਖੇ ਹੋਣ ਨਾਲ ਵਾਪਰੀ ਤਬਦੀਲੀ ਦੁਆਲ਼ੇ ਬੁਣਿਆ, ਇਹ ਨਾਵਲ ਆਪਣੇ ਜਾਣੇ-ਪਛਾਣੇ ਪਾਤਰਾਂ ਰਾਹੀਂ ਅਗਾਂਹ ਤੋਰਿਆ; ਪਾਤਰ ਜਿਹੜੇ ਮੇਰੇ ਦੇਖੇ-ਭਾਲ਼ੇ ਸਨ, ਮੇਰੇ ਹਮਸਾਏ, ਮੇਰੇ ਦੋਸਤ-ਮਿੱਤਰ ਤੇ ਪਿੰਡ ਦੇ ਆਮ ਲੋਕ ਵੀ; ਜਿਨ੍ਹਾਂ ਨਾਲ ਪਿੰਡ 'ਚ ਵਿਚਰਦਾ ਰਿਹਾ ਸੀ; ਦਹਾਕਿਆਂ ਤਕ ਵਾਹ-ਵਾਸਤਾ ਰਿਹਾ। ਉਹਨਾਂ ਦਾ ਅਜਨਬੀਕਰਨ ਕਰ; ਬੇਜ਼ਮੀਨੇ ਹੋਣ ਦੀ ਪ੍ਰਕਿਰਿਆ, ਭਾਈਚਾਰਕ ਤੇ ਜਾਤੀਗਤ ਜਕੜ ਦੇ ਕਮਜ਼ੋਰ ਪੈਣ ਦੀ ਪ੍ਰਕਿਰਿਆ ਨੂੰ ਚਿਹਨਤ ਕੀਤਾ। ਇਹ ਨਾਵਲ ਕਮਿਊਨਿਸਟ ਲਹਿਰ ਨਾਲ ਵੀ ਸੰਵਾਦ ਰਚਾਉਂਦਾ ਹੈ, ਕਿਵੇਂ ਇਹ ਇਸ ਦੌਰ 'ਚ ਸੱਤਾ ਦੇ ਖਿਲਾਫ਼ ਹਰ ਰੋਹ/ਵਿਦਰੋਹ ਨੂੰ ਆਪਣੇ 'ਚ ਸਮੋਣ ਦੇ ਸਮਰੱਥ ਨਾ ਰਹਿ ਕੇ, ਸੰਸਥਾਗਤ ਢਾਂਚੇ 'ਚ ਤਬਦੀਲ ਹੋਣ ਵੱਲ ਤੁਰ ਪੈਂਦੀ ਹੈ। ਖਾਲਿਸਤਾਨੀ ਲਹਿਰ ਦੇ ਇਕਦਮ ਘਟਾ ਵਾਂਗ ਛਾ ਜਾਣ ਤੇ ਓਨੀ ਹੀ ਤੇਜ਼ੀ ਨਾਲ ਇਸਦੇ ਜਲੌਅ ਦੇ ਫਟ ਜਾਣ ਦੀਆਂ ਛੋਹਾਂ ਵੀ ਇਸ 'ਚੋਂ ਉਭਰਦੀਆਂ ਹਨ। ਇਸ ਦੌਰ 'ਚ ਹੀ ਹਰੇ ਇਨਕਲਾਬ ਦੀ ਉਤਾਂਹ ਵੱਲ ਜਾਂਦੀ ਸੂਈ ਖੜੋਤ 'ਤੇ ਆ ਗਈ ਸੀ ਤੇ ਪਿੰਡ ਇਕ ਖਿੰਡਾਅ ਦੀ ਸਥਿਤੀ 'ਚ ਵਿਚਰਨ ਲੱਗਾ। ਇਹ ਨਾਵਲ ਇਸ ਡੇਢ, ਦੋ ਦਹਾਕਿਆਂ ਦੇ ਸਮੇਂ ਦੀ ਜ਼ਿੰਦਗੀ ਨੂੰ ਆਪਣੇ ਕਲਾਵੇ 'ਚ ਲੈਂਦਾ; ਕਿਵੇਂ ਦੌਲਤਪੁਰ ਦਾ ਇਕ ਸਾਧਾਰਨ ਮੁੰਡਾ ਗਿੰਦਰ ਕਮਿਊਨਿਸਟ ਲਹਿਰ ਨਾਲ ਜੁੜ ਕੇ ਪੜ੍ਹਨ-ਲਿਖਣ ਦੇ ਰਾਹ ਤੁਰਦਾ, ਆਪਣੇ ਲਈ ਪੱਤਰਕਾਰਤਾ ਦੇ ਖੇਤਰ 'ਚ ਨਵੀਂ ਜ਼ਮੀਨ ਤਲਾਸ਼ਦਾ ਹੈ। ਕਾਂਤਾ ਨਾਲ ਉਸਦਾ ਅੰਤਰਜਾਤੀ ਵਿਆਹ ਵੀ ਕੋਈ ਖਾਸ ਹਲਚਲ ਨਹੀਂ ਪੈਦਾ ਕਰਦਾ। ਇਸ ਨਾਵਲ ਦੇ ਜੁਲਾਈ 2008 'ਚ ਛਪਕੇ ਆਉਣ ਤੋਂ ਪਹਿਲਾਂ ਹੀ, ਮੈਂ ਅਗਲਾ ਨਾਵਲ 'ਆਪਣੇ-ਆਪਣੇ ਮੋਰਚੇ' ਲਿਖਣਾ ਸ਼ੁਰੂ ਕਰ ਦਿੱਤਾ ਸੀ। ਇਸਦੀ ਕਥਾ ਉੱਥੋਂ ਸ਼ੁਰੂ ਹੁੰਦੀ ਹੈ, ਜਿੱਥੇ 'ਨਿੱਕੇ-ਨਿੱਕੇ ਯੁੱਧ' ਦੀ ਕਥਾ ਆ ਕੇ ਮੁੱਕਦੀ ਹੈ। ਮਨ 'ਚ ਸੀ ਤਬਦੀਲੀ ਨੂੰ ਸਿਲਸਿਲੇਵਾਰ ਚਿਤਰਣਾ।

ਬੀਤੀ ਸਦੀ ਦੇ ਆਖਰੀ ਦਹਾਕੇ 'ਚ ਸੋਵੀਅਤ ਰੂਸ ਦਾ ਢਹਿਢੇਰੀ ਹੋਣਾ, ਇਕ ਅਜਿਹੀ ਮਹਾਂ-ਘਟਨਾ ਹੈ ਜਿਸਨੇ ਦੁਨੀਆਂ ਦੀ ਸਮੁੱਚੀ ਤੋਰ ਨੂੰ ਪ੍ਰਭਾਵਤ ਕੀਤਾ। ਮਾਰਕਸਵਾਦ ਦੀ ਵਿਹਾਰਕ ਪ੍ਰਸੰਗਕਤਾ ਬਾਰੇ ਵਿਆਪਕ ਖੇਤਰਾਂ ਵੱਲੋਂ ਸੁਆਲ ਉੱਠਣੇ ਸ਼ੁਰੂ ਹੋ ਗਏ, ਉੱਥੇ ਵਿਚਾਰਵਾਦ ਤੇ ਇਸਦੇ ਆਧਾਰਾਂ 'ਤੇ ਉਸਰੇ ਸਰਮਾਏਦਾਰੀ ਢਾਂਚੇ ਦੇ ਇਕੋ-ਇਕ 'ਅਬਦਲ ਕੁਦਰਤੀ ਵਿਕਾਸ ਵਰਤਾਰੇ' ਦੀ ਚਰਚਾ ਵੀ ਜ਼ੋਰ ਫੜਨ ਲੱਗੀ। ਰਾਜਨੀਤੀ ਸਮਾਜਕ ਸਰੋਕਾਰਾਂ ਤੋਂ ਮੁਕਤ ਹੋਣ ਲੱਗੀ। ਸੱਤਾ 'ਤੇ ਕਬਜ਼ਾ ਬਣਾਈ ਰੱਖਣ ਲਈ ਮਨ-ਲੁਭਾਊ ਨਾਹਰਿਆਂ ਦਾ ਬਾਜ਼ਾਰ ਭਖਣ ਲੱਗਾ। ਮੋਟਰਾਂ ਨੂੰ ਮੁਫ਼ਤ ਬਿਜਲੀ, ਗਲੀਆਂ-ਨਾਲੀਆਂ ਪੱਕੀਆਂ ਕਰਨ, ਧਾਰਮਿਕ ਸਥਾਨਾਂ ਨੂੰ ਗਰਾਂਟਾਂ ਦੇ ਗੱਫ਼ਿਆਂ ਜਿਹੇ ਮੁੱਦਿਆਂ 'ਤੇ ਬਜਟ ਦੇ ਮੁੱਖ ਹਿੱਸੇ ਖਰਚ ਹੋਣ ਲੱਗੇ ਤੇ ਬੁਨਿਆਦੀ ਢਾਂਚਾ ਅਣਗੌਲ਼ਿਆ ਹੋਣ ਲੱਗਾ, ਜਿਸਨੇ ਲੰਮੇ ਸਮੇਂ ਦੇ ਆਧਾਰ-ਨਕਸ਼ ਸਿਰਜਣੇ ਸਨ। ਮੁਫ਼ਤ ਬਿਜਲੀ ਦੀ ਸਹੂਲਤ ਕਰਕੇ ਧੜਾਧੜ ਬੋਰ ਹੋਣ ਲੱਗੇ। 'ਆਪਣੇ-ਆਪਣੇ ਮੋਰਚੇ' (2009) ਇਸ ਦ੍ਰਿਸ਼ ਦੀ ਗਾਥਾ ਹੈ। ਇਸ ਵਿਚ ਪਿੰਡ ਓਹੀ ਹੈ, ਪਹਿਲੇ ਨਾਵਲ ਵਾਲਾ। ਖਿੱਤਾ ਵੀ ਓਹੀ। ਓਹੀ ਪਾਤਰਾਂ ਦੇ ਨਵੇਂ ਵਿਸਥਾਰ, ਕੁਝ ਉਹਨਾਂ ਦੀਆਂ ਜੜ੍ਹਾਂ ਨਾਲ ਜੁੜ ਕੇ ਨਵੇਂ ਆਏ ਪਾਤਰ ਵੀ। ਜਗਵਿੰਦਰ ਵਰਗੇ ਰਵਾਇਤਾਂ ਨਾਲੋਂ ਟੁੱਟਦੀਆਂ ਜੜ੍ਹਾਂ ਦਾ ਸੰਤਾਪ ਭੋਗਦੇ ਹੋਏ ਵੀ; ਨਾ ਕੇਵਲ ਉਸਦਾ ਪਰਿਵਾਰ ਟੁੱਟਦਾ, ਸਗੋਂ ਸੱਤਾ-ਢਾਂਚੇ ਦਾ ਫਿੱਟ-ਪੁਰਜ਼ਾ ਨਾ ਬਣਨ ਕਰਕੇ ਉਹ ਪੱਤਰਕਾਰਤਾ 'ਚ ਵੀ ਅਲੱਗ-ਥਲੱਗ ਪੈਣ ਲੱਗਦਾ। ਰਾਣੇ, ਗੁਰਬੀਰ ਵਰਗੇ ਨਵੇਂ ਵਰਤਾਰਿਆਂ ਨਾਲ ਮਾਲਾਮਾਲ ਹੁੰਦੇ ਹੋਏ ਜਥੇਦਾਰ ਕਰਤਾਰ ਸਿੰਘ ਪਰਿਵਾਰ-ਪਾਲ਼ੂ ਰਾਜਨੀਤੀ ਦਾ ਪ੍ਰਤੀਨਿਧ ਬਣਕੇ ਉਭਰਦਾ ਇਹ ਨਾਵਲ ਇੱਕਵੀਂ ਸਦੀ ਦੇ ਪਹਿਲੇ ਦਹਾਕੇ ਤਕ ਆਉਂਦਾ।

ਭਾਵੇਂ ਸੰਨ/ਤਰੀਕਾਂ ਗਲਪ 'ਚ ਕੋਈ ਮਹੱਤਤਾ ਨਹੀਂ ਰੱਖਦੀਆਂ ਪਰ ਲੇਖਕ ਦੇ ਜ਼ਿਹਨ 'ਚ ਇਹ ਹੋਣੀਆਂ ਜ਼ਰੂਰੀ ਹੁੰਦੀਆਂ! ਕਥਾ-ਵਿਸਥਾਰ 'ਚ ਵਧਦਾ ਵਕਫ਼ਾ, ਪਾਤਰਾਂ ਦੀ ਵਧਦੀ ਉਮਰ

ਨਾਲ ਉਹਨਾਂ ਦੀ ਮਾਨਸਿਕ ਬਣਤਰ 'ਚ ਆ ਰਹੀ ਤਬਦੀਲੀ, ਸਮਾਜ 'ਚ ਵਾਪਰਦੀਆਂ ਘਟਨਾਵਾਂ ਦਾ ਕਾਲਕ੍ਰਮ ਹੀ ਕਿਸੇ ਗਲਪ-ਲਿਖਤ ਦਾ ਮੂਲ ਹੁੰਦਾ। ਅਦ੍ਰਿਸ਼ ਹੋ ਕੇ ਵੀ ਹਰ ਥਾਂ ਹਾਜ਼ਰ, ਹਰ ਥਾਂ ਹਾਜ਼ਰ ਹੋ ਕੇ ਵੀ ਤੱਥਾਂ ਦੀ ਗ਼ੈਰ ਹਾਜ਼ਰੀ; ਇਹ ਸਾਰੇ ਨਿੱਕੇ-ਨਿੱਕੇ ਵਿਸਥਾਰ ਮੇਰੇ ਮਨ 'ਚ ਸੀ। ਕਿਤੇ ਕੋਈ ਉਹ ਗੱਲ ਤਾਂ ਨਹੀਂ ਲਿਖ ਰਿਹਾ ਜਿਹੜੀ ਪਹਿਲਾਂ ਬੀਤ ਚੁੱਕੀ ਹੋਵੇ ਜਾਂ ਕੋਈ ਉਹ ਗੱਲ, ਜਿਹੜੀ ਉਸ ਦੌਰ 'ਚ ਨਾ ਹੋ ਕੇ ਪਿੱਛੋਂ ਵਾਪਰੀ। ਸੰਭਵ ਹੱਦ ਤਕ ਇਹਨਾਂ ਤੋਂ ਚੌਕਸ ਰਹਿ ਕੇ ਕਥਾ ਤੋਰੀ। 'ਕਥਾ ਇਸ ਯੁੱਗ ਦੀ' (2010) ਇਕੀਵੀਂ ਸਦੀ ਦੇ ਪਹਿਲੇ ਦਹਾਕੇ ਦੇ ਅੱਧ ਕੁ ਤੋਂ ਸ਼ੁਰੂ ਹੁੰਦਾ। ਇਸ ਵਿਚ ਹਰੇ ਇਨਕਲਾਬ ਰਾਹੀਂ ਪਿੰਡ 'ਚ ਪਹੁੰਚਿਆ ਪੂੰਜੀ ਦਾ ਵਿਕਾਸ-ਵਰਤਾਰਾ ਆਪਣੀਆਂ ਜੜ੍ਹਾਂ ਪੂਰੀ ਤਰ੍ਹਾਂ ਫੈਲਾਅ ਚੁੱਕਾ ਹੈ। ਖੇਤੀ ਪੂੰਜੀ ਆਧਾਰਤ ਹੋ ਗਈ। ਜਿੰਨੀ ਵੱਧ ਪੂੰਜੀ, ਓਨੀ ਹੀ ਵੱਧ ਮਸ਼ੀਨਰੀ, ਬੀਜ-ਖਾਦਾਂ ਪਾਉਣ ਦੀ ਸਮਰੱਥਾ। ਰਵਾਇਤਾਂ ਸੰਕਟਗ੍ਰਸਤ ਹੋ ਆਖਰੀ ਸਾਹ ਗਿਣਨ ਲੱਗੀਆਂ। ਵਧਦੀ ਆਬਾਦੀ, ਪੀੜ੍ਹੀ ਦਰ ਪੀੜ੍ਹੀ ਵੰਡੀ ਜਾ ਰਹੀ ਜ਼ਮੀਨ ਤੇ ਪੂੰਜੀਵਾਦ ਦਾ ਸਭਿਆਚਾਰਕ ਜਲੌਅ ਜਿਹੜੀ ਨਵੀਂ ਜੀਵਨ-ਜਾਚ ਨੂੰ ਪੈਦਾ ਕਰ ਰਿਹਾ, ਉਹ ਵਹਿਣ ਪਛੜੇ ਤੋਂ ਪਛੜੇ ਪਿੰਡ ਦੀਆਂ ਅੰਦਰੂਨੀ ਜੜ੍ਹਾਂ ਤਕ ਵੀ ਰਿਸ ਗਿਆ ਹੈ। ਇਹ ਜਲੌਅ ਨਵੀਂ ਪੀੜ੍ਹੀ ਲਈ ਤਾਂ ਸਹਿਜ ਹੈ, ਪਰ ਪੁਰਾਣੀਆਂ ਪੀੜ੍ਹੀਆਂ ਲਈ ਮਾਨਸਿਕ ਕਲੇਸ਼। ਪੱਤਰਕਾਰਤਾ, ਸਿੱਖਿਆ ਖੇਤਰ, ਰਾਜਨੀਤੀ 'ਚ ਉਲਝੇ ਇਹਨਾਂ ਪਾਤਰਾਂ ਦੀਆਂ ਜੜ੍ਹਾਂ ਦੌਲਤਪੁਰ 'ਚ ਹੀ ਹਨ ਤੇ ਬਚਵਾਹੀ ਦੇ ਖੇਤਰ 'ਚ। ਉਹ ਚਾਹੇ ਪ੍ਰਿੰਯਕਾ ਹੋਵੇ, ਜਗਵਿੰਦਰ, ਮਾਸਟਰ ਦਲਜੀਤ, ਕਾਮਰੇਡ ਸ਼ਮਸ਼ੇਰ। ਇਹਨਾਂ ਆਸਰੇ ਕਥਾ ਅਗਾਂਹ ਤੁਰਦੀ, ਬਦਲਦੇ ਸਮੇਂ ਦੀ ਗੱਲ ਕਰਦੀ, ਨਵੇਂ ਸੰਦਰਭ ਉਸਾਰਦੀ ਹੈ। ਇਹ ਨਾਵਲ ਆਪਣੇ ਆਪ 'ਚ ਸੁਤੰਤਰ ਵੀ ਹਨ। ਵੱਖ-ਵੱਖ ਸਮਿਆਂ 'ਚ ਛਪਕੇ, ਇਹਨਾਂ ਨੇ ਪਾਠਕਾਂ ਦੇ ਮਨਾਂ 'ਚ ਆਪਣੇ ਸਮਕਾਲ ਦੀ ਗੱਲ ਤੋਰੀ। ਇਹ ਵੱਖ-ਵੱਖ ਸਮੇਂ ਲਿਖੇ, ਵੱਖ-ਵੱਖ ਗੱਲਾਂ 'ਤੇ ਫੋਕਸ ਕਰ ਕੇ ਲਿਖੇ। ਜਿਉਂ ਹੀ ਕੋਈ ਮੁਕੰਮਲ ਹੁੰਦਾ ਤਾਂ ਲਗਦਾ, ਕਹਿਣ ਵਾਲਾ ਤਾਂ ਬਹੁਤ ਕੁਝ ਰਹਿ ਗਿਆ ਹੈ। ਇਹ ਵੀ ਕਿ ਇਸਤੋਂ ਅਗਾਂਹ ਕੀ ਵਾਪਰਿਆ? ਭਵਿੱਖ ਦੀ ਰੂਪ-ਰੇਖਾ 'ਚੋਂ ਅਗਲਾ ਭਾਗ ਨਿਕਲਦਾ ਰਿਹਾ; ਉਸ ਤੋਂ ਅਗਲੇ ਸਮੇਂ ਦੇ ਕਾਲ-ਵਕਫ਼ੇ ਦੀ ਗੱਲ ਕਰਦਾ। 'ਗਹਿਰ ਚੜ੍ਹੀ ਅਸਮਾਨ' ਵਿਚ ਹਰੇ ਇਨਕਲਾਬ ਤੋਂ ਪਹਿਲਾ ਦਾ ਦੌਲਤਪੁਰ ਹੈ। ਇਸ ਵਿਚ ਗਿੰਦਰ ਦੇ ਬਚਪਨ ਤੇ ਉਸਦਾ ਪਰਿਵਾਰਕ ਪਿਛੋਕੜ ਹੈ। ਇਹ ਚਾਰੇ ਨਾਵਲ ਇਕੋ ਜਿਲਦ 'ਬਹੁਤ ਸਾਰੇ ਚੁਰੱਸਤੇ' (2014) ਦੇ ਨਾਂ ਹੇਠ ਇਕ ਨਾਵਲ ਦੇ ਰੂਪ 'ਚ ਛਪੇ ਤਾਂ ਲਗਪਗ ਪੌਣੀ ਸਦੀ ਦੇ ਪੰਜਾਬ ਦੇ ਬਦਲਦੇ ਭੂਗੋਲਕ ਦ੍ਰਿਸ਼ ਤੇ ਜੀਵਨ-ਜਾਚ ਦਾ ਖਾਕਾ ਉਭਰਿਆ; ਜਿਹੜਾ ਆਜ਼ਾਦੀ ਤੋਂ ਕੁਝ ਪਹਿਲਾਂ ਤੋਂ ਸ਼ੁਰੂ ਹੋ ਕੇ ਇਕੀਵੀਂ ਸਦੀ ਦੇ ਪਹਿਲੇ ਦਹਾਕੇ ਤਕ ਫੈਲਿਆ ਹੋਇਆ।

ਡਾਕਟਰ ਜਸ ਮੰਡ ਤੇ ਕੁਝ ਹੋਰ ਦੋਸਤ, ਪਰਿਵਾਰਾਂ ਸਣੇ ਅਸੀਂ ਕੁਝ ਦਿਨ ਡਲਹੌਜ਼ੀ ਵੱਲ ਘੁੰਮਣ ਲਈ ਗਏ। ਉੱਥੇ ਖਜਿਆਰ ਜਾ ਕੇ ਜਿਸ ਹੋਟਲ 'ਚ ਠਹਿਰੇ, ਉਹ ਝੀਲ-ਮੈਦਾਨ ਤੋਂ ਕੁਝ ਬਾਹਰਵਾਰ ਜਾ ਕੇ ਸੀ, ਇਕ ਰਵਾਇਤੀ ਪਹਾੜੀ ਪਿੰਡ ਨਾਲ ਜੁੜਵਾਂ। ਪਹਾੜੀ ਢਲਾਣ 'ਤੇ ਉਪਰ ਕਰਕੇ ਹੋਟਲ ਤੇ ਉਸਦੇ ਪੈਰਾਂ 'ਚ ਵਸਿਆ ਪਿੰਡ। ਸਲੇਟ ਦੀਆਂ ਛੱਤਾਂ ਤੇ ਕੱਚੀਆਂ ਕੰਧਾਂ ਵਾਲੇ ਘਰ। ਹੋਟਲ ਦੇ ਬਾਹਰ ਗੈਲਰੀ 'ਚ ਆ ਕੇ ਬਹਿੰਦੇ ਤਾਂ ਆਪਣੇ ਘਰਾਂ 'ਚ ਕੰਮ ਕਰਦੇ, ਤੁਰੇ ਫਿਰਦੇ ਲੋਕ ਦਿਸਦੇ। ਮਨ 'ਚ ਸੁਲਗਣ ਲੱਗਾ, ਹੋਟਲ ਜਿਵੇਂ ਉਹਨਾਂ ਨੂੰ ਬੇਪਰਦ ਕਰ ਰਿਹਾ ਹੋਵੇ; ਉਹਨਾਂ ਦੇ ਨਿੱਜ 'ਚ ਸਿੱਧੀ ਦਖਲ-ਅੰਦਾਜ਼ੀ। ਇਹ ਵੀ ਕਿ ਜਿਵੇਂ ਅਸੀਂ ਉਹਨਾਂ ਨੂੰ ਦੇਖਦੇ ਹਾਂ, ਉਹ ਵੀ ਹੋਟਲ ਤੇ ਉਸ 'ਚ ਠਹਿਰਿਆਂ ਨੂੰ ਦੇਖਦੇ ਹੋਣਗੇ, ਉਨ੍ਹਾਂ 'ਤੇ ਵੀ ਇਹ ਪ੍ਰਭਾਵ ਪਾਉਂਦਾ ਹੋਵੇਗਾ! ਇਸ ਤੋਂ ਪਹਿਲਾਂ ਵਿਜੈ ਬੰਬੇਲੀ, ਅਵਤਾਰ ਓਠੀ ਨਾਲ ਮਾਹਿਲਪੁਰ ਇਲਾਕੇ 'ਚ ਘੁੰਮਦਿਆਂ ਕੁਝ ਰਿਜ਼ੋਰਟ ਦੇਖੇ ਸਨ ਜੰਗਲ ਦੇ ਅੰਦਰ ਜਾ ਕੇ ਬਣੇ ਹੋਏ, ਫਾਈਵ-ਸਟਾਰ ਸਹੂਲਤਾਂ ਨਾਲ ਲੈਸ।

ਉਦੋਂ ਵੀ ਮੇਰੇ ਮਨ 'ਚ ਇਹ ਸਵਾਲ ਉੱਠਿਆ ਸੀ। ਇਸਦਾ ਇਸ਼ਾਰੇ ਮਾਤਰ ਜ਼ਿਕਰ 'ਬਹੁਤ ਸਾਰੇ ਚੁਰੱਸਤੇ' ਦੇ ਅਖੀਰ ਜਿਹੇ 'ਚ ਹੈ, 'ਗਿੱਲ ਰਿਜ਼ੋਰਟ' ਵਜੋਂ। ਕੁਝ ਰਿਜ਼ੋਰਟ ਮੁਕੇਰੀਆਂ ਦੇ ਆਸਪਾਸ ਵੀ ਉਸਰਨ ਲੱਗੇ ਸਨ। ਇਹਨਾਂ ਦੇ ਰਵਾਇਤੀ ਸਮਾਜ ਉੱਪਰ ਸਮਾਜਕ, ਆਰਥਿਕ ਤੇ ਮਾਨਸਿਕ ਪ੍ਰਭਾਵਾਂ 'ਤੇ ਕੇਂਦਰਤ ਕਰ ਲਿਖਣ ਲੱਗਾ, 'ਅੰਬਰ ਵੱਲ ਉਡਾਣ' (2012)। ਇਕ ਕਲਪਿਤ ਸੰਘਾ ਰਿਜ਼ੋਰਟ ਮੈਂ ਬਚਵਾਹੀ ਦੇ ਇਲਾਕੇ 'ਚ ਵਸਾਇਆ। ਪੰਜਾਬੀ ਸਮਾਜ ਦੀ ਤੋਰ ਇਹਨਾਂ ਤਬਦੀਲੀਆਂ ਨਾਲ ਸਹਿਜ ਨਹੀਂ ਰਹਿ ਗਈ  ਹੈ। ਜਗੀਰੀ ਦਾ ਪਰਿਵਾਰ ਜਿਵੇਂ ਇਸ ਤਬਦੀਲੀ ਨਾਲ ਪ੍ਰਭਾਵਤ ਹੁੰਦਾ; ਉਸਦੀ ਪਤਨੀ ਮੀਤੋ, ਧੀ ਪਾਲੀ, ਪੁੱਤ ਹਰਪਾਲ, ਭਾਨ ਸਿੰਘ, ਸਚਿਨ ਠਾਕੁਰ; ਕਾਰਪੋਰੇਟ ਜੀਵਨ-ਜਾਚ ਤੇ ਸਭਿਆਚਾਰ ਲੱਦਿਆ ਜਾ ਰਿਹਾ ਹੈ ਅਜਿਹੇ ਸੰਦਰਭਾਂ ਰਾਹੀਂ। ਸੁਪਨੇ ਅੰਬਰ 'ਤੇ ਉੱਡਣ ਦੇ ਦਿਖਾਏ ਜਾਂਦੇ ਹਨ, ਪਰ ਪੂੰਜੀ ਤੋਂ ਬਿਨਾਂ ਨਿਰਾ ਛਲਾਵਾ ਬਣਕੇ ਰਹਿ ਜਾਂਦੇ। ਇਕ ਦੁਖਾਂਤ; ਉੱਡਿਆ ਜਾਂਦਾ ਨਹੀਂ, ਨਾ ਪੈਰਾਂ ਹੇਠਾਂ ਧਰਤੀ ਬਚਦੀ। ਇਸਦੇ ਬਾਵਜੂਦ ਪੂੰਜੀ ਦੇ ਜਲੌਅ ਦਾ ਮੱਕੜਜਾਲ ਛੱਡਣ ਨੂੰ ਜੀਅ ਨਹੀਂ ਕਰਦਾ। ਮਨ 'ਚ ਇਹ ਵੀ ਸੀ, ਜੇ ਇਹ ਪੂੰਜੀਵਾਦ ਦੀ ਅੰਨ੍ਹੀ ਖਪਤ ਵਾਲੀ ਚੁੰਧਿਆਉਂਦੀ ਜੀਵਨ-ਜਾਚ ਸਹੀ ਨਹੀਂ ਤਾਂ ਫਿਰ ਬਦਲ ਕੀ ਹੋਵੇ। ਇਸਦੇ ਅੰਤਲੇ ਹਿੱਸੇ 'ਚ ਇਕ ਪਾਤਰ ਆਉਂਦਾ ਹੈ ਗੁਰਦਿਆਲ ਸਿੰਘ, ਜਿਹੜਾ ਆਪਣੇ ਪਿੰਡ, ਆਪਣੇ ਆਲ਼ੇ-ਦੁਆਲ਼ੇ ਇਕ ਬਦਲਵੀਂ ਜੀਵਨ-ਜਾਚ ਸਿਰਜਣ ਦੀ ਕੋਸ਼ਿਸ਼ ਕਰਦਾ! ਇਹ ਪਾਤਰ, ਮੇਰਾ ਬਹੁਤ ਹੀ ਸੋਚਿਆ ਸਮਝਿਆ ਚੇਤੰਨ ਪਾਤਰ ਹੈ, ਭਾਵੇਂ ਇਸ ਨਾਵਲ 'ਚ ਇਸਦੇ ਪੂਰੀ ਤਰ੍ਹਾਂ ਵਿਕਸਤ ਹੋਣ, ਫੈਲਣ ਦੀਆਂ ਸੰਭਾਵਨਾਵਾਂ ਨਾ ਬਣ ਸਕੀਆਂ।

ਪੂੰਜੀ ਤੇ ਮਸ਼ੀਨਰੀ ਆਧਾਰਤ ਨਵਾਂ ਕਾਰਪੋਰੇਟ ਖੇਤੀ ਪੈਟਰਨ, ਰਵਾਇਤੀ ਖੇਤੀ ਤੇ ਪਿੰਡ ਨੂੰ ਤਬਾਹ ਕਰ ਰਿਹਾ ਹੈ, ਅਤੇ ਇਹ ਸੰਕਟ ਦਿਨੋ-ਦਿਨ ਡੂੰਘਾ ਹੁੰਦਾ ਜਾ ਰਿਹਾ। ਹਰ ਰੋਜ਼ ਕਿਸਾਨ ਆਤਮ-ਹੱਤਿਆਵਾਂ ਦੀਆਂ ਖ਼ਬਰਾਂ ਅਖ਼ਬਾਰਾਂ ਦੀਆਂ ਸੁਰਖੀਆਂ ਬਣੀਆਂ ਹੁੰਦੀਆਂ। ਇਸ ਵਰਤਾਰੇ ਦੇ ਬਹੁ-ਪਾਸਾਰਾਂ ਬਾਰੇ ਨਾਵਲ ਵਿਉਂਤਿਆਂ 'ਖੇਤਾਂ ਦਾ ਰੁਦਨ' (2013)। ਜਿਹੋ ਜਿਹੇ ਮਸਲੇ ਇਸ ਵਿਚ ਲੈਣੇ ਚਾਹੁੰਦਾ ਸੀ, ਉਨ੍ਹਾਂ ਦੀ ਬਹੁਤੀ ਟੇਕ ਸਿਧਾਂਤਕ ਸੀ, ਸਮਾਜਕ ਵਿਕਾਸ ਦੇ ਅੱਜੋਕੇ ਮਾਡਲ ਨਾਲ ਜੁੜੇ ਸਵਾਲਾਂ 'ਤੇ ਕੇਂਦਰਤ। ਸੋ ਅਜਿਹੇ ਪਾਤਰ ਚਾਹੀਦੇ ਸਨ ਜਿਹੜੇ ਪੜ੍ਹੇ-ਲਿਖੇ ਹੁੰਦੇ, ਲਿਖਣ-ਪੜ੍ਹਨ ਨਾਲ ਲਗਾਤਾਰ ਵਾਹ ਵਾਸਤਾ ਹੁੰਦਾ! ਪ੍ਰੋਫੈਸਰ ਰਵੀ ਕਾਲਿਜ 'ਚ ਇਕ ਐਡਹਾਕ ਲੈਕਚਰਾਰ ਹੈ, ਗਰੀਬ ਕਿਸਾਨੀ ਪਿਛੋਕੜ 'ਚੋਂ। ਕਿਸਾਨ ਆਤਮ-ਹੱਤਿਆਵਾਂ ਬਾਰੇ ਖੋਜ ਤੇ ਚਿੰਤਨ ਉਸਦਾ ਸ਼ੌਂਕ ਹੈ। ਉਸ ਨਾਲ ਜੁੜਿਆ ਕਿਸਾਨ ਯੂਨੀਅਨ ਆਗੂ ਸਰਬਜੀਤ। ਇਹ ਨਾਵਲ ਇਕ ਪਿੰਡ ਦੇ ਕਾਰਪੋਰੇਟ ਜੀਵਨ ਜਾਚ ਦੀ ਮੁੱਢਲੀ ਇਕਾਈ ਬਣਨ ਦਾ ਬਿਰਤਾਂਤ ਹੈ। ਮੰਡੀ ਦਾ ਫੈਲ ਰਿਹਾ ਮਾਇਆ-ਜਾਲ ਵਸਤਾਂ ਦੇ ਰੂਪ 'ਚ ਵੀ ਆਉਂਦਾ ਤੇ ਰਿਸ-ਰਿਸ ਕੇ ਅਚੇਤ ਮਾਨਸਿਕਤਾ ਨੂੰ ਵੀ ਘੜ ਰਿਹਾ। ਇਹ ਬਦਲਦੀ ਮਾਨਸਿਕਤਾ ਅਗਾਂਹ ਨਵੇਂ ਬੰਦੇ ਨੂੰ ਘੜ ਰਹੀ ਹੈ। ਮਾਲਤੀ ਇਸ ਨਵੀਂ ਜੀਵਨ-ਜਾਚ ਦੀ ਪ੍ਰਤੀਨਿਧ ਹੈ। ਭਾਵੇਂ ਇਸ ਨਾਵਲ ਦਾ ਕਰਮ ਖੇਤਰ ਜਲੰਧਰ ਵਰਗਾ ਸ਼ਹਿਰ ਹੈ ਤੇ ਖੋਜ ਦੇ ਸਿਲਸਿਲੇ 'ਚ ਰਵੀ ਸਾਰੇ ਪੰਜਾਬ 'ਚ ਘੁੰਮਦਾ ਫਿਰਦਾ, ਪਰ ਉਸਦਾ ਪਿਛੋਕੜ ਬਚਵਾਹੀ ਨਾਲ ਜਾ ਕੇ ਜੁੜਦਾ; ਬਚਵਾਹੀ ਦੇ ਇਕ ਪਿੰਡ ਨਾਲ। ਨਾਵਲ ਲਿਖ ਲਿਆ, ਪਰ ਮਨ 'ਚ ਇਸਤੋਂ ਪਹਿਲੇ ਨਾਵਲ 'ਅੰਬਰ ਵੱਲ ਉਡਾਣ' ਦਾ ਪਾਤਰ ਗੁਰਦਿਆਲ ਖੋਰੂ ਪਾਉਂਦਾ ਰਿਹਾ, ਉਸ ਵੱਲੋਂ ਬਦਲ ਸਿਰਜਣ ਦੀ ਕੋਸ਼ਿਸ਼। ਕਮਿਊਨਸਟ ਫਲਸਫ਼ੇ ਤੇ ਇਸ ਫਲਸਫ਼ੇ 'ਤੇ ਉਸਰੀਆਂ ਪਾਰਟੀਆਂ ਦੇ ਅਮਲ ਵਿਚਲਾ ਫਰਕ ਵੀ ਜ਼ਿਹਨ 'ਚ ਆਕਾਰ ਲੈਂਦਾ ਗਿਆ। ਇਸ 'ਚੋਂ ਨਿਕਲਿਆ 'ਸਿਮਟਦਾ ਆਕਾਸ਼' (2016)। ਇਹ ਨਾਵਲ ਭਾਵੇਂ ਨਕਸਲੀ ਲਹਿਰ 'ਤੇ ਕੇਂਦਰਤ ਹੈ, ਪਰ ਆਮ ਰੂਪ 'ਚ ਸਮੁੱਚੀ ਕਮਿਊਨਿਸਟ ਲਹਿਰ ਦਾ ਬਿਰਤਾਂਤ। ਕਿਉਂ ਇਹ ਲਹਿਰ ਜਿਸਨੇ ਸ਼ੁਰੂ 'ਚ ਸ਼ਾਨਦਾਰ ਅਧਿਆਏ ਸਿਰਜੇ, ਆਪਣੀਆਂ

ਪੂਰੀਆਂ ਸੰਭਾਵਨਾਵਾਂ ਨਾਲ ਅਗਾਂਹ ਨਾ ਫੈਲ ਸਕੀ ! ਮੇਰੇ ਸਾਹਮਣੇ ਆਪਣੇ ਇਲਾਕੇ ਦੇ ਕਾਮਰੇਡਾਂ ਦਾ ਕਿਰਦਾਰ ਵੀ ਸੀ, ਜਿਨ੍ਹਾਂ ਨਾਲ ਮੈਂ ਦਹਾਕਿਆਂ ਬੱਧੀ ਕੰਮ ਕੀਤਾ। ਨੌਵੀਂ-ਦਸਵੀਂ 'ਚ ਪੜ੍ਹਦਾ ਸੀ। 1971-72 ਤੋਂ, ਜਦੋਂ ਲਹਿਰ ਨਾਲ ਜੁੜਿਆ, 1989 ਤਕ ਕਿਸੇ ਨਾ ਕਿਸੇ ਰੂਪ 'ਚ ਇਲਾਕੇ ਦੇ ਜਥੇਬੰਦਕ ਤਾਣੇ-ਬਾਣੇ ਨਾਲ ਰਿਹਾ। ਇਹਨਾਂ ਨਾਲ ਵਿਚਰਦੇ ਰਹੇ ਕਾਮਰੇਡਾਂ ਤੇ ਢਾਂਚੇ 'ਤੇ ਧਿਆਨ ਮਾਰਨਾ ਸ਼ੁਰੂ ਕੀਤਾ। ਇਲਾਕੇ ਦੇ ਇਸ ਦ੍ਰਿਸ਼ ਨਾਲ ਕੌਮਾਂਤਰੀ ਤੌਰ 'ਤੇ ਆ ਰਹੇ ਨਿਘਾਰ ਦਾ ਦ੍ਰਿਸ਼ ਵੀ ਮਨ 'ਚ ਸੀ ਤੇ ਦੇਸ਼ 'ਚ ਆ ਰਹੇ ਨਿਘਾਰ ਦਾ ਬਿਰਤਾਂਤ ਵੀ। ਜਿਹੜੀਆਂ ਗੱਲਾਂ ਕਲਾਵੇ 'ਚ ਆਈਆਂ, ਉਹਨਾਂ ਨੂੰ ਕੇਂਦਰ 'ਚ ਰੱਖ ਕੇ ਇਸਦੀ ਸਿਰਜਣਾ ਕੀਤੀ। 'ਅੰਬਰ ਵੱਲ ਉਡਾਣ' 'ਚ ਕਾਮਰੇਡ ਗੁਰਦਿਆਲ ਪ੍ਰਬੰਧ ਨਾਲ ਟੱਕਰ ਲੈਣ ਲਈ ਦ੍ਰਿੜ ਹੈ, 'ਸਿਮਟਦਾ ਆਕਾਸ਼' ਵਿਚ ਕਾਮਰੇਡ ਬਚਨ, ਤਰਸੇਮ, ਤਿਰਲੋਚਨ ਵਰਗੇ ਵੀ; ਪਰ ਥੋੜ੍ਹੀ ਗਿਣਤੀ 'ਚ ਜਾਂ ਹਾਸ਼ੀਏ 'ਤੇ ਧੱਕੇ ਹੋਏ। ਮੁੱਖਧਾਰਾ 'ਚ ਮੁੱਖ ਪਾਤਰ ਜੱਸੀ, ਮਨਜੀਤ, ਨਿਰਪਾਲ, ਨਿਰਭੈ ਵਰਗੇ ਹਨ, ਪੂੰਜੀਵਾਦੀ ਜੀਵਨ-ਜਾਚ 'ਚ ਢਲਦੇ ਹੋਏ। ਉਹਨਾਂ 'ਚ ਤਬਦੀਲੀ ਲਈ ਤਾਂਘ ਤਾਂ ਹੈ, ਪਰ ਜ਼ਿੰਦਗੀ ਦਾ ਅਮਲ ਨਹੀਂ। ਫਲਸਫ਼ਾ ਜਦੋਂ ਕਾਰਕੁਨਾਂ ਦੀ ਜ਼ਿੰਦਗੀ ਦਾ ਅਮਲ ਨਹੀਂ ਬਣਦਾ ਤਾਂ ਉਹ ਬਾਂਝ ਹੋ ਜਾਂਦਾ। ਇਹ ਸੰਕੇਤ ਪਹਿਲੇ ਨਾਵਲ 'ਬਹੁਤ ਸਾਰੇ ਚੁਰੱਸਤੇ' 'ਚ ਵੀ ਹਨ ਜਿੱਥੇ ਕਾਮਰੇਡ ਗੁਰਮੇਲ, ਭੀਮ, ਪਿਆਰਾ ਸਿੰਘ ਵਰਗੇ ਨਿੱਜੀ ਖੁਸ਼ਹਾਲੀ ਦੀ ਦੌੜ 'ਚ ਪੈ, ਇਸ ਖੁਸ਼ਹਾਲੀ ਤੇ ਸਮਾਜਕ ਰੁਤਬੇ ਆਸਰੇ ਲਹਿਰ ਦੇ ਆਗੂ ਵੀ ਬਣੇ ਰਹਿੰਦੇ ਹਨ। 'ਸਿਮਟਦਾ ਆਕਾਸ਼' ਦਾ ਨਾਇਕ ਜੱਸੀ ਇਸ ਗੱਲ 'ਤੇ ਗੌਰਵ ਤੇ ਮਾਣ ਨਾਲ ਭਰ ਜਾਂਦਾ ਕਿ ਉਸਦੀ ਬੇਟੀ ਦਾ ਰਿਸ਼ਤਾ, ਕੈਨੇਡਾ ਦੇ ਐੱਨ.ਆਰ.ਆਈ. ਪਰਿਵਾਰ 'ਚੋਂ ਆਇਆ। ਇਸਦੀ ਚਕਾਚੌਂਧ 'ਚ ਉਹ ਨਾ ਤਾਂ ਆਪਣੀ ਬੇਟੀ ਦੀ ਕੋਈ ਰਾਇ ਲੈਂਦਾ ਤੇ ਨਾ ਹੀ ਮੁੰਡੇ ਬਾਰੇ ਕੋਈ ਪੁੱਛ ਪੜਤਾਲ। ਪਰਵਾਸ ਦੀ ਚੁੰਧਿਆਹਟ 'ਚ ਪੰਜਾਬ ਅੱਜਕਲ ਏਨਾ ਅੰਨ੍ਹਾ ਹੋ ਚੁੱਕਾ ਹੈ ਕਿ ਨੌਜੁਆਨ ਪੀੜ੍ਹੀ ਸਾਹਮਣੇ ਇਹ ਹੀ ਭਵਿੱਖ ਦਾ ਇਕੋ ਇਕ ਬਦਲ ਜਲੌਅ ਵਾਂਗ ਲਿਸ਼ਕਦਾ ਹੈ। ਆਪਣੀ ਬੌਧਿਕ, ਮਾਨਸਿਕ, ਸਮਾਜਕ ਸਮਰੱਥਾ ਤੇ ਭੂਮਿਕਾ ਤਲਾਸ਼ਣ ਦੀ ਬਜਾਏ; ਆਈਲਿਟਸ, ਇੰਗਲਿਸ਼-ਸਪੀਕਿੰਗ ਕੋਰਸਾਂ ਦੇ ਨਾਲ-ਨਾਲ ਅਜਿਹੀਆਂ ਡਿਗਰੀਆਂ/ਡਿਪਲੋਮੇ ਕਰਨ ਦੀ ਭੇਡਚਾਲ ਸਿਖਰ 'ਤੇ ਹੈ ਜਿਨ੍ਹਾਂ ਆਸਰੇ ਬਾਹਰ ਨਿਕਲਿਆ ਜਾ ਸਕੇ। ਇਸ ਰੁਝਾਨ ਨੇ ਮਰਿਆਦਾ, ਪਰੰਪਰਾ, ਇਖਲਾਕ ਤਕ ਨੂੰ ਵੀ ਦਾਅ 'ਤੇ ਲਾ ਦਿੱਤਾ। 'ਸਿਮਟਦਾ ਆਕਾਸ਼' ਲਿਖ ਕੇ ਵੀ ਪਰਵਾਸ ਦੇ ਰੁਝਾਨਾਂ ਤੇ ਇਸਦੇ ਪਾਸਾਰਾਂ ਦੀ ਗੱਲ ਜ਼ਿਹਨ 'ਚੋਂ ਨਿਕਲੀ ਨਾ। ਤਸਕੀਨ ਤੇ ਕੁਝ ਹੋਰ ਦੋਸਤਾਂ ਨਾਲ ਲੰਮੀਆਂ-ਚੌੜੀਆਂ ਗੱਲਾਂ ਹੁੰਦੀਆਂ। ਇਸ ਸੋਚਣ/ਵਿਚਾਰਨ 'ਚੋਂ 'ਬੰਜਰ ਧਰਤੀ' ਦੀ ਰੂਪ-ਰੇਖਾ ਨਿਕਲੀ। ਮੁੜ ਬਚਵਾਹੀ ਦੇ ਇਲਾਕੇ 'ਚ ਇਕ ਪਿੰਡ ਕਲਪਿਆ ਜਿਹੜਾ ਪਰਵਾਸ ਦੀਆਂ ਬਰਕਤਾਂ/ਤਬਾਹੀ ਨੂੰ ਹੰਢਾ ਰਿਹਾ ਹੈ।

ਮੇਰੇ ਸਾਰੇ ਨਾਵਲਾਂ ਦੀਆਂ 'ਤੰਦਾਂ' ਬਚਵਾਹੀ ਨਾਲ ਸਿੱਧੀਆਂ ਜਾਂ ਅਸਿੱਧੀਆਂ ਜੁੜੀਆਂ ਹੋਈਆਂ ਹਨ, ਇਸਦੇ ਵਸੇਬ ਨਾਲ। ਇਹ ਖਿੱਤਾ ਮੈਂ ਆਪਣੇ ਪਿੰਡੇ 'ਤੇ ਵੀ ਹੰਢਾਇਆ ਹੈ ਤੇ ਆਪਣੇ ਮਨ 'ਚ ਵੀ। ਜਿਸ ਇਲਾਕੇ 'ਚ ਬੰਦਾ ਜਨਮ ਲੈਂਦਾ, ਪਲ ਕੇ ਜਵਾਨ ਹੁੰਦਾ; ਉਹ ਪਿੰਡ, ਉਹ ਇਲਾਕਾ ਉਸਦੇ ਮਨ ਦਾ ਹਿੱਸਾ ਬਣ ਜਾਂਦਾ। ਲੇਖਕ ਸਾਰੀ ਉਮਰ ਉਸ ਬਾਰੇ, ਆਪਣੇ ਬਾਰੇ ਲਿਖਦਾ ਰਹਿੰਦਾ। ਇਸੇ ਆਧਾਰ 'ਤੇ ਉਸਦੀਆਂ ਕਲਪਨਾਵਾਂ ਉਡਾਰੀ ਭਰਦੀਆਂ ਹਨ। ਉਹ ਕਿੰਨੇ ਵੀ ਆਕਾਸ਼ ਗਾਹ ਲੈਣ, ਪਰ ਸਭ ਦਾ ਆਧਾਰ ਉਹੀ ਹੁੰਦਾ। 'ਇਕਾਈ' ਨੂੰ ਸਮਝੇ ਬਿਨਾਂ, ਸਮੁੱਚ ਬਾਰੇ ਸਮਝ ਧਰਤੀ ਨਾਲ ਜੁੜੀ ਹੋਈ ਨਹੀਂ ਹੋ ਸਕਦੀ ! ਨਾਵਲ ਲਿਖਣ ਤੋਂ ਪਹਿਲਾਂ ਕੁਝ ਪਿੰਡਾਂ/ਪਰਿਵਾਰਾਂ ਦਾ ਨੇੜਿਓਂ ਅਧਿਐਨ ਕੀਤਾ ਤਾਂ ਮਹਿਸੂਸ ਹੋਇਆ ਜਿੰਨ੍ਹਾਂ ਨੌਜਵਾਨ ਮੁੰਡੇ-ਕੁੜੀਆਂ ਨੇ ਆਪਣੇ ਸਮਾਜ ਦੇ ਨਾਇਕ ਬਣਨਾ ਸੀ ਤੇ ਅਗਵਾਈ ਕਰਨੀ ਸੀ, ਆਈਲਿਟਸ ਦੇ

ਚੱਕਰਾਂ 'ਚ ਉਲਝੇ ਬੁਰੀ ਤਰ੍ਹਾਂ ਆਪਣੀ ਬੌਧਿਕ ਤੇ ਸਮਾਜਕ ਸਮਰੱਥਾ ਨੂੰ ਗੁਆ ਰਹੇ ਹਨ। ਇਹ ਰੁਝਾਨ ਅਗਾਂਹ ਸਮੂਹਕ ਬੌਧਿਕ ਕੰਗਾਲੀ ਨੂੰ ਜਨਮ ਦੇ ਰਿਹਾ ਤੇ ਨਾਇਕ ਵਿਹੂਣਾ ਹੋਇਆ ਪੰਜਾਬੀ ਸਮਾਜ, ਨਸ਼ਿਆਂ ਦੀ ਦਲਦਲ ਵੱਲ ਗਰਕਦਾ ਜਾ ਰਿਹਾ ਹੈ। ਗੈਂਗਸਟਰ, ਗਾਇਕ, ਆਗੂਆਂ ਦੀਆਂ ਲਠੈਤ ਢਾਣੀਆਂ 'ਚ ਵਟਦੀ ਮੁੰਡੀਰ, ਸਮਾਜ ਦੇ ਆਦਰਸ਼ ਵਜੋਂ ਉਭਰਦੀ ਹੈ। ਇਹ ਪਰਤੌਅ ਹੁਣ ਸਮੱਸ਼ਟ ਦਿਸਣ ਵੀ ਲੱਗੇ ਹਨ। ਪਹਿਲਾਂ ਕਿਸਾਨ ਖੁਦਕੁਸ਼ੀਆਂ ਦੀਆਂ ਖਬਰਾਂ ਹੀ ਸਵੇਰੇ-ਸਵੇਰੇ ਮੱਥੇ 'ਚ ਆ ਕੇ ਵੱਜਦੀਆਂ ਸਨ, ਹੁਣ ਨਸ਼ਿਆਂ ਦੀ ਓਵਰਡੋਜ਼ ਨਾਲ ਮਰਨ ਵਾਲਿਆਂ ਦੇ ਅੰਕੜੇ ਉਨ੍ਹਾਂ ਤੋਂ ਵਧ ਗਏ ਹਨ। ਗੈਂਗਵਾਰ 'ਚ ਮਰਨ ਵਾਲਿਆਂ ਦੇ ਅੰਕੜੇ ਵੀ ਤੇਜ਼ੀ ਨਾਲ ਵਧਦੇ ਜਾਂਦੇ ਹਨ। 'ਬੰਜਰ ਧਰਤੀ' (2018) ਇਹਨਾਂ ਪਰਤਾਂ ਦਾ ਬਿਰਤਾਂਤ ਹੈ। ਇਸ ਵਿਚਲਾ ਪਿੰਡ, ਬਚਵਾਹੀ ਦੇ ਇਲਾਕੇ 'ਚ ਇਸ ਸਦੀ ਦੇ ਦੂਸਰੇ ਦਹਾਕੇ 'ਚ ਵਿਚਰਦਾ; ਜਿੱਥੇ ਪਾਣੀ ਦਿਨੋਂ ਦਿਨ ਡੂੰਘਾ ਲਹਿੰਦਾ ਜਾ ਰਿਹਾ ਹੈ, ਰਵਾਇਤੀ ਰੁੱਖਾਂ ਦੀ ਥਾਂ ਸਫੈਦਾ, ਪਾਪੂਲਰ ਉਗਾਇਆ ਜਾ ਰਿਹਾ ਹੈ ਤੇ ਬਦੇਸ਼ ਤੋਂ ਆਈ 'ਅਵਾਰਾ ਪੂੰਜੀ' ਨਾਲ ਮਹੱਲਾਂ ਵਰਗੀਆਂ ਉਸਰਦੀਆਂ ਕੋਠੀਆਂ, ਕਾਰਾਂ ਦੇ ਨਵੇਂ ਤੋਂ ਨਵੇਂ ਮਾਡਲ। 'ਗਹਿਰ ਚੜ੍ਹੀ ਆਸਮਾਨ' ਤੇ 'ਬੰਜਰ ਧਰਤੀ' ਦਾ ਖ਼ਿੱਤਾ ਇਕ ਹੀ ਹੈ, ਪਰ ਬੀਤੇ ਛੇ-ਸੱਤ ਦਹਾਕਿਆਂ ਦੌਰਾਨ, ਇਸ ਖ਼ਿੱਤੇ ਦੇ ਭੂਗੋਲਕ ਦ੍ਰਿਸ਼, ਜੀਵਨ ਜਾਚ ਤੇ ਆਰਥਿਕਤਾ 'ਚ ਆਈ ਤਬਦੀਲੀ, ਦੋਹਾਂ ਦੀ ਪੜ੍ਹਤ ਤੋਂ ਸਹਿਜੇ ਹੀ ਦੇਖੀ/ਸਮਝੀ ਜਾ ਸਕਦੀ ਹੈ। ਮੈਨੂੰ ਲਿਖਤ ਦਾ ਸਭ ਤੋਂ ਵੱਡਾ ਮਨੋਰਥ ਹੀ ਇਹ ਲੱਗਦਾ, ਜਿਸ ਦੌਰ 'ਚ ਲਿਖੀ ਜਾ ਰਹੀ ਹੋਵੇ, ਉਹ ਸਮਕਾਲ ਉਸ 'ਚੋਂ ਝਲਕੇ।

ਲਿਖਣ ਨਾਲੋਂ ਬਹੁਤਾ ਪੜ੍ਹਦਾ ਹਾਂ, ਉਹ ਵੀ ਬਹੁਤੀਆਂ ਇਤਿਹਾਸ, ਸਮਾਜ ਸ਼ਾਸਤਰ, ਫਲਸਫੇ ਦੀਆਂ ਕਿਤਾਬਾਂ। ਇਹ ਮੇਰਾ ਕਾਲਿਜ ਵੇਲੇ ਤੋਂ ਹੀ ਸ਼ੌਕ ਹੈ। ਪਹਿਲਾਂ ਬਹੁਤੀਆਂ ਮਾਰਕਸੀ ਫਲਸਫ਼ੇ 'ਤੇ ਕੇਂਦਰਤ ਕਿਤਾਬਾਂ ਪੜ੍ਹਦਾ ਸੀ; ਮਾਰਕਸ, ਏਂਗਲਜ਼, ਮਾਓ ਦੇ ਨਾਲ-ਨਾਲ ਡਾਰਵਿਨ, ਫਰਾਇਡ ਵੀ। ਇਹਨਾਂ ਨੇ ਜ਼ਿਹਨ ਦੇ ਬਹੁਤ ਸਾਰੇ ਜਾਲ਼ੇ ਸਾਫ਼ ਕਰਨ 'ਚ ਭੂਮਿਕਾ ਨਿਭਾਈ। ਪਿੱਛੋਂ ਆ ਕੇ 'ਰਿਗਵੇਦ', 'ਬਾਲਮੀਕੀ ਰਮਾਇਣ', 'ਮਹਾਂਭਾਰਤ' ਤੇ ਸੰਸਕ੍ਰਿਤ ਦੇ ਕੁਝ ਹੋਰ ਕਲਾਸਿਕੀ ਗਰੰਥਾਂ ਦੇ ਸੰਪੂਰਨ ਅਨੁਵਾਦ ਪੜ੍ਹੇ, ਬਿਨਾਂ ਕਿਤਿਓਂ ਇਕ ਵੀ ਸ਼ਲੋਕ ਛੱਡਿਆਂ। ਇਸ ਅਧਿਐਨ ਨੇ ਭਾਰਤੀ ਖ਼ਿੱਤੇ ਦੇ ਸਮਾਜਕ ਵਿਕਾਸ, ਵਿਚਾਰਧਾਰਾ ਦੀ ਭੂਮਿਕਾ ਤੇ ਪਰੰਪਰਾਵਾਂ ਦੇ ਸੱਚ ਦੇ ਰੂਬਰੂ ਕੀਤਾ। ਇਹਨਾਂ ਦਾ ਪ੍ਰਗਟਾਅ ਪਹਿਲੇ ਨਾਵਲਾਂ 'ਚ ਸੰਕੇਤਕ ਰੂਪ 'ਚ ਆਉਂਦਾ ਰਿਹਾ ਪਰ 'ਬੰਜਰ ਧਰਤੀ' ਤੋਂ ਬਾਅਦ 'ਖਾਂਡਵ ਦਾਹ' (2019) ਤਾਂ ਨਿਕਲਿਆ ਹੀ ਇਸ ਸਮਝ 'ਚੋਂ। ਇਸ ਲਈ ਅਜਿਹੇ ਪਾਤਰ ਚਾਹੀਦੇ ਸਨ ਜਿਹੜੇ ਚਿੰਤਕੀ ਮਾਹੌਲ 'ਚ ਵਿਚਰਦੇ। ਇਹਨਾਂ ਨੂੰ ਪਿੰਡਾਂ 'ਚ ਨਹੀਂ ਸੀ ਚਿਤਰਿਆ ਜਾ ਸਕਦਾ। ਹਰ ਗੱਲ ਇਕ ਢੰਗ ਨਾਲ ਨਹੀਂ ਕੀਤੀ ਜਾ ਸਕਦੀ ਹੁੰਦੀ! ਉਹਨਾਂ ਦਿਨਾਂ 'ਚ ਜਲੰਧਰ ਅਸੀਂ ਕੁਝ ਦੋਸਤਾਂ ਨੇ 'ਸੰਵਾਦ' ਨਾਂ ਦਾ ਇਕ ਗ਼ੈਰ ਰਸਮੀ ਚਰਚਾ ਮੰਚ ਬਣਾਇਆ ਹੋਇਆ ਸੀ, ਜਿਸ ਵਿਚ ਨਵੇਂ ਆ ਰਹੇ ਵਰਤਾਰਿਆਂ ਬਾਰੇ ਨਿੱਠ ਕੇ ਚਰਚਾ ਕਰਦੇ। ਤਸਕੀਨ, ਰਜਨੀਸ਼ ਬਹਾਦਰ ਸਿੰਘ, ਹਰਵਿੰਦਰ ਭੰਡਾਲ, ਸੇਲੈਸ਼, ਕੇਸਰ, ਅਰੁਣਦੀਪ, ਕੁਲਵਿੰਦਰ, ਕੁਲਵੰਤ ਸੰਧੂ, ਦੀਪ ਨਿਰਮੋਹੀ, ਮਨਦੀਪ ਸਨੇਹੀ ਆਦਿ ਮਹੀਨੇ 'ਚ ਇਕ ਸ਼ਾਮ ਮੇਜ਼ ਦੁਆਲ਼ੇ ਬਹਿ ਕੇ ਖੁੱਲ੍ਹੀਆਂ ਗੱਲਾਂ ਕਰਦੇ। ਵਿਚ ਕੋਈ ਸਰੋਤਾ ਨਾ ਹੁੰਦਾ, ਨਾ ਮੁਖ-ਵਕਤਾ। ਹਰ ਕੋਈ ਆਪਣੀ ਗੱਲ ਕਰਦਾ। ਨਵੇਂ ਨਾਵਲ ਬਾਰੇ ਸੋਚਦਿਆਂ ਜ਼ਿਹਨ 'ਚ ਲਿਸ਼ਕੋਰ ਉੱਭਰੀ, ਕਿਉਂ ਨਾ ਇਸਨੂੰ ਸੰਵਾਦ ਵਰਗੇ ਮਾਹੌਲ 'ਚ ਸਿਰਜਿਆ ਜਾਵੇ। ਇਸ ਨਾਵਲ ਵਿਚ ਸਮਕਾਲ ਦੇ ਕਮਿਊਨਿਸਟ ਢਾਂਚੇ, ਤਰਕਸ਼ੀਲ ਲਹਿਰ ਦਾ ਕੱਚ-ਸੱਚ, ਜੀਊਣ ਦੇ ਸਲੀਕੇ ਤੇ ਪਰੰਪਰਾਵਾਂ ਬਾਰੇ ਬਹੁਤ ਸਾਰੇ ਸਵਾਲਾਂ ਉੱਪਰ ਚਰਚਾ ਹੈ। ਪ੍ਰੋਫੈਸਰ ਹਰਿੰਦਰ, ਪ੍ਰਿਯਾ, ਰੁਪਾਲੀ, ਇੰਦੂ ਵਰਮਾ ਜਿਹੇ ਪਾਤਰਾਂ ਰਾਹੀਂ 'ਖਾਂਡਵ ਦਾਹ' ਮਿਥਿਹਾਸ ਨੂੰ

ਸਮਕਾਲ ਦੇ ਸੰਦਰਭ 'ਚ ਸਮਝਣ ਦਾ ਯਤਨ ਵੀ ਹੈ। ਉਸ ਵੇਲੇ ਖਾਂਡਵ-ਵਣ ਤੇ ਉਸ 'ਚ ਰਹਿੰਦੇ ਨਾਗ ਕਬੀਲੇ ਨੂੰ ਇਸ ਲਈ ਤਬਾਹ ਕੀਤਾ ਗਿਆ ਕਿ ਪਾਂਡਵਾਂ ਨੂੰ ਆਪਣੇ ਰਾਜ ਦੇ ਵਿਸਥਾਰ ਲਈ, ਹੋਰ ਭੂਮੀ ਚਾਹੀਦੀ ਸੀ ਜਿਹੜੀ ਜੰਗਲਾਂ ਨੂੰ ਸਾੜ, ਉਹਨਾਂ 'ਚ ਰਹਿੰਦੇ ਕਬੀਲਿਆਂ ਨੂੰ ਤਬਾਹ ਕਰ ਕੇ ਹੀ ਪ੍ਰਾਪਤ ਹੋ ਸਕਦੀ ਸੀ। ਅੱਜ ਮੱਧ-ਭਾਰਤ 'ਚ ਕਬੀਲਿਆਂ ਨੂੰ ਉਹਨਾਂ ਦੇ ਜੰਗਲਾਂ, ਭੂਮੀ, ਦਰਿਆਵਾਂ ਤੋਂ ਇਸ ਲਈ ਉਜਾੜਿਆਂ ਜਾ ਰਿਹਾ ਹੈ, ਕਾਰਪੋਰੇਟਾਂ ਨੂੰ ਇਹ ਭੂਮੀ ਆਪਣੇ ਕਾਰਖਨਿਆਂ ਦੇ ਹੋਰ ਵਿਸਥਾਰ ਤੇ ਇਥੇ ਧਰਤੀ ਹੇਠ ਦੱਬੇ ਖਣਿਜਾਂ ਦੀ ਪ੍ਰਾਪਤੀ ਲਈ ਚਾਹੀਦੀ ਹੈ। ਨੀਮ-ਸੁਰੱਖਿਆ ਬਲਾਂ ਨਾਲ ਸੱਤਾ ਆਪਣੇ ਹੀ ਲੋਕਾਂ ਨੂੰ ਉਜਾੜਨ ਦੀ ਜੰਗ ਲੜ ਰਹੀ ਹੈ। ਅਗਵਾਈ ਦੇਣ ਵਾਲੇ 'ਨਕਸਲੀ' ਕਹਿ ਕੇ ਮਾਰੇ ਜਾ ਰਹੇ, ਜੇਲ੍ਹਾਂ 'ਚ ਵੀ ਸੁੱਟੇ ਜਾ ਰਹੇ ਹਨ। ਇਹ ਮਾਡਲ ਉਸ ਮਿਥਿਹਾਸ/ਇਤਿਹਾਸ ਦੀ ਹੀ ਨਿਰੰਤਰਤਾ ਹੈ, ਕੁਦਰਤੀ ਤਬਾਹੀ ਦੀ ਨਿਰੰਤਰਤਾ ਵੀ। ਪੂੰਜੀ ਦੇ ਕੁਝ ਹੱਥਾਂ 'ਚ ਕੇਂਦਰੀਕ੍ਰਿਤ ਹੋਣ ਤੇ ਆਮ ਲੋਕਾਂ ਦੇ ਸਾਧਨਾਂ ਤੋਂ ਮਹਿਰੂਮ ਹੋਣ ਦੀ ਨਿਰੰਤਰਤਾ ਵੀ। ਇਹਨਾਂ ਦਾ ਬਦਲ ਸਿਰਜਣ ਲਈ ਅਤੀਤ ਦੀਆਂ ਪਰੰਪਰਾਵਾਂ/ਇਤਿਹਾਸ/ਮਿਥਿਹਾਸ ਦੀ ਪੁਨਰ ਵਿਆਖਿਆ ਦੀ ਲੋੜ ਹੈ! ਕੀ ਮੌਜੂਦਾ ਘਰ, ਪਰਿਵਾਰ, ਵਿਕਾਸ-ਮਾਡਲ ਦੀਆਂ ਜੜ੍ਹਾਂ ਉਸ ਮਿਥਿਹਾਸ/ਇਤਿਹਾਸ ਵਿਚ ਤਾਂ ਨਹੀਂ? ਜਾਇਦਾਦ ਦੇ ਸੰਕਲਪ ਹੋਂਦ 'ਚ ਆਉਣ ਦੀ ਵਿਕਾਸ-ਯਾਤਰਾ ਵਿਚ? ਇਹਨਾਂ ਜੀਵੰਤ ਸਵਾਲਾਂ ਨਾਲ ਸੰਵਾਦ ਹੈ ਇਸ ਵਿਚ। ਇਸਦੇ ਮੁਖ-ਪਾਤਰ ਦੀਆਂ ਜੜ੍ਹਾਂ ਫਿਰ ਉਸੇ ਖਿੱਤੇ ਨਾਲ ਜਾ ਜੁੜਦੀਆਂ, ਬਚਵਾਹੀ-ਮਣੀ-ਖਿੱਤੇ ਨਾਲ; ਭਾਵੇਂ ਸੰਕੇਤ ਮਾਤਰ ਹੀ; ਕਿ ਉਹ ਆਪਣੀ ਹੋਂਦ ਦਾ ਸੰਘਰਸ਼ ਸ਼ਹਿਰ 'ਚ ਰਹਿ ਕੇ ਲੜ ਰਿਹਾ ਹੈ। ਬਚਵਾਹੀ-ਮਣੀ ਖਿੱਤੇ 'ਚ ਬੀਤੀ ਸਦੀ ਦੇ ਨੌਵੇਂ ਦਹਾਕੇ ਤੋਂ ਕਰੈਸ਼ਰ ਲੱਗਣੇ ਸ਼ੁਰੂ ਹੋਏ, ਦੇਖਦੇ ਹੀ ਦੇਖਦੇ ਇਹਨਾਂ ਦੀ ਭਰਮਾਰ ਹੋ ਗਈ। ਕੁਦਰਤੀ ਵੰਨ-ਸੁਵੰਨਤਾ ਨਾਲ ਭਰਪੂਰ ਮਣੀ ਦਾ ਨੀਮ ਪਹਾੜੀ ਖੇਤਰ, ਕਰੈਸ਼ਰ ਮਾਫ਼ੀਏ ਵੱਲੋਂ ਪੁੱਟੇ ਸੌ-ਸੌ, ਡੇਢ-ਡੇਢ ਸੌ ਫੁੱਟ ਡੂੰਘੇ ਖਤਾਨਾਂ ਨਾਲ ਭਰਨ ਲੱਗਾ। ਇਲਾਕੇ ਦੇ ਵਾਤਾਵਰਣ 'ਚ ਧੂੜ-ਘੱਟਾ ਭਰਨ ਲੱਗਾ; ਟਿੱਪਰਾਂ ਦੇ ਭਾਰ ਹੇਠਾਂ ਸੜਕਾਂ-ਰਾਹ ਟੁੱਟਣ ਲੱਗੇ, ਮਸ਼ੀਨਰੀ ਦੀ ਖੜਕਾਰ ਨਾਲ ਭੰਗ ਹੁੰਦੀ ਸ਼ਾਂਤੀ, ਚੁੱਪ। ਇਸ ਤਬਾਹੀ ਖਿਲਾਫ਼ ਇਲਾਕੇ 'ਚ ਵਿਰੋਧ ਦੀਆਂ ਸੁਰਾਂ ਵੀ ਉੱਠਣ ਲੱਗੀਆਂ। ਧਰਮਿੰਦਰ, ਦੀਪਕ ਠਾਕੁਰ ਦੀ ਅਗਵਾਈ 'ਚ ਨੌਜੁਆਨ ਖਾੜਕੂ ਵਿਰੋਧਾਂ 'ਤੇ ਉਤਰ ਆਏ। ਕਮਲ ਸੰਘੇ ਨੇ ਮੈਨੂੰ ਇਲਾਕੇ ਦੇ ਕਰੈਸ਼ਰਾਂ ਦੀ ਵਰਕਿੰਗ ਸਮਝਾਈ ਤੇ ਇਸ ਸਭ ਕੁਝ ਨੇ ਸ਼ਬਦੀ ਰੂਪ ਧਾਰਿਆ 'ਸ਼ੋਅ-ਰੂਮ' (2020) ਵਿਚ। ਸਭ ਤੋਂ ਵੱਡਾ ਫੇਰਬਦਲ ਇਸ ਦੌਰ 'ਚ ਇਹ ਵਾਪਰਿਆ ਕਿ ਜਿਹੜੀ ਜ਼ਮੀਨ ਜੱਟ ਲਈ ਮਾਂ ਸੀ, ਉਹ ਪੂੰਜੀ 'ਚ ਬਦਲ ਗਈ। ਇਸ ਤਬਦੀਲੀ ਨੇ ਨਵਾਂ ਸਭਿਆਚਾਰਕ ਮੁਹਾਂਦਰਾ ਵੀ ਘੜਿਆ, ਬਹੁਤ ਹੀ ਨਿੱਜ-ਮੁਖੀ ਬੰਦੇ ਦੇ ਰੂਪ ਵਿਚ। ਇਹ ਬੰਦਾ ਸ਼ਹਿਰਾਂ/ਮਹਾਂਨਗਰਾਂ 'ਚ ਤਾਂ ਪਹਿਲਾਂ ਹੀ ਸੀ, ਹੁਣ ਪਿੰਡ 'ਚ ਵੀ ਧੜਕਣ ਲੱਗਾ ਹੈ। ਬੇਬੇ ਠਾਕੁਰੀ, ਸ਼ਹੀਦ ਮੁਣਸ਼ੀ ਵਰਗੇ ਸਮਾਜਕ ਭਾਈਚਾਰਕ ਨਾਇਕਾਂ ਦੀ ਥਾਂ ਬੌਬੀ, ਦੀਪਾ, ਸੁੱਖੀ, ਪ੍ਰਗਟ ਸਿੰਘ, ਬਨਾਰਸੀ ਦਾਸ, ਸਿਰਤਾਜ ਸਿੰਘ ਬਰਾੜ ਵਰਗੇ ਖਲਨਾਇਕ, ਨਾਇਕ ਬਣਕੇ ਉੱਭਰ ਰਹੇ ਹਨ। ਬਾਜ਼ਾਰ ਵਿਚ ਬਦਲੀ ਹਰ ਸ਼ੈਅ, ਵਿਕਣ ਲਈ ਤਿਆਰ। ਕਰੈਸ਼ਰਾਂ ਨਾਲ ਪੈਦਾ ਹੋ ਰਹੇ ਸੰਕਟਾਂ ਤੇ ਸਮੱਸਿਆਵਾਂ; ਸਮਾਜਕ ਦਖ਼ਲ-ਅੰਦਾਜ਼ੀ ਦਾ ਕੁਝ ਬਿਰਤਾਂਤ 'ਅੰਬਰ ਵੱਲ ਉਡਾਣ' 'ਚ ਵੀ ਆਉਂਦਾ, ਪਰ ਸੰਕੇਤ ਮਾਤਰ ਹੀ। ਇਸ ਨਾਵਲ 'ਚ ਇਸਨੂੰ ਭਰਪੂਰ ਰੂਪ 'ਚ ਚਿਤਰੇ ਸਕਿਆ ਹਾਂ, ਇਸਦੇ ਆਰਥਿਕ, ਸਭਿਆਚਾਰਕ, ਰਾਜਨੀਤਕ ਤੇ ਸਮਾਜਕ ਪਾਸਾਰਾਂ ਸਮੇਤ।

ਦਸੰਬਰ 2019 'ਚ ਇਹ ਨਾਵਲ ਮੁਕੰਮਲ ਕਰਕੇ ਛਪਣ ਲਈ ਭੇਜਿਆ ਤਾਂ ਉਦੋਂ ਤਕ ਕਿਸਾਨ ਅੰਦੋਲਨ ਸ਼ੁਰੂ ਹੋ ਚੁੱਕਾ ਸੀ। ਇਸ ਅੰਦੋਲਨ ਦੀ ਮੁੱਢਲੀ ਉਠਾਣ ਨੇ ਹੀ ਪ੍ਰਭਾਵਤ ਕਰਨਾ ਸ਼ੁਰੂ ਕਰ ਦਿੱਤਾ, ਖਾਸ ਕਰਕੇ ਜਿਵੇਂ ਹਰਿਆਣਾ ਤੇ ਪੰਜਾਬ ਦੇ ਨੌਜੁਆਨਾਂ ਨੇ ਦਿੱਲੀ ਦੇ ਰਾਹ ਰੋਕਣ

ਲਈ ਲਾਏ ਬੈਰੀਕੇਡ ਤੋੜ ਕੇ ਦਿੱਲੀ ਜਾ ਡੇਰੇ ਲਾਏ। ਉੱਥੇ ਇਕ ਲਾਮਿਸਾਲ ਸਾਂਝ ਦਾ ਮਾਹੌਲ ਸਿਰਜਿਆ ਗਿਆ; ਜਿੱਥੇ ਗੁਰਬਾਣੀ ਦੀਆਂ ਤੁਕਾਂ ਵੀ ਗੂੰਜਦੀਆਂ, ਪਾਸ਼/ਉਦਾਸੀ ਦੇ ਗੀਤ, ਖਾਪ ਪੰਚਾਇਤਾਂ ਦੇ ਹੁੱਕਿਆਂ ਦੀ ਗੁੜਗੁੜਾਹਟ ਵੀ। ਜਦੋਂ ਕਰੋਨਾ ਕਰਕੇ ਸਾਰਾ ਸਮਾਜ ਤੇ ਸੱਤਾ ਜਾਮ ਹੋਏ ਪਏ ਸਨ, ਇਹ ਅੰਦੋਲਨ ਨਿੱਤ ਨਵੀਂ ਉਡਾਣ ਛੂੰਹਦਾ ਗਿਆ। ਅੰਦੋਲਨ ਦੀ ਇਸ ਲਾਮਿਸਾਲ ਉਡਾਣ ਬਾਰੇ ਲਿਖਣ ਲਈ ਮਨ 'ਚ ਕਰੂੰਬਲਾਂ ਫੁੱਟਣ ਲੱਗੀਆਂ ਜਾਂ ਇਹ ਲਿਖਣ ਲਈ ਮਨ 'ਚ ਦਬਾਅ ਬਣਨ ਲੱਗਾ। ਇਹ ਲਿਖਣ ਲਈ ਉਸ ਆਧਾਰ ਬਾਰੇ ਚਰਚਾ ਜ਼ਰੂਰੀ ਸੀ ਜਿਸ ਤੋਂ ਤੰਗ ਆ ਕੇ ਕਿਸਾਨੀ ਸਿਰ 'ਤੇ ਕਫ਼ਨ ਬੰਨ੍ਹ ਕੇ ਨਿਕਲੀ। ਪਰ ਇਹ ਵੀ ਚਿੰਤਾ ਸੀ, ਕਿਸਾਨੀ ਮੰਦਹਾਲੀ ਬਾਰੇ ਪਹਿਲਾਂ ਵੀ ਕਈ ਨਾਵਲਾਂ 'ਚ ਆ ਚੁੱਕਾ ਹੈ, ਇਕ ਜਾਂ ਦੂਸਰੇ ਪੱਖ ਤੋਂ ਲਿਖ ਚੁੱਕਾ ਹਾਂ। ਦਹੁਰਾ ਪਾਠਕ ਨੂੰ ਚੁਭੇਗਾ! ਕਿੰਨਾ ਹੀ ਸਮਾਂ ਇਸ ਬਾਰੇ ਸੋਚਦਾ ਰਿਹਾ। ਇਸ 'ਚੋਂ ਹੱਲ ਨਿਕਲਿਆ, ਪਹਿਲਾਂ ਦੇ ਲਿਖੇ ਨਾਵਲ 'ਖੇਤਾਂ ਦਾ ਰੁਦਨ' ਨੂੰ ਨਵੇਂ ਨਾਵਲ ਦਾ ਪਹਿਲਾ ਭਾਗ ਮੰਨ ਕੇ, ਉਹਨਾਂ ਹੀ ਪਾਤਰਾਂ ਨਾਲ ਕਥਾ ਅਗਾਂਹ ਤੋਰੀ ਜਾਵੇ; ਪ੍ਰੋਫੈਸਰ ਰਵਿੰਦਰ, ਸਰਬਜੀਤ, ਪ੍ਰਿਯੰਕਾ। ਕਥਾ ਨੂੰ ਨਵਾਂ ਤੇ ਸਮੇਂ ਦੇ ਹਾਣ ਦਾ ਮੋੜ ਦੇਣ ਲਈ ਸਰਬਜੀਤ ਦਾ ਮੁੰਡਾ ਸਿਮਰ ਨਾਇਕ ਬਣਾਇਆ, ਨਾਲ ਮਨਿੰਦਰ ਉਰਫ਼ ਮਨੀ। 'ਸਿਆੜਾਂ ਦੀ ਕਰਵਟ' (2021) ਬੜੀ ਤੇਜ਼ੀ ਨਾਲ ਲਿਖਿਆ ਗਿਆ; ਕਿਉਂਕਿ ਸਾਰਾ ਕੁਝ ਤਾਂ ਮਨ 'ਚ ਉਕਰਿਆ ਪਿਆ ਸੀ। ਆਧਾਰ ਢਾਂਚਾ, ਪਾਤਰਾਂ ਦੇ ਪਹਿਲੇ ਪਿਛੋਕੜ। ਅਗਾਂਹ ਜਿਧਰ ਨੂੰ ਲਿਜਾਣਾ ਸੀ, ਉਹ ਵੀ ਲਗਪਗ ਸਪੱਸ਼ਟ ਸੀ। ਉਂਝ ਵੀ ਜਦੋਂ ਨਾਵਲ ਲਿਖਣ ਲੱਗਦਾਂ ਤਾਂ ਉਸਦੀ ਕਹਾਣੀ ਦਾ ਪੂਰਾ ਖਾਕਾ ਕਦੇ ਨਹੀਂ ਬਣਾਉਂਦਾ। ਕਹਿਣ ਵਾਲੀ ਗੱਲ ਹੁੰਦੀ ਹੈ, ਕੁਝ ਪਾਤਰ ਹੁੰਦੇ ਹਨ; ਇਕ ਪਿੰਡ ਜਾਂ ਖਿੱਤਾ ਵੀ, ਜਿੱਥੋਂ ਉਸਨੂੰ ਉਠਾਣ ਵੱਲ ਲਿਜਾਣਾ ਹੁੰਦਾ; ਬਾਕੀ ਢਾਂਚਾ ਨਾਲੋ ਨਾਲ ਰਚ ਹੁੰਦਾ ਰਹਿੰਦਾ।

ਦਿਲਚਸਪ ਗੱਲ, ਉਦੋਂ ਅਜੇ ਅੰਦੋਲਨ ਚੱਲ ਹੀ ਰਿਹਾ ਸੀ ਜਦੋਂ 'ਸਿਆੜਾਂ ਦੀ ਕਰਵਟ' ਮੁਕੰਮਲ ਕਰ ਕੇ ਛਪਣ ਲਈ ਭੇਜ ਦਿੱਤਾ ਤੇ ਪਹਿਲੀ ਨਵੰਬਰ 2021 ਨੂੰ 'ਮੇਲਾ ਗ਼ਦਰੀ ਬਾਬਿਆਂ ਦਾ' ਮੌਕੇ ਰਿਲੀਜ਼ ਵੀ ਹੋ ਗਿਆ। ਉਦੋਂ ਅਜੇ ਇਹ ਨਹੀਂ ਸੀ ਸਮਝ ਆ ਰਹੀ, ਅੰਦੋਲਨ ਭਵਿੱਖ 'ਚ ਕੀ ਕਰਵਟ ਲਵੇਗਾ? ਇਸ ਨਾਲ ਪਿੰਡਾਂ 'ਚ ਸੱਤਾ-ਵਿਰੋਧ ਦਾ ਇਕ ਆਪ ਮੁਹਾਰਾ ਵਹਿਣ ਉਭਰ ਆਇਆ ਸੀ, ਇਸ 'ਚ ਗਹਿਗੱਚ ਹੋ ਕੇ ਨੌਜੁਆਨਾਂ ਦੀ ਸ਼ਮੂਲੀਅਤ। ਇਸ ਨਾਵਲ ਦੀਆਂ ਅੰਤਮ ਲਾਇਨਾਂ 'ਚ ਮਨੀ ਆਖਦੀ ਹੈ:

"ਇੱਥੇ ਤਾਂ ਲੋਕ ਜ਼ਿੰਦਗੀਆਂ ਦਾਅ 'ਤੇ ਲਾ ਕੇ ਬੈਠੇ ਹੋਏ ਐ... ਉਹਨਾਂ ਨੂੰ ਇੱਥੇ ਹੀ ਜੀਊਣਾ ਪੈਣਾ ਆਪਣੀਆਂ ਬੇਬਸੀਆਂ ਸਮੇਤ ਕਿ ਉਹਨਾਂ ਕੋਲ਼ ਹੋਰ ਕੋਈ ਬਦਲ ਨਹੀਂ... ਤੇ ਜਿਨ੍ਹਾਂ ਕੋਲ ਕੋਈ ਬਦਲ ਹੈ, ਸੁਪਨਿਆਂ ਤੇ ਊਰਜਾ ਨਾਲ ਭਰੀ ਹੋਈ ਨਵੀਂ ਪੀੜ੍ਹੀ, ਉਹ ਬਾਹਰ ਵੱਲ ਭੱਜੀ ਜਾ ਰਹੀ ਹੈ... ਘਰਦਿਆਂ ਦੀ ਜਿੰਨੀ ਕੁ ਮਦਦ ਕਰ ਸਕੀ, ਕਰਦੀ ਰਹਾਂਗੀ, ਪਰ ਜੀਵਾਂਗੀ ਹੁਣ ਇੱਥੇ ਹੀ ਲੜਦਿਆਂ ਹੋਇਆਂ', ਉਹ ਸਤੰਭ ਬਣਿਆ ਉਸਦੀਆਂ ਗੱਲਾਂ ਸੁਣਦਾ ਰਿਹਾ। ਉਸਨੂੰ ਪ੍ਰੋਫੈਸਰ ਰਵਿੰਦਰ ਦੇ ਬੋਲ ਯਾਦ ਆਏ, 'ਇਸ ਅੰਦੋਲਨ ਦੇ ਅੰਤਮ ਨਤੀਜੇ ਜੋ ਵੀ ਨਿਕਲਣ, ਉਹਨਾਂ ਦਾ ਬਹੁਤਾ ਮਹੱਤਵ ਨਹੀਂ। ਮਹੱਤਵ ਇਸਦਾ ਹੈ ਕਿ ਸਮੇਂ ਦੀ ਹਿੱਕ 'ਤੇ ਨਵੀਂ ਇਬਾਰਤ ਲਿਖੀ ਜਾ ਰਹੀ ਹੈ! ਲੋਕਾਂ ਦੇ ਸੁਪਨਿਆਂ ਨੂੰ ਨਵੇਂ ਖੰਭ ਨਿਕਲ ਰਹੇ ਹਨ ਕਿ ਲੜਿਆ ਵੀ ਜਾ ਸਕਦਾ ਹੁੰਦਾ!' ਚਾਹ ਪੀ ਕੇ ਬਾਹਰ ਨਿਕਲੇ ਤਾਂ ਮਨਿੰਦਰ ਦੀਆਂ ਅੱਖਾਂ ਵਿਚਲੀ ਸੁਪਨਿਆਂ ਭਰੀ ਦ੍ਰਿੜਤਾ ਦੇਖ, ਉਸਨੂੰ ਮਹਿਸੂਸ ਹੋਇਆ, ਨਵੀਂ ਇਬਾਰਤ ਤਾਂ ਲਿਖੀ ਵੀ ਜਾ ਚੁੱਕੀ ਹੈ।"

ਇਸਨੂੰ ਮੁਕੰਮਲ ਕਰਦਿਆਂ ਮੈਨੂੰ ਇਹ ਅਹਿਸਾਸ ਸੀ ਕਿ ਇਸਦਾ ਅਗਲਾ ਭਾਗ ਲਿਖਣਾ ਹੈ, ਅੰਦੋਲਨ ਦੀ ਅਗਲੀ ਰੂਪ-ਰੇਖਾ ਉੱਪਰ। ਇਸ ਬਾਰੇ ਅਜੇ ਸੋਚ ਹੀ ਰਿਹਾ ਸੀ ਕਿ ਕੁਝ ਦਿਨਾਂ ਬਾਅਦ ਹੀ ਅੰਦੋਲਨ 'ਨਾਟਕੀ ਢੰਗ ਨਾਲ ਜੇਤੂ' ਹੋ ਨਿਕਲਿਆ। ਛੇਤੀ ਹੀ ਚੋਣ ਆ ਗਈ। ਚੋਣਾਂ

ਦੇ ਐਲਾਨ ਨੇ ਸੰਯੁਕਤ ਕਿਸਾਨ ਮੋਰਚੇ ਵਿਚਲੇ ਕਈ ਤਰ੍ਹਾਂ ਦੇ ਮਤਭੇਦਾਂ ਨੂੰ ਸਾਹਮਣੇ ਲੈ ਆਂਦਾ, ਪਰ ਹੇਠਲੇ ਪਿੰਡ ਪੱਧਰ 'ਤੇ ਨੌਜੁਆਨ 'ਚ ਨਵਾਂ ਹੌਂਸਲਾ ਭਰਿਆ ਰਿਹਾ। ਵੋਟਾਂ ਲਈ ਆਏ ਵੱਖ-ਵੱਖ ਪਾਰਟੀਆਂ ਦੇ ਆਗੂਆਂ ਨੂੰ ਸੱਥਾਂ 'ਚ ਤਿੱਖੇ ਸਵਾਲ ਕੀਤੇ ਜਾਂਦੇ। ਕਦੀ ਪਿੰਡਾਂ 'ਚ ਆਏ ਉਮੀਦਵਾਰਾਂ ਦੇ ਗਲ਼ਾਂ 'ਚ ਹਾਰ ਪਾਏ ਜਾਂਦੇ ਸਨ, ਲੋਕ ਇਕ ਦੂਸਰੇ ਤੋਂ ਮੂਹਰੇ ਹੋ ਕੇ ਉਹਨਾਂ ਨਾਲ ਫੋਟੋਆਂ ਖਿਚਵਾਉਂਦੇ; ਪਰ ਉਹਨਾਂ ਹੀ ਪਿੰਡਾਂ 'ਚ ਉਹਨਾਂ ਤੋਂ ਨੀਤੀਆਂ ਤੇ ਕੰਮਾਂ ਬਾਰੇ ਪੁੱਛਿਆ ਜਾ ਰਿਹਾ ਸੀ। ਆਗੂ ਕਟਹਿਰੇ 'ਚ ਖੜ੍ਹੇ ਦੋਸ਼ੀਆਂ ਵਾਂਗ ਬੇਵੱਸ ਨਜ਼ਰ ਆਉਂਦੇ! ਅੰਦੋਲਨ ਨੇ ਲੋਕਾਂ, ਖਾਸ ਕਰਕੇ ਨੌਜੁਆਨਾਂ ਦੇ ਹੌਂਸਲੇ ਨੂੰ ਇਹ ਨਵੀਂ ਕਰਵਟ ਦਿੱਤੀ। ਸਿਮਰ ਤੇ ਮਨੀ ਦੀ ਜ਼ਿੰਦਗੀ ਨੇ ਵੀ ਨਵੀਂ ਕਰਵਟ ਲਈ, ਨਵੀਂ ਤਰ੍ਹਾਂ ਜੀਊਣ ਦੀ ਕਰਵਟ। 'ਟਰਾਲੀ ਯੁੱਗ' (2022) ਇਸ ਨਵੀਂ ਕਰਵਟ ਦਾ ਬਿਰਤਾਂਤ ਹੈ। ਇਸਨੇ ਨੌਜੁਆਨਾਂ ਦੇ ਮਨਾਂ 'ਚ ਨਵੇਂ ਸੁਪਨਿਆਂ ਨੂੰ ਬੀਜਿਆ ਤੇ ਨਵੇਂ ਨਾਇਕ ਉਭਰੇ। ਇਹ ਤਿੰਨੇ ਨਾਵਲ ਹੁਣ ਇਕ ਵੱਡੇ ਨਾਵਲ 'ਪੀੜ੍ਹੀ ਦਰ ਪੀੜ੍ਹੀ' ਦੇ ਰੂਪ 'ਚ ਆ ਰਹੇ ਹਨ, ਕਿਸਾਨੀ ਦੀ ਤ੍ਰਾਸਦੀ ਤੇ ਰੋਹ ਦਾ ਬਿਰਤਾਂਤ ਬਣਕੇ।

ਮੇਰੇ ਸਾਰੇ ਨਾਵਲ ਇਕ ਦੂਸਰੇ ਨਾਲ ਪਿਲਚਵੇਂ ਰੂਪ 'ਚ ਜੁੜੇ ਹੋਏ ਹਨ, ਕਿਸੇ ਦੀਆਂ ਜੜ੍ਹਾਂ ਕਿਸੇ ਪਹਿਲਾਂ ਲਿਖੇ ਨਾਵਲ 'ਚ ਹੁੰਦੀਆਂ, ਉਹਨਾਂ ਦਾ ਪਾਸਾਰ ਬਾਅਦ 'ਚ ਕਿਸੇ ਹੋਰ ਨਾਵਲ 'ਚ ਫੈਲਦਾ। ਇਹ ਪਿਲਚਿਆਪਣ ਉਹਨਾਂ ਨੂੰ ਮੱਕੜੀ ਦੇ ਜਾਲ਼ੇ ਵਾਂਗ ਇਕ ਦੂਸਰੇ ਨਾਲ ਬੁਣੀ ਰੱਖਦਾ। ਲਗਪਗ 2000 ਸਫੇ, ਸੱਠ-ਪੈਂਹਠ ਮੁਖ ਪਾਤਰਾਂ ਦੇ ਨਾਲ ਢਾਈ ਕੁ ਸੌ ਹੋਰ ਸਹਾਇਕਾਂ ਰਾਹੀਂ, ਇਹ ਬਚਵਾਹੀ ਦੇ ਇਲਾਕੇ ਦਾ ਬਿਰਤਾਂਤ ਹੈ, ਬਦਲਦੇ ਭੂ-ਦ੍ਰਿਸ਼ ਤੇ ਜੀਵਨ ਜਾਚ ਦਾ ਬਿਰਤਾਂਤ ਜਾਂ ਪਿੰਡ ਦੀਆਂ ਅੰਦਰੂਨੀ ਜੜ੍ਹਾਂ ਤਕ ਪਹੁੰਚੀ ਪੂੰਜੀ ਨੂੰ ਚਿਤਰਣ ਦਾ ਸੁਚੇਤ ਯਤਨ।

'ਕੀ ਲੇਖਕ ਹੀ ਲਿਖਤ ਨੂੰ ਲਿਖਦਾ ਹੈ?' ਮੈਂ ਇਹ ਸਵਾਲ ਪਹਿਲਾਂ ਵੀ ਕਿਤੇ ਉਠਾਇਆ ਹੈ! 'ਕੀ ਲਿਖਤ ਲੇਖਕ ਨੂੰ ਨਹੀਂ ਸਿਰਜਦੀ!' ਜੋ ਕੁਝ ਉਹ ਕਾਗਜ਼ਾਂ 'ਤੇ ਪਾਤਰਾਂ ਰਾਹੀਂ ਉਤਾਰਦਾ; ਜਿਹੜੇ ਸੁਪਨੇ, ਫਿਕਰਾਂ 'ਚੋਂ ਉਸਦਾ ਬਿਰਤਾਂਤ ਲੰਘਦਾ, ਕੀ ਉਹ ਰਿਸ-ਰਿਸ ਕੇ ਉਸਦੀ ਸ਼ਖਸੀਅਤ ਨੂੰ ਨਹੀਂ ਘੜਦੇ ਰਹਿੰਦੇ? ਨਿਰਸੰਦੇਹ ਘੜਦੇ ਹਨ! ਜਿੰਨੀ ਸ਼ਿੱਦਤ ਕ੍ਰਿਤ ਦੀ ਸਿਰਜਣਾ ਵੇਲੇ ਉਸਦੇ ਸ਼ਬਦਾਂ 'ਚ ਹੁੰਦੀ ਹੈ, ਓਨੀ ਹੀ ਲੇਖਕ ਦੀ ਸ਼ਖਸੀਅਤ ਪਰਿਵਾਰ, ਭਾਈਚਾਰੇ ਤੇ ਸਮਾਜ 'ਚ ਅਣਫਿੱਟ ਹੁੰਦੀ ਜਾਂਦੀ ਹੈ। ਉਹ ਇਕੱਲਾ ਹੁੰਦਾ ਜਾਂਦਾ। ਆਪਣੇ ਸੁਪਨਿਆਂ, ਆਪਣੀ ਸਿਰਜਣਾਤਮਕ ਦੁਨੀਆਂ 'ਚ ਗੁਆਚਿਆ ਉਹ ਕਈ ਵਾਰ ਏਨਾ ਇਕਲਾਪੇ ਦਾ ਸ਼ਿਕਾਰ ਹੋ ਜਾਂਦਾ ਕਿ ਤਾਲਸਤਾਏ ਵਾਂਗ ਹਮਸਾਇਆਂ ਤੋਂ ਦੂਰ ਇਕ ਨਿੱਕੇ ਜਿਹੇ ਰੇਲਵੇ ਸਟੇਸ਼ਨ 'ਤੇ ਠੰਢ ਤੇ ਮਾਨਸਿਕ ਸੰਤਾਪ ਨਾਲ ਮਰਨਾ ਪੈਂਦਾ ਜਾਂ ਹੈਮਿੰਗਵੇਂ ਵਾਂਗ ਪ੍ਰਸਿੱਧੀ ਦੀ ਸਿਖ਼ਰ 'ਤੇ ਆਪਣੀ ਬੰਦੂਕ ਨਾਲ ਆਤਮ ਹੱਤਿਆ ਕਰਨੀ ਪੈਂਦੀ ਹੈ! ਇਸ ਸੰਵੇਦਨਾ ਦਾ ਇਕ ਹੋਰ ਪਾਸਾਰ ਸ਼ਿਵ ਬਟਾਲਵੀ ਹੈ, ਜਿੱਥੇ ਜਾਣਦਿਆਂ ਵੀ ਮੌਤ ਦੇ ਸਫ਼ਰ ਵੱਲ ਵਧਦੇ ਪੈਰ ਰੋਕੇ ਨਹੀਂ ਜਾ ਸਕਦੇ! ਕਦਮ-ਦਰ-ਕਦਮ ਨੇੜੇ ਖਿੱਚੀ ਜਾਂਦੀ ਮੌਤ!

ਸੱਚਾ ਸਿਰਜਣਾਤਮਕ ਅਮਲ ਅਸਲ ਵਿਚ ਇਕੱਲ ਤੇ ਇਕਲਾਪੇ ਦਾ ਸਫ਼ਰ ਵੀ ਹੈ! 000

***(95-ਸੀ, ਪੰਜਾਬ ਐਵੇਨਿਊ, ਸੁਭਾਨਾ, ਜਲੰਧਰ-144 022***
***ਫੋਨ: +91-95309-44345)***

## ਇਕ ਹੋਰ ਪੁਲ ਸਰਾਤ (ਨਾਵਲ) ਬਲਦੇਵ ਸਿੰਘ ਗਰੇਵਾਲ

ਗਲਪਕਾਰ ਬਲਦੇਵ ਸਿੰਘ ਗਰੇਵਾਲ ਦਾ ਹੱਥਲਾ ਨਾਵਲ 'ਇਕ ਹੋਰ ਪੁਲ ਸਰਾਤ' (ਚੇਤਨਾ ਪ੍ਰਕਾਸ਼ਨ ਲੁਧਿਆਣਾ, ਪੰਨੇ 166, ਮੁੱਲ 250 ਰੁਪਏ) ਗੈਰ ਕਾਨੂੰਨੀ ਢੰਗ ਨਾਲ ਪਰਵਾਸ ਕਰਨ ਵਾਲੇ ਨੌਜਵਾਨਾਂ ਦੀ ਹੋਣੀ ਨੂੰ ਬਿਆਨ ਕਰਦਾ ਹੈ। ਨਾਵਲ ਦੀ ਕਹਾਣੀ ਬੇਸ਼ੱਕ ਪੰਜਾਬ ਵਿਚ ਵੀਹਵੀਂ ਸਦੀ ਦੇ ਨੌਵੇਂ ਦਹਾਕੇ ਵਿਚ ਪੈਦਾ ਸੰਕਟ ਤੇ ਉਸ ਵਿਚੋਂ ਨਿਕਲਣ ਦੇ ਪ੍ਰਯਤਨਾਂ ਦੀ ਹੈ ਪਰ ਨਾਵਲੀ ਪ੍ਰਯੋਜਨ ਸਮਕਾਲ ਵਿਚ ਇਸਦੀ ਪ੍ਰਸੰਗਕਤਾ ਨੂੰ ਉਜਾਗਰ ਕਰਨ ਵੱਲ ਅਗਰਸਰ ਹੈ। ਨਾਵਲ ਦਾ ਪਾਠ ਕਰਨ ਉਪਰੰਤ ਮੇਰੇ ਮਨ ਵਿਚ ਇਸਦੀ ਸਮਕਾਲੀ ਪ੍ਰਸੰਗਕਤਾ ਬਾਰੇ ਅਜੇ ਇਹ ਵਿਚਾਰ ਚੱਲ ਹੀ ਰਿਹਾ ਸੀ ਕਿ ਸਮਕਾਲ ਵਿਚ ਜਦੋਂ ਆਈਲੈਟਸ ਤੇ ਹੋਰ ਕਾਨੂੰਨੀ ਢੰਗਾਂ ਨਾਲ ਵਿਦੇਸ਼ ਜਾਣ ਦੇ ਅਨੇਕਾਂ ਰਾਹ ਖੁੱਲ੍ਹੇ ਹੋਏ ਹਨ ਤਾਂ ਕੀ ਫਿਰ ਨੌਜਵਾਨ ਗ਼ੈਰ ਕਾਨੂੰਨੀ ਢੰਗਾਂ ਨਾਲ ਐਨਾ ਖਤਰਾ ਮੁੱਲ ਲੈ ਕੇ ਅਜੇ ਵੀ ਜਾਂਦੇ ਹੋਣਗੇ? ਦੂਜੇ ਦਿਨ ਮੇਰੀ ਕਲਾਸ ਵਿਚ ਇਕ ਵਿਦਿਆਰਥੀ ਨੂੰ ਜਦੋਂ ਮੈਂ ਲੇਟ ਦਾਖਲਾ ਲੈਣ ਦਾ ਕਾਰਨ ਪੁੱਛਿਆ ਤਾਂ ਉਸਨੇ ਦੱਸਿਆ ਕਿ, "ਸਰ! ਮੈਂ ਡੌਂਕੀ ਲਾ ਕੇ ਆਇਆ ਹਾਂ।" ਉਸਨੇ ਪਨਾਮਾ ਦੇ ਜੰਗਲਾਂ ਤੇ ਹੋਰ ਥਾਵਾਂ ਦਾ ਜ਼ਿਕਰ ਕੀਤਾ ਤਾਂ ਮੇਰੇ ਮਨ ਵਿਚ ਨਾਵਲੀ ਵਿਸ਼ੇ ਦੀ ਅੱਜੋਕੀ ਸਾਰਥਿਕਤਾ ਦਾ ਪੈਦਾ ਹੋਇਆ ਸਵਾਲ ਹੱਲ ਹੋ ਗਿਆ। ਇਸ ਹਿਸਾਬ ਨਾਲ ਇਸ ਵਿਸ਼ੇ ਦੀ ਸਾਰਥਿਕਤਾ ਹੋਰ ਵੀ ਵਧ ਜਾਂਦੀ ਹੈ।

ਨਾਵਲ ਦੀ ਕਹਾਣੀ ਇਸਦੇ ਕੇਂਦਰੀ ਪਾਤਰ ਸੁਖਜੀਤ ਦੀ ਕਹਾਣੀ ਹੈ ਜਿਹੜਾ ਆਪਣੀ ਜਮਾਤੀ ਅੰਮ੍ਰਿਤ ਦੇ ਪੁਲਸੀਏ ਬਾਪ ਤੋਂ ਡਰਦਾ ਉਸ ਸਮੇਂ ਪੰਜਾਬ ਛੱਡਣ ਦਾ ਫੈਸਲਾ ਕਰਦਾ ਹੈ ਜਦੋਂ ਪੰਜਾਬ ਵਿਚ ਪੁਲਿਸ ਵੱਲੋਂ ਬੇਕਸੂਰ ਨੌਜਵਾਨਾਂ ਨੂੰ ਝੂਠੇ ਮੁਕਾਬਲੇ ਬਣਾ ਕੇ ਮਾਰਿਆ ਜਾ ਰਿਹਾ ਸੀ। ਉਹ ਗ਼ੈਰ ਕਾਨੂੰਨੀ ਢੰਗ ਨਾਲ ਮਹੀਨਿਆਂ ਬੱਧੀ ਸਫਰ ਤੇ ਭਟਕਣਾ ਬਾਅਦ ਅਮਰੀਕਾ ਪਹੁੰਚਦਾ ਹੈ। ਇਹ ਸਫਰ ਸਿਰਫ ਪੰਜਾਬ ਦੇ ਨੌਜਵਾਨ ਹੀ ਨਹੀਂ ਸਗੋਂ ਹੋਰਨਾਂ ਦੇਸ਼ਾਂ ਦੇ ਮੁੰਡੇ ਕੁੜੀਆਂ ਵੀ ਕਰਦੇ ਹਨ। ਪੰਜਾਬ ਤੋਂ ਸੁਖਜੀਤ, ਕਰਨੈਲ, ਜਿੰਦਰ, ਹਰਪਾਲਜੀਤ; ਕੰਬੋਡੀਆ ਦੇ ਭੈਣ ਭਰਾ ਅੰਤੋਨੀਆ ਤੇ ਐਂਡਰਸ, ਪਾਕਿਸਤਾਨ ਤੋਂ ਮੁਸ਼ਤਾਕ ਤੇ ਕੁਝ ਗੁਜਰਾਤੀ ਮੁੰਡੇ, ਆਦਿ। ਸਭਨਾਂ ਦੀਆਂ ਆਪੋ ਆਪਣੀਆਂ ਮਜਬੂਰੀ ਭਰੀਆਂ ਦਰਦ ਕਹਾਣੀਆਂ ਹਨ। ਨਾਵਲ ਦਾ ਬਿਰਤਾਂਤਕ ਸੰਗਠਨ ਇਸ ਸਫਰ ਦੌਰਾਨ ਪੈਦਾ ਹੋਣ ਵਾਲੀਆਂ ਮੁਸ਼ਕਲਾਂ 'ਤੇ ਉੱਸਰਿਆ ਹੋਇਆ ਹੈ।

ਇਸ ਬਿਰਤਾਂਤ ਦੇ ਹੋਰ ਵੀ ਅਨੇਕਾਂ ਉਪ ਪਾਸਾਰ ਹਨ। ਮੁਸ਼ਤਾਕ ਆਪਣਾ ਵਤਨ ਛੱਡਣ ਦਾ ਕਾਰਨ ਦੱਸਦਾ ਹੈ: "ਜਿਹੜਾ ਦੇਸ ਆਪਣੀ ਰਿਆਇਆ ਨੂੰ ਬੁਨਿਆਦੀ ਜ਼ਰੂਰੀਆਤ ਮੁਹੱਈਆ ਨਾ ਕਰਾ ਸਕੇ, ਉਸ ਨੂੰ ਵਤਨ ਕਹਿਣਾ ਹੀ ਕਿਉਂ? ਤੇ ਉਸਨੂੰ ਛੱਡਣ ਦਾ ਅਫਸੋਸ ਹੀ ਕਿਉਂ?" ਮੁਸ਼ਤਾਕ ਦੇ ਇਹਨਾਂ ਸ਼ਬਦਾਂ ਵਿਚ ਵੱਡੇ ਸਿਆਸੀ ਸੰਕਟ ਦਾ ਸੱਚ ਲੁਕਿਆ ਹੋਇਆ ਹੈ। ਇਸੇ ਤਰ੍ਹਾਂ ਕੰਬੋਡੀਆ ਵਿਚ ਡਰੱਗ ਮਾਫੀਆ ਸੱਤਾ ਦੇ ਕੰਟਰੋਲ ਤੋਂ ਬਾਹਰ ਹੋਣ ਕਾਰਨ ਉੱਥੇ ਬੇਕਸੂਰਾਂ ਨੂੰ ਮਾਰਿਆ ਜਾ ਰਿਹਾ ਹੈ। ਅੰਤੋਨੀਆ ਤੇ ਉਸਦਾ ਭਰਾ ਇਸੇ ਕਾਰਨ ਦੇਸ਼ ਛੱਡਦੇ ਹਨ। ਗੁਜਰਾਤ ਵਿਚ ਉੱਥੋਂ ਦੇ ਅਮੀਰ ਘਰਾਣੇ ਗ਼ਰੀਬਾਂ ਨੂੰ ਬੰਦਾ ਨਹੀਂ ਸਮਝਦੇ। ਨਾਵਲ ਵਿਚ ਅਜਿਹੇ ਸੰਕਟਾਂ ਵੱਲ ਇਸ਼ਾਰਾ ਕੀਤਾ ਗਿਆ ਹੈ।

ਬੇਸ਼ੱਕ ਨਾਵਲਕਾਰ ਨੇ ਨਾਵਲ ਦੇ ਮੁੱਢ ਵਿਚ ਇਸ ਨਾਵਲ ਨੂੰ ਲਿਖਣ ਦੇ ਉਦੇਸ਼ ਵਿਚ ਇਹ ਦੱਸਿਆ ਹੈ ਕਿ ਉਹ ਪੰਜਾਬ ਤੋਂ ਆਉਣ ਵਾਲੇ ਨੌਜਵਾਨਾਂ ਅੱਗੇ ਵਿਦੇਸ਼ ਵਿਚ ਆਉਣ ਵਾਲੀਆਂ

ਔਕੜਾਂ ਦੀ ਸਹੀ ਤਸਵੀਰ ਪੇਸ਼ ਕਰ ਕੇ ਉਹਨਾਂ ਨੂੰ ਆਪਣੇ ਹੀ ਦੇਸ਼ ਵਿਚ ਰਹਿਣ ਲਈ ਪ੍ਰੇਰਤ ਕਰਨਾ ਹੈ। ਪਰੰਤੂ ਇਸ ਲਈ ਉਹ ਨਾਵਲ ਵਿਚ ਪੰਜਾਬ ਦੇ ਨੌਜਵਾਨਾਂ ਅੱਗੇ ਆਪਣਾ ਦੇਸ਼ ਨਾ ਛੱਡਣ ਦਾ ਕੋਈ ਠੋਸ ਮਾਡਲ ਨਹੀਂ ਉਸਾਰ ਸਕਿਆ। ਜਿਹੜੀਆਂ ਮੁਸ਼ਕਲਾਂ ਕਾਰਨ ਉਹ ਆਪਣਾ ਦੇਸ਼ ਛੱਡਦੇ ਹਨ, ਉਹਨਾਂ ਦੇ ਸਾਹਮਣੇ ਉਹਨਾਂ ਨੂੰ ਪਰਵਾਸ ਦੀਆਂ ਸਮੱਸਿਆਵਾਂ ਕੁਝ ਵੀ ਨਹੀਂ ਜਾਪਦੀਆਂ। ਪਰਵਾਸ ਦੀਆਂ ਸਮੱਸਿਆਵਾਂ ਨੂੰ ਦੱਸਣ ਦੇ ਨਾਲ-ਨਾਲ ਆਪਣੇ ਦੇਸ਼ ਵਿਚ ਰਹਿੰਦੇ ਹੋਏ ਉਪਜੀਵਕਾ ਕਮਾਉਣ ਦੇ ਬਾਰੇ ਬਿਰਤਾਂਤ ਖੜ੍ਹਾ ਕਰਨ ਦੀ ਵੀ ਲੋੜ ਹੈ। ਪਲਾਇਨ ਕਰ ਰਹੀ ਪੰਜਾਬ ਦੀ ਜਵਾਨੀ ਲਈ ਜ਼ੁੰਮੇਵਾਰ ਦੋਸ਼ੀ ਧਿਰਾਂ ਨੂੰ ਨਿੰਦਣ-ਭੰਡਣ ਤੇ ਉਹਨਾਂ ਵਿਰੁੱਧ ਲੋਕ ਚੇਤਨਾ ਉਭਾਰਨ ਦੀ ਵੱਡੀ ਲੋੜ ਹੈ।

ਨਾਵਲ ਦਾ ਮੁੱਖ ਬਿਰਤਾਂਤ ਸੁਖਜੀਤ ਤੇ ਬਾਕੀ ਨੌਜਵਾਨਾਂ ਦੇ ਅਮਰੀਕਾ ਪਹੁੰਚਣ ਨਾਲ ਸੰਬੰਧਤ ਹੈ। ਅਮਰੀਕਾ ਪਹੁੰਚਣ ਉਪਰੰਤ ਉਹਨਾਂ ਲਈ ਨਸਲੀ ਵਿਤਕਰਾ ਤੇ ਹੋਰ ਸੰਕਟ ਦਰਪੇਸ਼ ਹਨ। ਪਰ ਜਿਹੜਾ ਕਸ਼ਟ ਉਹ ਰਸਤੇ ਵਿਚ ਝੱਲ ਕੇ ਆਏ ਹਨ, ਉਸ ਅੱਗੇ ਹੋਰ ਸਭ ਸਮੱਸਿਆਵਾਂ ਬਹੁਤ ਛੋਟੀਆਂ ਹਨ। ਇਸ ਤਰ੍ਹਾਂ ਨਾਵਲਕਾਰ ਇਸ ਬਿਰਤਾਂਤ ਰਾਹੀਂ ਗ਼ੈਰ ਕਾਨੂੰਨੀ ਪਰਵਾਸ ਪ੍ਰਤੀ ਅਸਹਿਮਤੀ ਪ੍ਰਗਟਾਉਂਦਾ ਹੈ।

ਮੁੱਖ ਨਾਵਲੀ ਪਾਠ ਤੋਂ ਇਲਾਵਾ ਇਸ ਵਿਚ ਰਿਸ਼ਤਿਆਂ ਵਿਚ ਪਿਆਰ ਤੇ ਬੇਗਾਨਗੀ, ਕੌਮੀਅਤ ਤੇ ਮਨੁੱਖੀ ਸਾਂਝ ਦੇ ਅਨੇਕਾਂ ਵੇਰਵੇ ਪੇਸ਼ ਹੋਏ ਹਨ। ਜਿੱਥੇ ਨਵਨੀਤ ਵਰਗੇ ਸਵਾਰਥੀ ਦੋਸਤਾਂ ਦੀ ਕਹਾਣੀ ਉਦਾਸ ਕਰਦੀ ਹੈ ਉੱਥੇ ਸੁਖਜੀਤ ਦੇ ਅੰਤੋਨੀਆ ਤੇ ਜਿੰਦਰ ਨਾਲ ਰਿਸ਼ਤੇ ਵਿਚੋਂ ਆਸ਼ਾਵਾਦੀ ਊਰਜਾ ਮਿਲਦੀ ਹੈ। ਅੰਤੋਨੀਆ ਨਾਲ ਸੁਖਜੀਤ ਦਾ ਰਿਸ਼ਤਾ ਹਰ ਤਰ੍ਹਾਂ ਦੀਆਂ ਸੌੜੀਆਂ ਵਲਗਣਾਂ ਤੋਂ ਪਾਰ ਹੈ। ਉਹਨਾਂ ਦੇ ਰਿਸ਼ਤੇ ਤੋਂ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਪਿਆਰ ਤੇ ਜਜ਼ਬਾਤ ਦੀ ਕੋਈ ਭਾਸ਼ਾ ਨਹੀਂ ਹੁੰਦੀ, ਕੋਈ ਜਾਤ ਨਹੀਂ ਹੁੰਦੀ। ਇਸ ਤਰ੍ਹਾਂ ਉੱਸਰੇ ਰਿਸ਼ਤੇ ਖ਼ੂਨ ਦੇ ਰਿਸ਼ਤਿਆਂ ਤੋਂ ਵਧੇਰੇ ਮਜ਼ਬੂਤ ਹੁੰਦੇ ਹਨ।

ਨਾਵਲ ਦਾ ਬਿਰਤਾਂਤਕ ਸੰਗਠਨ ਰੌਚਕਤਾ ਭਰਪੂਰ ਹੈ। ਕਹਾਣੀ ਵਿਚ ਕਤੂਹਲ ਅੰਸ਼ਾਂ ਦੀ ਭਰਮਾਰ ਹੈ। ਨਾਵਲਕਾਰ ਨੇ ਸੁਖਜੀਤ ਤੇ ਅੰਮ੍ਰਿਤਾ ਦੀ ਪਿਆਰ ਕਹਾਣੀ ਵਿਚ ਰਹੱਸ ਨੂੰ ਕਾਇਮ ਰੱਖਿਆ ਹੈ। ਪਾਠਕ ਇਹ ਜਾਣਨ ਲਈ ਹਮੇਸ਼ਾ ਉਤਸੁਕ ਰਹਿੰਦਾ ਹੈ ਕਿ ਅੰਮ੍ਰਿਤਾ ਨੇ ਸੁਖਜੀਤ ਬਾਰੇ ਆਪਣੇ ਪੁਲਸੀਏ ਬਾਪ ਨੂੰ ਅਜਿਹਾ ਕੀ ਕਿਹਾ ਜਿਸ ਨਾਲ ਉਹ ਅੰਮ੍ਰਿਤਾ ਤੇ ਆਪਣਾ ਘਰ-ਬਾਰ ਛੱਡ ਕੇ ਅਮਰੀਕਾ ਜਾਣ ਦਾ ਫੈਸਲਾ ਕਰਦਾ ਹੈ? ਪਾਠਕ ਨੂੰ ਅੰਮ੍ਰਿਤਾ ਹੀ ਦੋਸ਼ੀ ਜਾਪਦੀ ਹੈ। ਇਸ ਰਹੱਸ ਨੂੰ ਨਾਵਲਕਾਰ ਨੇ ਅੰਤਲੇ ਕਾਂਡ ਵਿਚ ਖੋਲ੍ਹਿਆ ਹੈ ਜਿੱਥੇ ਅੰਮ੍ਰਿਤਾ ਦੀ ਥਾਂ ਨਵਨੀਤ ਦੋਸ਼ੀ ਵਜੋਂ ਨੰਗਾ ਹੁੰਦਾ ਹੈ। ਬਿਰਤਾਂਤਕ ਸਫਰ ਦੇ ਵੇਰਵਿਆਂ ਦੀ ਪੇਸ਼ਕਾਰੀ ਤੋਂ ਇਸ ਤਰ੍ਹਾਂ ਜਾਪਦਾ ਹੈ ਜਿਵੇਂ ਨਾਵਲਕਾਰ ਨੇ ਆਪ ਇਹਨਾਂ ਨੌਜਵਾਨਾਂ ਨਾਲ ਸਫਰ ਕਰਕੇ ਅਨੁਭਵ ਹਾਸਲ ਕੀਤਾ ਹੈ। ਨਾਵਲ ਦਾ ਸਿਰਲੇਖ ਇਸਦੇ ਵਿਸ਼ੇ ਦੀ ਭਿਆਨਕ ਸਥਿਤੀ ਨੂੰ ਰੂਪਮਾਨ ਕਰਦਾ ਹੈ। ਗ਼ੈਰ ਕਾਨੂੰਨੀ ਢੰਗ ਨਾਲ ਪਰਵਾਸ ਧਾਰਨ ਕਰਨਾ ਇਕ ਅਜਿਹੇ ਪੁਲ ਸਰਾਤ ਵਾਂਗ ਹੈ ਜਿਹੜਾ ਤਲਵਾਰ ਦੀ ਧਾਰ ਤੋਂ ਵੀ ਤਿੱਖਾ ਹੈ ਤੇ ਵਾਲ਼ ਤੋਂ ਵੀ ਬਾਰੀਕ ਹੈ। ਇਸ 'ਤੇ ਤੁਰਦਿਆਂ ਹਮੇਸ਼ਾ ਮੌਤ ਦਾ ਡਰ ਬਣਿਆ ਰਹਿੰਦਾ ਹੈ। ਨਾਵਲ ਵਿਚ ਬਹੁਤੀ ਵਾਰ ਇਸ ਡਰ ਦਾ ਸਾਹਮਣਾ ਹੁੰਦਾ ਹੈ। ਇਸ ਤਰ੍ਹਾਂ ਇਹ ਨਾਵਲ ਬੇਸ਼ੱਕ ਪੰਜਾਬ ਸੰਕਟ ਦੇ ਦੌਰ ਸਮੇਂ ਪਰਵਾਸ ਧਾਰਨ ਕਰਨ ਦੀ ਕਹਾਣੀ ਕਹਿੰਦਾ ਹੈ ਪਰ ਸਮਕਾਲੀ ਦੌਰ ਵਿਚ ਵੀ ਇਸਦੀ ਸਾਰਥਿਕਤਾ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ।

ਪਹਿਲਾਂ ਪਹਿਲ ਕਿਸੇ ਵੱਡੀ ਆਰਥਿਕ ਮਜਬੂਰੀ ਕਾਰਨ ਪਰਵਾਸ ਕੀਤਾ ਜਾਂਦਾ ਸੀ ਪਰ ਸਮਕਾਲ ਵਿਚ ਪਰਵਾਸ ਧਾਰਨ ਕਰਨ ਦਾ ਰੁਝਾਨ ਫੈਸ਼ਨ ਦਾ ਰੂਪ ਧਾਰ ਗਿਆ ਹੈ। ਇਸ ਰੁਝਾਨ ਨਾਲ ਪੰਜਾਬ ਤੋਂ ਲੁੱਟ ਦੇ ਰੂਪ ਵਿਚ ਵੱਡੀ ਧਨ ਰਾਸ਼ੀ ਬਾਹਰ ਜਾ ਰਹੀ ਹੈ। ਇਸ ਰੁਝਾਨ ਨੂੰ ਠੱਲ੍ਹ ਪਾਉਣ ਲਈ ਅਜਿਹੇ ਨਾਵਲਾਂ ਦੀ ਲੋੜ ਹੈ।

**-(ਡਾ.) ਹਰਿੰਦਰ ਸਿੰਘ**

## ਮੂਰਤਾਂ ਰੰਗ ਬਰੰਗੀਆਂ (ਸ਼ਬਦ ਚਿੱਤਰ) ਅਵਤਾਰ ਸਿੰਘ ਬਿਲਿੰਗ

ਅਵਤਾਰ ਸਿੰਘ ਬਿਲਿੰਗ ਸਾਹਿਤਕ ਖੇਤਰ ਵਿਚ ਵੱਡਾ ਹਸਤਾਖਰ ਹੈ, ਜੋ ਕਿਸੇ ਤਰ੍ਹਾਂ ਦੀ ਰਸਮੀ ਜਾਣ-ਪਛਾਣ ਦਾ ਮੁਥਾਜ ਨਹੀਂ। ਅੱਠ ਨਾਵਲ ਅਤੇ ਕਈ ਕਹਾਣੀ ਸੰਗ੍ਰਹਿ ਪਾਠਕਾਂ ਦੀ ਝੋਲੀ ਪਾਉਣ ਵਾਲਾ ਇਹ ਸਿਰਜਕ ਅਵੱਸ਼ ਪੰਜਾਬੀ ਦਾ ਸ੍ਰੇਸ਼ਟ ਗਲਪਕਾਰ ਹੈ। ਐਪਰ, ਉਸ ਨੇ ਗਲਪ ਦੇ ਨਾਲ-ਨਾਲ ਵਾਰਤਕ ਵਿਚ ਵੀ ਆਪਣੀ ਕਲਮ ਚਲਾਈ ਹੈ। 'ਸਿਦਕੀ ਪਰਵਾਨੇ: ਕਵੀਸ਼ਰੀ ਜਰਨੈਲ ਸਿੰਘ ਨਿਰਾਲਾ' ਨਾਂ ਦੀ ਪੁਸਤਕ ਉਸਨੇ 1993 ਵਿਚ ਸੰਪਾਦਤ ਕੀਤੀ ਸੀ। ਪੰਜਾਬ ਦੇ ਪਿੰਡ ਦੀ ਸਮਾਜਕ-ਸਭਿਆਚਾਰਕ ਤਸਵੀਰ ਉਭਾਰਦੀ ਆਪਣੀ ਵਾਰਤਕ ਪੁਸਤਕ 'ਮੇਰਾ ਪਿੰਡ ਮੇਰੇ ਲੋਕ' ਉਸ ਨੇ 2022 ਵਿਚ ਛਪਵਾਈ ਸੀ, ਜਿਸ ਬਾਰੇ ਸਾਹਿਤਕ ਹਲਕਿਆਂ ਵਿਚ ਖਾਸੀ ਚਰਚਾ ਛਿੜੀ ਸੀ। ਹੁਣ ਉਹ ਆਪਣੇ ਪਿੰਡ ਦੀਆਂ ਹੁਨਰਮੰਦ ਸ਼ਖ਼ਸੀਅਤਾਂ ਬਾਰੇ ਸਵੈ-ਜੀਵਨੀ ਆਧਾਰਤ ਸ਼ਬਦ ਚਿੱਤਰਾਂ ਦੀ ਪੁਸਤਕ 'ਮੂਰਤਾਂ ਰੰਗ ਬਰੰਗੀਆਂ' (ਪੰਨੇ 152, ਮੁੱਲ 295 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ) ਲੈ ਕੇ ਪਾਠਕਾਂ ਦੀ ਕਚਹਿਰੀ ਵਿਚ ਹਾਜ਼ਰ ਹੋਇਆ ਹੈ।

ਪੁਸਤਕ ਵਿਚਲੇ ਕੁੱਲ 23 ਸ਼ਬਦ ਚਿੱਤਰਾਂ ਰਾਹੀਂ ਲੇਖਕ ਆਪਣੇ ਪਿੰਡ ਦੇ ਲੋਕਾਂ ਦੀ ਜੀਵਨ ਰਹਿਤਲ, ਸੁਹਜ-ਸੁਆਦ, ਵਿਹਾਰ, ਰਸਮਾਂ, ਸੰਸਕ੍ਰਿਤੀ, ਰੁਚੀਆਂ ਤੇ ਜ਼ਿੰਦਗੀ ਦੇ ਧਰਮ ਸ਼ਾਸਤਰ ਬਾਰੇ ਤੱਥਾਂ ਨੂੰ ਪੇਸ਼ ਕਰਦਾ ਹੈ। ਵੱਖ-ਵੱਖ ਕਿੱਤਿਆਂ ਨੂੰ ਸਮਰਪਤ, ਬਹੁਤ ਸਹਿਜ ਨਾਲ /ਆਪਣੀ ਜ਼ਿੰਦਗੀ ਬਤੀਤ ਕਰਨ ਵਾਲੇ ਇਖ਼ਲਾਕ ਦੇ ਸੁੱਚੇ ਇਹਨਾਂ ਕਿਰਦਾਰਾਂ ਦੀ ਕਹਾਣੀ ਤੋਰਦਾ ਹੋਇਆ ਲੇਖਕ ਆਪਣੇ ਸਕੇ ਸੰਬੰਧੀਆਂ- ਪਿਤਾ, ਪਤਨੀ, ਚਾਚੇ-ਤਾਇਆਂ ਦੇ ਚਰਿੱਤਰ ਵੀ ਉਭਾਰਦਾ ਹੈ। ਦਰਅਸਲ ਸ਼ਬਦ ਚਿੱਤਰਾਂ ਵਿਚ ਵਿਅਕਤੀ ਵਿਸ਼ੇਸ਼ ਦੇ ਜੀਵਨ, ਸਦਾਚਾਰ, ਲੋਕਾਚਾਰ ਦੀ ਬਾਤ ਪਾਉਣ ਦੇ ਨਾਲ, ਉਹਨਾਂ ਰਾਹੀਂ ਲੇਖਕ ਨੇ ਆਪਣੇ ਜੀਵਨ ਦੇ ਸੰਘਰਸ਼, ਆਦਰਸ਼ ਤੇ ਕਿਰਦਾਰ ਨੂੰ ਤਰਾਸ਼ਣ ਵਾਲੀਆਂ ਸਥਿਤੀਆਂ-ਪਰਿਸਥਿਤੀਆਂ ਦੀ ਸੂਹ ਵੀ ਦਿੱਤੀ ਹੈ।

ਪੁਸਤਕ ਦਾ ਪਹਿਲਾ ਸ਼ਬਦ ਚਿੱਤਰ 'ਬਾਪੂ' ਸਿਰਲੇਖ ਹੇਠ ਦਰਜ ਹੈ ਜਿਸ ਵਿਚ ਲੇਖਕ ਆਪਣੇ ਪਿਤਾ ਦੇ ਕਿਰਦਾਰ ਨੂੰ ਪੇਸ਼ ਕਰਦਾ ਹੈ। ਇਸ ਵਿਚ ਉਹ ਆਪਣੇ ਬਾਪ ਦੇ ਜੀਵਨ ਸੰਘਰਸ਼, ਮੁਸ਼ਕਿਲਾਂ, ਸ਼ੌਂਕ, ਹਾਸੇ, ਸੁਭਾਅ ਆਦਿ ਬਾਰੇ ਬੜੀ ਸਹਿਜ ਤੋਰ ਬਿਆਨ ਕਰਦਾ ਜਾਂਦਾ ਹੈ ਤੇ ਨਾਲ ਹੀ ਲੋਕ ਸਿਆਣਪਾਂ ਵਰਗੇ ਟੋਟਕੇ ਵੀ ਸੁਣਾਉਂਦਾ ਜਾਂਦਾ ਹੈ ਜਿਸ ਨਾਲ ਪਾਠਕ ਦੀ ਲਿਖਤ ਵਿਚ ਦਿਲਚਸਪੀ ਬਣੀ ਰਹਿੰਦੀ ਹੈ ਅਤੇ ਲਿਖਤ ਨਿੱਜ ਦੇ ਘੇਰੇ ਤੋਂ ਪਾਰ ਜਾ ਗਿਆਨ ਵਰਧਕ ਹੋ ਨਿਬੜਦੀ ਹੈ। ਉਹ ਬਾਪੂ ਦੇ ਗੁਣਾਂ ਨੂੰ ਬਿਆਨ ਕਰਨ ਵੇਲੇ ਕਵੀ ਜਾਪਦਾ ਹੈ: "ਬਾਪੂ ਇਕ ਉੱਦਮੀ ਮਨੁੱਖ, ਬਹੁਤ ਮਿਹਨਤੀ ਕਿਸਾਨ ਅਤੇ ਬੜਾ ਮਿਲਾਪੜਾ ਇਨਸਾਨ ਸੀ। ਮਿੱਠ ਬੋਲੜਾ। ਹਰ ਕਿਸੇ ਨੂੰ ਉੱਡ ਕੇ ਮਿਲਦਾ।...ਅਣਪੜ੍ਹ, ਪੜ੍ਹੇ-ਲਿਖੇ ਹਰੇਕ ਤੋਂ ਕੁਝ ਸਿੱਖਣਾ ਚਾਹੁੰਦਾ, ਅੰਤਾਂ ਦਾ ਗੰਭੀਰ ਸਰੋਤਾ। ਨਿੱਜੀ ਅਕੀਦੇ ਜਾਂ ਵਿਸ਼ਵਾਸ ਪੱਖੋਂ ਵਿਰੋਧੀ ਵਿਚਾਰਾਂ ਨੂੰ ਵੀ ਮਾਣਤਾ ਦੇਣ ਵਾਲਾ।" ਇੰਝ ਕਿਸੇ ਮਨੁੱਖ ਦਾ ਸ਼ਬਦ ਚਿੱਤਰ ਉਲੀਕਦਾ ਹੋਇਆ ਲੇਖਕ ਸਮਾਜਕ ਤੇ ਨੈਤਿਕ ਵਿਧਾਨ ਦੀ ਵੀ ਪ੍ਰੋੜਤਾ ਕਰਦਾ ਜਾਂਦਾ ਹੈ। ਪੁਸਤਕ ਵਿਚਲਾ ਦੂਜਾ ਸ਼ਬਦ ਚਿੱਤਰ 'ਕਲੀਆਂ ਸੁਣਨ ਦਾ ਸ਼ੌਂਕੀ: ਮੇਰਾ ਦਾਦਾ' , ਵਿਚ ਆਪਣੇ ਪਰਿਵਾਰਕ ਪਿਛੋਕੜ ਦੇ ਨਾਲ-ਨਾਲ ਆਪਣੇ ਦਾਦੇ ਦੇ ਅਮਲਾਂ, ਬਦੀਆਂ ਤੇ ਨੇਕੀਆਂ ਬਾਰੇ ਲੇਖਕ ਬਾਰੀਕਬੀਨੀ ਨਾਲ ਦੱਸ ਪਾਉਂਦਾ ਜਾਂਦਾ ਹੈ। ਅਸਲ ਵਿਚ ਉਹ ਆਪਣੇ ਬਾਪੂ ਜਾਂ ਦਾਦੇ ਦੇ ਨਿੱਜ ਬਾਰੇ ਨਹੀਂ ਬਲਕਿ ਉਹਨਾਂ ਦੇ ਨਿੱਜ ਰਾਹੀਂ ਪੰਜਾਬੀ ਸਮਾਜ ਵਿਚ ਨਿਮਨ ਕਿਸਾਨੀ ਦੇ ਮਨੋਵਿਗਿਆਨ ਤੇ ਉਹਨਾਂ ਦੇ ਮੁਸ਼ੱਕਤੀ ਜੀਵਨ ਵੇਰਵਿਆਂ ਨੂੰ ਪਾਠਕਾਂ ਸਾਹਮਣੇ ਲਿਆਉਂਦਾ ਹੈ।

'ਜੁੰਮਾ ਜੁੱਤੀਆਂ ਵਾਲਾ' ਵਿਚ ਜੁੰਮੇ ਚਮਿਆਰ ਦੇ ਜੀਵਨ, ਉਸਦੀਆਂ ਇੱਛਾਵਾਂ, ਅਕਾਂਖਿਆਵਾਂ,

ਮਿਹਨਤੀ ਸੁਭਾਅ ਤੇ ਮਿੱਟੀ ਨਾਲ ਮੋਹ ਨੂੰ ਪੇਸ਼ ਕੀਤਾ ਗਿਆ ਹੈ। ਉਸਨੇ ਆਪਣੀ ਮਿਹਨਤ ਸਦਕਾ ਦੋਵੇਂ ਭਤੀਜਿਆਂ ਨੂੰ ਵਿਆਹਿਆ ਤੇ ਉਹਨਾਂ ਨੂੰ ਪੈਰਾਂ ਸਿਰ ਖੜ੍ਹਾ ਕੀਤਾ। ਭਾਵੇਂ ਉਸਦਾ ਭਤੀਜਾ ਜੁੰਮੇ ਨੂੰ ਖੰਨੇ ਸ਼ਹਿਰ ਲੈ ਜਾਂਦਾ ਹੈ ਪਰ ਉਸ ਅੰਦਰੋਂ ਪਿੰਡ ਨਹੀਂ ਨਿਕਲਦਾ। ਉਹ ਆਪਣੀ ਮਿੱਟੀ ਨਾਲੋਂ ਟੁੱਟਿਆ ਭਤੀਜੇ ਵੱਲੋਂ ਕੀਤੀ ਸੇਵਾ ਦੇ ਬਾਵਜੂਦ ਮੁਰਝਾਇਆ ਰਹਿੰਦਾ ਹੈ। ਰਾਖਵਾਂਕਰਣ ਦੇ ਅਧਾਰ ’ਤੇ ਮਿਲੇ ਰੁਜ਼ਗਾਰ ਦੇ ਬਾਵਜੂਦ ਉਸਦਾ ਭਤੀਜਾ ਜਾਤ ਦੀ ਹੀਣ ਭਾਵਨਾ ਤੋਂ ਮੁਕਤ ਨਹੀਂ ਹੋ ਸਕਿਆ। ਪਰ ਅਨਪੜ੍ਹ ਜੁੰਮਾ ਆਪਣੇ ਕਿੱਤੇ, ਜਾਤ ਤੇ ਹੁਨਰ ਪ੍ਰਤੀ ਸਵੈਮਾਣ ਨਾਲ ਲਬਰੇਜ਼ ਹੈ। ਉਸ ਦਾ ਆਪਣੀ ਜੰਮਣ ਮਿੱਟੀ ਨਾਲ ਮੋਹ ਅਟੁੱਟ ਹੈ: “ਸੰਗੀ ਸਾਥੀ ਕੋਈ ਨਹੀਂ, ਸ਼ੇਰਾ। ਏਥੋਂ ਪਿੰਡ ਨ੍ਹੀਂ ਦੀਂਹਦਾ। ਪਿੰਡ ਆਲਾ ਰੌਣਕ ਮੇਲਾ।... ਓ ਸਾਊਆ, ਮੇਰਾ ਤਾਂ ਸਾਰਾ ਕੁਛ ਮੇਰੀ ਜੰਮਣ ਭੋਇੰ ’ਚ ਈ ਹੈਗਾ।... ਮੈਂ ਪਿੰਡ ਦਾ ‘ਜੁੰਮਾ ਚਮਾਰ’ ਈ ਚੰਗੈਂ।”

‘ਬਾਗ਼ ਵਾਲਾ ਜਥੇਦਾਰ’ ਸ਼ਬਦ ਚਿੱਤਰ ਕਾਕਾ ਸਿੰਘ ਬਾਰੇ ਹੈ ਜੋ ਹਮੇਸ਼ਾ ਚੜ੍ਹਦੀ ਕਲਾ ਵਿਚ ਰਹਿਣ ਵਾਲਾ ਸ਼ਖ਼ਸ ਹੈ। ਕਾਕਾ ਤੇ ਉਸ ਦੇ ਭਾਈ ਮੁਰੱਬੇਬੰਦੀ ਵੇਲੇ ਪਿੰਡ ਦੀ ਸਹਿਮਤੀ ਨਾਲ ਚਰਾਂਦ ਨੂੰ ਛੱਡੀ ਜ਼ਮੀਨ ਨੂੰ ਵਾਹੀਯੋਗ ਵਜੋਂ ਲੈ ਕੇ ਆਪਣੀ ਜੱਦੀ ਢੇਰੀ ਨੂੰ ਵੱਡਾ ਬਣਾ ਲੈਂਦੇ ਹਨ। ਕਾਕਾ ਸਿੰਘ ਸਜਿਆ ਹੋਣ ਦੇ ਬਾਵਜੂਦ ਆਹਲਾ ਦਰਜੇ ਦੀ ਘਰ ਦੀ ਸ਼ਰਾਬ ਕੱਢਦਾ ਤੇ ਵੇਚਦਾ ਹੈ ਜਿਸ ਕਾਰਨ ਕਈ ਵਾਰ ਪੁਲਿਸ ਉਸ ਦੀ ਗਿੱਦੜ ਕੁੱਟ ਕਰਦੀ ਹੈ ਪਰ ਉਹ ਹਰ ਵਾਰ ਬਚ ਜਾਂਦਾ ਹੈ। ਉਹ ਪੰਜਾਬ ਸੂਬੇ ਬਾਰੇ, ਪੰਜਾਬ ਦੇ ਹੱਕਾਂ ਬਾਰੇ, ਸਿੱਖ ਖਾੜਕੂਆਂ ਬਾਰੇ, ਪੰਜਾਬ ਦੀ ਰਾਜਨੀਤੀ ਬਾਰੇ ਆਪਣੀ ਠੋਸ ਰਾਇ ਰੱਖਦਾ ਹੈ। ਉਹ ਗਰਮ ਖਿਆਲੀਆਂ ਦੁਆਰਾ ਪੰਜਾਬੀਅਤ ਤੇ ਸਿੱਖੀ ਦੇ ਘਾਣ ਬਾਰੇ ਵੀ ਚਿੰਤਤ ਹੈ ਅਤੇ ਨਿਕੰਮੀ ਤੇ ਖ਼ੁਦਗਰਜ਼ ਰਾਜਨੀਤਕ ਲੀਡਰਸ਼ਿਪ ’ਤੇ ਵੀ ਸਵਾਲ ਖੜ੍ਹੇ ਕਰਦਾ ਹੈ। ਉਸ ਦੇ ਵਿਚਾਰ ਠੋਸ ਜ਼ਮੀਨ ’ਤੇ ਪੁੰਗਰਦੇ ਹਨ। ਉਹ ਪੰਜਾਬ ਰਾਜ ਉਪਰ ਅੰਗਰੇਜਾਂ ਦੇ ਕਬਜ਼ੇ ਤੋਂ ਲੈ ਕੇ ਪੰਜਾਬ ਵੰਡ, ਪੰਜਾਬੀ ਸੂਬੇ ਦੀ ਵੰਡ, ਖਾੜਕੂ ਲਹਿਰ ਆਦਿ ਵਰਤਾਰਿਆਂ ਬਾਰੇ ਨਿਰੋਲ ਆਪਣੀ ਨਿਵੇਕਲੀ ਸਮਝ ਰੱਖਦਾ ਹੈ। ਉਹ ਬੜੀ ਖ਼ੂਬਸੂਰਤੀ ਨਾਲ ਸਿੱਖੀ ਨੂੰ ਸਕੂਲ ਤੇ ਖਾਲਸਾ ਨੂੰ ਅੰਤਮ ਮੰਜ਼ਿਲ ਦੇ ਪ੍ਰਤੀਕਾਂ ਰਾਹੀਂ ਸਿੱਖ ਫਲਸਫੇ ਬਾਰੇ ਗੰਭੀਰ ਪ੍ਰਵਚਨ ਉਸਾਰਦਾ ਹੈ।

‘ਮਾਮਾ ਮੋਹਣ ਸਿਹੁੰ’, ‘ਸੱਤਿਆ ਭਾਬੀ’, ‘ਸੁੱਖ+ਦੇਵ’, ‘ਤੇਜਾ ਟੇਲਰ’, ‘ਗੁਲਜਾਰਾ ਫ਼ੌਜੀ’, ‘ਜੈਬ ਸਿਹੁੰ ਕੁੱਲੀ ਵਾਲਾ’ ਆਦਿ ਸ਼ਬਦ ਚਿੱਤਰ ਵੀ ਪੜ੍ਹਨਯੋਗ ਹਨ ਜਿਹਨਾਂ ਰਾਹੀਂ ਲੇਖਕ ਪੇਂਡੂ ਪੰਜਾਬੀ ਭਾਈਚਾਰੇ ਦੇ ਸਮਾਜ ਵਿਗਿਆਨਕ ਪੱਖਾਂ ਨੂੰ ਬੜੀ ਮਹੀਨਤਾ ਨਾਲ ਪੇਸ਼ ਕਰਦਾ ਹੈ। ਉਹ ਸਾਧਾਰਨ ਪੇਂਡੂ ਲੋਕਾਂ ਦੇ ਪੰਜਾਬ ਦੇ ਸਮਾਜਕ, ਆਰਥਿਕ, ਰਾਜਨੀਤਕ, ਸਭਿਆਚਾਰਕ ਤੇ ਧਾਰਮਿਕ ਮਸਲਿਆਂ ਬਾਰੇ ਮੁੱਲਵਾਨ ਵਿਚਾਰਾਂ ਨੂੰ ਧਰਾਤਲ ਪ੍ਰਦਾਨ ਕਰਦਾ ਹੈ ਜਿਸ ਤੋਂ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਪੰਜਾਬੀ ਪੇਂਡੂ ਲੋਕ ਭਾਸ਼ਾ, ਧਰਮ, ਕਿਰਤ, ਰੁਜ਼ਗਾਰ,ੇਤੀ ਖੇਤੀ ਆਦਿ ਬਾਰੇ ਮੌਲਿਕ ਤੇ ਉਸਾਰੂ ਸਮਝ ਨਾਲ ਲਬਰੇਜ਼ ਹਨ।

ਸ਼ਬਦ ਚਿੱਤਰਾਂ ਦੀ ਇਹ ਪੁਸਤਕ ਭਾਵੇਂ ਇਕ ਵਾਰਤਕ ਲਿਖਤ ਹੈ ਪਰ ਇਸ ਵਿਚ ਬਿਲਿੰਗ ਦੇ ਗਲਪ ਦੀ ਮਹਿਕ ਤੇ ਰਸ ਵੀ ਮੌਜੂਦ ਹੈ। ਪ੍ਰੌੜ ਗਲਪਕਾਰ ਵਜੋਂ ਬਿਲਿੰਗ ਨੂੰ ਪਾਠਕ ਨੂੰ ਆਪਣੇ ਨਾਲ ਤੋਰਨਾ ਅਤੇ ਤੁਰਦੇ-ਤੁਰਦੇ ਉਸ ਨੂੰ ਗਿਆਨਮਈ ਟੋਟਕਿਆਂ ਦੇ ਮੀਂਹ ਵਿਚ ਭਿਆਉਂਣਾ ਆਉਂਦਾ ਹੈ। ਸ਼ਬਦ ਚਿੱਤਰ ਉਲੀਕਦੇ ਸਮੇਂ ਵਿਅਕਤੀ ਵਿਸ਼ੇਸ਼ ਦੇ ਗੁਣਾਂ ਨੂੰ ਬਿਆਨ ਕਰਨ ਸਮੇਂ ਉਸਨੇ ਅਕਸਰ ਕਾਵਿਮਈ ਭਾਸ਼ਾ ਦੀ ਵਰਤੋਂ ਕੀਤੀ ਹੈ। ਪਰ ਕਿਸੇ ਵਿਅਕਤੀ ਦੇ ਔਗੁਣਾਂ ਦਾ ਜ਼ਿਕਰ ਕਰਨ ਸਮੇਂ ਸ਼ਬਦਾਂ ਤੇ ਵਾਕਾਂ ਦੀ ਚੋਣ ਵਿਚ ਸੰਜਮ ਤੇ ਵਿਅੰਗ ਦਾ ਸਹਾਰਾ ਲਿਆ ਹੈ। ਪਿਆਰ, ਕਾਮ ਆਦਿ ਵਿਸ਼ਿਆਂ ਬਾਰੇ ਲਿਖਣ ਵੇਲੇ ਵੀ ਉਹ ਬਹੁਤ ਸਹਿਜ ਜਾਪਦਾ ਹੈ। ਤੇ ਉਸ ਦੇ ਸ਼ਬਦ ਬੇਲੋੜੇ ਕਾਮੁਕ ਵੇਗ ਤੇ ਅਸ਼ਲੀਲਤਾ ਤੋਂ ਦੂਰ ਰਹਿ ਕੇ ਆਪਣੀ ਗੱਲ ਕਹਿਣ ਦੇ ਸਮਰੱਥ ਹਨ। ਉਸਨੂੰ ਭਾਸ਼ਾ ’ਤੇ ਅਬੂਰ ਹਾਸਲ ਹੈ। ਜਿਵੇਂ ਪ੍ਰੋ. ਅਵਤਾਰ ਸਿੰਘ ਧਾਲੀਵਾਲ ਨੇ ਭੂਮਿਕਾ ਵਿਚ ਲਿਖਿਆ ਹੈ, ਬਿਲਿੰਗ ਨੇ“ਪੰਜਾਬੀ ਭਾਸ਼ਾ ਦੀ ਠੁੱਕ ਬਰਕਰਾਰ ਰੱਖਦਿਆਂ ਤੇ ਲੋਪ ਹੋ

ਰਹੇ ਸ਼ਬਦਾਂ, ਵਾਕੰਸ਼ਾਂ, ਮੁਹਾਵਰਿਆਂ(ਵਿਸ਼ੇਸ਼ ਕਰਕੇ ਢਾਹੇ ਦੇ) ਰਾਹੀਂ ਸਾਂਭ ਲਈਆਂ ਹਨ ਇਹ ਰੰਗ ਬਰੰਗੀਆਂ ਮੂਰਤਾਂ। " ਪੁਸਤਕ ਦੀ ਖ਼ੂਬਸੂਰਤੀ ਹੈ ਕਿ ਇਸ ਵਿਚ ਪੇਸ਼ ਪੇਂਡੂ ਜੀਵਨ ਦੀ ਰਹਿਤਲ ਤੇ ਲੋਕਾਈ ਦੇ ਜੀਵਨ ਦਾ ਬਿੰਬ ਸਿਰਫ਼ ਲੇਖਕ ਦੇ ਪਿੰਡ ਸੇਹ ਦਾ ਨਹੀਂ ਬਲਕਿ ਇਹ ਪੰਜਾਬ ਦੀ ਸਮੁੱਚੀ ਪੇਂਡੂ ਲੋਕਾਈ ਦਾ ਬਿੰਬ ਹੋ ਨਿਬੜਦਾ ਹੈ।

**-ਪਰਗਟ ਸਿੰਘ ਬਰਾੜ**

## ਅਬ ਜੂਝਣ ਕੋ ਦਾਉ (ਨਾਵਲ) ਅਤਰਜੀਤ

ਦਸ ਕਹਾਣੀ ਸੰਗ੍ਰਹਿ, ਅੱਠ ਬਾਲ ਸਾਹਿਤ ਪੁਸਤਕਾਂ, ਇਕ ਨਾਵਲ ਅਤੇ ਇਕ ਨਿਬੰਧ ਸੰਗ੍ਰਹਿ ਦੀ ਸਿਰਜਣਾ ਉਪਰੰਤ ਸਵੈ ਜੀਵਨੀ ਅਤੇ ਛੇ ਸੰਪਾਦਤ ਪੁਸਤਕਾਂ ਛਪਵਾ ਚੁੱਕੇ, ਪੰਜਾਬੀ ਸਾਹਿਤ ਵਿਚ ਇਕ ਪ੍ਰਮੁੱਖ ਕਹਾਣੀਕਾਰ ਵਜੋਂ ਜਾਣੇ ਜਾਂਦੇ ਲੇਖਕ ਅਤਰਜੀਤ ਨੇ ਆਪਣਾ ਸਾਹਿਤਕ ਸਫ਼ਰ ਦਾ ਆਰੰਭ 'ਮਾਸ ਖੋਰੇ' ਕਹਾਣੀ ਸੰਗ੍ਰਹਿ ਨਾਲ 1973 ਵਿਚ ਕੀਤਾ ਸੀ। ਜਦਕਿ 2022 ਵਿਚ 'ਅਬ ਜੂਝਣ ਕੋ ਦਾਉ' (ਪੰਨੇ 418, ਕੀਮਤ 250 ਰੁਪਏ, ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ, ਬਠਿੰਡਾ) ਨਾਂ ਦੇ ਨਾਵਲ ਰਾਹੀਂ ਉਹ ਆਪਣੀ ਸੱਜਰੀ ਰਚਨਾ ਲੈ ਕੇ ਹਾਜ਼ਰ ਹੋਇਆ ਹੈ।

ਹੱਥਲਾ ਨਾਵਲ 1850 ਈ. ਤੋਂ ਲੈ ਕੇ ਸਮਕਾਲ ਦੇ ਕਿਸਾਨੀ ਅੰਦੋਲਨ ਤਕ ਦੇ ਸਮੇਂ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ। ਨਾਵਲੀ ਕਥਾਨਕ ਤੇ ਘਟਨਾਕ੍ਰਮ ਮਾਲਵੇ ਦੇ ਪੇਂਡੂ ਖੇਤਰ ਨਾਲ ਸੰਬੰਧਤ ਹੈ। ਨਾਵਲੀ ਕਥਾ ਦਾ ਆਰੰਭ ਅੰਗਰੇਜ਼ ਰਾਜ ਅਧੀਨ ਪਿੰਡ ਮੱਲੋ ਕੇ (ਦੁਆਬੇ) ਤੋਂ ਮਾਲਵੇ ਦੇ ਇਕ ਰਿਆਸਤੀ ਪਿੰਡ ਦੇ ਪਰਵਾਸ ਨਾਲ ਹੁੰਦਾ ਹੈ ਜਿਸ ਵਿਚ ਅੰਗਰੇਜ਼ ਸਰਕਾਰ ਦੇ ਖੇਤੀ ਉਪਰ ਲਗਾਏ ਟੈਕਸ ਜਾਂ ਮਾਮਲਾ ਆਦਿ ਦੇ ਭੁਗਤਾਨ ਤੋਂ ਅਸਮਰੱਥ ਅਤੇ ਆਪਣੇ ਪਰਿਵਾਰ ਦੀ ਆਰਥਿਕ ਬਿਹਤਰੀ ਲਈ ਪਿੰਡ ਦੇ ਕੁਝ ਘਰ ਨਵੇਂ ਥਾਂ (ਮਾਲਵਾ) ਜਾਣ ਦੀ ਵਿਉਂਤ ਬਣਾਉਂਦੇ ਹਨ। ਇਸ ਤਰ੍ਹਾਂ ਫੱਗਾ, ਰੂੜਾ, ਚੰਦਾ, ਘੀਲਾ, ਗੇਂਦਾ, ਗੰਡਾ, ਪੀਲਾ, ਘੁੱਦਾ ਆਦਿ ਆਪਣੇ ਆਪਣੇ ਪਰਿਵਾਰਾਂ ਸਮੇਤ ਹਿਜਰਤ ਕਰਦੇ, ਮੁਸ਼ਕਿਲ ਪਰਿਸਥਿਤੀਆਂ ਤੇ ਔਕੜਾਂ ਥਾਂਈਂ ਲੰਘਦੇ ਕਈ ਪਿੰਡਾਂ, ਝਿੜੀਆਂ, ਜੰਗਲਾਂ ਵਿਚ ਠਹਿਰਾਂ ਕਰਦੇ ਮਾਲਵੇ ਦੇ ਪਿੰਡ ਮੰਡੋਲੀ ਪਹੁੰਚਦੇ ਹਨ। ਮੰਡੋਲੀ ਪਿੰਡ ਦਾ ਮੁਖੀ ਧਰਮਾ ਆਪਣੇ ਕੋਲ ਚੱਲ ਕੇ ਆਏ ਮਹਿਮਾਨਾਂ ਦਾ ਖੁੱਲ੍ਹਦਿਲੀ ਨਾਲ ਸਵਾਗਤ ਕਰਦਾ ਹੈ ਅਤੇ ਉਹਨਾਂ ਦੇ ਖਾਣ-ਪੀਣ ਦਾ ਪ੍ਰਬੰਧ ਕਰਦਾ ਹੈ। ਰੂੜੇ ਹੋਰੀਂ ਧਰਮੇ ਤੇ ਕੇਸੂ ਮਹਾਜਨ ਦੀ ਮੱਦਦ ਨਾਲ ਰਾਜੇ ਰਘਬੀਰ ਸਿੰਘ ਤੋਂ ਬਰਾਨੀ ਇਲਾਕੇ ਵਿਚ ਪਿੰਡ ਵਸਾਉਣ ਦੀ ਆਗਿਆ ਲੈ ਲੈਂਦੇ ਹਨ।

ਪਿੰਡ ਵਸਾਉਣ ਤੋਂ ਬਾਅਦ ਸ਼ੁਰੂਆਤੀ ਦੌਰ ਵਿਚ ਸਾਂਝੀ ਖੇਤੀ ਕੀਤੀ ਜਾਂਦੀ ਹੈ ਅਤੇ ਸਾਰੇ ਪਿੰਡ ਦੇ ਹਿੱਤ ਤੇ ਫਰਜ਼ ਸਾਂਝੇ ਰਹਿੰਦੇ ਹਨ। ਪਰ ਰਾਜੇ ਦੇ ਕਾਨੂੰਨ ਮੁਤਾਬਕ ਨਿਸ਼ਚਤ ਸਮੇਂ ਬਾਅਦ ਪਿੰਡ ਨੂੰ ਆਪਣੀ ਕਮਾਈ ਵਿਚੋਂ ਰਾਜੇ ਨੂੰ ਹਿੱਸਾ ਦੇਣਾ ਪੈਂਦਾ ਹੈ ਜੋ ਪਿੰਡ ਦੇ ਮੁਖੀ ਦੁਆਰਾ ਇਕੱਠਾ ਕਰਕੇ ਰਾਜ ਦਰਬਾਰ ਤਕ ਪੁੱਜਦਾ ਕੀਤਾ ਜਾਂਦਾ ਹੈ। ਪਿੰਡ ਦੇ ਮੁਖੀ ਨੂੰ ਕਰ ਵਿਚ ਕੁਝ ਛੋਟ ਮਿਲਦੀ ਹੈ ਤੇ ਬਾਕੀ ਪਿੰਡ ਤੋਂ ਇਕੱਠੇ ਕੀਤੇ ਕਰ ਵਿਚੋਂ ਕੁਝ ਪ੍ਰਤੀਸ਼ਤ ਹਿੱਸਾ ਓਸ ਲਈ ਤੈਅ ਹੁੰਦਾ ਹੈ। ਸਮੇਂ ਦੀ ਚਾਲ ਨਾਲ ਪਹਿਲਾਂ ਸਾਂਝੀ ਖੇਤੀ ਦੀ ਥਾਂ ਪਰਿਵਾਰ ਆਪਣੀ-ਆਪਣੀ ਖੇਤੀ ਕਰਨੀ ਆਰੰਭ ਕਰਦੇ ਹਨ ਤੇ ਹੌਲੀ-ਹੌਲੀ ਰੂੜੇ ਦੇ ਪਰਿਵਾਰ ਦੀ ਮਾਇਕ ਸਥਿਤੀ ਪਿੰਡ ਦਾ ਮੁਖੀ ਹੋਣ ਕਾਰਨ ਬਾਕੀ ਪਿੰਡ ਤੋਂ ਸੁਖਾਂਵੀਂ ਹੁੰਦੀ ਹੈ। ਇਉਂ ਹਿੱਤਾਂ ਤੇ ਫਰਜ਼ਾਂ ਵਿਚ ਵਖਰੇਂਵੇ ਪੈਦਾ ਹੋ ਜਾਂਦੇ ਹਨ। ਜਿੱਥੇ ਪਹਿਲਾਂ ਸਾਰੇ ਪਿੰਡ ਦੇ ਪਰਿਵਾਰਾਂ ਵਿਚ ਏਕਤਾ ਤੇ ਸਾਂਝੀਵਾਲਤਾ ਪ੍ਰਧਾਨ ਸੀ, ਸਮੇਂ ਦੀ ਤੋਰ ਤੇ ਆਰਥਿਕ ਤੇ ਸਮਾਜਕ ਸਥਿਤੀਆਂ ਵਿਚ ਅੰਤਰ ਹੋਣ ਕਾਰਨ ਉੱਥੇ ਨਿੱਜੀ ਰੁਝਾਨ ਮੂੰਹ ਜ਼ੋਰ ਹੋਣ ਲੱਗਦੇ ਹਨ। ਪਹਿਲਾਂ ਮੰਡੋਲੀ ਤੇ ਸੱਗੂਵਾਲ ਵਿਚ ਲੋਕ ਧਰਮ ਅਨੁਸਾਰ ਹੀ ਸਾਰੇ ਕਾਰ ਵਿਹਾਰ ਤੇ ਰੀਤੀ ਰਿਵਾਜ ਮਨਾਏ ਜਾਂਦੇ ਸਨ, ਫਿਰ ਸਮੇਂ ਨਾਲ ਪੈਦਾ ਹੋਈਆਂ ਧਾਰਮਿਕ, ਸਮਾਜਕ ਤੇ ਰਾਜਨੀਤਕ ਲਹਿਰਾਂ ਨੇ ਇਹਨਾਂ ਪਿੰਡਾਂ ਦੇ ਲੋਕਾਂ ਉੱਤੇ ਵੀ ਆਪਣਾ ਪ੍ਰਭਾਵ ਪਾਇਆ ਤੇ ਸੰਸਥਾਗਤ

ਧਰਮ ਦੀ ਪ੍ਰਧਾਨਤਾ, ਜਾਤੀਗਤ ਵਖਰੇਵੇਂ ਤੇ ਅੰਤਰ ਦਵੰਦ ਪ੍ਰਤੱਖ ਹੋਣੇ ਆਰੰਭ ਹੋ ਗਏ।

ਸਾਮੰਤਵਾਦੀ ਝੁਕਾਵਾਂ ਤੇ ਪ੍ਰਬੰਧ ਕਾਰਨ ਰੂੜੇ ਦੇ ਪਰਿਵਾਰ ਦੀ ਸਥਿਤੀ ਪਿੰਡ ਵਿਚ ਰੱਜੇ-ਪੁੱਜੇ ਕਿਸਾਨ ਦੀ ਬਣ ਜਾਂਦੀ ਹੈ। ਉਹ ਰਾਜੇ ਪਾਸੋਂ ਇਨਾਮ ਦੇ ਰੂਪ ਵਿਚ ਤੇ ਬਾਕੀਆਂ ਨੂੰ ਕਰਜ਼ਾ ਦੇ ਕੇ ਵੀ ਆਪਣੀ ਜਾਇਦਾਦ ਵਿਚ ਵਾਧਾ ਕਰਦਾ ਜਾਂਦਾ ਹੈ। ਆਰਥਿਕ ਸਥਿਤੀਆਂ ਵਿਚ ਅੰਤਰ ਪੈਦਾ ਹੋਣ ਕਾਰਨ ਸਮਾਜ-ਸਭਿਆਚਾਰਕ ਸਥਿਤੀਆਂ ਵਿਚ ਵੀ ਰੂੜੇ ਦੇ ਪਰਿਵਾਰ ਦੇ ਵਿਹਾਰ, ਨਜ਼ਰੀਏ ਤੇ ਕਿਰਿਆਸ਼ੀਲਤਾ ਵਿਚ ਅੰਤਰ ਉਤਪੰਨ ਹੁੰਦੇ ਹਨ ਜੋ ਸਥੂਲਤਾ ਦੇ ਪੱਧਰ ’ਤੇ ਵਿਖਾਈ ਵੀ ਦਿੰਦੇ ਹਨ।

1947 ਦੀ ਦੇਸ-ਵੰਡ ਦਾ ਅਸਰ ਪਿੰਡ ਦੀ ਰਹਿਤਲ ਤੇ ਲੋਕਾਂ ਦੇ ਜੀਵਨ, ਵਿਵਹਾਰ ’ਤੇ ਉਵੇਂ ਦਾ ਨਹੀਂ ਵਿਖਾਈ ਦਿੰਦਾ ਜਿਸ ਤਰ੍ਹਾਂ ਦਾ ਇਤਿਹਾਸਕ ਵਸਤੂ ਯਥਾਰਥ ਦਾ ਮਿਲਦਾ ਹੈ। ਦੇਸ-ਵੰਡ ਤੋਂ ਬਾਅਦ ਮੁਜਾਰਾ ਲਹਿਰ, ਹਰੀ ਕ੍ਰਾਂਤੀ, ਫਿਰ ਮੁਰੱਬੇਬੰਦੀ ਤੇ ਪੰਜਾਬੀ ਸੂਬਾ ਬਣਨ ਦੀਆਂ ਘਟਨਾਵਾਂ ਨੂੰ ਨਾਵਲ ਵਿਚ ਵਿਸਥਾਰ ਪੂਰਵਕ ਚਿਤਰਿਆ ਗਿਆ ਹੈ। ਹਰੀ ਕ੍ਰਾਂਤੀ ਤੇ ਮੁਰੱਬੇਬੰਦੀ ਦਾ ਲੋਕਾਂ ਦੀ ਮਾਨਸਿਕਤਾ, ਵਿਵਹਾਰ, ਸੋਚ ਢੰਗ ਤੇ ਜੀਵਨ ਢੰਗ ਵਿਚ ਕਿਵੇਂ ਤੇ ਕਿਸ ਤਰ੍ਹਾਂ ਦਾ ਪ੍ਰਭਾਵ ਪਿਆ, ਨਾਵਲ ਵਿਚ ਬੜੀ ਮਾਰਮਿਕਤਾ ਨਾਲ ਇਸਨੂੰ ਪੇਸ਼ ਕੀਤਾ ਗਿਆ ਹੈ।

ਹਰੀ ਕ੍ਰਾਂਤੀ ਉਪਰੰਤ ਖੇਤੀ ਦੀ ਉਤਪਾਦਨ ਸਮਰੱਥਾ ਤੇ ਆਮਦਨ ਵਿਚ ਆਈ ਖੜੋਤ ਕਾਰਨ ਪੰਜਾਬ ਦੀ ਨੌਜਵਾਨੀ ਨੂੰ ਨਕਸਲੀ ਲਹਿਰ ਨੇ ਆਪਣੇ ਵੱਲ ਖਿੱਚਿਆ। ਇਸ ਲਹਿਰ ਵਿਚ ਮੰਡੋਲੀ ਤੇ ਸੱਗੂਵਾਲ ਦੇ ਨੌਜਵਾਨ ਮੁੰਡਿਆਂ ਤੇ ਕਿਸਾਨਾਂ ਨੇ ਆਪਣਾ ਭਰਪੂਰ ਯੋਗਦਾਨ ਪਾਇਆ। ਸਗੋਂ ਸਿਰਫ਼ ਨਿੱਜੀ ਪੱਧਰ ’ਤੇ ਹਿੱਸਾ ਨਹੀਂ ਲਿਆ ਬਲਕਿ ਪਿੰਡ ਵਿਚ ਚੇਤਨਾ ਦੇ ਪਾਸਾਰ ਵਿਚ ਵੀ ਅਹਿਮ ਭੂਮਿਕਾ ਨਿਭਾਈ। ਸਰਮਾਏਦਾਰੀ ਨਿਜ਼ਾਮ ਦੇ ਅਨੁਸਾਰੀ ਪਿੰਡ ਸੱਗੂਵਾਲ ਵਿਚ ਵੀ ਜਮਾਤੀ ਤੇ ਵਰਗ ਵੰਡ ਵਿਖਾਈ ਦਿੰਦੀ ਹੈ ਅਤੇ ਜਮਾਤੀ ਖਾਸੇ ਅਨੁਕੂਲ ਹੀ ਵਰਗ ਵਿਵਹਾਰ ਤੇ ਨਜ਼ਰੀਆ ਰੂਪਮਾਨ ਹੋਇਆ ਹੈ। 418 ਸਫ਼ਿਆਂ ਦੇ ਇਸ ਵੱਡ-ਆਕਾਰੀ ਨਾਵਲ ਦਾ ਵਧੇਰੇ ਫੋਕਸ ਨਕਸਲੀ ਲਹਿਰ ਦੇ ਉਭਾਰ, ਵਿਕਾਸ ਤੇ ਪਤਨ ਨੂੰ ਪੇਸ਼ ਕਰਨ ਉੱਤੇ ਰਿਹਾ ਹੈ। ਇਸ ਦਾ ਮੁੱਖ ਕਾਰਨ ਨਕਸਲੀ ਲਹਿਰ ਦਾ ਲੇਖਕ ਦਾ ਸਿੱਧਾ ਤੇ ਮੁੱਢਲਾ ਅਨੁਭਵ ਹੈ, ਜਿਸ ਸਦਕਾ ਉਹ ਇਸ ਲਹਿਰ ਦੇ ਪਾਤਰਾਂ, ਉਹਨਾਂ ਦੇ ਵਰਤੋਂ ਦੇ ਵਿਹਾਰ ਤੇ ਜੀਵਨ ਢੰਗ ਉੱਤੇ ਝਾਤ ਪੁਆਉਣ ਦੇ ਨਾਲ ਵਿਚਾਰਧਾਰਾ ਤੇ ਅੰਤਰ ਸੰਬੰਧਾਂ ਤੇ ਅੰਤਰ ਦਵੰਦਾਂ ਨੂੰ ਨੇੜਿਉਂ ਜਾਣ ਕੇ ਪੇਸ਼ ਕਰ ਸਕਿਆ ਹੈ। ਨਾਵਲ ਵਿਚ ਮਾਰਕਸਵਾਦੀ ਲਾਈਨ, ਸੀ.ਪੀ.ਆਈ. ਤੇ ਸੀ.ਪੀ.ਐਮ. ਵਰਗੀਆਂ ਪਾਰਟੀਆਂ ਦੇ ਆਧਾਰ ‘ਤੇ ਵਿਚਾਰਧਾਰਕ ਵੱਖਰੇਵੇਂ, ਨਕਸਲੀ ਲਹਿਰ ਦੇ ਉਭਾਰ ਤੇ ਪਤਨ, ਲੋਕਾਂ ਵਿਚ ਚੇਤਨਾ ਦੇ ਪਾਸਾਰ ਆਦਿ ਨੂੰ ਬਹੁਤ ਯਥਾਰਥਕ ਰੂਪ ਵਿਚ ਪੇਸ਼ ਕੀਤਾ ਗਿਆ ਹੈ।

ਨਕਸਲੀ ਲਹਿਰ ਤੋਂ ਬਾਅਦ ਥੋੜ੍ਹਾ ਜਿਹਾ ਪੰਜਾਬ ਸੰਕਟ ਦੇ ਸਮੇਂ ਨੂੰ ਛੋਹਿਆ ਗਿਆ ਹੈ। ਨਕਸਲੀ ਲਹਿਰ ਤੋਂ ਬਾਅਦ ਹਾਲੀਆ ਕਿਸਾਨੀ ਅੰਦੋਲਨ ਨੂੰ ਮੁੱਖ ਰੂਪ ਵਿਚ ਬਿਰਤਾਂਤਕ ਸੰਗਠਨ ਵਿਚ ਉਭਾਰਿਆ ਗਿਆ ਹੈ। ਕਿਸਾਨੀ ਅੰਦੋਲਨ ਵਿਚ ਕਿਸਾਨ ਜੱਥੇਬੰਦੀਆਂ, ਮਜਦੂਰ ਜੱਥੇਬੰਦੀਆਂ, ਤੇ ਜਮਹੂਰੀ ਸਭਾਵਾਂ ਦੇ ਜ਼ਮੀਨੀ ਧਰਾਤਲ, ਪੇਂਡੂ ਕਿਸਾਨੀ ਵਿਚ ਵਰਗ ਚੇਤਨਾ ਆਦਿ ਦੇ ਕਾਰਜਸ਼ੀਲ ਰੋਲ ਨੂੰ ਰੂਪਮਾਨ ਕੀਤਾ ਗਿਆ ਹੈ। ਨਕਸਲੀ ਲਹਿਰ, ਕਿਸਾਨੀ ਅੰਦੋਲਨ, ਮਜਦੂਰ ਜੱਥੇਬੰਦੀਆਂ ਦੇ ਆਗੂਆਂ ਦੇ ਵਿਅਕਤੀਗਤ ਕਿਰਦਾਰਾਂ, ਜੀਵਨ ਹਾਲਤਾਂ ਤੇ ਮਸ਼ਕਿਲਾਂ ਨੂੰ ਵੀ ਸੰਖੇਪ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਨਾਵਲੀ ਕਥਾ ਦਾ ਅੰਤ ਕਿਸਾਨੀ ਅੰਦੋਲਨ ਦੀ ਜਿੱਤ, ਤਿੰਨ ਖੇਤੀ ਕਾਨੂੰਨਾਂ ਦੇ ਵਾਪਸ ਲਏ ਜਾਣ ’ਤੇ ਹੁੰਦਾ ਹੈ। ਨਾਵਲ ਦੇ ਅੰਤ ਵਿਚ ਕਿਸਾਨ ਅੰਦੋਲਨ ਵਿਚੋਂ ਨਿਕਲੇ ਆਗੂਆਂ ਦੀ ਅਕਾਦਮਿਕ ਤੇ ਬੌਧਿਕ ਹਲਕਿਆਂ ਵਿਚ ਪ੍ਰਵਾਨਗੀ ਨੂੰ , ਲੋਕਾਂ ਤੇ ਬੁੱਧੀਜੀਵੀਆਂ ਦੇ ਆਪਸੀ ਸੰਵਾਦ ਨੂੰ ਪ੍ਰਤੀਕਾਤਮਕ ਰੂਪ ਵਿਚ ਉਭਾਰਿਆ ਗਿਆ ਹੈ।

ਸਾਹਿਤ ਦਾ ਮਕਸਦ ਭਾਵੇਂ ਲੋਕ ਕਲਿਆਣ, ਸਮਾਜ ਹਿਤ ਤੇ ਉਸਾਰੂ ਨਜ਼ਰੀਆ ਸਿਰਜਣਾ

ਹੁੰਦਾ ਹੈ ਪਰ ਕਿਸੇ ਲਿਖਤ ਦੇ ਚੰਗੀ ਸਾਹਿਤ ਸਿਰਜਣਾ ਹੋਣ ਲਈ ਉਸ ਦਾ ਕਲਾਤਮਕ ਹੋਣਾ ਵੀ ਲਾਜ਼ਮੀਂ ਸ਼ਰਤ ਹੈ। ਜੇਕਰ ਰਚਨਾ ਕਲਾਤਮਕ ਪੱਖ ਤੋਂ ਊਣੀ ਹੈ ਤਾਂ ਉਹ ਸਾਹਿਤ ਹੋਣ ਦੀ ਥਾਂ ਵਿਚਾਰਧਾਰਕ ਨਾਹਰੇਬਾਜ਼ੀ ਵਿਚ ਤਬਦੀਲ ਹੋ ਕੇ ਰਹਿ ਜਾਂਦੀ ਹੈ ਜਿਸ ਕਾਰਨ ਰਚਨਾ ਦੀ ਉਮਰ ਸਦੀਵੀ ਹੋਣ ਦੀ ਥਾਂ ਵਕਤੀ ਹੋ ਨਿਬੜਦੀ ਹੈ। ਨਾਵਲ ਦੇ ਪਾਤਰਾਂ ਦੀ ਭਾਸ਼ਾ ਸਥਾਨਕ ਤੇ ਭੂਗੋਲਿਕ ਵਖੱਰਤਾਵਾਂ ਦੇ ਸਮਰੂਪ ਪੇਸ਼ ਹੋਈ ਹੈ। ਅਕਸਰ ਹੀ ਵੱਡ-ਅਕਾਰੀ ਨਾਵਲਾਂ ਵਿਚ ਨਾਵਲਕਾਰ ਪਾਤਰਾਂ ਤੇ ਬਿਰਤਾਂਤਕਾਰ ਦੀ ਭਾਸ਼ਾ ਦੇ ਵਖਰੇਵੇਂ ਸਿਰਜਣ ਤੋਂ ਉੱਕ ਜਾਂਦਾ ਹੈ ਪਰ ਅਤਰਜੀਤ ਅਜਿਹੀ ਭੁੱਲ ਦਾ ਸ਼ਿਕਾਰ ਨਹੀਂ ਹੁੰਦਾ। ਬਲਕਿ ਉਸ ਦੇ ਪਾਤਰਾਂ ਦੀ ਬੋਲੀ ਦੀ ਸਥਾਨਕ ਤੇ ਉਪਭਾਸ਼ਾਈ ਰੰਗਤ ਉਘੜਵੀਂ ਹੈ। ਨਾਵਲੀ ਕਥਾ ਇਤਿਹਾਸਕ ਕਾਲਕ੍ਰਮ ਅਨੁਸਾਰ ਲਕੀਰੀ ਬਿਰਤਾਂਤ ਵਿਚ ਅੱਗੇ ਤੁਰਦੀ ਹੈ। ਇਸ ਲਈ ਨਾਵਲ ਵਿਚ ਵਿਭਿੰਨ ਬਿਰਤਾਂਤਕ ਜੁਗਤਾਂ ਦੀ ਵਰਤੋਂ ਕਰਨ ਦੀ ਬਜਾਇ ਵਰਨਣੀ ਵਿਧੀ ਦੀ ਵਰਤੋਂ ਜ਼ਿਆਦਾ ਕੀਤੀ ਗਈ ਹੈ। ਕੋਈ ਵੀ ਗਲਪੀ ਰਚਨਾ ਸਭਿਆਚਾਰਕ ਰੰਗਤ ਤੋਂ ਬਿਨਾਂ ਅਧੂਰੀ ਤੇ ਬੇਰੰਗੀ ਤਸਵੀਰ ਵਰਗੀ ਹੁੰਦੀ ਹੈ। ਅਤਰਜੀਤ ਨੇ ਆਪਣੇ ਨਾਵਲ ਦੇ ਆਰੰਭਲੇ ਭਾਗ ਵਿਚ ਆਜ਼ਾਦੀ ਤੋਂ ਪਹਿਲੇ ਪੰਜਾਬ ਦੇ ਸਭਿਆਚਾਰ, ਰਸਮਾਂ, ਰਿਵਾਜ, ਤਿਉਹਾਰ, ਜਿਉਣ ਢੰਗ, ਕਦਰਾਂ-ਕੀਮਤਾਂ, ਮੁੱਲ ਪ੍ਰਬੰਧ ਆਦਿ ਨੂੰ ਬੜੀ ਸੂਖ਼ਮਤਾ ਸਹਿਤ ਪੇਸ਼ ਕੀਤਾ ਗਿਆ ਹੈ ਜਿਸ ਨਾਲ ਸਭਿਆਚਾਰਕ ਰੰਗਤ ਤੇ ਭੂਗੋਲਕ ਬਿੰਬ ਉਘੜਵੇਂ ਰੂਪ ਵਿਚ ਰੂਪਮਾਨ ਹੋਏ ਹਨ। ਲੇਖਕ ਨੇ ਬਿੰਬਕਾਰੀ ਵਿਚ ਪੂਰੀ ਨਿਪੁੰਨਤਾ ਵਿਖਾਈ ਹੈ, ਜਿਸ ਕਾਰਨ ਹਰ ਦ੍ਰਿਸ਼ ਪਾਠਕ ਦੀ ਅੱਖ ਸਾਹਵੇਂ ਸਾਕਾਰ ਹੋਇਆ ਵਿਖਾਈ ਦਿੰਦਾ ਹੈ। ਨਾਵਲ ਦੇ ਸਿਰਲੇਖ ਦੇ ਨਾਲ ਬਰੈਕਟ ਵਿਚ ਇਤਿਹਾਸਕ ਨਾਵਲ ਲਿਖਿਆ ਗਿਆ ਹੈ ਜੋ ਨਾਵਲੀ ਕਥਾ ਵਿਚਲੇ ਘਟਨਾਕ੍ਰਮ ਦੇ ਅਧਾਰ 'ਤੇ ਸਾਰਥਕ ਹੈ। ਇਸ ਕਾਰਨ ਨਾਵਲਕਾਰ ਦਾ ਵਧੇਰੇ ਜ਼ੋਰ ਕਥਾ ਤੇ ਘਟਨਾਵਾਂ ਪੇਸ਼ ਕਰਨ 'ਤੇ ਰਿਹਾ ਹੈ ਜਦਕਿ ਪਾਤਰ ਉਸਾਰੀ ਕਮਜ਼ੋਰ ਤੇ ਪੇਤਲੀ ਵਿਖਾਈ ਦਿੰਦੀ ਹੈ। ਘਟਨਾਵਾਂ ਦੀ ਸੰਘਣਤਾ ਤੇ ਪ੍ਰਧਾਨਤਾ ਕਾਰਨ, ਇਸ ਨੂੰ ਘਟਨਾ ਪ੍ਰਧਾਨ ਨਾਵਲ ਕਿਹਾ ਜਾ ਸਕਦਾ ਹੈ। ਪਾਤਰ ਉਸਾਰੀ ਦੀ ਘਾਟ ਕਾਰਨ ਕੋਈ ਵੀ ਪਾਤਰ ਉਘੜ ਕੇ ਸਾਹਵੇਂ ਨਹੀਂ ਆਉਂਦਾ ਜੋ ਪਾਠਕ ਦੇ ਮਨ ਅੰਦਰ ਆਪਣੀ ਛਾਪ ਛੱਡ ਸਕੇ। ਪਾਤਰਾਂ ਦੀ ਭਰਮਾਰ ਕਾਰਨ ਅਤੇ ਉਹਨਾਂ ਦੇ ਕੋਈ ਅਧਾਰ ਨਾ ਹੋਣ ਕਾਰਨ ਵਿਸ਼ੇਸ਼ ਤੌਰ 'ਤੇ ਨਕਸਲੀ ਲਹਿਰ ਤੇ ਕਿਸਾਨ ਅੰਦੋਲਨ ਦੇ ਪਾਤਰ ਪੈਰਾਸ਼ੂਟ ਰਾਹੀਂ ਕਥਾਨਕ ਵਿਚ ਪ੍ਰਵੇਸ਼ ਕਰਦੇ ਪ੍ਰਤੀਤ ਹੁੰਦੇ ਹਨ। ਨਾਵਲੀ ਕਥਾ ਵਿਚ ਉਸ ਪੱਧਰ ਦਾ ਤਣਾਉ ਨਹੀਂ ਮਿਲਦਾ ਜੋ ਪਾਠਕ ਦੀ ਚੇਤਨਾ ਨੂੰ ਹਲੂਣ ਕੇ ਨਵਾਂ ਸੋਚਣ ਲਈ ਮਜਬੂਰ ਕਰੇ ਤੇ ਆਪਣੇ ਨਾਲ ਤੋਰ ਲਵੇ। ਨਾਵਲ ਦੀ ਵਿਧਾ ਦੇ ਸਿਧਾਂਤਕ ਚੌਖਟੇ ਤੋਂ ਭਾਵੇਂ ਨਾਵਲ ਥਿੜਕਦਾ ਪ੍ਰਤੀਤ ਹੁੰਦਾ ਹੈ ਪਰ ਪੰਜਾਬ ਦੇ ਏਨੇ ਲੰਮੇ ਲੋਕ ਇਤਿਹਾਸ ਤੇ ਲੋਕ ਲਹਿਰਾਂ ਨੂੰ ਕਲਮਬੱਧ ਕਰਨ ਕਾਰਨ 'ਅਬ ਜੂਝਣ ਕੋ ਦਾਉ' ਗੌਲਣਯੋਗ ਦਸਤਾਵੇਜ਼ ਵਜੋਂ ਪ੍ਰਵਾਨ ਕੀਤਾ ਜਾ ਸਕਦਾ ਹੈ। **–ਪਰਗਟ ਸਿੰਘ ਬਰਾੜ**

## ਘੇਰੇ ਤੋਂ ਬਾਹਰ (ਕਵਿਤਾਵਾਂ) ਮਦਨ ਵੀਰਾ

ਮਦਨ ਵੀਰਾ ਪੰਜਾਬੀ ਦੇ ਉਹਨਾਂ ਕੁਝ ਕੁ ਸਿਰਜਕਾਂ ਵਿਚੋਂ ਹੈ ਜਿਨ੍ਹਾਂ ਨੇ ਦਲਿਤ ਭਾਈਚਾਰੇ 'ਚੋਂ ਹੋਣ ਦਾ ਸੰਤਾਪ ਆਪਣੇ ਪਿੰਡੇ ਉੱਤੇ ਹੰਢਾਇਆ ਹੈ। ਭਾਰਤ ਵਰਸ਼ ਵਰਗੇ ਦੇਸ਼ ਵਿਚ ਜਿੱਥੇ ਮਨੂੰ ਦੀ ਵਰਣ ਵੰਡ ਨੂੰ ਰੱਬੀ ਵਰਤਾਰੇ ਵਜੋਂ ਦਰਸਾ ਕੇ ਸਦੀਆਂ ਤੋਂ ਪ੍ਰਵਾਨ ਕੀਤਾ ਜਾਂਦਾ ਰਿਹਾ, ਇਸਦੇ ਸੰਤਾਪ ਦਾ ਅੰਦਾਜ਼ਾ ਲਾ ਸਕਣਾ ਮੁਮਕਿਨ ਹੀ ਨਹੀਂ ਸੀ। ਸੰਤਾਪ ਦੇਣ ਵਾਲੀਆਂ ਅਤੇ ਸੰਤਾਪ ਭੋਗਣ ਵਾਲੀਆਂ ਦੋਵੇਂ ਹੀ ਧਿਰਾਂ ਦੀ ਚੇਤਨਾ ਦਾ ਪੱਧਰ ਅਜਿਹਾ ਸੀ ਕਿ ਉਹ ਉਸਨੂੰ ਸਹਿਜ ਰੂਪ ਵਿਚ ਸਵੀਕ੍ਰਿਤੀ ਦੇਣ ਤੋਂ ਬਿਨਾਂ ਹੋਰ ਕਿਸੇ ਤਰ੍ਹਾਂ ਸੋਚ ਵੀ ਨਹੀਂ ਸਕਦੇ ਸਨ। ਪ੍ਰਤੀਰੋਧ ਦੀ ਜੇ ਕੋਈ ਸੁਰ ਉਭਰਦੀ ਸੀ ਤਾਂ ਉਹ ਵੀ ਅਧਿਆਤਮਕਤਾ ਦੇ ਰੰਗ ਵਿਚ ਰੰਗੀ ਹੋਈ

ਹੁੰਦੀ ਸੀ, ਜਿਸਦਾ ਅੰਤਮ ਸਿੱਟਾ ਵਰਣ- ਵੰਡ ਦੀ ਪ੍ਰੋੜਤਾ ਵਿਚ ਹੀ ਨਿਕਦਾ ਸੀ। ਇਹ ਤਾਂ ਨਵੇਂ ਯੁਗ ਦੇ ਆਉਣ ਨਾਲ ਹੀ ਸੰਭਵ ਹੋਇਆ ਹੈ ਕਿ ਇਸ ਅਮਾਨਵੀ ਵਰਤਾਰੇ ਦੇ ਵਿਰੱਧ ਚੇਤਨਾ ਉਭਰਨ ਲੱਗੇ ਹੈ, ਜੋ ਮਨੂੰ ਦੀ ਬਣਾਈ ਅਛੂਤ ਜਾਤੀ ਨਾਲ ਆਰਥਿਕ ਧੱਕਾ ਕਰਨ ਦੇ ਨਾਲ ਨਾਲ, ਸਗੋਂ ਇਸ ਤੋਂ ਵੀ ਕਿਤੇ ਵੱਧ, ਸਮਾਜਕ-ਸਭਿਆਚਰਕ ਤੌਰ 'ਤੇ ਤ੍ਰਿਸਕਾਰ ਤੇ ਉਤਪੀੜਨ ਦੇ ਸੰਤਾਪ ਵਿਚੋਂ ਲੰਘਾਉਂਦਾ ਹੈ। ਮਾਨਵੀ ਸੋਚ ਤੇ ਹਮਦਰਦੀ ਦੈ ਭਾਵਾਂ ਨਾਲ ਵਰੋਸਾਏ ਉੱਚ ਤੇ ਮਧ ਵਰਗ ਦੇ ਲੋਕ ਦਲਿਤ ਦੀ ਇਸ ਪੀੜਾ ਨੂੰ ਜਾਣ ਤਾਂ ਸਕਦੇ ਹਨ ਪਰ ਇਸਦੇ ਸੰਤਾਪ ਦੀ ਪੂਰੀ ਥਾਹ ਪਾਉਣਾ ਉਹਨਾਂ ਲਈ ਸੰਭਵ ਨਹੀਂ। ਇਸ ਸੰਤਾਪ ਦੇ ਟੀਸ ਨੂੰ ਉਹੀ ਜਾਣ ਸਕਦੇ ਹਨ ਜੋ ਖੁਦ ਇਸ ਵਿਚੋਂ ਲੰਘੇ ਹਨ। ਦੂਜੀਆਂ ਭਾਰਤੀ ਭਾਸ਼ਾਵਾਂ ਵਾਂਗ ਪੰਜਾਬੀ ਵਿਚ 'ਛਾਗਿਆ ਰੁੱਖ' ਵਰਗੀ ਵਾਰਤਕ ਵਿਚ ਕਲਾਸਿਕ ਰਚਨਾ ਕਰਨ ਲਈ ਬਲਬੀਰ ਮਾਧੋਪੁਰੀ ਵਰਗਾ ਅਨੁਭਵੀ ਤੇ ਚੇਤੰਨ ਬੁੱਧ ਦਲਿਤ ਸਿਰਜਕ ਹੀ ਲੋੜੀਂਦਾ ਸੀ। ਅਤਿ ਕਠੋਰ ਨਿੱਜੀ ਅਨੁਭਵ ਵਿਚੋਂ ਲੰਘਦਿਆਂ ਹੋਇਆਂ ਉਸੇ ਤਰ੍ਹਾਂ ਦੀ ਹੀ ਸ਼ਿੱਦਤ ਨਾਲ ਬਹੁਤ ਸੰਵੇਦਨਸ਼ੀਲ ਮਨੁੱਖ ਮਦਨ ਵੀਰਾ ਨੇ ਆਪਣੀ ਕਾਵਿ ਰਚਨਾ ਕੀਤੀ ਹੈ। ਹੁਣ ਤਕ ਛਪ ਚੁੱਕੇ ਉਸਦੇ ਚਾਰ ਕਾਵਿ ਸੰਗ੍ਰਹਿਆਂ ਵਿਚ ਦਲਿਤ ਹੋਂਦ ਦੇ ਸੰਤਾਪ ਦੇ ਸੱਚ, ਇਸਨੂੰ ਪ੍ਰਵਾਨਗੀ ਦੀ ਨਜ਼ਰ ਨਾਲ ਦੇਖਣ ਤੋਂ ਮੁਨਕਰ ਹੋਣ ਅਤੇ ਇਸ ਵਿਰੁੱਧ ਨਾਬਰੀ ਦੀ ਸੁਰ ਮਦਨ ਵੀਰਾ ਨੂੰ ਸਮਕਾਲੀ ਪੰਜਾਬੀ ਕਵਿਤਾ ਵਿਚ ਨਿਵੇਕਲਾ ਸਥਾਨ ਪ੍ਰਦਾਨ ਕਰਦੀ ਹੈ।

ਮਦਨ ਵੀਰਾ ਦੇ ਪੰਜਵੇਂ ਤੇ ਸੱਜਰੇ ਕਾਵਿ ਸੰਗ੍ਰਹਿ ('ਘੇਰੇ ਤੋਂ ਬਾਹਰ', ਪੰਨੇ 96, ਮੁੱਲ 200 ਰੁਪਏ ਪੇਪਰਬੈਕ, ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ) ਵਿਚ ਵੀ ਦਲਿਤ ਹੋਂਦ ਦੇ ਆਰਥਿਕ, ਸਮਾਜਕ-ਸਭਿਆਚਾਰ ਸੰਤਾਪ ਦੇ ਵੇਰਵੇ ਬਹੁਤ ਸਹਿਜ ਰੂਪ ਵਿਚ ਸਾਹਵੇਂ ਆਏ ਹਨ। ਇਸ ਕਾਵਿਕ ਪ੍ਰਗਟਾਅ ਵਿਚ ਭਾਵੁਕਤਾ ਦਾ ਅੰਸ ਤਾਂ ਹੈ, ਜੋ ਹੋਣਾ ਵੀ ਚਾਹੀਦਾ ਹੈ, ਪਰ ਉਪ ਭਾਵੁਕਤਾ ਵਾਲੀ ਕੋਈ ਗੱਲ ਨਹੀਂ। ਭਾਵਾਂ ਦੀ ਸ਼ਿੱਦਤ ਨੂੰ ਉਸਨੇ ਬੁੱਧੀ ਅਤੇ ਚੇਤਨਾ ਦੀ ਸਾਣ ਨਾਲ ਲਿਸ਼ਕਾਉਂਦਿਆਂ ਹੋਇਆਂ ਸਹਿਜ ਕਲਾਤਮਕਤਾ ਦੇ ਸੰਜਮ ਵਿਚ ਬੰਨ੍ਹਿਆ ਹੈ। 'ਸੁੱਤੇ ਬਾਪੂ ਦੀ ਬੁੜਬੁੜ','ਚਾਚੀ ਜੀਤ ਕੌਰ', 'ਪੁੱਤ', 'ਨਵਾਂ-ਨਕੋਰ', 'ਸ਼ੱਕਰ ਦਾ ਸ਼ਰਬਤ' ਆਦਿ ਕਵਿਤਾਵਾਂ ਵੇਖੀਆਂ ਜਾ ਸਕਦੀਆਂ ਹਨ. ਜਿਨ੍ਹਾਂ ਵਿਚ ਅਖੌਤੀ ਵਿਕਸਤ ਸੁਸਾਇਟੀ ਦੇ ਅੰਤਰਗਤ ਵਰਤਮਾਨ ਵਿਚ ਵੀ ਥੁੜੇ-ਟੁੱਟੇ ਲੋਕਾਂ ਦੀ ਤਰਸਯੋਗ ਸਥਿਤੀ ਦੀ ਝਲਕ ਮਿਲਦੀ ਹੈ। ਪਹਿਲੀ ਕਵਿਤਾ ਵਿਚ ਅੱਧੀ ਰਾਤ ਗਈ ਸੁੱਤਾ ਪਿਆ ਬਾਪੂ ਘਰ ਦੀ ਡਿਗੂੰ ਡਿਗੂੰ ਕਰਦੀ ਛੱਤ, ਬੱਚੇ ਦੀ ਤਾਰੀ ਜਾਣ ਵਾਲੀ ਫੀਸ ਅਤੇ ਅਜਿਹੇ ਹੋਰ ਝਮੇਲਿਆਂ ਨਾਲ ਗੁੱਥਮ ਗੁੱਥਾ ਹੋ ਰਿਹਾ ਹੈ। ਦੂਜੀ ਕਵਿਤਾ ਵਿਚ ਦੋ ਦ੍ਰਿਸ਼ ਪੇਸ਼ ਹੋਏ ਹਨ। ਇਕ ਦ੍ਰਿਸ਼ ਵਿਚ ਚਾਚੀ ਜੀਤ ਕੌਰ ਰਿਕਸ਼ਾ ਚਲਾ ਕੇ ਘਰ ਦਾ ਗੁਜ਼ਾਰਾ ਤੋਰਦੇ ਆਪਣੇ ਅੱਧਖੜ੍ਹ ਪਤੀ ਨੂੰ ਕਮੂਤ, ਟੁੱਟ ਪੈਣਾ, ਫੇਟੀ ਪੈਣਾ, ਧੌਲ਼ ਦਾਹੜਾ, ਬੇਸ਼ਰਮ, ਮਜ਼੍ਹਬੀ ਦਾ ਤੁਖਮ ਵਿਸ਼ੇਸ਼ਨਾਂ ਨਾਲ ਨਿਵਾਜਦੀ ਹੋਈ ਝੂਰਦੀ ਹੈ ਕਿ ਉਸ ਦੇ ਖਸਮ ਦਾ ਡਮਾਕ ਹਿੱਲ ਗਿਆ ਹੈ ਜਿਸ ਨੇ ਨੇ ਬੁੱਢ ਵਰੇਸ ਵਿਚ ਮੁੜ ਜਾਗ ਪਏ ਕੁਆਰੇ ਇਸ਼ਕ ਦੀ ਹਿਰਸ ਵਿਚ ਇਕ ਡੰਗ ਦੇ ਆਟੇ ਜੋਗੇ ਦਸ ਦਸ ਦੇ ਤਿੰਨ ਨੋਟ ਮੂੰਹ ਕਾਲਾ ਕਰਨ ਯਾਨੀ ਦਾੜ੍ਹੀ ਦੇ ਵਾਲ਼ ਰੰਗਣ ਲਈ ਫੂਕ ਦਿੱਤੇ ਹਨ। ਜਦਕਿ ਦੂਜੇ ਦ੍ਰਿਸ਼ ਵਿਚ ਸਥਿਤੀ ਇਉਂ ਹੈ ਕਿ:

*ਵੇਖ ਕੇ ਮੇਰੀ ਬੱਗੀ ਦਾੜ੍ਹੀ/ ਹਰ ਕੋਈ ਜਾਵੇ ਪਛਾੜੀ*
*ਕਿਸੇ ਨੂੰ ਨਾ ਮੂਲ ਭਾਵਾਂ*
*ਪਿੰਡ ਨਾ ਹੀ ਸ਼ਹਿਰ ਵਿਚ ਮਿਲਦੀ ਦਿਹਾੜੀ*

ਕੁਛ ਏਸੇ ਤਰ੍ਹਾਂ ਦਾ ਚਿਤਰ 'ਨਵਾਂ ਨਕੋਰ' ਵਿਚ ਬੱਚੇ ਨੂੰ ਉਸਦਾ ਖਟਾਰਾ ਰਿਕਸ਼ਾ ਧੂੰਦਾ ਵੇਖਕੇ ਬਾਪ ਰਿਕਸ਼ੇ ਦੀ ਤੋਰ ਤੋਂ:

*ਪੁੱਤ ਦੀ ਪਕੜ ਤੇ ਜ਼ੋਰ ਦੀ ਟੋਹ ਲਾਉਂਦਾ ਹੈ*
*ਬਹੁਤ ਉਦਾਸ ਹੁੰਦਾ / ਤੇ ਬੁਝਿਆ ਬੁਝਿਆ ਮੁਸਕਰਾਉਂਦਾ ਹੈ...*
*ਗੱਭਰੂ ਦਾ ਕੱਦ ਸੂਤ ਸੂਤ ਮਿਣਦਾ ਹੈ*
*ਤੇ ਆਪਣੇ ਢਾਰੇ ਅੱਗੇ*
*ਕਿਸ਼ਤਾਂ 'ਤੇ ਖਰੀਦੇ ਇਕ ਹੋਰ ਰਿਕਸ਼ੇ ਦਾ*
*ਨਵਾਂ ਨਕੋਰ ਚਿੱਤਰ ਚਿਣਦਾ ਹੈ*

ਸੰਤਾਪ ਦਾ ਹੋਰ ਇਕ ਹੋਰ ਦ੍ਰਿਸ਼ ਹੈ 'ਸ਼ੱਕਰ ਦਾ ਸ਼ਰਬਤ' ਵਿਚ ਜਿੱਥੇ ਗੁਰੂ ਬਾਬੇ ਦੇ ਪ੍ਰਕਾਸ਼ ਉਤਸਵ 'ਤੇ ਪਾਠੀ ਸਿੰਘ ਵੱਲੋਂ ਸੁਣਾਈ ਜਾ ਰਹੀ ਕੌੜੇ ਰੀਠੇ ਮਿੱਠ ਕਰਨ ਵਾਲੀ ਸਾਖੀ ਦਾ ਅਰਥ ਉਲਟ ਪਲੁਟ ਹੁੰਦਾ ਜਾਪਦਾ ਹੈ ਕਿਉਂਕਿ ਏਸੇ ਹੀ ਪਾਠੀ ਨੇ ਛਬੀਲ ਵਾਲੇ ਦਿਨ ਦਲਿਤ ਭਾਨੇ ਕੋਲੋਂ ਜਲ ਵਾਲਾ ਜੱਗ ਖੋਹਿਆ ਸੀ ਅਤੇ ਇਸ ਤਰ੍ਹਾਂ ਹੋਣ 'ਤੇ ਜਿਵੇਂ ਸ਼ੱਕਰ ਦਾ ਸ਼ਰਬਤ ਕੌੜਤੁੰਮੇ ਦੇ ਰਸ ਵਿਚ ਵਟ ਗਿਆ ਸੀ।

ਇਹਨਾਂ ਕਵਿਤਾਵਾਂ ਵਿਚਲੇ ਜੀਵਾਂ ਵਰਗੇ ਭੁੱਖਾਂ ਮਾਰੇ ਲੋਕਾਂ ਦੀ ਸਥਿਤੀ ਵਿਚ ਤਾਂ ਹਾਲੇ ਵੀ ਕੋਈ ਬਹੁਤਾ ਅੰਤਰ ਨਹੀਂ ਆਇਆ ਪਰ ਮਦਨ ਵੀਰਾ ਵਰਗੇ ਕੁਝ ਬੁੱਧੀਮਾਨ ਚੇਤੰਨ ਲੋਕ ਜ਼ਰੂਰ ਉਭਰੇ ਹਨ ਜੋ ਅਜਿਹੀ ਸਥਿਤੀ ਬਾਰੇ ਸਵਾਲ ਖੜ੍ਹੇ ਕਰ ਕੇ ਪ੍ਰਾਪਤ ਵਿਵਸਥਾ ਨੂੰ ਚੁਣੌਤੀ ਦੇਣ ਦੇ ਸਮਰੱਥ ਹੋਏ ਹਨ। ਮਦਨ ਵੀਰਾ ਵਿਚ ਆਪਣੇ ਅਨੁਭਵ ਦੇ ਆਧਾਰ 'ਤੇ ਨਾਬਰੀ ਦੇ ਇਹ ਭਾਵ ਬਹੁਤ ਛੇਤੀ ਉਭਰ ਆਏ ਸਨ। ਪੁਸਤਕ ਦੀ ਪ੍ਰਵੇਸ਼ਕਾ ਵਿਚ ਅਜਿਹੇ ਕੌੜੇ ਅਨੁਭਵ ਨਾਲ ਜੁੜੀਆਂ ਦੋ ਘਟਨਾਵਾਂ ਦਾ ਵੇਰਚਾ ਵੀ ਦਿੱਤਾ ਹੈ। ਇਕ ਘਟਨਾ ਵਿਚ ਉਸਨੂੰ ਮਿੱਤਰ ਪਰਿਵਾਰ ਦੇ ਘਰੋਂ ਏਸ ਲਈ ਦੁਰਗਤੀ ਕਰਕੇ ਤੋਰਿਆ ਗਿਆ ਸੀ ਕਿ ਉਸਨੇ ਮੁਰਗੇ ਦੀ ਗਰਦਨ ਨੂੰ ਛੁਰੇ ਨਾਲ ਕੱਟਣ ਦਾ 'ਮਜ਼ਬੀਆਂ ਵਾਲਾ ਕੰਮ' ਕਰਨ ਤੋਂ ਇਨਕਾਰ ਕੀਤਾ ਸੀ। ਅਤੇ ਚੂਜੀ ਘਟਨਾ ਵਿਚ ਘਰੋਂ ਬਰਤਨ ਲੈ ਕੇ ਆਉਣ ਦੇ ਬਹਾਨੇ ਧਾਰਮਿਕ ਸਥਾਨ ਦੇ ਲੰਗਰ ਦੀ ਪੰਗਤ ਵਿਚੋਂ ਉਸਦੇ ਭਾਈਚਾਰੇ ਦੇ ਲੋਕਾਂ ਨੂੰ ਉਠਾਲ਼ ਚਿੱਤਾ ਗਿਆ ਸੀ। ਅਜਿਹੇ ਤਜਰਬਿਆਂ ਵਿਚੋਂ ਲੰਘਯ ਕਰਕੇ ਹੀ ਉਹ ਲਿਖਣ ਦੇ ਲੜ ਲੱਗਾ, ਸਵਾਲ ਕਰਨ ਦੇ ਸਮਰੱਥ ਹੋਇਆ ਤੇ ਨਾਬਰ ਹੋਣ ਵੱਲ ਤੁਰਿਆ ।:

*ਲੋਹੇ ਲਾਖੈ ਹੋਏ / ਅੱਜ ਧਰਤੀ ਦੇ ਪੁੱਤ ਪੁੱਛਦੇ ਨੇ*
*ਮਾਂ ਕੁਦਰਤ ਦੀਆਂ ਸਾਰੀਆਂ ਨਿਆਮਤਾਂ*
*ਧਰਤੀ ਦੇ ਸਾਰੇ ਖਜ਼ਾਨੇ*
*ਕਿਸਦੀ ਮੁੱਠੀ 'ਚ ਨੇ*
*ਸਾਡੇ ਹਿੱਸੇ ਦੀ ਖੰਨੀ ਚੱਪਾ*
*ਕਿਸ ਦੇ ਪੇਟ 'ਚ ਹੈ*

ਐਪਰ, ਜਿਵੇਂ ਕਿ ਪੁਸਤਕ ਦਾ ਨਾਮਕਰਨ ਸੰਕੇਤ ਕਰਦਾ ਹੈ, ਮਦਨ ਵੀਰਾ ਆਪਣੇ ਘੇਰੇ ਤੋਂ ਬਾਹਰ ਆਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਹੁਣ ਉਸਦਾ ਸਰੋਕਾਰ ਕੇਵਲ ਮਾਤਰ ਆਪਣੇ ਸੰਤਾਪੇ ਪਿਛੋਕੜ ਦਾ ਮੰਥਨ ਕਰਨਾਹੀ ਨਹੀਂ ਰਿਹਾ। ਉਹ ਸਮਾਜ ਵਿਚ ਹੋਰ ਵਥਾਂ ਅਗਾਂਹ ਵੇਖਣ ਦੇ ਸਮਰੱਥ ਹੋਇਆ ਹੈ, ਜਿਸ ਵਿਚ ਦਲਿਤਾਂ ਵਰਗੀ ਸਥਿਤੀ ਵੱਲ ਧੱਕੇ ਗਏ ਹੋਰ ਲੋਕ ਵੀ ਸ਼ਾਮਲ ਹਨ। ਅਜਿਹੇ ਸਰੋਕਾਰਾਂ ਦੀ ਪ੍ਰਤੀਨਿਧਤਾ ਕਰਦੀ ਕਵਿਤਾ ਹੈ 'ਲੇਬਰ ਚੌਕ ਤਕ ਦਾ ਸਫਰ' ਜਿਸ ਵਿਚ ਪਿਤਾ ਪੁਰਖੀ ਮੁਰੱਬਿਆਂ ਦੀ ਮਾਲਕੀ ਤੇ ਉਸ ਨਾਲ ਜੁੜੀ ਸੰਮਾਂ ਵਾਲੀ ਡਾਂਗ ਨੂੰ ਪਿੱਛੇ ਛੱਡ ਆਇਆ ਪੇਂਡੂ ਮਜ਼ਦੂਰ ਦਾ ਬਚਪਨ ਦਾ ਸਾਥ ਸ਼ਹਿਰ ਵਿਚ ਉਸਦੇ ਨਾਲ ਲੇਬਰ ਚੌਕ ਵਿਚ ਆਣ ਖਲੋਤਾ ਹੈ। ਇਸੇ ਤਰ੍ਹਾਂ ਵਿਚ ਉਹ ਪੰਜਾਬੀਆਂ ਦੇ ਬਦੇਸ਼ਾਂ ਵੱਲ ਪਰਵਾਸ, ਦੇਸ਼ ਦੀ ਸਿਆਸਤ, ਬਦਲਦੇ ਭੂ ਦ੍ਰਿਸ਼ ਤੇ ਵਾਤਾਵਰਣ ਵਰਗੇ ਦੇਸ਼ ਵਿਦੇਸ਼ ਦੇ ਹੋਰ ਮੁੱਦਿਆਂ ਵੱਲ ਵੀ ਧਿਆਨ ਦਿੰਦਾ ਹੈ

ਜੋ ਮਾਨਵਵਾਦੀ ਸੋਚ ਵਾਲੇ ਸਮੂਹਾਂ ਦੇ ਸਰੋਕਾਰ ਹਨ। 'ਜੰਗਲਨਾਮਾ', 'ਕਰਮਾ ਨਿਕਰਮਾ', 'ਸ਼ਾਹੀ ਫਕੀਰ, 'ਕਲੰਡਰ' ਵਰਗੀਆਂ ਇਸ ਵੰਨਗੀ ਦੀਆਂ ਕਵਿਤਾਵਾਂ ਦੀ ਸਿੱਧੀ ਪਹੁੰਚ ਮਦਨ ਵੀਰਾ ਦੀ ਸਮੁੱਚੀ ਕਵਿਤਾ ਦੀ ਨਾਬਰੀ ਵਾਲੀ ਸੁਰ ਨਾਲ ਸੁਰ ਮਿਲਾਉਂਦੀ ਹੈ।ਮਦਨ ਵੀਰਾ ਦੀ ਸੁਰ ਦੀ ਏਸ ਨਿਰੰਤਰਤਾ ਦਾ ਸਵਾਗਤ ਹੈ। *00*

**-ਰਘਬੀਰ ਸਿੰਘ**

## ਪ੍ਰਾਪਤ ਪੁਸਤਕਾਂ

**ਕੋਈ ਸਮਝੌਤਾ ਨਹੀਂ: ਆਪਣੀ ਜਲਾਵਤਨੀ ਤੱਕ ਦੀ ਦਾਸਤਾਨ** (ਸਵੈ-ਜੀਵਨੀ) ਸਾਧੂ ਸਿੰਘ
ਪੰਨੇ 144, ਮੁੱਲ 250 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਟਾਪੂ ਨਹੀਂ ਹਾਂ ਮੈਂ** (ਸਵੈ-ਜੀਵਨੀ) ਖਵਾਜਾ ਅਹਿਮਦ ਅੱਬਾਸ; ਅਨੁਵਾਦ: ਨਰੇਸ਼
ਪੰਨੇ 618, ਮੁੱਲ 600 ਰੁਪਏ (ਪੇਪਰਬੈਕ), ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ
**ਪਗਡੰਡੀਆਂ** (ਸਵੈ-ਜੀਵਨੀ, ਭਾਗ ਦੂਜਾ) ਬਚਿੰਤ ਕੌਰ
ਪੰਨੇ 136, ਮੁੱਲ 250 ਰੁਪਏ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ
**ਮਹਿਫ਼ੂਜ਼ ਪਲ** (ਸਵੈ-ਜੀਵਨੀ) ਐੱਸ ਸਵਰਨ
ਪੰਨੇ 420, ਮੁੱਲ 500 ਰੁਪਏ (ਪੇਪਰਬੈਕ), ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ
**ਨੀਲਾ ਘੁਮਿਆਰ** (ਰੇਖਾ ਚਿੱਤਰ) ਅਜੀਤ ਕੌਰ
ਪੰਨੇ 410, ਮੁੱਲ 500 ਰੁਪਏ (ਪੇਪਰਬੈਕ), ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ
**ਢੱਡ ਸਾਰੰਗੀ ਵੱਜਦੀ ਮਾਲਵੇ** (ਲੇਖ ਸੰਗ੍ਰਹਿ) ਪ੍ਰੋ. ਕਰਮ ਸਿੰਘ
ਪੰਨੇ 358, ਮੁੱਲ 400 ਰੁਪਏ (ਪੇਪਰਬੈਕ), ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ
**ਮੇਰੀ ਨਜ਼ਰ ਵਿਚ** (ਆਲੋਚਨਾ) ਡਾ. ਕਰਨਜੀਤ ਸਿੰਘ
ਪੰਨੇ 176, ਮੁੱਲ 200 ਰੁਪਏ (ਪੇਪਰਬੈਕ), ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ
**ਮਾਸਕ** (ਨਾਟਕ) ਵਰਿਆਮ ਮਸਤ
ਪੰਨੇ 86, ਮੁੱਲ 150 ਰੁਪਏ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ
**ਕ੍ਰਿਸ਼ਨ: ਆਧੁਨਿਕ ਪੰਜਾਬੀ ਕਵੀਆਂ ਦੀ ਨਜ਼ਰ ਵਿਚ** (ਆਲੋਚਨਾ) ਡਾ. ਸੁਨੀਤਾ ਵਸ਼ਿਸ਼ਟ
ਪੰਨੇ 232, ਮੁੱਲ 300 ਰੁਪਏ, ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ
**ਅਪਣੱਤ ਭਰੇ ਰਿਸ਼ਤੇ** (ਲੇਖ ਸੰਗ੍ਰਹਿ) ਹਰਬੀਰ ਸਿੰਘ ਭੰਵਰ
ਪੰਨੇ 134, ਮੁੱਲ 225 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਨਕਸਲਵਾੜੀ ਲਹਿਰ ਅਤੇ ਖੱਬੇ ਪੱਖੀ ਪੰਜਾਬੀ ਪੱਤਰਕਾਰੀ** (ਖੋਜ ਵਾਰਤਕ) ਡਾ. ਮੇਘਾ ਸਿੰਘ
ਪੰਨੇ 252, ਮੁੱਲ 320 ਰੁਪਏ (ਪੇਪਰ ਬੈਕ), ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ
**ਡੁੱਬ ਰਿਹਾ ਪਿੰਡ** (ਨਾਵਲ) ਸੁਰਜੀਤ ਬਰਾੜ
ਪੰਨੇ 222, ਮੁੱਲ 300 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਨੋ ਮੈਨਜ਼-ਲੈਂਡ ਤੋਂ ਸ਼ਕੀਲਾ** (ਨਾਵਲ) ਸੁਰਿੰਦਰ ਸਿੰਘ ਨੇਕੀ
ਪੰਨੇ 336, ਮੁੱਲ 450 ਰੁਪਏ, ਯੂਨੀਸਟਾਰ ਬੁੱਕਸ ਪ੍ਰਾਈਵੇਟ ਲਿਮਟਡ, ਮੁਹਾਲੀ
**ਖਾਰਾ ਪਾਣੀ** (ਨਾਵਲ) ਮਨਮੋਹਨ ਸਿੰਘ ਬਾਸਰਕੇ
ਪੰਨੇ 116, ਮੁੱਲ 450 ਰੁਪਏ, ਆਜ਼ਾਦ ਬੁੱਕ ਡਿਪੂ, ਹਾਲ ਬਾਜ਼ਾਰ, ਅੰਮ੍ਰਿਤਸਰ
**ਸ਼ਗਨਾਂ ਦੀ ਚੁੰਨੀ** (ਕਹਾਣੀ ਸੰਗ੍ਰਹਿ) ਜਸਬੀਰ ਮਾਨ
ਪੰਨੇ 136, ਮੁੱਲ 250 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਪੱਤਝੜ ਦੀ ਛਾਵੇਂ** (ਕਹਾਣੀ ਸੰਗ੍ਰਹਿ) ਮਾਸਟਰ ਗੁਰਮੇਲ ਸਿੰਘ
ਪੰਨੇ 108, ਮੁੱਲ 225 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਧੁੱਪ ਨਾਲ ਰੁੱਸੀ ਚਾਂਦਨੀ** (ਕਾਵਿ ਸੰਗ੍ਰਹਿ) ਸੁਧਾ ਓਮਾ ਢੀਂਗਰਾ (ਅਨੁਵਾਦ ਅਮਰਜੀਤ ਕੌਂਕੇ)
ਪੰਨੇ 112, ਮੁੱਲ 200 ਰੁਪਏ, ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ
**ਖ਼ਾਬ ਸੱਜਣ ਦੇ ਦੇਖਾਂ** (ਗ਼ਜ਼ਲ ਸੰਗ੍ਰਹਿ) ਰਾਜੇਸ਼ ਮੋਹਨ
ਪੰਨੇ 104, ਮੁੱਲ 300 ਰੁਪਏ, ਪੀਪਲਜ਼ ਫੋਰਮ, ਬਰਗਾੜੀ (ਫਰੀਦਕੋਟ)
**ਨਜ਼ਰ ਤੋਂ ਸੁਪਨਿਆਂ ਤੱਕ** (ਗ਼ਜ਼ਲ ਸੰਗ੍ਰਹਿ) ਜੋਗਿੰਦਰ ਨੂਰਮੀਤ
ਪੰਨੇ 136, ਮੁੱਲ 250 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

---

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਰਿੰਦਰ ਮੋਹਨ ਸਿੰਘ ਨੇ ਸਿਰਜਣਾ ਪ੍ਰਿੰਟਰਜ਼ ਐਂਡ ਸਟੇਸ਼ਨਰਜ਼, ਸ਼ੋਅਰੂਮ ਨੰਬਰ 443, ਮਟੌਰ, ਸੈਕਟਰ 70, ਮੁਹਾਲੀ ਤੋਂ ਛਪਵਾ ਕੇ 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।

ਸੰਪਾਦਕ: **ਰਘਬੀਰ ਸਿੰਘ** ਪ੍ਰਕਾਸ਼ਨ ਮਿਤੀ: 1 ਅਕਤੂਬਰ, 2023

---

ਕੈਨੇਡਾ ਵੱਸਦੇ ਨਵੀਂ ਪੀੜ੍ਹੀ ਦੇ ਸਮਰੱਥ ਕਹਾਣੀਕਾਰ
ਹਰਪ੍ਰੀਤ ਸੇਖਾ ਦਾ ਪਲੇਠਾ ਨਾਵਲ 'ਹਨੇਰੇ ਰਾਹ'




ਹਰਪ੍ਰੀਤ ਸੇਖਾ ਨੇ ਆਪਣੀਆਂ ਜਾਨਦਾਰ ਕਹਾਣੀਆਂ ਨਾਲ ਪੰਜਾਬੀ ਸਾਹਿਤ ਜਗਤ ਨੂੰ ਮਾਲਾਮਾਲ ਕੀਤਾ ਹੈ। ਉਸ ਦਾ ਪਲੇਠਾ ਨਾਵਲ 'ਹਨੇਰੇ ਰਾਹ' ਟਰੱਕ ਡਰਾਈਵਰਾਂ ਨੂੰ ਕੇਂਦਰ ਵਿਚ ਰੱਖ ਕੇ ਨਵੇਂ ਪਰਵਾਸੀਆਂ ਨੂੰ ਦਰਪੇਸ਼ ਸਮੱਸਿਆਵਾਂ ਦੀ ਬਾਤ ਪਾਉਂਦਾ ਹੈ। ਨਾਵਲ ਵਿਚ ਇੰਮੀਗਰੇਸ਼ਨ, ਖ਼ਾਸਕਰ ਪੰਜਾਬੀ ਪਰਵਾਸੀਆਂ ਦੇ ਦੁੱਖਾਂ-ਦੁਸ਼ਵਾਰੀਆਂ ਬਾਰੇ ਵੇਰਵੇ ਸੂਖ਼ਮ ਰੂਪ ਵਿਚ ਪੇਸ਼ ਹੋਏ ਹਨ।

ਪੰਨੇ 198 ਸੁੰਦਰ ਦਿੱਖ ਮੁੱਲ 350 ਰੁਪਏ

ਗਰੇਸ਼ੀਅਸ ਬੁੱਕਸ ਪਟਿਆਲਾ

**SIRJANA** Literary Punjabi Quarterly Chandigarh
No. 210 ISSN 2455-1058 October-December **2023**
**Registered with the Registrar of Newspapers for India vide R.N. 10215/65**


## ਡਾ. ਸਾਧੂ ਸਿੰਘ ਦੀ ਸਵੈ-ਜੀਵਨੀ
## 'ਕੋਈ ਸਮਝੌਤਾ ਨਹੀਂ'




ਹੁਣ ਦੇਸ਼ ਤੋਂ ਵਿੱਛੜਿਆਂ ਇਕੱਤੀ ਵਰ੍ਹੇ ਪੂਰੇ ਹੋਣ ਵਾਲੇ ਹਨ। ਉੱਪਰੋਂ ਦੇਖਿਆਂ ਜ਼ਿੰਦਗੀ ਭਰੀ ਪੂਰੀ ਹੈ ਪਰ ਮਜਬੂਰੀ ਵਿੱਚ ਆਪਣੇ ਮਨ-ਭਾਉਂਦੇ ਕਸਬ ਨਾਲੋਂ ਨਾਤਾ ਟੁੱਟਣ, ਆਪਣੀ ਬੋਲੀ ਦੇ ਨਿੱਤ ਨਵੇਂ ਰੁਝਾਨਾਂ ਨਾਲੋਂ ਨਿਖੜਨ ਅਤੇ ਆਪਣੇ ਪੈਰਾਂ ਨਾਲ ਪਰਿਚਿਤ ਪੰਜਾਬ ਦੀ ਧਰਤੀ ਤੋਂ ਦੂਰ-ਦੁਰਾਡੇ ਔਝੜੇ ਰਾਹਾਂ 'ਤੇ ਭਟਕਣ ਦਾ ਜੋ ਤਸੀਹਾ ਭੁਗਤਣਾ ਪੈ ਰਿਹਾ ਹੈ, ਉਸ ਦੀ ਕਸਕ ਕਾਲਜੇ ਵਿੱਚੋਂ ਮੁੱਕ ਜਾਣ ਦਾ ਨਾਂ ਹੀ ਨਹੀਂ ਲੈ ਰਹੀ !

ਪੰਨੇ 144 ਸੁੰਦਰ ਦਿੱਖ ਮੁੱਲ 250 ਰੁਪਏ

ਚੇਤਨਾ ਪ੍ਰਕਾਸ਼ਨ ਲੁਧਿਆਣਾ